**TAJ INSURANCE SERVICES**

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call

Gurdawar S. Mann Or Pal Rai

37485 Fremont Blvd, #D, Fremont, CA 94536

Ph:(510)739-1700, Fax (510)740-3451

Note:Also Income Tax filing Available



Gurdawar S. Mann

Lic#0F34231

**Hardeep S.Rai** Attorney-at-Law

ਇੰਮੀਗਰੇਸ਼ਨ ਵਕੀਲ

➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ ➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO TEL: 415.693.9131 FAX: 415.693.9135

rai@hsrai.com www.hsrai.com

SAN JOSE TEL: 408.280.1111 FAX: 408.280.1212

ਇਮੀਗਰੇਸ਼ਨ ਸੇਵਾਵਾਂ ਫੈਮਿਲੀ ਲਾਅ

Kuldip Singh Dhariwal

Attorney At Law

Tel: (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com

Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 11, March 13, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਮਹਿਲਾ ਰਾਖਵਾਂਕਰਨ ਬਿਲ ਰਾਜ ਸਭਾ ਵਿਚ ਭਾਰੀ ਬਹੁਤਮਤ ਨਾਲ ਪਾਸ

**ਨਵੀਂ ਦਿੱਲੀ:** ਆਜ਼ਾਦ ਭਾਰਤ ਵਿਚ ਰਾਜ ਸਭਾ ਵਿਚ ਮੰਗਲਵਾਰ ਉਸ ਸਮੇਂ ਇਤਿਹਾਸ ਸਿਰਜਿਆ ਗਿਆ ਜਦੋਂ ਸਦਨ ਨੇ ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਰੱਖਣ ਲਈ ਮਹਿਲਾ ਰਾਖਵਾਂਕਰਨ ਬਿੱਲ ਪਾਸ ਕਰ ਦਿੱਤਾ। ਸਰਕਾਰ ਨੇ ਆਪਣੀ ਸਥਿਰਤਾ ਨੂੰ ਸੰਭਾਵਿਤ ਖਤਰੇ ਨੂੰ ਨਜ਼ਰ-ਅੰਦਾਜ਼ ਕਰਦਿਆਂ ਸੋਮਵਾਰ ਭਾਰੀ ਰੌਲੇ-ਰੱਪੇ ਦੌਰਾਨ ਬਿੱਲ ਨੂੰ ਰਾਜ ਸਭਾ ਵਿਚ ਪੇਸ਼ ਕੀਤਾ ਸੀ। ਲੋਕ ਸਭਾ ਵਿਚ ਬਿਲ ਪੇਸ਼ ਕਰਨ ਦੇ ਪਹਿਲੇ ਯਤਨ ਅਤੇ ਉਸ ਪਿੱਛੋਂ ਮਿਲੀਆਂ ਵਾਰ-ਵਾਰ ਅਸਫਲਤਾਵਾਂ ਤੋਂ 14 ਸਾਲ ਬਾਅਦ ਸੰਵਿਧਾਨਕ ਸੋਧ ਬਿੱਲ ਦੇ ਪੱਖ ਵਿਚ 186 ਅਤੇ ਵਿਰੋਧ ਵਿਚ ਸਿਰਫ ਇਕ ਵੋਟ ਪਈ। 245 ਮੈਂਬਰੀ ਸਦਨ ਵਿਚ ਮੌਜੂਦਾ ਸਮੇਂ ਮੈਂਬਰਾਂ ਦੀ ਗਿਣਤੀ 233 ਹੈ ਤੇ ਬਿੱਲ ਦੇ ਪਾਸ ਹੋਣ ਲਈ 155 ਮੈਂਬਰਾਂ ਦੀ ਹਮਾਇਤ ਦੀ ਲੋੜ ਸੀ ਅਤੇ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਨੂੰ 165 ਮੈਂਬਰਾਂ ਦੀ ਹਮਾਇਤ ਹਾਸਿਲ ਸੀ। ਇਸ ਬਿੱਲ ਵਿਚ ਲੋਕ ਸਭਾ ਦੀਆਂ 543 ਸੀਟਾਂ ਵਿਚੋਂ 181 ਅਤੇ 28 ਸੂਬਾ ਵਿਧਾਨ ਸਭਾਵਾਂ ਦੀਆਂ 4109 ਸੀਟਾਂ ਵਿਚੋਂ 1370 ਔਰਤਾਂ ਲਈ ਰਾਖਵੀਆਂ ਰੱਖਣ ਦੀ ਵਿਵਸਥਾ ਕੀਤੀ ਗਈ ਹੈ।



*ਮਹਿਲਾ ਰਾਖਵਾਂਕਰਨ ਬਿਲ ਪਾਸ ਹੋਣ 'ਤੇ ਹਰਸਿਮਰਤ ਕੌਰ ਬਾਦਲ ਹੋਰ ਮੈਂਬਰਾਂ ਨਾਲ*

ਸੱਤਾਧਾਰੀ ਗਠਜੋੜ ਦੀ ਭਾਈਵਾਲ ਤ੍ਰਿਣਮੂਲ ਕਾਂਗਰਸ ਜਿਸ ਦੇ ਦੋ ਮੈਂਬਰ ਹਨ, ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ ਜਦਕਿ ਬਸਪਾ ਜਿਸ ਦੇ 15 ਮੈਂਬਰ ਹਨ, ਨੇ ਵੋਟਿੰਗ ਤੋਂ ਪਹਿਲਾਂ ਸਦਨ ਦਾ ਬਾਈਕਾਟ ਕੀਤਾ। ਜਨਤਾ ਦਲ (ਯੂ) ਜਿਸ ਦੇ ਪ੍ਰਧਾਨ ਸ਼ਰਦ ਯਾਦਵ ਬਿੱਲ ਦੇ ਸਖਤ ਵਿਰੋਧੀ ਸਨ, ਨੇ ਜਾਪਦਾ ਹੈ ਕਿ ਬਿੱਲ ਦੀ ਪੂਰੀ ਹਮਾਇਤ ਕੀਤੀ ਹੈ ਅਤੇ ਪਾਰਟੀ ਦੇ ਸੀਨੀਅਰ ਆਗੂ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੇ ਸੱਦੇ 'ਤੇ ਇਸ ਦੇ 7 ਮੈਂਬਰਾਂ ਵਿਚੋਂ ਬਹੁਤਿਆਂ ਨੇ ਬਿੱਲ ਦੇ ਹੱਕ ਵਿਚ ਵੋਟਾਂ ਪਾਈਆਂ। ਭਾਜਪਾ ਅਤੇ ਖੱਬੀਆਂ ਪਾਰਟੀਆਂ ਨੇ ਬਿੱਲ ਦੀ ਡੱਟਵੀਂ ਹਮਾਇਤ ਕੀਤੀ। ਬਸਪਾ ਨੇ ਰਾਜ ਸਭਾ ਦਾ ਬਾਈਕਾਟ ਇਸ ਬਿਨਾ 'ਤੇ ਕੀਤਾ ਕਿ ਔਰਤਾਂ ਬਾਰੇ ਬਿਲ ਵਿਚ ਪੇਸ਼ ਕੀਤੀਆਂ ਸੋਧਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ।

ਇਸ ਸਬੰਧੀ ਮੰਗਲਵਾਰ ਹੋਈ ਬਹਿਸ ਵਿਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਤੇ ਵੱਖ-ਵੱਖ ਦਲਾਂ ਦੇ ਮੈਂਬਰਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਆਪਣਾ ਪੱਖ ਰੱਖਦਿਆਂ ਪਿਛਲੇ ਦੋ ਦਿਨਾਂ ਦੌਰਾਨ ਰਾਜ ਸਭਾ ਵਿਚ ਹੋਈਆਂ ਘਟਨਾਵਾਂ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਬਿੱਲ ਦੇ ਪੱਖ ਵਿਚ 186 ਅਤੇ ਵਿਰੋਧ

*(ਬਾਕੀ ਸਫਾ 6 'ਤੇ)*




## ਬਾਦਲ ਸਰਕਾਰ ਦੇ ਤਿੰਨ ਸਾਲ ਪੂਰੇ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਤਿੰਨ ਸਾਲ ਬੀਤ ਚੁੱਕੇ ਹਨ ਪਰ ਇਸ ਕੋਲੋਂ ਆਪਣੇ ਵਾਅਦਿਆਂ ਅਤੇ ਵਿਕਾਸ ਕਾਰਜਾਂ ਦੇ ਮਾਮਲੇ ਵਿਚ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਇਨ੍ਹਾਂ ਪਛਲੇ ਤਿੰਨ ਸਾਲਾਂ ਦੇ ਦੌਰਾਨ ਕੰਮਕਾਜ਼ ਦੇ ਲਿਹਾਜ ਨਾਲ ਜੇਕਰ ਸਰਕਾਰ ਸੁਸਤ ਨਜਰ ਆਉਂਦੀ ਹੈ ਤਾਂ ਵਿਰੋਧੀ ਧਿਰ ਵੀ ਨਕਾਰਾ ਨਜ਼ਰ ਵਿਖਾਈ ਦਿੱਤੀ। ਆਪਸੀ ਲੜਾਈ ਵਿਚ ਉਲਝੀ ਕਾਂਗਰਸ ਨਾ ਤਾਂ ਵਿਧਾਨਸਭਾ ਵਿਚ ਤੇ ਨਾ ਹੀ ਇਸ ਤੋਂ ਬਾਹਰ ਪ੍ਰਭਾਵੀ ਵਿਰੋਧੀ ਧਿਰ ਦੀ ਭੂਮਿਕਾ ਵਿਚ ਨਜ਼ਰ ਆਈ । ਇਸ ਦੇ ਉਲਟ ਜਨਤਾ ਦੇ ਹਿੱਤ ਵਿਚ ਸਰਕਾਰ ਨੂੰ ਫੈਸਲਾ ਬਦਲਣ ਲਈ ਮਜਬੂਰ ਕਰਨ ਦਾ ਕੰਮ ਸੱਤਾ 'ਚ ਭਾਈਵਾਲ ਭਾਜਪਾ ਨੇ ਕੀਤਾ



ਹੈ। ਕਾਂਗਰਸ ਤਿੰਨ ਸਾਲਾਂ ਵਿਚ ਬਿਆਨਾਂ ਦੇ ਰਾਹੀਂ ਕਈ ਵਾਰ ਸਰਕਾਰ ਦੇ ਬੱਖੀਏ ਉਧੇੜ ਚੁੱਕੀ ਹੈ। ਪਾਰਟੀ ਇਨ੍ਹਾਂ ਸਾਲਾਂ ਵਿਚ ਸਰਕਾਰ ਨੂੰ ਝੁਕਾਉਣ ਲਈ ਕੋਈ ਜ਼ਿਕਰਯੋਗ ਕਦਮ ਨਹੀਂ ਉਠਾ ਸਕੀ। ਅਸਲ ਵਿਚ ਇਨ੍ਹਾਂ ਸਾਲਾਂ ਵਿਚ ਅਕਾਲੀ ਦਲ ਤੇ ਪੰਜਾਬ ਸਰਕਾਰ, ਕਾਂਗਰਸ ਅਤੇ ਖਾਸ ਕਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਖੁਣਸ ਪਾਲਣ ਵਿਚ ਹੀ ਵਿਅਸਤ ਰਹੀ ਹੈ। ਦੂਜੇ ਪਾਸੇ ਕਾਂਗਰਸ ਇਸ ਦੌਰਾਨ ਇਸ ਚੱਕਰ ਵਿਚ ਹੀ ਉਲਝੀ ਰਹੀ ਹੈ ਕਿ ਪੰਜਾਬ ਕਾਂਗਰਸ ਦਾ ਪ੍ਰਧਾਨ ਕੌਣ ਹੋਵੇ।

ਪੰਜਾਬ ਸਰਕਾਰ ਨੇ ਦੋ ਵਾਰ ਬਿਜਲੀ ਦੀਆਂ ਵਧਾਈਆਂ ਕੀਮਤਾਂ ਵਾਪਸ ਲਈਆਂ ਹਨ ਅਤੇ

*(ਬਾਕੀ ਸਫਾ 6 'ਤੇ)*

Delo Mobil Delvac

GILL EXPRESS

ROTELLA T

WASH, TIRE & REPAIR



CALIFORNIA LOCATIONS

BAKERSFIELD @ HWY 58 & 184

FRESNO @ HWY 99, 5TH WHEEL TRUCK STOP

MADERA @ HWY 99, EXIT 18½ NEXT TO PILOT

RIPON @ HWY 99, EXIT JACK TONE @ JIMCO

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ

ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE

LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Wholesale and Retail

Raja Indian Cuisine & Bar

Ph: 510-264-9300

1275 W Winton Ave
Hayward, CA 94545

Ph: 510-489-9100
Fax:510-489-9111

31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party

Or visit us: www.rajasweets.com

Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ



Manpreet S.Gahra
Attorney At Law

Berkeley Office

2161 Shattuck Ave. #304, Berkeley

Ph. 510-841-4582
Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com

## 114 ਸਾਲ ਤੇ 216 ਦਿਨ ਉਮਰ ਵਾਲੀ ਅਮੈਰਿਕਨ ਬੇਬੇ ਚੱਲ ਵਸੀ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** 'ਜੇ ਸਉ ਵਰ੍ਹਿਆਂ ਜੀਵਣਾ ਭੀ ਤਨ ਹੋਸੀ ਖੇਹ' ਦੇ ਗੁਰਵਾਕ ਅਨੁਸਾਰ, ਦੋ ਪੁੱਤਰਾਂ, ਅੱਠ ਪੋਤਰਿਆਂ, ਤੇਰਾਂ ਪੜਪੋਤਰਿਆਂ ਅਤੇ ਪੰਜ ਨੌਤਿਆਂ ਵਾਲੇ ਆਪਣੇ ਭਰੇ-ਭਕੁੰਨੇ ਪਰਿਵਾਰ ਨੂੰ, ਸਭ ਤੋਂ ਵਡੇਰੀ ਉਮਰ ਦੀ ਅਮੈਰਿਕਨ ਬੇਬੇ ਮੈਰੀ ਜੌਸਫਿਨ ਰੇਅ 'ਆਖ਼ਰੀ ਬਾਏ ਬਾਏ' ਕਰ ਗਈ।



ਇਥੋਂ ਦੇ ਇੱਕ ਸਰਕਾਰੀ ਰਿਸਰਚ ਗਰੁੱਪ ਦੇ ਸੂਤਰਾਂ ਮੁਤਾਬਕ 114 ਸਾਲ ਅਤੇ 216 ਦਿਨਾਂ ਦੀ ਸਾਵੀਂ-ਪੱਧਰੀ ਲੰਬੀ ਉਮਰ ਭੋਗਣ ਵਾਲੀ ਇਸ ਭਾਗਸ਼ਾਲੀ ਬੇਬੇ ਦਾ ਜਨਮ 17 ਮਈ 1895 ਨੂੰ ਕੈਨੇਡਾ ਦੇ ਪਰਿੰਸ ਐਡਵਰਡ ਆਈਲੈਂਡ ਵਿਖੇ ਹੋਇਆ ਸੀ। ਉਸਦੀ ਇਕ ਪੋਤਰੀ, ਮੈਡਮ ਕੈਥਰੀਨ ਨੇ ਦੱਸਿਆ ਕਿ ਸਾਡੀ ਦਾਦੀ ਤਿੰਨ ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਅਮਰੀਕਾ ਦੀ ਨਿਊ ਹੈਂਪਸ਼ਾਇਰ ਸਟੇਟ ਵਿਚ ਆ ਗਈ ਸੀ। ਇੱਥੋਂ ਦੇ ਹੀ ਇਕ ਨਰਸਿੰਗ ਹੋਮ ਵਿਚ ਆਖਰੀ ਸਾਹ ਲੈਣ ਵਾਲੀ ਮੈਰੀ ਜੌਸਫਿਨ ਹਰੇਕ ਸਾਲ ਆਪਣਾ ਜਨਮ-ਦਿਨ ਬੜੀ ਧੂਮ ਧਾਮ ਨਾਲ ਮਨਾਇਆ ਕਰਦੀ ਸੀ। ਸਭ ਤੋਂ ਵਧ ਉਮਰ ਦੀ ਅਮੈਰਿਕਨ ਲੇਡੀ ਹੋਣ ਦੇ ਨਾਲ ਨਾਲ ਇਹ ਵਿਸ਼ਵ ਦੀ ਦੂਜੀ ਵੱਡੀ ਉਮਰ ਵਾਲੀ ਔਰਤ ਸੀ।

ਕੈਥਰੀਨ ਅਨੁਸਾਰ ਹਾਲੇ ਪਿਛਲੇ ਹਫਤੇ ਹੀ ਉਸਨੇ ਇਕ ਪੱਤਰਕਾਰ ਨੂੰ ਲੰਬੀ ਇੰਟਰਵਿਊ ਦਿੱਤੀ ਸੀ। ਬੇਬੇ ਦਾ 'ਪਤੀ ਪ੍ਰਮੇਸ਼ਰ' ਮਿਸਟਰ ਵਾਲਟਰ ਭਾਵੇਂ 1967 'ਚ ਅਕਾਲ ਚਲਾਣਾ ਕਰ ਗਿਆ ਸੀ, ਪ੍ਰੰਤੂ ਪਰਿਵਾਰਕ ਸੂਤਰਾਂ ਅਨੁਸਾਰ ਮੈਰੀ ਬੇਬੇ ਕਦੇ ਮਰਨੇ-ਪਰਨੇ ਦੀਆਂ ਗੱਲਾਂ ਨਹੀਂ ਸੀ ਕਰਦੀ। ਜੇ ਇਸ ਮਾਈ ਦੇ ਜਨਮ ਕਾਲ ਨੂੰ ਪੰਜਾਬ ਦੇ ਇਤਿਹਾਸ ਨਾਲ ਮੇਲ ਕੇ ਦੇਖੀਏ ਤਾਂ ਉਦੋਂ ਆਖਰੀ ਸਿੱਖ ਮਹਾਰਾਜੇ ਕੰਵਰ ਦਲੀਪ ਸਿੰਘ ਨੂੰ ਸਵਰਗ ਸਿਧਾਰਿਆਂ ਦੋ ਕੁ ਸਾਲ ਹੀ ਹੋਏ ਸਨ ਅਤੇ ਉਨ੍ਹੀਂ ਦਿਨੀਂ ਪੰਜਾਬ ਵਿਚ ਸਿੰਘ ਸਭਾ ਲਹਿਰ ਜੋਰਾਂ ਸ਼ੋਰਾਂ ਨਾਲ ਚਲ ਰਹੀ ਸੀ।

## ਫਰੀਮਾਂਟ ਚੋਣ:ਵੋਟਾਂ ਪਵਾਉਣ ਲਈ ਸਖਤ ਨਿਯਮ ਤੈਅ

**ਫਰੀਮਾਂਟ:** ਗੁਰੂਘਰ ਵਿਖੇ 14 ਮਾਰਚ 2010 ਨੂੰ ਚੋਣ ਕਰਵਾ ਰਹੀ ਕੰਪਨੀ ਟਰੂ ਬੈਲਟ ਨੇ ਸੰਭਾਵਿਤ ਹੇਰਾਫੇਰੀਆਂ ਨੂੰ ਰੋਕਣ ਲਈ ਕਈ ਅਹਿਮ ਫੈਸਲੇ ਕੀਤੇ ਹਨ। ਵੋਟ ਪਾਉਣ ਆਏ ਵੋਟਰਾਂ ਨੂੰ ਪਰਜਰੀ ਦੇ ਹਲਫਨਾਮੇ 'ਤੇ ਦਸਤਖ਼ਤ ਕਰਨੇ ਪੈਣਗੇ ਕਿ ਉਸ ਨੇ ਵੋਟ ਗੁਰੂਘਰ ਅੰਦਰ ਹੀ ਬਣਾਈ ਹੈ। ਅਗਰ ਕੋਈ ਵਿਅਕਤੀ ਝੂਠਾ ਐਫੀਡੇਵਿਟ ਸਾਈਨ ਕਰਦਾ ਫੜਿਆ ਗਿਆ ਤਾਂ ਉਸ ਉਪਰ ਕਾਨੂੰਨੀ ਸ਼ਿਕੰਜਾ ਕੱਸਿਆ ਜਾ ਸਕਦਾ ਹੈ।

> ***ਜਾਅਲੀ ਆਈ ਡੀ ਚੈਕ ਕਰਨ ਲਈ ਮਸ਼ੀਨ ਦੀ ਵਰਤੋਂ ਹੋਵੇਗੀ***

ਨਕਲੀ ਆਈ ਡੀ ਚੈਕ ਕਰਨ ਲਈ ਕੰਪਨੀ ਵਲੋਂ ਮਸ਼ੀਨ ਦੀ ਵਰਤੋਂ ਹੋਵੇਗੀ। ਬੀਬੀ ਗੁਰਬਖਸ਼ ਕੌਰ ਕਾਹਲੋਂ ਨੂੰ ਗੁਰੂਘਰ ਵਲੋਂ ਚੋਣਾਂ ਦੀ ਸਾਲਸੀ ਤੋਂ ਹਟਾ ਕੇ ਸਾਰੇ ਧੜਿਆਂ ਨੂੰ ਸਿੱਧੀ ਸਾਲਸੀ ਦੇ ਦਿਤੀ ਗਈ ਹੈ। ਨਵੇਂ ਫੈਸਲੇ ਮੁਤਾਬਕ, ਸਾਧ ਸੰਗਤ ਸਲੇਟ ਦੀ ਬੀਬੀ ਗੁਰਬਖਸ਼ ਕੌਰ ਕਾਹਲੋਂ, ਪੰਥਕ ਸਲੇਟ ਦੀ ਭਾਈ ਰਾਮ ਸਿੰਘ ਅਤੇ ਆਜ਼ਾਦ ਉਮੀਦਵਾਰਾਂ ਦੀ ਬੀਬੀ ਹਰਸਿਮਰਤ ਕੌਰ ਨੁਮਾਇੰਦਗੀ ਕਰਨਗੇ। ਇਹ ਨੁਮਾਇੰਦੇ ਅੱਗੇ ਆਪਣੇ ਗਰੁੱਪ ਨਾਲ ਵਿਚਾਰ ਵਟਾਂਦਰਾ ਕਰਨਗੇ। ਚੋਣਾਂ ਲਈ ਪ੍ਰਮੁਖ ਸਲੇਟਾਂ ਨੂੰ ਹਰ ਵਕਤ ਦੋਭਾਸ਼ੀਏ ਦਾ ਪ੍ਰਬੰਧ ਕਰਕੇ ਰੱਖਣਾ ਪਵੇਗਾ। ਹਰ ਪਾਰਟੀ ਆਪਣੇ ਨਿਗਰਾਨ ਵੋਟਾਂ ਦੇ ਕੰਮ ਤੇ ਫਿਟ ਕਰ ਸਕਦੀ ਹੈ। ਨਿਗਰਾਨ ਇਲੈਕਸ਼ਨ ਕੰਪੇਨ ਨਹੀਂ ਕਰ ਸਕਣਗੇ।

ਵੋਟ ਪਾਉਣ ਲਈ ਡਰਾਈਵਿੰਗ ਲਾਇਸੰਸ ਜਰੂਰੀ ਹੋਵੇਗਾ। ਅਗਰ ਕੋਈ ਆਫ ਐਡਰੈਸ ਸਟਿਕਰ ਲੈ ਕੇ ਜਾਂਦਾ ਹੈ ਤਾਂ ਉਸਨੂੰ ਹੋਰ ਸਬੂਤ ਦਿਖਾਉਣੇ ਪੈਣਗੇ ਜਿਵੇਂ ਬੈਂਕ ਸਟੇਟਮੈਂਟ, ਕਿਸੇ ਮੰਨੀ ਪ੍ਰਮੰਨੀ ਕੰਪਨੀ ਵਲੋਂ ਬਿਲ, ਗੌਰਮਿੰਟ ਦੇ ਅਦਾਰੇ ਵਲੋਂ ਪੱਤਰ, ਗੱਡੀ ਦੀ ਕਰੰਟ ਰਜਿਸਟਰੇਸ਼ਨ, ਡਬਲਿਊ-ਫਾਰਮ, ਪਿਛਲੇ ਸਾਲ ਦੀ ਆਮਦਨ ਟੈਕਸ ਰਿਟਰਨ, ਪ੍ਰਾਪਰਟੀ ਟੈਕਸ ਬਿਲ, ਯੁਟਿਲਿਟੀ ਅਤੇ ਕਾਰ ਇੰਸੋਰੈਂਸ ਦਾ ਬਿਲ, ਰੈਂਟਲ ਲੀਜ਼ ਐਗਰੀਮੈਂਟ ਆਦਿ। ਵੋਟਾਂ ਦੇ ਕੰਮ ਕਾਰ ਦੀ ਨਿਗਰਾਨੀ ਕੈਮਰੇ ਵੀ ਕਰਨਗੇ।

ਯਾਦ ਰਹੇ ਟਰੂ ਬੈਲਟ ਕੰਪਨੀ ਨੇ ਫਰੀਮਾਂਟ ਗੁਰੂਘਰ ਦੀਆਂ ਚੋਣਾਂ ਵਿਚ ਬੜੀ ਸਾਵਧਾਨੀ ਵਰਤਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਪੰਥਕ ਸਲੇਟ ਮੁਖੀ ਭਾਈ ਗੁਰਮੀਤ ਸਿੰਘ ਖਾਲਸਾ ਨੇ ਇਕ ਪੱਤਰ ਲਿਖ ਕੇ ਚੋਣਾਂ ਕਰਵਾਉਣ ਵਾਲੀ ਕੰਪਨੀ ਨੂੰ ਸੰਭਾਵਤ ਹੇਰਾ ਫੇਰੀਆਂ ਤੋਂ ਜਾਣੂ ਕਰਵਾਇਆ ਸੀ। ਵੋਟਾਂ ਸਵੇਰ 8 ਵਜੇ ਤੋਂ ਸ਼ਾਮੀ 8 ਵਜੇ ਤਕ ਪੈਣਗੀਆਂ।

## ਫਰੀਮਾਂਟ ਗੁਰੂਘਰ ਦੇ ਸਾਬਕਾ ਮੀਤ ਪ੍ਰਧਾਨ ਨੇ ਕਿਉਂ ਦਿੱਤਾ ਸੀ ਅਸਤੀਫਾ

**ਫਰੀਮਾਂਟ:** ਫਰੀਮਾਂਟ ਗੁਰੂਘਰ ਦੇ ਸਾਬਕਾ ਉਪ ਪ੍ਰਧਾਨ ਸ. ਬਿਕਰਮਜੀਤ ਨੇ ਪ੍ਰੈਸ ਨੂੰ ਭੇਜੇ ਬਿਆਨ ਵਿਚ ਕਿਹਾ ਹੈ ਕਿ ਫਰੀਮਾਂਟ ਗੁਰੂਘਰ ਦੇ ਮੌਜੂਦਾ ਪ੍ਰਬੰਧਕਾਂ ਨੇ ਉਸ ਨੂੰ ਕਦੇ ਵੀ ਹਿਸਾਬ ਕਿਤਾਬ ਦੇ ਨੇੜੇ ਤੇੜੇ ਨਾ ਫਟਕਣ ਦਿੱਤਾ। ਅਖੀਰ ਵਾਹ ਨਾ ਚਲਦੀ ਵੇਖ ਉਨ੍ਹਾਂ ਅਤੇ ਇਕ ਹੋਰ ਕਮੇਟੀ ਮੈਂਬਰ ਸ. ਜਰਨੈਲ ਸਿੰਘ ਘੁੰਮਣ ਨੇ ਅਸਤੀਫਾ ਦੇਣਾ ਹੀ ਬਿਹਤਰ ਸਮਝਿਆ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਅੱਖੀਂ ਤਕਿਆ ਹੈ ਕਿ ਬੈਂਕ ਸਟੇਟਮੈਂਟਾਂ ਅਤੇ ਬੈਂਕ ਬੈਲੈਂਸ ਸ਼ੀਟ ਵਿਚ ਲਗਭਗ ਢਾਈ ਲੱਖ ਡਾਲਰ ਦਾ ਫਰਕ ਸੀ। ਮੌਜੂਦਾ ਪ੍ਰਬੰਧਕਾਂ ਵਲੋਂ ਕੀਤੇ ਜਾਂਦੇ ਇਸ ਪ੍ਰਚਾਰ ਕਿ ਉਨ੍ਹਾਂ ਸੰਗਤ ਤੋਂ ਲੋਨ ਲਿਆ ਸੀ, ਬਾਰੇ ਉਨ੍ਹਾਂ ਕਿਹਾ ਕਿ ਲੋਨ ਦੀਆਂ ਕੁਝ ਰਕਮਾਂ ਅਖਬਾਰਾਂ ਰਸਾਲਿਆਂ ਵਿਚ ਤਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਸਨ ਪਰ ਬੈਂਕ ਖਾਤਿਆਂ ਵਿਚ ਦਿਖਾਈ ਨਹੀਂ ਸਨ ਦਿੰਦੀਆਂ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਪ੍ਰਬੰਧਕਾਂ ਪਾਸੋਂ ਵਾਰ ਵਾਰ ਹਿਸਾਬ ਕਿਤਾਬ ਬਾਰੇ ਜਾਣਕਾਰੀ ਲੈਣੀ ਚਾਹੀ ਪਰ ਉਨ੍ਹਾਂ ਦੇ ਪਲੇ ਕੁਝ ਨਹੀਂ ਪਿਆ। ਅਖੀਰ ਉਨ੍ਹਾਂ ਸੁਪਰੀਮ ਕੌਂਸਲ ਨੂੰ ਦਖਲ ਦੇਣ ਲਈ ਕਿਹਾ। ਪਰ ਸੁਪਰੀਮ ਕੌਂਸਲ ਨੇ ਹਰਜੋਤ ਸਿੰਘ ਹੁਣਾਂ ਦੀ ਕੋਈ ਸੁਣਵਾਈ ਨਾ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਿਚ ਪ੍ਰਬੰਧਕ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਸਿਰਫ ਇਕ ਦੋ ਬੰਦੇ ਹੀ ਮਨ ਆਈਆਂ ਕਰਦੇ ਸੀ।










# ਜਦੋਂ "ਅੰਮ੍ਰਿਤਸਰ ਟਾਈਮਜ਼" ਅਖਬਾਰ ਦੇ ਝੂਠ ਦਾ ਭਾਂਡਾ ਚੌਰਾਹੇ ਵਿਚ ਟੁੱਟਾ

ਮੈਂ ਰਣਜੀਤ (ਰਾਣਾ) ਸਿੰਘ ਕਾਹਲੋਂ ਸਿੱਖ ਸੰਗਤਾਂ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਜੋ ਖਬਰ ਪਿਛਲੇ ਹਫਤੇ (3 ਮਾਰਚ ਤੋਂ 9 ਮਾਰਚ 2010) ਦੀ "ਅੰਮ੍ਰਿਤਸਰ ਟਾਈਮਜ਼" ਅਖਬਾਰ ਵਿਚ ਮੇਰੇ ਬਾਰੇ ਲੱਗੀ ਹੈ, ਉਹ ਚਿੱਟਾ ਝੂਠ ਹੈ। ਇਸ ਗੱਲ ਦੀ ਪੁਸ਼ਟੀ ਖੁਦ ਬੀਬੀ ਗੁਰਬਖਸ਼ ਕੌਰ ਕਾਹਲੋਂ ਅਤੇ ਭਾਈ ਰਾਮ ਸਿੰਘ ਨੇ ਵੀ ਕੀਤੀ ਹੈ ਕਿ ਸਾਡਾ ਆਪਸ ਵਿਚ ਇਹੋ ਜਿਹਾ ਕੋਈ ਵੀ ਤਕਰਾਰ ਨਹੀ ਹੋਇਆ। ਬੀਬੀ ਜੀ ਨਾਲ ਭਾਈ ਰਾਮ ਸਿੰਘ ਦਾ ਸਿਰਫ ਚੋਣਾਂ ਦੇ ਸਬੰਧ ਵਿਚ ਵਿਚਾਰ ਹੀ ਹੋ ਰਿਹਾ ਸੀ। ਮੈਂ ਭਾਈ ਰਾਮ ਸਿੰਘ ਦਾ ਅਤੇ ਬੀਬੀ ਗੁਰਬਖਸ਼ ਕੌਰ ਕਾਹਲੋਂ ਦਾ ਹਮੇਸ਼ਾ ਹੀ ਸਤਿਕਾਰ ਕਰਦਾ ਹਾਂ। ਇਹ ਅਖਬਾਰ ਅੰਮ੍ਰਿਤਸਰ ਟਾਈਮਜ਼ ਪੰਜਾਬੀ ਭਾਈਚਾਰੇ ਨੂੰ ਵੰਡਣ ਵਿਚ, ਚੰਗੇ ਲੋਕਾਂ ਨੂੰ ਨਿੰਦਣ ਅਤੇ ਚੰਗੇ ਕੰਮਾਂ ਵਿਚ ਵਿਘਨ ਪਾਉਣ ਲਈ ਹਮੇਸ਼ਾ ਹੀ ਤਤਪਰ ਰਹਿੰਦੀ ਹੈ। ਮੈਂ ਸਾਰੀ ਸੰਗਤ ਨੂੰ ਅਪੀਲ ਕਰਦਾ ਹਾਂ ਕਿ 'ਅੰਮ੍ਰਿਤਸਰ ਟਾਈਮਜ਼' ਅਖਬਾਰ ਦੀਆਂ ਖਬਰਾਂ 'ਤੇ ਯਕੀਨ ਨਾ ਕੀਤਾ ਜਾਵੇ ਕਿਉਂਕਿ ਇਸ ਦੇ ਮਾਲਕ ਅਤੇ ਸੰਚਾਲਕ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਹੋ ਰਹੀਆਂ ਚੋਣਾਂ ਵਿਚ ਇਕ ਧਿਰ ਹਨ।



ਰਣਜੀਤ (ਰਾਣਾ) ਸਿੰਘ ਕਾਹਲੋਂ

"ਅੰਮ੍ਰਿਤਸਰ ਟਾਈਮਜ਼" ਅਖਬਾਰ ਵਲੋਂ ਛਾਪੀ ਖਬਰ ਵਿਚ ਕਿਹਾ ਗਿਆ ਹੈ ਕਿ ਗੁਰਚਰਨ ਸਿੰਘ ਮਾਨ ਵਲੋਂ ਮਾਈਕ ਦੀਆਂ ਤਾਰਾਂ ਖਿਚਣ ਦੀ ਕੋਸ਼ਿਸ ਕੀਤੀ ਗਈ, ਇਹ ਗੱਲ ਬਿਲਕੁਲ ਬੇ-ਬੁਨਿਆਦ ਤੇ ਝੂਠੀ ਹੈ। ਇਹ ਸਾਰਾ ਕੁਝ ਚੋਣਾਂ ਵਿਚ ਬੁਖਲਾਏ ਹੋਏ ਇਸ ਪੇਪਰ ਦੇ ਮਾਲਕਾਂ ਦੀ ਸੌੜੀ ਸੋਚ ਦਾ ਹੀ ਨਤੀਜਾ ਹੈ। ਸੱਚਾਈ ਇਹ ਹੈ ਕਿ ਭਾਈ ਗੁਰਚਰਨ ਸਿੰਘ ਮਾਨ ਤਾਂ ਸਿਰਫ ਸਟੇਜ 'ਤੇ ਜਾ ਕੇ ਬਾਕੀ ਦੇ ਉਮੀਦਵਾਰਾਂ ਦੇ ਨਾਲ ਹੋ ਰਹੇ ਵਿਤਕਰੇ ਬਾਰੇ ਇਸ਼ਾਰਾ ਹੀ ਕਰ ਰਹੇ ਸਨ। ਇਸ ਗੱਲ ਦਾ ਸਬੂਤ ਗੁਰੂ ਘਰ ਵਿਚ ਬੈਠੀ ਸਾਧ ਸੰਗਤ ਦੇ ਸਕਦੀ ਹੈ ਜਿਹਦੇ ਸਾਹਮਣੇ ਇਹ ਸਭ ਕੁਝ ਵਾਪਰਿਆ।

"ਅੰਮ੍ਰਿਤਸਰ ਟਾਈਮਜ਼" ਵਾਲੇ ਹਰ ਤਰਾਂ ਦੇ ਹੱਥੇ ਕੰਡੇ ਵਰਤ ਕੇ ਅਤੇ ਹਰ ਹੀਲੇ ਪੰਥਕ ਸਲੇਟ ਦੇ ਉਮੀਦਵਾਰਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ ਕਰ ਰਹੇ ਹਨ। ਇਨ੍ਹਾਂ ਕੋਲੋਂ ਆਪਣੀ ਸਲੇਟ ਦੀ ਹੋ ਰਹੀ ਹਾਰ, ਜੋ ਕਿ ਸਪਸ਼ਟ ਹੈ ਅਤੇ ਲਗਪਗ ਤੈਅ ਹੋ ਚੁੱਕੀ ਹੈ, ਬਰਦਾਸ਼ਤ ਨਹੀਂ ਹੋ ਰਹੀ।

ਸਚੁ ਸੁਣਾਇਸੀ ਸਚ ਕੀ ਬੇਲਾ

ਭਾਈ ਰਾਮ ਸਿੰਘ, ਜੋ ਕਿ ਸੁਪਰੀਮ ਕੌਂਸਲ ਦੇ ਮੌਜੂਦਾ ਮੈਂਬਰ ਹਨ, ਨੇ ਸਟੇਜ 'ਤੇ ਜਾ ਕੇ ਸਿਰਫ ਸੰਗਤ ਨੂੰ ਜਾਣਕਾਰੀ ਹੀ ਦਿੱਤੀ ਸੀ ਕਿ ਮੌਜੂਦਾ ਪ੍ਰਬੰਧਕਾਂ ਨੇ ਸੁਪਰੀਮ ਕੌਂਸਲ ਦੇ ਮੈਬਰਾਂ ਨੂੰ ਧੋਖੇ ਵਿਚ ਰੱਖ ਕੇ ਨਵੇਂ ਉਮੀਦਵਾਰਾਂ ਨਾਲ ਕਿਵੇਂ ਵਿਤਕਰਾ ਕੀਤਾ ਹੈ। ਇਸ ਸੱਚਾਈ ਨੂੰ ਸੰਗਤਾਂ ਸਾਹਮਣੇ ਲਿਆਉਣ ਨੂੰ "ਅੰਮ੍ਰਿਤਸਰ ਟਾਈਮਜ਼" ਨੇ ਬਹੁਤ ਹੀ ਘਟੀਆ ਅਤੇ ਗੈਰ-ਜ਼ਿਮੇਦਾਰਾਨਾ ਤਰੀਕੇ ਨਾਲ "ਚੋਰੀ ਤੇ ਸੀਨਾ ਜ਼ੋਰੀ" ਦਾ ਨਾਂ ਦਿਤਾ ਹੈ। ਇਸ ਦਾ ਫੈਸਲਾ ਅਸੀਂ ਗੁਰੂ ਪਿਆਰੀ ਸਾਧ ਸੰਗਤ ਉਪਰ ਛੱਡਦੇ ਹਾਂ।

ਅਸੀਂ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਅਗਲੇ ਐਤਵਾਰ ਨੂੰ ਹੋ ਰਹੀਆਂ ਚੋਣਾਂ ਵਿਚ ਸੰਗਤ ਦੇ ਮੈਂਬਰਾਂ ਨੂੰ ਬਦਨਾਮ ਕਰਨ ਵਾਲੀ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਉਪਰ ਧੱਕੇ ਨਾਲ 8 ਸਾਲ ਕਬਜ਼ਾ ਕਰਨ ਵਾਲੀ ਅਖੌਤੀ ਸਾਧ ਸੰਗਤ ਦੀ ਸਲੇਟ ਨੂੰ ਇਕ ਵਾਰ ਫਿਰ ਕਰਾਰੀ ਹਾਰ ਦਿੱਤੀ ਜਾਵੇ ਅਤੇ ਸਿੱਖ ਸੰਗਤਾਂ ਦੀ ਅਸਲ ਨੁਮਾਇੰਦਗੀ ਕਰਨ ਵਾਲੀ ਸਲੇਟ "ਪੰਥਕ ਸਲੇਟ" ਨੂੰ ਦੁਬਾਰਾ ਸੇਵਾ ਦਾ ਮੌਕਾ ਦਿੱਤਾ ਜਾਵੇ।



ਰਣਜੀਤ ਸਿੰਘ ਰਾਣਾ ਭਾਈ ਗੁਰਮੀਤ ਸਿੰਘ, ਭਾਈ ਰਾਮ ਸਿੰਘ, ਭਾਈ ਗੁਰਚਰਨ ਸਿੰਘ ਮਾਨ ਅਤੇ ਪੰਥਕ ਸਲੇਟ ਦੇ ਹਮਾਇਤੀਆਂ ਨਾਲ

Ad Sponsored by California Sikh organization

## ਖਾਲਸਾ ਸਕੂਲ ਸੈਨ ਹੋਜ਼ੇ ਨੇ ਗੁਰਦੁਆਰਾ ਫਰੀਮਾਂਟ ਤੋਂ ਕੋਈ ਡੋਨੇਸ਼ਨ ਨਹੀਂ ਲਈ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦੁਆਰਾ ਫਰੀਮਾਂਟ ਦੀ ਚੋਣ ਲੜ ਰਹੀ ਸਾਧ ਸੰਗਤ ਸਲੇਟ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਖਾਲਸਾ ਸਕੂਲ ਸੈਨ ਹੋਜ਼ੇ ਨੂੰ 28235 ਡਾਲਰ ਡੋਨੇਸ਼ਨ ਦੇਣ ਦੀ ਗੱਲ ਕੀਤੀ ਹੈ। ਇਸ ਬਾਰੇ ਅਸਲੀਅਤ ਦੱਸਦਿਆਂ ਖਾਲਸਾ ਸਕੂਲ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੇ ਕਿਹਾ ਕਿ ਇਹ ਡੋਨੇਸ਼ਨ ਨਹੀਂ ਸੀ ਇਹ ਤਾਂ ਬੱਚਿਆ ਦੇ ਪਰਿਵਾਰਾਂ ਵਲੋਂ ਇਕੱਠਾ ਕੀਤਾ ਵੰਡ ਸੀ। ਪ੍ਰਬੰਧਕਾਂ ਨੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ 2006 ਵਿਚ 'ਹੇਮਕੁੰਡ ਫਾਉਂਡੇਸ਼ਨ' ਵਲੋਂ ਬੱਚਿਆਂ ਦੀ ਕੌਮਾਂਤਰੀ ਪੱਧਰ 'ਤੇ ਵੱਖ ਵੱਖ ਧਾਰਮਿਕ ਖੇਤਰਾਂ ਵਿਚ ਮੁਕਾਬਲੇ ਕਰਵਾਏ ਗਏ ਸਨ ਅਤੇ ਇਸ ਵਿਚ ਦੇਸ਼-ਵਿਦੇਸ਼ ਦੇ ਕਈ ਗੁਰਦੁਆਰਾ ਸਾਹਿਬ ਵੀ ਸ਼ਾਮਲ ਹੋਏ ਸਨ। ਇਸੇ ਸਮੇਂ ਬੱਚਿਆਂ ਨੂੰ 'ਗਰੇਟ ਅਮੈਰਿਕਾ' ਵੀ ਲਿਜਾਇਆ ਗਿਆ ਸੀ ਜਿੱਥੇ ਬੱਚਿਆਂ ਦੀਆਂ 11140 ਡਾਲਰ ਦੀਆਂ ਟਿਕਟਾਂ, 1730 ਡਾਲਰ ਦਾ ਲੰਚ, 715 ਡਾਲਰ ਦੀਆਂ ਡਰੈਂਕ ਬੈਂਡ ਅਤੇ 550 ਡਾਲਰ ਦੀਆਂ ਪਾਰਕਿੰਗ ਟਿਕਟਾਂ ਲਈਆਂ ਗਈਆਂ ਸਨ।

ਫਰੀਮਾਂਟ ਗੁਰਦਆਰਾ ਪ੍ਰਬੰਧਕ ਕਮੇਟੀ ਨੇ 10,000 ਡਾਲਰ ਦੇਣਾ ਮੰਨਿਆ ਸੀ ਉਨ੍ਹਾਂ 6500 ਡਾਲਰ ਦਿਤਾ ਅਤੇ 3500 ਡਾਲਰ ਡਿਸਕਾਊਂਟ ਟਿਕਟਾਂ ਵਜੋਂ ਗਰੇਟ ਅਮੈਰਿਕਾ ਵਿਚ ਖਰਚ ਕੀਤਾ। ਪ੍ਰਬੰਧਕਾਂ ਨੇ ਕਿਹਾ ਕਿ ਇਹ ਸਾਰਾ ਫੰਡ 'ਹੇਮ ਕੁੰਡ ਫਾਊਂਡੇਸ਼ਨ' ਨੂੰ ਦਿੱਤਾ ਗਿਆ ਸੀ। ਖਾਲਸਾ ਸਕੂਲ ਸੈਨ ਹੋਜ਼ੇ ਦੇ ਪ੍ਰਿੰਸੀਪਲ ਡਾ. ਗੁਰਿੰਦਰਪਾਲ ਸਿੰਘ ਨੇ ਉਸ ਸਮੇਂ ਦੀ ਫਰੀਮਾਂਟ ਗੁਰਦਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਬੱਚਿਆਂ ਦੇ ਭਵਿੱਖ ਲਈ ਧਾਰਮਿਕ ਮੁਕਾਬਲੇ ਕਰਵਾ ਕੇ ਚੰਗਾ ਕੰਮ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਪਹਿਲਾ 2004 ਵਿਚ ਫਰੀਮਾਂਟ ਗੁਰਦਆਰਾ ਵਿਚ ਹੇਮਕੁੰਡ ਫਾਊਂਡੇਸ਼ਨ ਵਲੋਂ ਇਸੇ ਤਰ੍ਹਾਂ ਦਾ ਸਮਾਗਮ ਕੀਤਾ ਗਿਆ ਸੀ ਅਤੇ ਉਸ ਵੇਲੇ ਗੁਰਦੁਆਰਾ ਸੈਨ ਹੋਜ਼ੇ ਨੇ ਮਦਦ ਕੀਤੀ ਸੀ।

## ਸੈਕਰਾਮੈਂਟੋ 'ਚ ਨਗਰ ਕੀਰਤਨ 14 ਮਾਰਚ ਨੂੰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 633ਵਾਂ ਪ੍ਰਕਾਸ਼ ਉਤਸਵ ਇਥੇ ਗੁਰੂ ਰਵਿਦਾਸ ਸਭਾ ਰੀਓਲਿੰਡਾ ਵਲੋਂ ਆਉਂਦੀ 12 ਤੋਂ 14 ਮਾਰਚ ਤੱਕ ਮਨਾਇਆ ਜਾਵੇਗਾ। ਇਸ ਸਬੰਧੀ 10ਵਾਂ ਨਗਰ ਕੀਰਤਨ ਬੜੀ ਧੂਮ ਧਾਮ ਨਾਲ 14 ਮਾਰਚ ਨੂੰ ਸਜਾਇਆ ਜਾਵੇਗਾ। ਇਸ ਸਮਾਗਮ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ 21 ਫਰਵਰੀ ਤੋਂ ਚਲ ਰਹੀ ਹੈ। ਸਨਿਚਰਵਾਰ 13 ਮਾਰਚ ਨੂੰ ਸ਼ਾਮ 7 ਵਜੇ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ ਜੋ ਰਾਤ 12:30 ਤਕ ਚਲੇਗਾ ਜਿਸ ਵਿਚ ਉਘੇ ਕੀਰਤਨੀਏ, ਰਾਗੀ-ਢਾਡੀ ਜਥੇ, ਕਥਾਵਾਚਕ ਅਤੇ ਵਖ ਵਖ ਬੁਲਾਰੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਨਗੇ। ਸਤਿਗੁਰੂ ਰਵਿਦਾਸ ਦੀ ਬਾਣੀ ਅਤੇ ਜੀਵਨ ਬਾਰੇ ਵਿਸ਼ੇਸ਼ ਸ਼ਬਦ ਕਥਾ ਪਰਵਾਹ ਚੱਲੇਗਾ।

ਐਤਵਾਰ 14 ਮਾਰਚ ਨੂੰ ਸਵੇਰੇ 5 ਵਜੇ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ, ਉਪਰੰਤ 9 ਵਜੇ ਤੋਂ 11 ਵਜੇ ਤਕ ਕੀਰਤਨ ਦਰਬਾਰ ਸਜੇਗਾ, ਜਿਸ ਵਿਚ ਕੀਰਤਨੀ ਜਥੇ ਅਤੇ ਹੋਰ ਬੁਲਾਰੇ ਗੁਰੂ ਜੀ ਦੇ ਜੀਵਨ ਅਤੇ ਬਾਣੀ ਬਾਰੇ ਚਾਨਣਾ ਪਾਉਣਗੇ। 11:30 ਵਜੇ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਅਰੰਭ ਹੋਵੇਗਾ ਅਤੇ ਸ਼ਾਮ 4:30 ਵਜੇ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਵੇਗਾ।

ਨਗਰ ਕੀਰਤਨ ਵਿਚ ਵੱਖ ਵੱਖ ਸੰਸਥਾਵਾਂ, ਸਭਾਵਾਂ ਅਤੇ ਜਥੇਬੰਦੀਆਂ ਦੇ ਸਜੇ ਹੋਏ ਫਲੋਟ ਸ਼ਾਮਲ ਹੋਣਗੇ। ਗੁਰੂ ਘਰ ਦੇ ਚਾਰ ਚੁਫੇਰੇ ਅਨੇਕਾਂ ਹੀ ਦੁਕਾਨਾਂ ਅਤੇ ਸ਼ਰਧਾਵਨ ਗੁਰਮੁਖ ਪਿਆਰਿਆਂ ਵਲੋਂ ਤਰ੍ਹਾਂ ਤਰ੍ਹਾਂ ਦੇ ਲੰਗਰ ਲਗਾਏ ਜਾਣਗੇ। 7 ਮਾਰਚ ਤੋਂ ਹਰ ਰੋਜ਼ ਸ਼ਾਮ ਨੂੰ ਸ਼ਬਦ ਕੀਰਤਨ ਅਤੇ ਆਰਤੀ ਹੋਇਆ ਕਰੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਰੇਡੀਓ ਹਮਸਫਰ ਦਾ ਪ੍ਰੋਗਰਾਮ 'ਆਪਣਾ ਕਲਾਮ'

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਕੈਲੀਫੋਰਨੀਆ ਦੇ ਲੋਕਪ੍ਰਿਅ ਰੇਡੀਓ ਪ੍ਰੋਗਰਾਮ ਹਮਸਫਰ ਵਲੋਂ ਸ਼ੁਰੂ ਕੀਤਾ ਗਿਆ "ਆਪਣਾ ਕਲਾਮ" ਨਾਂ ਦਾ ਹਫਤਾਵਾਰੀ ਪ੍ਰੋਗਰਾਮ ਸਾਹਿਤ ਦਾ ਸੰਗਮ ਹੋ ਨਿਬੜਿਆ ਹੈ। ਰੇਡੀਓ ਹਮਸਫਰ ਦੇ ਸੰਚਾਲਕਾਂ ਜਸਬੀਰ ਸਿੰਘ ਅਤੇ ਅਵਤਾਰ ਸਿੰਘ ਦੇ ਯਤਨਾਂ ਨਾਲ ਹਰ ਐਤਵਾਰ ਸ਼ਾਮੀ 5:30 ਤੋਂ 7:30 ਤੱਕ ਪੇਸ਼ ਕੀਤਾ ਜਾਂਦਾ ਇਸ ਪ੍ਰੋਗਰਾਮ ਰਾਹੀਂ ਸਾਹਿਤਕਾਰ ਘਰ ਬੈਠੇ ਹੀ ਆਪਣੀ ਸਾਹਿਤਕ ਰਚਨਾ ਦੀ ਸਾਂਝ ਸਰੋਤਿਆਂ ਨਾਲ ਬਣਾ ਸਕਦੇ ਹਨ।

ਪਿਛਲੇ ਦਿਨੀਂ ਇਸੇ ਪ੍ਰੋਗਰਾਮ ਅਧੀਨ ਸ਼ਾਇਰਾ ਨੀਲਮ ਸੈਣੀ ਦੀ ਮੇਜ਼ਬਾਨੀ ਅਧੀਨ ਇਕ ਕਵੀ ਦਰਬਾਰ ਪੇਸ਼ ਕੀਤਾ ਗਿਆ ਜਿਸ ਵਿਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ, ਪ੍ਰਮਿੰਦਰ ਪ੍ਰਵਾਨਾ, ਭੁਪਿੰਦਰ ਸਿੰਘ ਦਲੇਰ, ਹਰਭਜਨ ਸਿੰਘ ਢਿੱਲੋਂ, ਕੁਲਵਿੰਦਰ ਪਲਾਹੀ, ਜਗਜੀਤ ਨੌਸ਼ਹਿਰਵੀ ਅਤੇ ਖੁਦ ਨੀਲਮ ਸੈਣੀ ਨੇ ਆਪਣੇ ਕਲਾਮ ਸਰੋਤਿਆਂ ਦੀ ਨਜ਼ਰ ਕੀਤੇ। ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਨੀਲਮ ਸੈਣੀ ਨਾਲ ਫੋਨ 510-502-0551 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜ਼ੀ ਪੰਜਾਬ ਸਾਡਾ ਚੈਨਲ ਦਾ ਸਵਾਗਤ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਅਮੈਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਨੇ ਆਉਂਦੀ 17 ਮਾਰਚ ਤੋਂ ਸ਼ੁਰੂ ਹੋ ਰਹੇ ਜ਼ੀ ਪੰਜਾਬ ਸਾਡਾ ਚੈਨਲ ਦਾ ਸਵਾਗਤ ਕਰਦਿਆਂ ਆਸ ਪ੍ਰਗਟਾਈ ਹੈ ਕਿ ਇਹ ਚੈਨਲ ਪੰਜਾਬੀ ਭਾਈਚਾਰੇ ਦੀਆਂ ਆਸਾਂ ਉਪਰ ਪੂਰਾ ਉਤਰੇਗਾ। ਜ਼ਿਕਰਯੋਗ ਹੈ ਕਿ ਇਹ ਚੈਨਲ ਡਿਸ਼ ਨੈਟਵਰਕ ਰਾਹੀਂ ਚੈਨਲ 621 ਉਪਰ ਅਮਰੀਕਾ ਭਰ ਵਿਚ ਦੇਖਿਆ ਜਾ ਸਕੇਗਾ।

ਜਥੇਬੰਦੀ ਦੇ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਮਾਨ ਵਲੋਂ ਜਾਰੀ ਇਕ ਬਿਆਨ ਵਿਚ ਸ੍ਰੀ ਮਨਦੀਪ ਸਿੰਘ ਮਾਨ (ਬੇਕਰਜ਼ਫੀਲਡ) ਨੂੰ ਇਸ ਚੈਨਲ ਦਾ ਖਬਰਾਂ ਅਤੇ ਮਾਰਕਿਟਿੰਗ ਵਾਸਤੇ ਇੰਚਾਰਜ ਨਿਯੁਕਤ ਕਰਨ ਬਦਲੇ ਚੈਨਲ ਚਲਾਉਣ ਵਾਲੀ ਕੰਪਨੀ ਗਲੋਬਲ ਮੀਡੀਆ ਨੈਟਵਰਕ ਦੇ ਡਾਇਰੈਕਟਰ ਜਸਪਾਲ ਸਿੰਘ ਸ਼ੇਤਰਾ, ਸ੍ਰੀ ਸਿੱਧੂ ਦਮਦਮੀ ਅਤੇ ਪ੍ਰੋਗਰਾਮਿੰਗ ਇੰਚਾਰਜ ਸ੍ਰੀ ਸ਼ਮੀਲ ਦਾ ਧੰਨਵਾਦ ਕੀਤਾ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਮਨਦੀਪ ਮਾਨ ਇਕ ਸਿਆਣਾ ਅਤੇ ਸੁਲਝਿਆ ਹੋਇਆ ਚੜ੍ਹਦੀਕਲਾ ਵਾਲਾ ਨੌਜਵਾਨ ਹੈ।

## ਵਿਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ

**ਯੂਨੀਅਨ ਸਿਟੀ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਅੰਤਰਰਾਸ਼ਟਰੀ ਗਦਰ ਇਤਿਹਾਸਕ ਸਮੂਹ ਵਲੋਂ ਪਿਛਲੇ ਕੁਝ ਹਫਤਿਆਂ ਵਿਚ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰਾਂ ਜੋਗਿੰਦਰ ਸਿੰਘ ਰਾਹੀ, ਟੀ ਆਰ ਵਿਨੋਦ, ਸੰਤੋਖ ਸਿੰਘ ਧੀਰ, ਹਰਿੰਦਰ ਸਿੰਘ ਮਹਿਬੂਬ ਅਤੇ ਰਾਮ ਸਰੂਪ ਅਣਖੀ ਨੂੰ ਭਰਪੂਰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਸਮੂਹ ਦੀ ਇਥੇ ਹੋਈ ਇਕ ਮੀਟਿੰਗ ਵਿਚ ਇਨ੍ਹਾਂ ਸ਼ਖਸੀਅਤਾਂ ਦੇ ਵਿਛੋੜੇ ਉਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਗਿਆ ਕਿ ਉਨ੍ਹਾਂ ਨੂੰ ਸਾਹਿਤ ਤੇ ਆਲੋਚਨਾ ਦੇ ਖੇਤਰ ਵਿਚ ਪਾਈ ਗਈ ਘਾਲਣਾ ਕਰਕੇ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸਮੂਹ ਦੀ ਕਾਰਗੁਜ਼ਾਰੀ ਨੂੰ ਹੋਰ ਵਧੀਆ ਬਣਾਉਣ ਲਈ ਬੀਬੀ ਜਗਮੀਤ ਕੌਰ ਸੰਘਾ ਅਤੇ ਜਸਬੀਰ ਸਿੰਘ ਤੱਖਰ ਨੂੰ ਸੀਨੀਅਰ ਮੈਂਬਰ ਥਾਪਿਆ ਗਿਆ। ਸ੍ਰੀ ਜੋਗਿੰਦਰ ਸਿੰਘ ਸਰਾਂ, ਚਾਰਲੀ ਚੀਮਾ ਅਤੇ ਸੁਦੇਸ਼ ਸਿੰਘ ਅਟਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਸੰਪਰਕ ਵਿਚ ਕੁਝ ਹੋਰ ਆਜ਼ਾਦੀ ਘੁਲਾਟੀਏ ਗਦਰੀ ਪਰਿਵਾਰ ਆਏ ਹਨ। ਮੀਟਿੰਗ ਵਿਚ ਸੰਸਥਾ ਦੇ ਮਾਲੀ ਹਿਸਾਬ ਕਿਤਾਬ ਦਾ ਲੇਖਾ ਜੋਖਾ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਨੂੰ ਸਮਰਪਿਤ ਪ੍ਰੋਗਰਾਮ ਲਈ ਤਿਆਰੀਆਂ ਲਈ ਸਬ ਕਮੇਟੀਆਂ ਬਣਾਈਆਂ ਗਈਆਂ ਅਤੇ ਫਿਰ ਜੂਨ 2010 ਵਿਚ ਹੋ ਰਹੇ ਅੰਤਰਰਾਸ਼ਟਰੀ ਪ੍ਰੋਗਰਾਮ ਲਈ ਤਿਆਰੀਆਂ ਦਾ ਵੀ ਜਾਇਜ਼ਾ ਲਿਆ ਗਿਆ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਬਾਬੇ ਨਾਨਕ ਦੀ ਵੇਈਂ ਲਈ ਪੰਥਕ ਸਰਕਾਰ ਕੋਲ 70 ਲੱਖ ਵੀ ਨਹੀਂ**

-ਗਊਸ਼ਾਲਾ ਲਈ ਭਾਵੇਂ ਕਰੋੜ ਦਾ ਚੈਕ ਲੈ ਲਓ।

***ਸੌਦਾ ਸਾਧ ਦੇ ਚੇਲਿਆਂ ਨੇ ਪੰਜਾਬ ਨੂੰ ਅੱਗ ਕਿਉਂ ਲਾਈ?**

-ਉਨ੍ਹਾਂ ਨੂੰ ਪਤੈ ਬਈ ਦੋਵੇਂ ਬਾਦਲ ਤਾਂ ਵੋਟਾਂ ਗਿਣਣ 'ਤੇ ਹੋਏ ਐ, ਸਾਨੂੰ ਕਿਸੇ ਨੇ ਕੀ ਕਹਿਣਾ!

***ਸਾਰੇ ਡੇਰਿਆਂ 'ਚ ਸਿੱਖ ਰਹਿਤ ਮਰਿਆਦਾ ਲਾਗੂ ਹੋਵੇ-ਗਿਆਨੀ ਗੁਰਬਚਨ ਸਿੰਘ**

-ਇਦਾਂ ਨਹੀਂ ਹੁੰਦੀ, ਇਹ ਤਾਂ ਕਰਵਾਉਣੀ ਪੈਂਦੀ ਐ! ਅਕਾਲੀ ਫੂਲਾ ਸਿੰਘ ਬਣਕੇ।

***ਇਸ ਵਾਰ ਦਸਵੀਂ ਦਾ ਕੋਈ ਵਿਦਿਆਰਥੀ ਫੇਲ੍ਹ ਨਹੀਂ ਹੋਵੇਗਾ**

-ਫਿਰ ਇਮਤਿਹਾਨ ਲੈਣ ਦੀ ਕੀ ਲੋੜ ਐ?

***ਭੰਨ-ਤੋੜ ਕਰਨ ਵਾਲੇ 90 ਤੋਂ ਵੱਧ ਡੇਰਾ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ-ਸੁਖਬੀਰ ਬਾਦਲ**

-ਜਿਨ੍ਹਾਂ ਨੂੰ ਡੇਰੇ ਨਾਲ ਵੋਟਾਂ ਦੀ ਡੀਲ ਬਣਾਉਣ ਤੋਂ ਬਾਅਦ ਛੱਡ ਦਿੱਤਾ ਜਾਵੇਗਾ।

***ਸਿੱਖਾਂ ਨਾਲ ਕੇਂਦਰ ਨੇ ਕਦੇ ਇਨਸਾਫ ਨਹੀਂ ਕੀਤਾ-ਢੀਂਡਸਾ**

-ਸਿੱਖਾਂ ਦੇ ਕਾਤਲ ਸੁਮੇਧ ਸੈਣੀ ਨੂੰ ਵੱਡਾ ਅਹੁਦਾ ਬਖ਼ਸ਼ ਕੇ ਤੁਸੀਂ ਕੀਤਾ ਹੋਣੈ?

***ਪੰਜਾਬੀ ਬੋਲੀ ਦੇ ਨੇੜ ਭਵਿੱਖ ਵਿਚ ਖਤਮ ਹੋਣ ਦੇ ਦਾਅਵੇ ਝੂਠੇ-ਮਾਹਿਰ**

-ਕਿਉਂਕਿ ਪੰਜਾਬੀ ਭਾਵੇਂ ਪੰਜਾਬੀ ਬੋਲਣੀ ਛੱਡ ਰਹੇ ਨੇ ਪਰ ਭੱਈਆਂ ਦੇ ਬੱਚੇ ਤਾਂ ਸਕੂਲਾਂ 'ਚ ਪੰਜਾਬੀ ਸਿੱਖ ਹੀ ਰਹੇ ਨੇ।

*Visit us on the web:*
***punjabtimesusa.com***


WELLS FARGO HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit**

- **Priority Buyer ® preapproval**
- **Low down payment options for qualified borrowers**
- **Purchases and refinances**



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**

REALTY WORLD Millennium



**Gurbans Singh Gill**
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**

# ਜਦੋਂ ਰਾਣਾ ਕਾਹਲੋਂ ਨੇ ਮੋੜਵੀ ਧਨੇਸੜੀ ਦਿੱਤੀ...

**ਫਰੀਮਾਂਟ:** ਸਾਧ ਸੰਗਤ ਸਲੇਟ ਦੇ ਸੰਚਾਲਕਾਂ ਅਤੇ ਇਸ ਦੇ ਨੀਤੀ ਘਾੜੇ ਦੀ ਵਿਰੋਧੀ ਪੰਥਕ ਸਲੇਟ ਦੇ ਹਮਾਇਤੀਆਂ ਵਿਚ ਤਰਥੱਲੀ ਪਾਉਣ ਦੀ ਸਾਜ਼ਿਸ਼ ਉਦੋਂ ਬੇਨਕਾਬ ਹੋ ਗਈ ਜਦੋਂ ਪੰਥਕ ਸਲੇਟ ਦੇ ਇਕ ਹਮਾਇਤੀ ਸ੍ਰੀ ਰਣਜੀਤ ਸਿੰਘ ਕਾਹਲੋਂ ਨੇ ਉਨ੍ਹਾਂ ਦੀ ਧਨੇਸੜੀ ਮੋੜ ਦਿੱਤੀ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਦੇ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਸੁਪਰੀਮ ਕੌਂਸਲ ਦੇ ਉਮੀਦਵਾਰਾਂ ਦੇ ਰੂਬਰੂ ਪ੍ਰੋਗਰਾਮ ਦੀ ਰਿਪੋਰਟਿੰਗ ਕਰਦਿਆਂ ਭਾਈ ਰਾਮ ਸਿੰਘ ਦੇ ਖਿਲਾਫ ਭਾਈ ਕਾਹਲੋਂ ਦੇ ਮੂੰਹ ਵਿਚ ਇਹ ਸ਼ਬਦ ਪਾਏ ਗਏ ਸਨ, "ਤੂੰ ਕਰਕੇ ਵਿਖਾ ਬਦਨਾਮੀ...ਮੈਂ ਦੇਊਂ ਤੈਨੂੰ ਧਨੇਸੜੀ ਅਤੇ ਸੰਗਤ ਨੂੰ ਦੱਸੂੰ ਤੇਰੀਆਂ ਕਰਤੂਤਾਂ...।"

ਗੁਰਦਵਾਰੇ ਦੀ ਚੋਣ ਨੂੰ ਇੰਨਾ ਗੰਦਲਾ ਕੀਤਾ ਜਾ ਚੁਕਾ ਹੈ ਕਿ ਪ੍ਰਬੰਧਕਾਂ ਦੀਆਂ ਕਰਤੂਤਾਂ ਤੋਂ ਸੰਗਤ ਹੈਰਾਨ ਪ੍ਰੇਸ਼ਾਨ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਆਮ ਹਲਕਿਆਂ ਵਿਚ ਸਾਧ ਸੰਗਤ ਸਲੇਟ ਦੇ ਨੀਤੀ ਘਾੜੇ ਜਸਜੀਤ ਸਿੰਘ ਚੇਲੇ ਨੂੰ ਹੀ ਸਾਜ਼ਿਸ਼ੀ ਦਿਮਾਗ ਸਮਝਿਆ ਜਾਂਦਾ ਹੈ। ਹੋਇਆ ਇੰਜ ਕਿ 28 ਫਰਵਰੀ ਨੂੰ ਚੋਣਾਂ ਲੜ ਰਹੇ ਉਮੀਦਵਾਰਾਂ ਨੇ ਗੁਰੂਘਰ ਦੀ ਸਟੇਜ ਤੇ ਸੰਗਤ ਦੇ ਰੁਬਰੂ ਹੋਣਾ ਸੀ। ਬੀਬੀ ਗੁਰਬਖਸ਼ ਕੌਰ ਕਾਹਲੋਂ ਦੇ ਕਥਿਤ ਪੱਖਪਾਤੀ ਰਵੱਈਏ ਤੇ ਪੰਥਕ ਸਲੇਟ ਦੇ ਉਮਦੀਵਾਰਾਂ ਨੇ ਇਤਰਾਜ਼ ਜਤਾਏ। ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਬੀਬੀ ਕਾਹਲੋਂ ਤੋਂ ਆਪਣਾ ਪੱਖ ਰੱਖਣ ਲਈ ਟਾਇਮ ਮੰਗਿਆ ਜਿਸ ਤੇ ਬੀਬੀ ਕਾਹਲੋਂ ਨੇ ਮਾਮੂਲੀ ਗੱਲਬਾਤ ਪਿਛੋਂ ਸਮਾਂ ਦੇ ਦਿਤਾ। ਸਟੇਜ 'ਤੇ ਚਲ ਰਹੀ ਗੱਲਬਾਤ ਨੂੰ ਚੇਲੇ ਨੇ ਆਪਣੇ ਪੱਤਰਕਾਰ ਰਾਹੀਂ ਜਾਂ ਗੁਰੂਘਰ ਦੇ ਰਿਕਾਡਿੰਗ ਵਾਲੇ ਕੈਮਰਿਆਂ ਰਾਹੀਂ ਰਿਕਾਰਡ ਕਰ ਲਿਆ। ਭਾਈ ਰਾਮ ਸਿੰਘ ਅਤੇ ਬੀਬੀ ਕਾਹਲੋਂ ਦੀ ਗੱਲਬਾਤ ਨੂੰ ਕੈਮਰਾਬੰਦ ਕਰਕੇ ਇਸ ਤਰ੍ਹਾਂ ਪ੍ਰਕਾਸ਼ਤ ਕੀਤਾ ਜਿਵੇਂ ਉਥੇ ਬੜਾ ਵੱਡਾ ਘਮਸਾਣ ਚਲ ਰਿਹਾ ਹੋਵੇ। ਆਪਣੀ ਅਖ਼ਬਾਰ ਵਿਚ ਅਜਿਹਾ ਪ੍ਰਭਾਵ ਦਿਤਾ ਗਿਆ ਜਿਵੇਂ ਭਾਈ ਰਾਮ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੇ ਚੇਲੇ ਕਿਆਂ ਤੋਂ ਸਟੇਜ ਹੀ ਖੋਹ ਲਈ ਹੋਵੇ।

ਸੱਚਾਈ ਤੋਂ ਕੋਹਾਂ ਦੂਰ ਇਸ ਖ਼ਬਰ ਨੂੰ ਚਿਪਕਾਉਣ ਦਾ ਮਤਲਬ ਸਿਰਫ ਇਕ ਸਾਜਿਸ਼ੀ ਢੰਗ ਰਾਹੀਂ ਇਹ ਦਿਖਾਉਣਾ ਸੀ ਕਿ "ਜੰਝ ਕੁਪੱਤੀ ਹੈ ਪਰ ਅੱਜ ਕਲ੍ਹ ਸੁਥਰਾ ਭਲਾਮਾਣਸ ਹੈ।"

ਇਸ ਰੁਬਰੂ ਪ੍ਰੋਗਰਾਮ ਤੋਂ ਬਾਅਦ ਭਾਈ ਰਾਮ ਸਿੰਘ ਅਤੇ ਬੀਬੀ ਗੁਰਬਖਸ਼ ਕੌਰ ਕਾਹਲੋਂ ਗੁਰੂਘਰ ਦੀ ਡਿਊੜੀ ਵਿਚ ਭਾਈ ਆਰ ਐਸ ਕਾਹਲੋਂ ਦੀ ਮੌਜੂਦਗੀ ਵਿਚ ਕਸ਼ੀਦਗੀ ਦਾ ਕਾਰਨ ਬਣੇ ਮਾਮਲਿਆਂ 'ਤੇ ਗੱਲਬਾਤ ਕਰ ਰਹੇ ਸਨ ਪਰ ਪਿਛਲੇ ਹਫਤੇ ਦੀ 'ਅੰਮ੍ਰਿਤਸਰ ਟਾਈਮਜ਼' ਵਿਚ ਭਾਈ ਕਾਹਲੋਂ ਬਾਰੇ ਤੋੜ ਮਰੋੜ ਕੇ ਲਗਾਈ ਗਈ ਖ਼ਬਰ ਨੇ ਭਾਈ ਕਾਹਲੋਂ ਨੂੰ ਝੰਜੋੜ ਕੇ ਰੱਖ ਦਿਤਾ। ਉਸ ਨੇ ਦੇਖਿਆ ਕਿ "ਅਖਬਾਰ ਵਿਚ ਸੁਰਖੀ ਸੀ" ਬੀਬੀ ਕਾਹਲੋਂ ਨੂੰ ਗੁਰੂਘਰ ਵਿਚ ਧਮਕੀਆਂ ਦਿੰਦੇ ਵੇਖ ਰਾਮ ਸਿੰਘ ਦੇ ਪੱਕੇ ਸਮਰਥਕ ਰਾਣਾ ਕਾਹਲੋਂ ਨੂੰ ਰਾਮ ਸਿੰਘ ਨੂੰ ਲਲਕਾਰਨਾ ਪਿਆ। ਚਸ਼ਮਦੀਦ ਗਵਾਹਾਂ ਅਨੁਸਾਰ ਰਾਣਾ ਕਾਹਲੋਂ ਲੰਘੇ ਐਤਵਾਰ 'ਅੰਮ੍ਰਿਤਸਰ ਟਾਈਮਜ਼' ਦੇ ਪੱਤਰਕਾਰ ਅਤੇ ਗੁਰੂਘਰ ਦੇ ਸੈਕਟਰੀ ਸਤਨਾਮ ਸਿੰਘ ਨੂੰ ਕਹਿ ਰਹੇ ਸਨ ਕਿ ਨਾ ਤਾਂ ਮੈਂ ਭਾਈ ਰਾਮ ਸਿੰਘ ਨੂੰ ਲਲਕਾਰਿਆ ਹੈ ਅਤੇ ਨਾ ਹੀ ਭਾਈ ਰਾਮ ਸਿੰਘ ਨੇ ਮੇਰੀ ਚਾਚੀ ਜੀ ਨੂੰ ਧਮਕੀਆਂ ਦਿੱਤੀਆਂ ਸਨ, ਇਹ ਮਨਘੜਤ ਖਬਰ ਤੁਸੀਂ ਕਿਦਾਂ ਬਣਾ ਲਈ? ਭਾਈ ਸਤਨਾਮ ਸਿੰਘ ਨੂੰ ਕੋਈ ਜਵਾਬ ਨਹੀਂ ਸੁਝ ਰਿਹਾ। ਸਵਾਏ ਹੀ ਹੀ ਹੋ...ਦੇ।

ਦਰਅਸਲ ਸਾਧ ਸੰਗਤ ਸਲੇਟ ਦੇ ਨੀਤੀ ਘਾੜੇ ਨੇ ਇਹ ਝੂਠੀ ਖ਼ਬਰ ਹੀ ਛਪਾਈ ਸੀ। ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਇਸ ਦੇ ਕਾਰਕੁਨ ਉਸੇ ਅਖਬਾਰ ਨੂੰ ਵੋਟਰਾਂ ਨੂੰ ਦਿਖਾ ਦਿਖਾ ਕਹਿ ਰਹੇ ਸਨ ਕਿ "ਭਾਈ ਦੇਖੋ ਰਾਮ ਸਿੰਘ ਦੇ ਸਪੋਟਰ ਹੀ ਰਾਮ ਸਿੰਘ ਦੀਆਂ ਕਰਤੂਤਾਂ ਦੱਸਣ ਲਈ ਕਾਹਲੇ ਹਨ।" ਇਸ ਨੂੰ ਕਹਿੰਦੇ ਹਨ ਸਾਜਿਸ਼ੀ ਦਿਮਾਗ!!! ਜਿਹੜੀ ਗੱਲ ਹੋਈ ਹੀ ਨਾ ਹੋਵੇ ਪੈਦਾ ਕਰਕੇ ਦੂਸਰੇ ਦੇ ਨਾਮ ਲਾ ਦਿਉ। ਸੰਗਤ ਨੂੰ ਗੁੰਮਰਾਹ ਕਰੋ, ਝੂਠ ਬੋਲੋ, ਵੋਟਾਂ ਵਸੂਲੋ।

ਭਾਈ ਕਾਹਲੋਂ ਅਨੁਸਾਰ ਉਸ ਦਾ ਬਚਪਨ ਇਸੇ ਧਰਤੀ ਤੇ ਬੀਤਿਆ ਹੈ ਭਾਵੇਂ ਕਿ, "ਮੈਂ ਠੋਸ ਪੰਜਾਬੀ ਬੋਲਦਾ ਹਾਂ। ਪਰ ਚੇਲੇ ਦੀ ਅਖ਼ਬਾਰ ਵਿਚ ਵਰਤਿਆ 'ਧਨੇਸੜੀ' ਸ਼ਬਦ ਤਾਂ ਉਸਨੇ ਪਹਿਲੀ ਵਾਰ ਹੀ ਸੁਣਿਆ ਹੈ।" ਧਨੇਸੜੀ ਸ਼ਬਦ ਮਾਝੇ ਅਤੇ ਦੁਆਬੇ ਵਿਚ ਨਹੀਂ ਵਰਤਿਆ ਜਾਂਦਾ ਪਰ ਮਾਲਵੇ ਵਿਚ ਵਰਤਿਆ ਜਾਂਦਾ ਹੈ। ਦੁਆਬੇ 'ਚ ਇਸੇ ਗੱਲ ਨੂੰ ਕਈ ਕਹਿ ਦਿੰਦੇ ਹਨ 'ਤੈਨੂੰ ਦੇਊਂ ਦਾਖੂਦਾਣਾ'। ਇਹ ਸ਼ਬਦ ਨਿਰੋਲ ਮਾਲਵੇ ਦਾ ਹੈ ਸ਼ਾਇਦ ਨੀਤੀ ਘਾੜੇ ਦੇ ਸ਼ਬਦਕੋਸ਼ ਵਿਚੋਂ ਆਇਆ ਹੈ। ਇਹ ਵੀ ਖਬਰ ਹੈ ਕਿ ਹੁਣ ਭਾਈ ਰਾਣੇ ਕਾਹਲੋਂ ਨੂੰ ਮਿੰਨਤਾਂ ਤਰਲਿਆਂ ਨਾਲ ਮਨਾਇਆ ਜਾ ਰਿਹਾ ਹੈ ਕਿ ਭਾਈ "ਜੁ ਅਸੀਂ ਤੇਰੇ ਨਾਲ ਕੀਤੀ ਹੈ ਕਿਸੇ ਅਖਬਾਰ ਨੂੰ ਨਾ ਦੱਸੀਂ!!!"

ਗੁਰੂਘਰ ਅੰਦਰ ਗੰਨਮੈਨ ਦੀ ਛਾਇਆ ਥੱਲੇ ਬੈਠਾ ਇਕ ਵਿਅਕਤੀ ਵੀ ਅਜਿਹਾ ਹੀ ਲਿਟਰੇਚਰ ਵੰਡ ਰਿਹਾ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਕਿਸੇ ਔਰਤ ਨੂੰ ਭੁਚਲਾ ਕੇ ਉਸ ਉਪਰ ਬਹੁਤ ਹੀ ਗਲਤ ਦੋਸ਼ ਲਵਾਏ।

ਇਨ੍ਹਾਂ ਸਖਸ਼ਾਂ ਦੀ ਵਿਰੋਧਤਾ ਕਰਦੇ ਇਕ ਵਿਅਕਤੀ ਨੂੰ ਇਕ ਵਾਰ ਬੜਾ ਸ਼ਰਮਸਾਰ ਹੋਣਾ ਪਿਆ ਸੀ ਜਦ ਉਸ ਉਪਰ ਵੀ ਗੰਭੀਰ ਦੋਸ਼ ਲਗ ਗਏ ਸਨ। ਵਿਚਾਰਾ ਉਹ ਵਿਅਕਤੀ ਵਿਰੋਧ ਤੋਂ ਤੌਬਾ ਕਰ ਗਿਆ ਸੀ।

2005 ਦੀਆਂ ਚੋਣਾਂ ਵਿਚ ਇਕ ਖਾਸ ਫਿਰਕੇ ਦੇ ਖਿਲਾਫ ਪੱਤਰ ਵੀ ਛਾਪ ਦਿੱਤਾ ਗਿਆ ਸੀ। ਪੱਤਰ ਤੋਂ ਪ੍ਰਭਾਵ ਇਹ ਮਿਲਦਾ ਸੀ ਕਿ ਇਹ ਪੱਤਰ ਖਾਲਸਾ ਧੜੇ ਵਲੋਂ ਲਿਖਿਆ ਗਿਆ ਹੈ। ਸਾਜਿਸ਼ਾਂ ਅਤੇ ਸਾਧ ਸੰਗਤ ਸਲੇਟ ਦੇ ਸੰਚਾਲਕਾਂ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਗੁਰੂ ਘਰ 'ਤੇ ਉਮਰ ਭਰ ਦੇ ਕਬਜ਼ੇ ਦੀ ਸਾਜ਼ਿਸ਼, ਕਦੇ ਅਣਭੋਲ ਲੋਕਾਂ ਨੂੰ ਵਰਤਣ ਦੀ ਸਾਜ਼ਿਸ਼, ਕਦੇ ਕਿਸੇ ਵਿਚਾਰੇ ਨੂੰ ਬਦਨਾਮ ਕਰਨ ਦੀ ਸਾਜਿਸ਼ ਤੇ ਹੁਣ ਕਥਿੱਤ ਜਾਅਲੀ ਵੋਟਾਂ ਬਣਾਉਣ ਦੀ ਸਾਜ਼ਿਸ਼, ਇਹ ਗੱਲ ਵੱਖਰੀ ਹੈ ਕਿ ਸਾਜ਼ਿਸ਼ ਦਾ ਭਾਂਡਾ ਪਹਿਲਾਂ ਇੰਨੀ ਜਲਦੀ ਕਦੇ ਨਹੀਂ ਭੱਜਾ !!

# ਸਾਡੇ ਜਾਅਲੀ ਵੋਟਰਾਂ ਨੂੰ ਨਾ ਡਰਾਉ ਭਾਈ ਜੰਡੀ ਦੀਆਂ ਲੇਲੜੀਆਂ

ਫਰੀਮਾਂਟ: ਪਿਛਲੇ ਹਫਤੇ ਇਕ ਅਖ਼ਬਾਰ ਵਿਚ ਸ. ਜੰਡੀ ਦਾ ਬਿਆਨ ਪੜ੍ਹਿਆ "ਗੁਰੂ ਦਾ ਡਰਾਵਾ ਦੇ ਕੇ ਵੋਟਰਾਂ ਨੂੰ ਵੋਟਾਂ ਪਾਉਣੋ ਰੋਕਣ ਦੀਆਂ ਧਮਕੀਆਂ ਸ਼ਰਮਨਾਕ।" ਦਰਅਸਲ ਸਾਡੇ ਵਲੋਂ ਇਕ ਛੋਟਾ ਜਿਹਾ ਇਸ਼ਤਿਹਾਰ ਦਿਤਾ ਗਿਆ ਸੀ ਜਿਸ ਵਿਚ ਅਸੀਂ ਸਾਧ ਸੰਗਤ ਨੂੰ ਬੇਨਤੀ ਕੀਤੀ ਸੀ ਕਿ ਅਗਰ ਕਿਸੇ ਦੀ ਵੋਟ ਗੁਰੂਘਰ ਬਣਨ ਦੀ ਬਜਾਏ ਪ੍ਰਬੰਧਕਾਂ ਨੇ ਘਰ ਜਾ ਕੇ ਬਣਾਈ ਹੈ, ਉਹ ਜਾਅਲੀ ਹੈ, ਗੈਰ ਕਾਨੂੰਨੀ ਹੈ। ਅਸੀਂ ਕਿਹਾ ਸੀ ਕਿ ਸਾਧ ਸੰਗਤ ਜੀ ਪ੍ਰਬੰਧਕਾਂ ਤਾਂ ਗਲਤੀ ਕੀਤੀ ਹੈ ਪਰ ਤੁਸੀਂ ਅਜਿਹੀਆਂ ਵੋਟਾਂ ਪਾ ਕੇ ਗੁਰੂ ਦੇ ਦੇਣਦਾਰ ਨਾ ਬਣਿਉ। ਇਸ ਇਸ਼ਤਿਹਾਰ ਤੋਂ ਜੰਡੀ ਜੀ ਦੀ ਨੀਂਦ ਹਰਾਮ ਹੋ ਗਈ ਜਾਪਦੀ ਹੈ। ਉਨ੍ਹਾਂ ਨੂੰ ਲਗਣ ਲੱਗਾ ਕਿ ਜਾਅਲੀ ਵੋਟਾਂ ਦੀ ਮਿਹਨਤ ਵਿਅਰਥ ਹੀ ਜਾਣ ਲੱਗੀ ਹੈ। ਕਿਤੇ ਇਹ ਨਾ ਹੋਵੇ ਸਾਧ ਸੰਗਤ ਗੁਰੂ ਦਾ ਭੈ ਮੰਨ ਕੇ ਅਜਿਹੀਆਂ ਵੋਟਾਂ ਪਾਉਣ ਹੀ ਨਾ ਆਵੇ ਜਿਹੜੀਆਂ ਅਸੀਂ ਕਾਇਦੇ ਕਾਨੂੰਨ ਛਿਕੇ ਟੰਗ ਕੇ ਬਣਾਈਆਂ ਹਨ। ਉਨ੍ਹਾਂ ਝੱਟ ਬਿਆਨ ਦਾਗ ਦਿਤਾ ਕਿ ਵਿਰੋਧੀ ਵੋਟਰਾਂ ਨੂੰ ਗੁਰੂ ਦਾ ਡਰਾਵਾ ਦੇ ਕੇ ਵੋਟਾਂ ਪਾਉਣ ਤੋਂ ਰੋਕ ਰਹੇ ਹਨ। ਹੈ ਨਾ ਚੋਰ ਦੀ ਦਾੜੀ 'ਚ ਤਿਣਕਾ। ਜੰਡੀ ਸਾਹਿਬ ਅਸੀਂ ਆਮ ਸੰਗਤ ਨੂੰ ਵੋਟਾਂ ਪਾਉਣ ਲਈ ਜੀ ਆਇਆਂ ਆਖਦੇ ਹਾਂ ਪਰ ਫੈਕਟਰੀਆਂ, ਏਅਰਪੋਰਟਾਂ ਤੇ ਘਰਾਂ ਵਿਚ ਗੈਰ ਕਾਨੂੰਨੀ ਬਣੀਆਂ ਵੋਟਾਂ ਬਾਬਤ ਅਸੀਂ ਅੱਜ ਵੀ ਕਹਿੰਦੇ ਹਾਂ, "ਸਾਧ ਸੰਗਤ ਜੀ ਇਹ ਤੁਹਾਡਾ ਕਸੂਰ ਨਹੀਂ। ਪ੍ਰਬੰਧਕਾਂ ਦਾ ਕਸੂਰ ਹੈ, ਜਿਨ੍ਹਾਂ ਨੂੰ ਸਭ ਪਤਾ ਹੋਣ ਦੇ ਬਾਵਜੂਦ ਉਨ੍ਹਾਂ ਅਜਿਹੀਆਂ ਵੋਟਾਂ ਬਣਾਈਆਂ।" ਜੰਡੀ ਸਾਹਿਬ ਜੇ ਸਚੇ ਹੁੰਦੇ, ਉਹ ਸਾਡੇ ਬਿਆਨ ਦਾ ਸਵਾਗਤ ਕਰਦੇ ਅਤੇ ਕਹਿੰਦੇ, ਸਾਧ ਸੰਗਤ ਜੀ ਗੁਰੂਘਰ ਦੀ ਹਦੂਦ ਤੋਂ ਬਾਹਰ ਬਣੀ ਹਰ ਵੋਟ ਜਾਅਲੀ ਹੈ ਪਰ ਅਜਿਹਾ ਕਹਿ ਕੇ ਉਨ੍ਹਾਂ ਆਪਣੀ ਮਿਹਨਤ ਥੋੜਾ ਖਰਾਬ ਕਰਨੀ ਸੀ।

ਗੁਰੂ ਪਿਆਰੀ ਸਾਧ ਸੰਗਤ ਜੀ, ਸਾਡੀਆਂ ਪੁਰਾਤਨ ਪਰੰਪਰਾਵਾਂ ਹਨ। ਅਸੀਂ ਆਮ ਗੱਲ ਬਾਤ ਵਿਚ ਕਹਿੰਦੇ ਹਾਂ ਕਿ 'ਗੁਰੂ ਦਾ ਭੈਅ ਮੰਨੋ, ਰੱਬ ਤੋਂ ਡਰੋ' ਪਰ ਜੰਡੀ ਜੀ ਸਾਨੂੰ ਅਜਿਹਾ ਕਹਿਣੋ ਰੋਕ ਰਹੇ ਹਨ ਕਿਉਂਕਿ ਜੇ ਅਜਿਹਾ ਹੋ ਗਿਆ ਜਾਅਲੀ ਵੋਟਾਂ ਕਿਸੇ ਅਰਥ ਨਹੀਂ। ਜੰਡੀ ਜੀ, ਜੇ ਰੱਬ ਨੂੰ ਭਾਇਆ-ਗਲਤ ਬਣੀਆ ਵੋਟਾਂ ਵਾਲਿਆਂ ਨਹੀਂ ਆਉਣਾ, ਉਹ ਤਾਂ ਰੱਬ ਤੋਂ ਡਰਦੇ ਹਨ, ਤੁਸੀਂ ਕਢਦੇ ਰਹੋ ਲੇਲੜੀਆਂ....।

*-ਭਾਈ ਕੁਲਜੀਤ ਸਿੰਘ*

# ਕਿਸ ਨੂੰ ਵੋਟ ਪਾਵੇ ਫਰੀਮਾਂਟ ਗੁਰੂਘਰ ਦੀ ਸੰਗਤ?

ਅਮੋਲਕ ਸਿੰਘ

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਵਿਚ ਇਸ ਗੁਰੂਘਰ ਦੀ ਸੰਗਤ ਕਿਸ ਨੂੰ ਵੋਟ ਪਾਵੇ? ਇਹ ਇਕ ਬਹੁਤ ਅਹਿਮ ਸਵਾਲ ਹੈ, ਇਸ ਕਰ ਕੇ ਕਿ ਇਸ ਗੁਰੂਘਰ ਦੀ ਚੋਣ ਦੇ ਨਤੀਜੇ ਉਤਰੀ ਅਮਰੀਕਾ ਦੀ ਸਿੱਖ ਸਿਆਸਤ ਉਤੇ ਡੂੰਘੀ ਤਰ੍ਹਾਂ ਅਸਰਅੰਦਾਜ਼ ਹੋ ਸਕਦੇ ਹਨ। ਪੰਜਾਬ ਟਾਈਮਜ਼ ਨੇ ਆਮ ਕਰ ਕੇ ਇਕ ਮੀਡੀਆ ਜਾਂ ਸੰਚਾਰ ਸਾਧਨ ਦੇ ਫਰਜ਼ ਤਾਂ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਗੁਰਦੁਆਰਾ ਸਿਆਸਤ ਵਿਚ ਸਿਧਿਆਂ ਕੁਦਣ ਤੋਂ ਹਮੇਸ਼ਾਂ ਗੁਰੇਜ਼ ਕੀਤਾ ਹੈ। ਗੁਰਦੁਆਰਾ ਫਰੀਮਾਂਟ ਦੀ ਚੋਣ ਦੇ ਮਾਮਲੇ ਵਿਚ ਵੀ ਪਿਛਲੇ ਅੱਠ ਸਾਲ ਦੇ ਅਰਸੇ ਅੰਦਰ ਇਕ ਮੀਡੀਏ ਦਾ ਰੋਲ ਤਾਂ ਸਰਗਰਮੀ ਨਾਲ ਨਿਭਾਇਆ ਹੈ ਪਰ ਧਿਰ ਬਣਨ ਤੋਂ ਸੰਕੋਚ ਕੀਤਾ ਹੈ ਪਰ ਜਿਸ ਤਰੀਕੇ ਨਾਲ ਇਨ੍ਹਾਂ ਚੋਣਾਂ ਵਿਚ ਸਾਧ ਸੰਗਤ ਨਾਂ ਦੀ ਸਲੇਟ ਪਿਛੇ ਕੰਮ ਕਰਦੇ ਲੋਕਾਂ ਨੇ ਪੰਜਾਬ ਟਾਈਮਜ਼ ਨੂੰ ਘਸੀਟਣ ਦੀ ਕੋਸ਼ਿਸ਼ ਕੀਤੀ ਹੈ ਅਤੇ ਪੰਜਾਬ ਟਾਈਮਜ਼ ਉਤੇ ਚਿੱਕੜ ਉਛਾਲਣ ਦੀ ਕੋਸ਼ਿਸ਼ ਕੀਤੀ ਹੈ, ਉਸ ਕਰਕੇ ਜਰੂਰੀ ਜਾਪਿਆ ਹੈ ਕਿ ਸੰਗਤ ਨੂੰ ਸੁਚੇਤ ਕੀਤਾ ਜਾਵੇ।

ਸਾਧ ਸੰਗਤ ਸਲੇਟ ਦੇ ਸੰਚਾਲਕਾਂ ਜੋ ਕਿ ਸਾਡੇ ਇਕ ਸਮਕਾਲੀ ਅਖਬਾਰ ਅੰਮ੍ਰਿਸਰ ਟਾਈਮਜ਼ ਦੇ ਮਾਲਕ ਵੀ ਹਨ, ਨੇ ਆਪਣੇ ਇਸ ਅਖਬਾਰ ਵਿਚ ਬੜਾ ਹੁਭ ਕੇ ਆਪਣੀ ਸਲੇਟ ਦੀ ਜਿੱਤ ਯਕੀਨੀ ਹੋਣ ਦੇ ਦਾਅਵੇ ਕੀਤੇ ਹਨ। ਇਹ ਉਹੋ ਜਿਹੀ ਹੀ ਗੱਲ ਹੈ ਜਿਵੇਂ ਕੋਈ ਆਖੇ "ਆਪੇ ਮੈਂ ਰੱਜੀ-ਪੁਜੀ ਆਪੇ ਮੇਰੇ ਬੱਚੇ ਜਿਊਣ"- ਅਖਬਾਰ ਵੀ ਆਪਣਾ ਤੇ ਸਲੇਟ ਵੀ ਆਪਣੀ। ਇਸ ਦੇ ਨਾਲ ਹੀ ਆਪਣੇ ਵਿਰੋਧੀਆਂ ਤੇ ਭਾਂਤ-ਸੁਭਾਂਤੇ ਦੋਸ਼ ਲਾਉਂਦਿਆਂ 'ਪੰਜਾਬ ਟਾਈਮਜ਼' ਬਾਰੇ ਲਿਖਿਆ ਹੈ,

"...ਜਿਸ ਵਿਚ ਆਪਣੇ ਚਹੇਤੇ ਪੰਜਾਬ ਟਾਈਮਜ਼ ਵਰਗੇ ਅਖਬਾਰ ਨੂੰ 24925 ਡਾਲਰ ਦਿੱਤੇ। ਪੰਜਾਬ ਟਾਈਮਜ਼ ਹੀ ਇਕੋ ਇਕ ਅਜਿਹਾ ਅਖਬਾਰ ਹੈ ਜੋ ਸਾਧ ਸੰਗਤ ਸਲੇਟ ਦੇ ਮੈਂਬਰਾਂ ਬਾਰੇ ਪਿਛਲੇ 8 ਸਾਲਾਂ ਤੋਂ ਝੂਠਾ ਤੇ ਗੰਦਾ ਪ੍ਰਚਾਰ ਕਰਦਾ ਆ ਰਿਹਾ ਹੈ।..."

ਜੇ ਪਾਠਕ ਇਸ ਬਿਆਨ ਦੀ ਜ਼ਰਾ ਕੁ ਵੀ ਘੋਖ ਕਰਨ ਤਾਂ ਸਾਫ ਪਤਾ ਚਲ ਜਾਏਗਾ ਕਿ ਝੂਠ ਦੀ ਬੁਨਿਆਦ ਤੇ ਕੌਣ ਖੜਾ ਹੈ? ਹਾਂ ਪੰਜਾਬ ਟਾਈਮਜ਼ ਨੇ ਮੀਡੀਏ ਦਾ ਰੋਲ ਨਿਭਾਉਂਦਿਆਂ ਗੁਰਦੁਆਰਾ ਫਰੀਮਾਂਟ ਦੇ ਇਸ਼ਤਿਹਾਰ ਛਾਪੇ ਅਤੇ ਉਸਦੇ ਬਦਲੇ ਪੈਸੇ ਵੀ ਲਏ। ਐਨ ਉਸੇ ਤਰ੍ਹਾਂ ਜਿਵੇਂ ਇਸੇ ਸਾਧ ਸੰਗਤ ਸਲੇਟ ਦੇ ਇਕ ਮੈਂਬਰ ਭਾਈ ਦਵਿੰਦਰ ਸਿੰਘ ਚਾਨਾ ਨੇ ਗੁਰੂਘਰ ਦੇ ਬਾਥਰੂਮਾਂ ਦਾ ਕੰਮ ਕਰਨ ਤੋਂ ਬਾਅਦ ਪੈਸੇ ਲਏ। ਹੁਣ ਰਹੀ ਗੱਲ ਪੰਜਾਬ ਟਾਈਮਜ਼ ਵਲੋਂ ਸਾਧ ਸੰਗਤ ਸਲੇਟ ਦੇ ਮੈਂਬਰਾਂ ਵਿਰੁਧ ਝੂਠਾ ਪ੍ਰਚਾਰ ਕਰਨ ਦੀ, ਪਹਿਲੀ ਗੱਲ ਤਾਂ ਸਾਧ ਸੰਗਤ ਸਲੇਟ ਦੀ ਹੋਂਦ 5 ਸਾਲ ਦੀ ਹੈ, ਫਿਰ ਪੰਜਾਬ ਟਾਈਮਜ਼ ਇਸ ਵਿਰੁਧ ਝੂਠਾ ਪ੍ਰਚਾਰ ਪਿਛਲੇ 8 ਸਾਲਾਂ ਤੋਂ ਕਿਵੇਂ ਕਰਦਾ ਹੋ ਸਕਦਾ ਹੈ? ਹਾਂ! ਇਸ ਸਲੇਟ ਦੇ ਅਸਲ ਮਾਲਕ ਅਤੇ ਇਸਦੇ ਨੀਤੀਘਾੜੇ ਬਾਰੇ ਉਹ ਖਬਰਾਂ ਜਰੂਰ ਛਾਪੀਆਂ, ਜੋ ਛਾਪਣ ਲਈ ਕੋਈ ਹੋਰ ਸਮਕਾਲੀ ਅਖਬਾਰ ਜੇਰਾ ਨਾ ਦਿਖਾ ਸਕਿਆ। ਨਾ ਤਾਂ ਪੰਜਾਬ ਟਾਈਮਜ਼ ਨੇ ਕਿਸੇ ਦੇ ਟਰੱਕ ਵਿਚ ਡਰੱਗ ਰਖੀ ਸੀ ਅਤੇ ਨਾ ਹੀ ਕਿਸੇ ਨੂੰ ਜਾਅਲੀ ਸੀਡੀਆਂ ਬਣਾਉਣ ਲਈ ਪ੍ਰੇਰਿਆ ਸੀ। ਪੰਜਾਬ ਟਾਈਮਜ਼ ਖਬਰਾਂ ਝੂਠੀਆਂ ਛਾਪਦਾ ਹੈ ਜਾਂ ਸੱਚੀਆਂ, ਇਸ ਸਬੰਧੀ ਸਰਟੀਫਿਕੇਟ ਸਾਨੂੰ ਆਪਣੇ ਸਮਕਾਲੀ ਅਤੇ ਸਾਧ ਸੰਗਤ ਸਲੇਟ ਦੇ ਮਾਲਕਾਂ ਤੋਂ ਲੈਣ ਦੀ ਲੋੜ ਨਹੀਂ, ਇਹ ਫੈਸਲਾ ਪਾਠਕਾਂ ਨੇ ਕਰਨਾ ਹੈ। ਅਸੀਂ ਸਭ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਲਗਦੀ ਵਾਹ ਨਿਰਪੱਖ ਰਹਿ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਟਾਈਮਜ਼ ਨੇ ਜੋ ਕਿਹਾ ਹੈ, ਉਸ ਉਤੇ ਲਗਦੀ ਵਾਹ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਦੀ ਇਹ ਨਹੀਂ ਕੀਤਾ ਕਿ ਸੌਦਾ ਫਿਟ ਨਾ ਹੋਣ ਤੇ ਕਿਸੇ ਇਕ ਸਾਧ ਦੇ ਵਿਰੁਧ ਤਾਂ ਮੋਰਚਾ ਵਿਢ ਲਿਆ ਜਾਵੇ ਜਦੋਂਕਿ ਹੋਰ ਸਭਨਾਂ ਸਾਧਾਂ ਦੇ ਇਸ਼ਤਿਹਾਰ ਤੇ ਖਬਰਾਂ ਬਿਨਾ ਕਿਸੇ ਸੋਚ-ਵਿਚਾਰ ਦੇ ਛਾਪੇ ਜਾਣ। ਇਕ ਪਾਸੇ ਹਿੰਦੂਆਂ ਵਿਰੁਧ ਜਹਿਰ ਉਗਲਿਆ ਜਾਵੇ ਅਤੇ ਦੂਜੇ ਪਾਸੇ ਅਖਬਾਰ ਚਲਾਉਣ ਲਈ ਇਸ਼ਤਿਹਾਰ ਲੈਣ ਲਈ ਉਨ੍ਹਾਂ ਦੀ ਹੀ ਚੌਖਟ ਤੇ ਸਿਰ ਨਿਵਾਇਆ ਜਾਵੇ। ਕਿੱਲ ਕਿੱਲ ਕੇ ਆਖਿਆ ਇਹ ਜਾਵੇ ਕਿ ਅਸੀਂ ਇਲੈਕਸ਼ਨ ਦੇ ਮੂਲੋਂ ਵਿਰੁਧ ਹਾਂ ਪਰ ਇਲੈਕਸ਼ਨ ਵਿਚ ਕੁਦਣ ਦਾ ਮੌਕਾ ਹੱਥ ਆਉਂਦਿਆਂ ਹੀ ਕੁਦ ਵੀ ਲਿਆ ਜਾਵੇ? ਚੋਰ ਉਚੱਕਿਆਂ ਲਈ ਤਾਂ ਇਨ੍ਹਾਂ ਕੋਲ 'ਭਾਈ' ਜਿਹੇ ਸਤਿਕਾਰਯੋਗ ਸ਼ਬਦ ਹਨ, ਜਦੋਂਕਿ ਅੰਮ੍ਰਿਧਾਰੀ ਸਿੰਘਾਂ ਭਾਈ ਗੁਰਮੀਤ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਗੁਰਚਰਨ ਸਿੰਘ ਮਾਨ ਨੂੰ ਇਹ 'ਗੁਰਮੀਤ, ਰਾਮ, ਮਾਨ' ਨਾਲ ਹੀ ਸੰਬੋਧਨ ਕਰਦੇ ਹਨ। ਇਹੋ ਹੈ ਇਨ੍ਹਾਂ ਦਾ ਆਪ ਜਪਹੁ ਅਵਰਹ ਨਾਮ ਜਪਾਵਹੁ?' ਟਾਹਰਾਂ ਖਾਲਿਸਤਾਨੀ ਹੋਣ ਦੀਆਂ ਮਾਰੀਆਂ ਜਾਣ ਪਰ ਅਖਬਾਰ ਜਲੰਧਰ ਜਾ ਕੇ ਸੁਖਬੀਰ ਬਾਦਲ ਤੇ ਭਾਜਪਾ ਆਗੂ ਮਨਮੋਹਨ ਕਾਲੀਆ ਤੋਂ ਰਿਲੀਜ਼ ਕਰਵਾਇਆ ਜਾਵੇ? ਕੀ ਵਜ੍ਹਾ ਹੈ ਕਿ ਭਾਰਤੀ ਕੌਂਸਲਖਾਨਾ ਇਸ ਸਲੇਟ ਦੇ ਨੀਤੀਘਾੜੇ ਦੇ ਨੇਕਚਲਨੀ ਦੇ ਸਰਟੀਫਿਕੇਟ ਦੇ ਰਿਹਾ ਹੈ ਜਦੋਂਕਿ ਕੇ ਪੀ ਐਸ ਗਿੱਲ ਨਾਂ ਲੈ ਕੇ ਕਹਿ ਰਿਹਾ ਹੈ ਕਿ ਇਹ ਆਦਮੀ ਸਾਨੂੰ ਅਜ ਵੀ ਲੋੜੀਂਦਾ ਹੈ। ਸ਼ਾਇਦ ਅਸਾਈਲਮ ਦਾ ਕੇਸ ਪਾਸ ਕਰਵਾਉਣ ਲਈ ਅਜਿਹੇ ਕਿਸੇ ਬਿਆਨ ਦੀ ਲੋੜ ਪੈ ਗਈ ਹੋਵੇਗੀ?

ਪਾਠਕ ਜੇ ਜ਼ਰਾ ਕੁ ਵੀ ਸੋਚ-ਵਿਚਾਰ ਕਰਨ ਤਾਂ ਇਸ ਅਖਬਾਰ ਵਲੋਂ ਆਪਣੇ ਮਾਲਕਾਂ ਦੀ ਬੋਲੀ ਗਈ ਬੋਲੀ ਵਿਚੋਂ ਝੂਠ ਅਤੇ ਵਿਰੋਧੀਆਂ ਲਈ ਨਫਰਤ ਡੁਲ ਡੁਲ ਪੈਂਦੀ ਹੈ। ਦਰਅਸਲ ਸਾਧ ਸੰਗਤ ਸਲੇਟ ਦੇ ਸੰਚਾਲਕ ਵਿਰੋਧ ਦੀ ਆਵਾਜ਼ ਨੂੰ ਸਹਾਰ ਹੀ ਨਹੀਂ ਸਕਦੇ। ਆਪਣੇ ਵਿਰੁਧ ਉਠੀ ਹਰ ਆਵਾਜ਼ ਉਹ ਦਬਾਉਣ ਦੇ ਆਦੀ ਹਨ, ਪਰ ਉਨ੍ਹਾਂ ਦੀ ਬਦਕਿਸਮਤੀ ਨੂੰ ਹਾਲਾਤ ਬਦਲ ਚੁਕੇ ਹਨ। ਪੰਜਾਬ ਟਾਈਮਜ਼ ਉਨ੍ਹਾਂ ਨੂੰ ਇਸੇ ਕਰਕੇ ਵਿਹੁ ਵਰਗਾ ਲਗਦਾ ਹੈ, ਕਿਉਂਕਿ ਇਕੋ ਇਕ ਇਹੋ ਅਖਬਾਰ ਹੈ ਜਿਸਨੇ ਉਨ੍ਹਾਂ ਦੀ ਧੱਕੇਸ਼ਾਹੀ ਵਿਰੁਧ ਆਵਾਜ਼ ਉਠਾਈ ਹੈ। ਅਸੀਂ ਇਸਦੀ ਕੀਮਤ ਵੀ ਦਿੱਤੀ ਹੈ। ਇਸੇ ਕਰਕੇ ਮੈਨੂੰ ਅਤੇ ਸਾਡੇ ਸਟਾਫ ਨੂੰ ਇਕ ਤੋਂ ਵੱਧ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਪੰਜਾਬ ਟਾਈਮਜ਼ ਬੇਲਾਗ ਤੇ ਬੇਬਾਕ ਪੱਤਰਕਾਰੀ ਦੇ ਆਪਣੇ ਨਿਸ਼ਾਨੇ ਉਤੇ ਨਿਧੱੜਕ ਚਲਦਾ ਰਹੇਗਾ।

ਸਾਧ ਸੰਗਤ ਸਲੇਟ ਦੇ ਸੰਚਾਲਕ ਇਹ ਦਾਅਵੇ ਕਰਨੋਂ ਨਹੀਂ ਹਟਦੇ ਕਿ ਉਨ੍ਹਾਂ ਗੁਰੂਘਰ ਦੇ ਪ੍ਰਬੰਧ ਨੂੰ ਸੁਚੱਜਾ ਅਤੇ ਪਾਰਦਰਸ਼ੀ ਬਣਾਇਆ ਹੈ। ਉਹ ਨਿਰਪੱਖ ਚੋਣਾਂ ਕਰਵਾਉਣ ਦੇ ਦਾਅਵੇ ਕਰਦੇ ਵੀ ਥੱਕਦੇ ਨਹੀਂ ਬਾਕੀ ਗੱਲਾਂ ਦਾ ਹਿਸਾਬ ਤਾਂ ਸਮਾਂ ਹੀ ਕਰੇਗਾ। ਜ਼ਰਾ ਕੁ ਨਿਰਪੱਖ ਚੋਣਾਂ ਬਾਰੇ ਵਿਚਾਰ ਕਰਨਾ ਲਾਜ਼ਮੀ ਬਣਦਾ ਹੈ। 2005 ਤੋਂ 2008 ਤਕ ਦੀਆਂ ਚੋਣਾਂ ਦੇ ਸਾਰੇ ਪ੍ਰੋਗਰਾਮ ਬਾਰੇ ਸੰਗਤ ਨੂੰ ਬਾਕਾਇਦਾ ਅਖਬਾਰਾਂ ਅਤੇ ਰੇਡੀਓ ਰਾਹੀਂ ਦੱਸਿਆ ਜਾਂਦਾ ਰਿਹਾ ਹੈ। ਇਹ ਪਹਿਲੀ ਵਾਰ ਹੈ ਜਦੋਂ ਚੋਣਾਂ ਦੇ ਪ੍ਰੋਗਰਾਮ ਬਾਰੇ ਅਖਬਾਰਾਂ ਵਿਚ ਕੋਈ ਖਬਰ ਤਕ ਨਹੀਂ ਛਪਵਾਈ ਗਈ। ਖੁਦ ਇਨ੍ਹਾਂ ਦੇ ਆਪਣੇ ਅਖਬਾਰ ਵਿਚ ਵੀ ਨਹੀਂ, ਜਦੋਂਕਿ ਗੱਤੇ ਦੇ ਚੈਕ ਸਮੇਤ ਹਰ ਨਿੱਕੇ-ਮੋਟੇ ਮੌਕੇ ਦੀਆਂ ਤਸਵੀਰਾਂ ਅਤੇ ਖਬਰਾਂ ਖੁਦ ਪ੍ਰਧਾਨ ਭਾਈ ਹਰਜੋਤ ਸਿੰਘ ਖਾਲਸਾ ਵਲੋਂ ਅਖਬਾਰਾਂ ਨੂੰ ਭੇਜੀਆਂ ਜਾਂਦੀਆਂ ਰਹੀਆਂ ਹਨ। ਇਹ ਉਹ ਲੋਕ ਹਨ ਜੋ ਇਲੈਕਸ਼ਨ ਨਹੀਂ ਸਿਲੈਕਸ਼ਨ ਦੀ ਰੱਟ ਲਾਉਣੋਂ ਨਹੀਂ ਥੱਕਦੇ। ਕੀ ਇਨ੍ਹਾਂ ਵਿਚ ਇਕ ਵੀ ਵਿਅਕਤੀ ਅਜਿਹਾ ਹੈ ਜਿਸ ਵਿਚ ਸਿਲੈਕਸ਼ਨ ਦੇ ਵਿਧੀ-ਵਿਧਾਨ ਲਈ ਲੋੜੀਂਦੀ ਨਵਾਬ ਕਪੂਰ ਸਿੰਘ ਵਰਗੀ ਭਾਵਨਾ ਮੌਜੂਦ ਹੋਵੇ। ਇਨ੍ਹਾਂ ਹੀ ਲੋਕਾਂ ਨੇ 1996 ਤੋਂ 2004 ਤਕ ਗੁਰੂਘਰ ਤੇ ਜਬਰਨ ਕਬਜ਼ਾ ਕਰੀ ਰੱਖਿਆ। ਚੋਣਾਂ ਦਾ ਰਾਹ ਖੋਲ੍ਹਣ ਲਈ ਭਾਈ ਗੁਰਮੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਲੰਬੀ ਕਾਨੂੰਨੀ ਲੜਾਈ ਲੜਨੀ ਪਈ। ਅੱਜ ਇਨ੍ਹਾਂ ਨੂੰ ਪੰਜਾਬ ਟਾਈਮਜ਼ ਨੂੰ ਦਿੱਤੇ ਗਏ ਪੈਸੇ ਦੀ ਤਾਂ ਬਹੁਤ ਤਕਲੀਫ ਹੁੰਦੀ ਹੈ ਪਰ ਕੀ ਇਹ ਦੱਸ ਸਕਦੇ ਹਨ ਕਿ ਉਨ੍ਹਾਂ ਰਿਸੀਵਰ ਦੇ ਖਾਤੇ ਕੋਈ ਸਾਡੇ ਤਿੰਨ ਲੱਖ ਡਾਲਰ ਜਾਣ ਲਈ ਚੋਣਾਂ ਦੇ ਰਾਹ ਵਿਚ ਅੜਿਕਾ ਕਿਉਂ ਪਾਇਆ? ਕੀ ਇਹੋ ਪ੍ਰਬੰਧਕ 1996 ਤੋਂ 2004 ਤਕ ਦੇ ਸਮੇਂ ਦੌਰਾਨ ਆਪਣੀ ਮਨਪਸੰਦ ਦੇ ਅਖਬਾਰਾਂ ਨੂੰ ਦਿਲ ਖੋਲ੍ਹ ਕੇ ਇਸ਼ਤਿਹਾਰ ਨਹੀਂ ਦਿੰਦੇ ਰਹੇ?

2008 ਦੀਆਂ ਚੋਣਾਂ ਵੇਲੇ 500 ਦੇ ਕਰੀਬ ਨਵੀਆਂ ਵੋਟਾਂ ਬਣੀਆਂ ਸਨ, ਉਹ ਵੀ ਵੋਟਾਂ ਲਈ ਪੂਰੀ ਮੁਹਿੰਮ ਚਲਾਉਣ ਬਾਅਦ। ਇਸੇ ਅਖਬਾਰ ਨੇ ਭਾਈ ਸੁਖਦੇਵ ਸਿੰਘ ਬੈਣੀਵਾਲ ਉਤੇ 500 ਵੋਟਾਂ ਜਾਅਲੀ ਬਣਾਉਣ ਦਾ ਦੋਸ਼ ਲਾਇਆ ਹੈ, ਯਾਨਿ ਸਾਰੀਆਂ ਦੀਆਂ ਸਾਰੀਆਂ ਵੋਟਾਂ ਜਾਅਲੀ ਸਨ। ਇਹ ਵੀ ਦਿਲਚਸਪ ਗੱਲ ਹੈ ਕਿ ਇਸੇ ਭਾਈ ਬੈਣੀਵਾਲ ਦੀ ਤਾਰੀਫ ਵਿਚ 2008 ਦੀ ਚੋਣ ਤੋਂ ਬਾਅਦ ਇਹੋ ਅਖਬਾਰ ਕਈ ਕੁਝ ਕਹਿ ਚੁਕਾ ਹੈ। ਹੁਣ ਇਸ ਵਾਰ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਬਣਾਈਆਂ ਗਈਆਂ ਵੋਟਾਂ ਨੂੰ ਜਦੋਂ ਵਿਰੋਧੀ ਧਿਰ ਜਾਅਲੀ ਵੋਟਾਂ ਕਹਿੰਦੀ ਹੈ ਤਾਂ ਸਾਧ ਸੰਗਤ ਸਲੇਟ ਦੇ ਸੰਚਾਲਕਾਂ/ਮਾਲਕਾਂ ਨੂੰ ਬੜੀਆਂ ਮਿਰਚਾਂ ਲਗਦੀਆਂ ਹਨ। ਹਰ ਸਿਸਟਮ ਨੂੰ ਆਪਣੇ ਸਵਾਰਥਾਂ ਲਈ ਤੋੜਨਾ ਇਨ੍ਹਾਂ ਸੱਜਣਾਂ ਦੀ ਆਦਤ ਵਿਚ ਸ਼ੁਮਾਰ ਹੈ। ਗੁਰਦੁਆਰਾ ਫਰੀਮਾਂਟ ਦੀ ਸੰਗਤ ਇਨ੍ਹਾਂ ਲੋਕਾਂ ਦੀ ਖਸਲਤ ਤੋਂ ਵਾਕਫ ਹੋ ਚੁਕੀ ਹੈ। ਸੰਗਤ ਇਨ੍ਹਾਂ ਤੋਂ ਇਲੈਕਸ਼ਨ ਰੋਕਣ ਲਈ ਭਾਈਚਾਰੇ ਦੇ ਗਵਾਏ ਗਏ 10 ਲੱਖ ਡਾਲਰ ਦਾ ਹਿਸਾਬ-ਕਿਤਾਬ ਵੀ ਲੈਣਾ ਚਾਹੁੰਦੀ ਹੈ। ਪੁਛਣਾ ਚਾਹੁੰਦੀ ਹੈ ਕਿ ਕਿਸ ਮੂੰਹ ਨਾਲ ਇਹ ਲੋਕ ਇਲੈਕਸ਼ਨ ਲੜ ਰਹੇ ਹਨ। 2008 ਦੀਆਂ ਚੋਣਾਂ ਵਿਚ ਇਨ੍ਹਾਂ ਦਾ ਦਾਅ ਇਸ ਕਰਕੇ ਲਗ ਗਿਆ ਸੀ ਕਿ ਭਾਈ ਗੁਰਮੀਤ ਸਿੰਘ ਦੀ ਅਗਵਾਈ ਹੇਠਲਾ ਗਰੁਪ ਪਾਟੋਧਾੜ ਹੋ ਗਿਆ ਸੀ। ਹੁਣ ਉਹ ਫੁਟ ਦੇ ਨਤੀਜ਼ੇ ਭੁਗਤ ਚੁਕੇ ਹਨ। ਇਸ ਗਰੁਪ ਦੀ ਏਕਤਾ ਵਿਚ ਜਿੱਤ ਯਕੀਨੀ ਹੈ। ਗੁਰਦੁਆਰਾ ਫਰੀਮਾਂਟ ਦੀ ਸੰਗਤ ਨਿਸ਼ਚਿਤ ਤੌਰ 'ਤੇ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠਲੀ ਪੰਥਕ ਸਲੇਟ ਨੂੰ ਜਿਤਾ ਕੇ ਇਨ੍ਹਾਂ ਝੂਠ ਦੇ ਵਪਾਰੀਆਂ ਨੂੰ ਗੁਰਦੁਆਰਾ ਪ੍ਰਬੰਧ ਤੋਂ ਲਾਂਭੇ ਕਰੇਗੀ।

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 80 ਡਾਲਰ, ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਹਿਲਾ ਰਾਖਵਾਂਕਰਨ ਬਿਲ ਰਾਜ ਸਭਾ 'ਚ ਪਾਸ

ਵਿਚ 1 ਵੋਟ। ਇਸ ਵੱਡੀ ਹਮਾਇਤ ਤੋਂ ਪਤਾ ਲਗਦਾ ਹੈ ਕਿ ਲੋਕਤੰਤਰ ਮਜ਼ਬੂਤ ਆਧਾਰ 'ਤੇ ਖੜ੍ਹਾ ਹੈ ਅਤੇ ਔਰਤਾਂ ਦੀ ਭਲਾਈ (ਸਸ਼ਕਤੀਕਰਨ) ਦੀ ਦਿਸ਼ਾ ਵਿਚ ਇਹ ਇਕ ਇਤਿਹਾਸਕ ਕਦਮ ਹੈ। ਸ੍ਰੀ ਜੇਤਲੀ ਨੇ ਬਿੱਲ ਨੂੰ ਸਮਰਥਨ ਦੇਣ ਦੇ ਐਲਾਨ ਦੇ ਨਾਲ ਹੀ ਮੁਅੱਤਲ ਕੀਤੇ ਸੰਸਦ ਮੈਂਬਰਾਂ ਦੇ ਹੰਗਾਮੇ 'ਤੇ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਅਸੀਂ ਆਪਣੀ ਇਤਿਹਾਸਕ ਜ਼ਿੰਮੇਵਾਰੀ ਨਿਭਾਈ ਹੈ।

ਇਸ ਤੋਂ ਪਹਿਲਾਂ ਮਹਿਲਾ ਰਾਖਵਾਂਕਰਨ ਬਿਲ 'ਤੇ ਆਪਣਾ ਵਿਰੋਧ ਪ੍ਰਗਟਾਉਂਦੇ ਹੋਏ ਮੁਲਾਇਮ ਸਿੰਘ ਯਾਦਵ ਅਤੇ ਲਾਲੂ ਪ੍ਰਸ਼ਾਦ ਯਾਦਵ ਨੇ ਕੇਂਦਰ ਦੀ ਯੂ ਪੀ ਏ (ਸੰਯੁਕਤ ਪ੍ਰਗਤੀਸ਼ੀਲ ਗਠਜੋੜ) ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਸੀ। ਭਾਵੇਂ ਕਿ ਮੁਲਾਇਮ ਸਿੰਘ ਅਤੇ ਲਾਲੂ ਪ੍ਰਸ਼ਾਦ ਦੇ ਸਮਰਥਨ ਵਾਪਸ ਲੈਣ ਨਾਲ ਯੂ.ਪੀ.ਏ. ਸਰਕਾਰ ਨੂੰ ਕੋਈ ਖਤਰਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਇਸ ਬਿਲ ਦੇ ਵਿਰੋਧੀਆਂ 'ਚ ਪ੍ਰਮੁੱਖ ਜਨਤਾ ਦਲ (ਯੂ) 'ਚ ਦੁਫੇੜ ਪੈਣ ਤੋਂ ਬਾਅਦ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਇਸ ਬਿਲ ਦੀ ਹਮਾਇਤ ਦਾ ਐਲਾਨ ਕਰਕੇ ਸਰਕਾਰ ਦਾ ਰਾਹ ਹੋਰ ਵੀ ਆਸਾਨ ਕਰ ਦਿੱਤਾ। ਚੇਤੇ ਰਹੇ ਕਿ ਜਨਤਾ ਦਲ (ਯੂ) ਦੇ ਮੁਖੀ ਸ਼ਰਦ ਪਵਾਰ ਇਸ ਬਿਲ ਨੂੰ ਲੈ ਕੇ 1997 'ਚ ਪੇਸ਼ ਕਰਨ ਤੋਂ ਲੈ ਕੇ ਜ਼ਬਰਦਸਤ ਵਿਰੋਧ ਕਰਦੇ ਆ ਰਹੇ ਹਨ। ਜਨਤਾ ਦਲ (ਯੂ) ਦੇ ਰਾਜ ਸਭਾ 'ਚ 7 ਤੇ ਲੋਕ ਸਭਾ 'ਚ 20 ਮੈਂਬਰ ਹਨ। ਇਸਤੋਂ ਇਲਾਵਾ ਡੀ.ਐਮ.ਕੇ. ਨੈਸ਼ਨਲ ਕਾਨਫਰੰਸ ਅਤੇ ਅਕਾਲੀ ਦਲ, ਜਿਨ੍ਹਾਂ ਦੇ ਰਾਜ ਸਭਾ 'ਚ 9 ਮੈਂਬਰ ਹਨ, ਦੇ ਬਿੱਲ ਨੂੰ ਹਮਾਇਤ ਦੇਣ ਨਾਲ ਵਿਰੋਧੀ ਪੱਖ ਹੋਰ ਕਮਜ਼ੋਰ ਹੋ ਗਿਆ।

**7 ਮੈਂਬਰ ਮੁਅੱਤਲ :** ਇਸ ਤੋਂ ਪਹਿਲਾਂ ਰਾਜ ਸਭਾ ਵਿਚ ਮਹਿਲਾ ਰਾਖਵਾਂਕਰਨ ਬਿਲ ਦੇ ਵਿਰੋਧ ਵਿਚ ਸਦਨ ਦੀ ਕਾਰਵਾਈ ਵਿਚ ਵਿਘਨ ਪਾਉਣ ਵਾਲੇ 7 ਮੈਂਬਰਾਂ ਨੂੰ ਮੌਜੂਦਾ ਇਜਲਾਸ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ। ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਪ੍ਰਿਥਵੀ ਰਾਜ ਚੌਹਾਨ ਨੇ ਸਮਾਜਵਾਦੀ ਪਾਰਟੀ ਦੇ ਕਮਾਲ ਅਖਤਰ, ਆਮਿਰ ਆਲਮ ਖਾਨ, ਵੀਰਪਾਲ ਸਿੰਘ ਅਤੇ ਨੰਦ ਕਿਸ਼ੋਰ ਯਾਦਵ, ਜਨਤਾ ਦਲ (ਯੂ) ਦੇ ਸੰਸਦ ਮੈਂਬਰ ਡਾ. ਏਜਾਜ਼ ਅਲੀ, ਰਾਸ਼ਟਰੀ ਜਨਤਾ ਦਲ ਦੇ ਸੁਭਾਸ਼ ਯਾਦਵ ਅਤੇ ਲੋਕ ਜਨ ਸ਼ਕਤੀ ਪਾਰਟੀ ਦੇ ਸਾਬਰ ਅਲੀ ਨੂੰ ਮੌਜੂਦਾ ਇਜਲਾਸ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਕਰਨ ਬਾਰੇ ਮਤਾ ਪੇਸ਼ ਕੀਤਾ। ਸਭਾਪਤੀ ਹਾਮਿਦ ਅੰਸਾਰੀ ਨੇ ਇਸ ਮਤੇ 'ਤੇ ਸਦਨ ਦੀ ਰਾਇ ਲੈ ਕੇ ਇਸ ਨੂੰ ਪਾਸ ਕਰਨ ਦਾ ਐਲਾਨ ਕੀਤਾ।

ਇਥੇ ਦੱਸਣਯੋਗ ਹੈ ਕਿ ਸੋਮਵਾਰ ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਲੋਕ ਜਨਸ਼ਕਤੀ ਪਾਰਟੀ ਅਤੇ ਜਨਤਾ ਦਲ (ਯੂ) ਦੇ ਮੁਅੱਤਲ ਮੈਂਬਰਾਂ ਨੇ ਔਰਤ ਰਾਖਵਾਂਕਰਨ ਦੀ ਵਿਵਸਥਾ ਵਾਲੀ ਸੰਵਿਧਾਨ ਦੀ 108ਵੀਂ ਸੋਧ ਵਾਲੇ ਬਿੱਲ ਨੂੰ ਸਦਨ ਵਿਚ ਪੇਸ਼ ਕੀਤੇ ਜਾਣ ਸਮੇਂ ਜ਼ਬਰਦਸਤ ਹੰਗਾਮਾ ਕੀਤਾ। ਇਨ੍ਹਾਂ ਪਾਰਟੀਆਂ ਦੇ ਮੈਂਬਰਾਂ ਨੇ ਨਾ ਕੇਵਲ ਬਿੱਲ ਦੀਆਂ ਕਾਪੀਆਂ ਪਾੜ ਕੇ ਹਵਾ ਵਿਚ ਉਡਾ ਦਿੱਤੀਆਂ ਸਗੋਂ ਕੁਝ ਮੈਂਬਰਾਂ ਨੇ ਸਭਾਪਤੀ ਦੀ ਮੇਜ਼ ਵੱਲ ਚੜ੍ਹਨ ਦਾ ਯਤਨ ਕੀਤਾ ਅਤੇ ਸਭਾਪਤੀ ਦੀ ਮੇਜ਼ 'ਤੇ ਰੱਖੇ ਕਾਗਜ਼ ਪਰ੍ਹੇ ਸੁੱਟ ਦਿੱਤੇ।

**ਲੋਕ ਸਭਾ ਤਿੰਨ ਵਾਰ ਉਠਾਈ :** ਮੰਗਲਵਾਰ ਵੀ ਮਹਿਲਾ ਰਾਖਵਾਂਕਰਨ ਬਿੱਲ ਨੂੰ ਲੈ ਕੇ ਭਾਰੀ ਹੰਗਾਮੇ ਕਾਰਨ ਲੋਕ ਸਭਾ ਦੀ ਬੈਠਕ ਤਿੰਨ ਵਾਰ ਉਠਾਉਣੀ ਪਈ। ਬਿੱਲ ਦੇ ਮੌਜੂਦਾ ਰੂਪ ਦਾ ਵਿਰੋਧ ਕਰ ਰਹੀਆਂ ਸਿਆਸੀ ਪਾਰਟੀਆਂ ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਜਨਤਾ ਦਲ (ਯੂ) ਦੇ ਮੈਂਬਰਾਂ ਨੇ ਲੋਕ ਸਭਾ ਵਿਚ ਭਾਰੀ ਹੰਗਾਮਾ ਕੀਤਾ, ਜਿਸ ਕਾਰਨ ਸਦਨ ਦੀ ਬੈਠਕ ਤਿੰਨ ਵਾਰ ਉਠਾਉਣੀ ਪਈ।

**ਸੋਨੀਆ ਵੱਲੋਂ ਮੀਟਿੰਗ :** ਔਰਤ ਰਾਖਵਾਂਕਰਨ ਬਿਲ ਦਾ ਵਿਰੋਧ ਕਰ ਰਹੇ ਲਾਲੂ ਪ੍ਰਸ਼ਾਦ ਯਾਦਵ ਅਤੇ ਮੁਲਾਇਮ ਸਿੰਘ ਯਾਦਵ ਨਾਲ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਲੱਗਭੱਗ 20 ਮਿੰਟ ਮੁਲਾਕਾਤ ਕੀਤੀ ਪਰ ਦੋਵੇਂ ਇਕ ਦੂਸਰੇ ਨੂੰ ਆਪੋ-ਆਪਣੀ ਗੱਲ 'ਤੇ ਰਾਜ਼ੀ ਕਰਨ 'ਚ ਨਾਕਾਮ ਰਹੇ। ਸੋਨੀਆ ਗਾਂਧੀ ਨੇ ਦੋਵਾਂ ਯਾਦਵਾਂ ਨੂੰ ਮਿਲਣ ਲਈ ਸਦਨ ਦੀ ਬੈਠਕ ਉਠਾਏ ਜਾਣ ਦੇ ਸਮੇਂ ਦੀ ਵਰਤੋਂ ਕੀਤੀ।

**ਅਨੁਸੂਚਿਤ ਜਾਤਾਂ ਲਈ ਵੀ ਰਾਖਵਾਂਕਰਨ :** ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ ਪਾਸ ਕੀਤਾ ਗਿਆ ਇਹ 33 ਫੀਸਦੀ ਰਾਖਵਾਂਕਰਨ ਬਿਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਰਾਖਵੇਂ ਹਲਕਿਆਂ 'ਤੇ ਵੀ ਲਾਗੂ ਹੋਵੇਗਾ, ਜਿਸ ਅਨੁਸਾਰ ਮੌਜੂਦਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਰਾਖਵੀਆਂ ਸੀਟਾਂ 'ਚ 33 ਫੀਸਦੀ ਹੁਣ ਔਰਤਾਂ ਲਈ ਰਾਖਵੀਆਂ ਹੋਣਗੀਆਂ।

**ਸ਼ਰਦ, ਲਾਲੂ ਤੇ ਮੁਲਾਇਮ ਪ੍ਰਧਾਨ ਮੰਤਰੀ ਨੂੰ ਮਿਲੇ:** ਔਰਤ ਰਾਖਵਾਂਕਰਨ ਬਿਲ 'ਤੇ ਚਲ ਰਹੇ ਵਿਰੋਧ ਦਰਮਿਆਨ ਸਮਾਜਵਾਦੀ ਪਾਰਟੀ ਦੇ ਨੇਤਾ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਜਨਤਾ ਦਲ ਦੇ ਲਾਲੂ ਪ੍ਰਸ਼ਾਦ ਯਾਦਵ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਨੇ ਮੰਗਲਵਾਰ ਸਵੇਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਮੰਗ ਕੀਤੀ ਕਿ ਇਸ ਮੁੱਦੇ 'ਤੇ ਚਰਚਾ ਲਈ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ। ਇਹ ਤਿੰਨੇ ਨੇਤਾ ਬਿਲ ਦਾ ਵਿਰੋਧ ਕਰ ਰਹੇ ਹਨ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਲਾਲੂ ਪ੍ਰਸ਼ਾਦ ਯਾਦਵ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਤੋਂ ਇਸ ਮੁੱਦੇ 'ਤੇ ਆਮ ਸਹਿਮਤੀ ਬਣਾਉਣ ਲਈ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ ਹੈ, ਜਿਸ ਵਿਚ ਸਾਡੀ ਵੀ ਗੱਲ ਸੁਣੀ ਜਾਵੇ। ਉਨ੍ਹਾਂ ਮੁਲਾਕਾਤ ਲਈ ਸੱਦਾ ਦੇਣ ਬਦਲੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।

## *14 ਸਾਲਾਂ ਦਾ ਲੰਮਾ ਸਫ਼ਰ ਤੈਅ ਕਰਨਾ ਪਿਆ ਬਿੱਲ ਨੂੰ*

**ਨਵੀਂ ਦਿੱਲੀ:** ਲੋਕ ਸਭਾ ਤੇ ਸੂਬਾ ਵਿਧਾਨ ਸਭਾਵਾਂ ਵਿਚ ਮਹਿਲਾ ਰਾਖਵਾਂਕਰਨ ਲਈ ਬਿੱਲ ਦਾ 14 ਸਾਲ ਦਾ ਸਫਰ ਭਾਰੀ ਡਰਾਮੇ ਨਾਲ ਖਤਮ ਹੋਇਆ। ਇਸ ਬਿੱਲ ਦਾ ਸਫ਼ਰ 12 ਸਤੰਬਰ 1996 ਨੂੰ ਸ਼ੁਰੂ ਹੋਇਆ ਜਦੋਂ ਐਚ. ਡੀ. ਦੇਵਗੌੜਾ ਸਰਕਾਰ ਨੇ ਇਸ ਨੂੰ ਪਹਿਲੀ ਵਾਰ ਲੋਕ ਸਭਾ ਵਿਚ ਪੇਸ਼ ਕੀਤਾ। ਅਸਲ ਵਿਚ ਸੰਸਦ ਵਿਚ ਔਰਤਾਂ ਨੂੰ ਪ੍ਰਤੀਨਿਧਤਾ ਦੇਣ ਦਾ ਮੁੱਦਾ ਭਾਰਤ ਵਿਚ ਔਰਤਾਂ ਦੇ ਰੁਤਬੇ ਬਾਰੇ ਬਣੀ ਕਮੇਟੀ ਨੇ ਸਿੱਖਿਆ ਤੇ ਸਮਾਜ ਭਲਾਈ ਮੰਤਰਾਲੇ ਨੂੰ ਪੇਸ਼ ਕੀਤੀ ਰਿਪੋਰਟ ਵਿਚ 1974 ਵਿਚ ਪਹਿਲੀ ਵਾਰ ਉਠਿਆ ਸੀ।

1993 ਵਿਚ 73ਵੀਂ ਤੇ 74ਵੀਂ ਸੰਵਿਧਾਨਕ ਸੋਧ ਰਾਹੀਂ ਪੰਚਾਇਤਾਂ ਅਤੇ ਨਗਰ ਕੌਂਸਲਾਂ ਵਿਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਕੀਤੀਆਂ ਗਈਆਂ। ਕੌਮੀ ਜਮਹੂਰੀ ਗਠਜੋੜ ਸਰਕਾਰ ਨੇ 26 ਜੂਨ 1998 ਨੂੰ 12ਵੀਂ ਲੋਕ ਸਭਾ ਵਿਚ ਫਿਰ ਬਿਲ ਪੇਸ਼ ਕੀਤਾ। ਇਸ ਵਾਰ ਵਾਜਪਾਈ ਸਰਕਾਰ ਘੱਟ ਗਿਣਤੀ 'ਚ ਰਹਿ ਜਾਣ ਕਾਰਨ ਸਮੇਂ ਤੋਂ ਪਹਿਲਾਂ ਟੁੱਟ ਗਈ। ਇਸ ਬਿੱਲ ਨੂੰ ਫਿਰ 1999 ਅਤੇ ਫਿਰ ਰੌਲੇ-ਰੱਪੇ ਦੌਰਾਨ 2002 ਵਿਚ ਪੇਸ਼ ਕੀਤਾ ਗਿਆ। ਸਰਬ ਪਾਰਟੀ ਮੀਟਿੰਗ ਪਿੱਛੋਂ 2003 ਵਿਚ ਵੀ ਬਿੱਲ ਨੂੰ ਸੰਸਦ ਵਿਚ ਦੋ ਵਾਰ ਪੇਸ਼ ਕੀਤਾ ਗਿਆ। 2008 ਵਿਚ ਕਾਂਗਰਸ ਸਰਕਾਰ ਨੇ ਇਸ ਨੂੰ ਰਾਜ ਸਭਾ ਵਿਚ ਪੇਸ਼ ਕੀਤਾ। ਦਸੰਬਰ 2009 ਵਿਚ ਕਾਨੂੰਨ ਤੇ ਨਿਆਂ ਅਤੇ ਪਰਸੋਨਲ ਮੰਤਰਾਲਾ ਦੀ ਸੰਸਦੀ ਸਥਾਈ ਕਮੇਟੀ ਨੇ ਬਿੱਲ ਨੂੰ ਪਾਸ ਕਰਨ ਦੀ ਸਿਫਾਰਸ਼ ਕਰ ਦਿੱਤੀ। ਕੇਂਦਰੀ ਮੰਤਰੀ ਮੰਡਲ ਨੇ 25 ਫਰਵਰੀ 2010 ਨੂੰ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਸੀ।

# ਬਾਦਲ ਸਰਕਾਰ ਦੇ ਤਿੰਨ ਸਾਲ ਪੂਰੇ

ਦੋਨੋਂ ਵਾਰ ਇਹ ਕਦਮ ਆਪਣੀ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਦਬਾਅ ਕਾਰਨ ਚੁੱਕਿਆ ਗਿਆ ਹੈ। 44 ਸੀਟਾਂ ਜਿੱਤਣ ਵਾਲੀ ਪੰਜਾਬ ਕਾਂਗਰਸ ਦੇ ਨਾਲ ਦੋ ਅਜ਼ਾਦ ਵਿਧਾਇਕ ਵੀ ਹਨ। ਆਪਸੀ ਖਿੱਚੋਤਾਣ ਦਾ ਆਲਮ ਇਹ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਵਿਰੋਧੀ ਧਿਰ ਦੀ ਨੇਤਾ ਰਜਿੰਦਰ ਕੌਰ ਭੱਠਲ 'ਤੇ ਸਰਕਾਰ ਨਾਲ ਮਿਲੇ ਹੋਣ ਦਾ ਦੋਸ਼ ਲਾ ਚੁੱਕੇ ਹਨ। ਵਿਧਾਨ ਸਭਾ ਵਿਚ ਵਿਰੋਧੀ ਧਿਰ ਬਿਖਰੀ-ਬਿਖਰੀ ਨਜ਼ਰ ਆਉਂਦੀ ਹੈ। ਅੱਧਾ ਦਰਜਨ ਵਿਧਾਇਕਾਂ ਨੂੰ ਜੇ ਛੱਡ ਦਿੱਤਾ ਜਾਵੇ ਤਾਂ ਬਾਕੀ ਵਿਧਾਇਕਾਂ ਨੇ ਰਾਜ ਦੇ ਮੁੱਦਿਆਂ ਨੂੰ ਤਾਂ ਇਕ ਪਾਸੇ ਰਿਹਾ ਆਪਣੇ ਖੇਤਰ ਦੇ ਮੁੱਦਿਆਂ ਨੂੰ ਵੀ ਨਹੀਂ ਚੁੱਕਿਆ। ਵਿਧਾਨ ਸਭਾ ਸੈਸ਼ਨ ਦੇ ਗੈਰ ਸਰਕਾਰੀ ਦਿਨ ਵਿਚ ਵੀ ਅਜਿਹੇ ਮਤੇ ਨਹੀਂ ਲਿਆਂਦੇ ਗਏ ਜਿਨ੍ਹਾਂ ਨਾਲ ਵਿਰੋਧੀ ਧਿਰ ਵਲੋਂ ਸਰਕਾਰ ਨੂੰ ਘੇਰਿਆ ਜਾ ਸਕੇ। ਹਾਲਾਂਕਿ ਸੁਨੀਲ ਜਾਖੜ, ਸੁਖਪਾਲ ਸਿੰਘ ਖਹਿਰਾ, ਅਜੀਤ ਇੰਦਰ ਸਿੰਘ ਮੋਫਰ, ਮੱਖਣ ਸਿੰਘ ਅਤੇ ਜੱਸੀ ਖੰਗੂੜਾ ਨੇ ਕਈ ਮੁੱਦਿਆਂ ਉਤੇ ਸਰਕਾਰ ਦੀ ਹਾਲਤ ਪਤਲੀ ਕੀਤੀ ਹੈ।

ਮੋਫਰ ਦੁਆਰਾ ਉਠਾਏ ਗਏ ਪੰਜਾਬੀ ਭਾਸ਼ਾ ਦੇ ਮੁੱਦੇ ਉੱਤੇ ਨਵਾਂ ਐਕਟ ਸਾਹਮਣੇ ਆਇਆ ਹੈ। ਖੁਦ ਵਿਰੋਧੀ ਧਿਰ ਦੀ ਬੀਬੀ ਰਜਿੰਦਰ ਕੌਰ ਭੱਠਲ ਵੀ ਤੇਜ਼ ਤਰਾਰ ਨੇਤਾ ਸਾਬਿਤ ਨਹੀਂ ਹੋਈ। ਸਰਕਾਰ ਦੇ ਪਹਿਲੇ ਡੇਢ ਸਾਲ ਤੱਕ ਕੈ. ਅਮਰਿੰਦਰ ਸਿੰਘ ਸਦਨ ਦੇ ਮੈਂਬਰ ਸਨ ਉਦੋਂ ਤੱਕ ਕਾਂਗਰਸ ਦੇ ਮੈਂਬਰਾਂ ਵਿਚ ਜੋਸ਼ ਖਰੋਸ਼ ਬਰਕਰਾਰ ਰਹਿੰਦਾ ਸੀ। ਹੁਣ ਤਾਂ ਸਿਰਫ ਅਖ਼ਬਾਰਾਂ ਦੀ ਸੁਰਖੀ ਬਣਨ ਲਈ ਸਦਨ ਦਾ ਬਾਈਕਾਟ ਕੀਤਾ ਜਾਂਦਾ ਹੈ।

ਇਸੇ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਕੁਝ ਹਮਲਾਵਰ ਵਿਖਾਈ ਦਿੰਦੇ ਹਨ। ਬੀਤੇ ਦਿਨੀਂ ਆਪਣੇ ਇਕ ਬਿਆਨ ਵਿਚ ਸਾਬਕਾ ਮੁੱਖ ਮੰਤਰੀ ਨੇ ਆਖਿਆ ਹੈ ਕਿ ਪੰਜਾਬ ਹਰ ਖੇਤਰ ਵਿਚ ਪਛੜ ਰਿਹਾ ਹੈ। ਚੋਣ ਵਾਅਦੇ ਹੋਣ ਜਾਂ ਫਿਰ ਅਮਨ ਕਾਨੂੰਨ ਦੀ ਸਥਿਤੀ, ਸਾਰੇ ਪਾਸੇ ਪੰਜਾਬ ਪਛੜ ਰਿਹਾ ਹੈ। ਖੇਤੀਬਾੜੀ ਅਤੇ ਬਿਜਲੀ ਸੈਕਟਰ ਵਿਚ ਵੀ ਪੰਜਾਬ ਦੇ ਹੁਣ ਮੰਦੇ ਹਾਲ ਹਨ। ਸਾਬਕਾ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਤਿੰਨ ਸਾਲ ਵਿਚ ਰਾਜ ਹਰ ਖੇਤਰ ਵਿਚ ਪੱਛੜ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੇ ਸਰਕਾਰ ਨੇ ਨੀਤੀਆਂ ਨਾ ਬਦਲੀਆਂ ਤਾਂ ਹਾਲਤ ਬਦ ਤੋਂ ਬਦਤਰ ਹੋ ਜਾਣਗੇ। ਪੰਜਾਬ ਕਾਂਗਰਸ ਦੇ ਲੀਡਰ ਨੇ ਕਿਹਾ ਕਿ ਜਿੱਥੇ ਵਿਕਾਸ ਦੇ ਨਾਮ ਉੱਤੇ ਮਹਿਜ ਦਾਅਵੇ ਕੀਤੇ ਗਏ ਹਨ ਉੱਥੇ ਡੇਰਾ ਸੱਚਾ ਸੌਦਾ ਵਿਵਾਦ, ਬੱਲੂਆਣਾ ਸਾਹਿਬ ਅਤੇ ਲੁਧਿਆਣਾ ਘਟਨਾਕ੍ਰਮ ਰਾਜ ਦੀ ਵਿਗੜੀ ਅਮਨ ਕਾਨੂੰਨ ਦੀ ਸਥਿਤੀ ਦੇ ਲਿਖਾਇਕ ਹਨ। ਕਿਸਾਨਾਂ ਦੀ ਫਸਲ ਮੰਡੀਆਂ ਵਿਚ ਕਈ-ਕਈ ਦਿਨ ਪਈ ਰਹੀ ਹੈ। ਧਾਨ ਦੀ ਕਿਸਮ 1121 ਦੇ ਭਾਅ ਵੀ ਘੱਟ ਦਿੱਤੇ ਗਏ ਹਨ ਅਤੇ ਇਸ ਨਾਲ ਉਤਪਾਦਕਾਂ ਨੂੰ ਵੱਡਾ ਘਾਟਾ ਪਿਆ ਹੈ। ਬਿਜਲੀ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਬਿਜਲੀ ਬੋਰਡ ਨੂੰ ਉਸਦੀ ਬਣਦੀ ਸਬਸਿਡੀ ਦਾ ਭੁਗਤਾਨ ਤਹਿ ਸਮੇਂ ਵਿਚ ਨਹੀਂ ਕਰ ਰਹੀ। ਨਵੇਂ ਥਰਮਲ ਪਲਾਂਟਾਂ ਦੇ ਨੀਂਹ ਪੱਥਰ ਰੱਖਣ ਉਪਰ ਹੀ ਲੱਖਾਂ ਰੁਪਏ ਖਰਚ ਦਿੱਤੇ ਜਾਂਦੇ ਹਨ ਅਤੇ ਇਹ ਲੋਕਾਂ ਦੇ ਧਨ ਦੀ ਗਲਤ ਵਰਤੋਂ ਹੈ।

ਕੈਪਟਨ ਨੇ ਕਿਹਾ ਕਿ ਬਾਦਲ ਸਰਕਾਰ ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਸਿਰਫ ਨੀਂਹ ਪੱਥਰ ਰੱਖਣ ਦਾ ਕਾਰਜ ਸਿਰੇ ਚਾੜਿਆ ਹੈ। ਕੌਮੀ ਪੱਧਰ ਦੀ ਇਕ ਅਖ਼ਬਾਰ ਵਲੋਂ 2000 ਲੋਕਾਂ ਉਪਰ ਅਧਾਰਿਤ ਕੀਤੇ ਗਏ ਇਕ ਸਰਵੇ ਅਨੁਸਾਰ ਸਰਕਾਰ ਨੇ ਸਿਰਫ 45 ਫੀਸਦੀ ਅੰਕ ਹਾਸਲ ਕੀਤੇ ਹਨ। ਇਸ ਸਰਵੇ ਅਨੁਸਾਰ ਸਰਕਾਰ ਦੀ ਪ੍ਰਾਪਤੀ ਸਿਰਫ ਨੀਂਹ ਪੱਥਰ ਰੱਖਣਾ ਹੈ।

## ਹਾਲੇ ਤਾਂ 2 ਸਾਲ ਬਾਕੀ ਨੇ-ਬਾਦਲ

**ਚੰਡੀਗੜ੍ਹ:** ਭਾਵੇਂ ਮੌਜੂਦਾ ਅਕਾਲੀ ਭਾਜਪਾ ਸਰਕਾਰ ਦੇ 3 ਸਾਲ ਪੂਰੇ ਹੋ ਚੁੱਕੇ ਹਨ ਅਤੇ ਉਸਦੀ ਕੋਈ ਵੀ ਗਿਣਨਯੋਗ ਪ੍ਰਾਪਤੀ ਸਾਹਮਣੇ ਨਹੀਂ ਆਈ ਪਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਆਸਵੰਦ ਹਨ। ਉਨ੍ਹਾਂ ਦਾ ਆਖਣਾ ਹੈ ਕਿ ਸਰਕਾਰ ਪਿਛਲੇ ਤਿੰਨ ਸਾਲਾਂ ਵਿਚ ਸਭ ਤੋਂ ਵੱਡੀ ਪ੍ਰਾਪਤੀ ਸਿੱਖਿਆ ਅਤੇ ਰੋਜ਼ਗਾਰ ਵਲ ਧਿਆਨ ਦੇਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਸੱਤਾ ਸੰਭਾਲੀ ਸੀ, ਰਾਜ ਦੇ ਜ਼ਿਆਦਾਤਰ ਸਕੂਲ ਅਧਿਆਪਕਾਂ ਤੋਂ ਖਾਲੀ ਸਨ। ਉਨ੍ਹਾਂ ਨੇ 29000 ਤੋਂ ਵਧੇਰੇ ਅਧਿਆਪਕਾਂ ਦੀ ਰਿਕਾਰਡ ਭਰਤੀ ਕੀਤੀ ਹੈ। ਐਲਾਨਨਾਮੇ ਦੇ ਅਧੂਰੇ ਵਾਅਦਿਆਂ ਦੇ ਬਾਰੇ ਵਿਚ ਉਨ੍ਹਾਂ ਕਿਹਾ ਕਿ ਅਸੀਂ ਪੰਜ ਸਾਲਾਂ ਵਿਚ ਇਹ ਵਾਅਦੇ ਪੂਰੇ ਕਰਨੇ ਹਨ ਹਾਲੇ ਸਾਡੇ ਕੋਲ 2 ਸਾਲ ਬਾਕੀ ਹਨ। ਬਾਦਲ ਦਾ ਮੰਨਣਾ ਹੈ ਕਿ ਪੇਂਡੂ ਸਕੂਲਾਂ ਦਾ ਪੱਧਰ ਕਾਫੀ ਡਿੱਗਿਆ ਹੋਇਆ ਸੀ। ਜਿੱਥੇ ਆਦਰਸ਼ ਸਕੂਲ ਖੋਲ ਕੇ ਇਸ ਪੱਧਰ ਨੂੰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਤਜ਼ਰਬਾ ਇਨਾ ਸਫਲ ਰਿਹਾ ਹੈ ਕਿ ਕੇਂਦਰ ਨੇ ਦੇਸ਼ ਭਰ ਵਿਚ 100 ਤੋਂ ਵਧ ਅਜਿਹੇ ਸਕੂਲ ਖੋਲਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਘੱਟ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਟ੍ਰੇਨਿੰਗ ਦੇਣ ਲਈ ਐਲ ਐਂਡ ਟੀ ਦੇ ਰਾਹੀਂ ਕੰਸਟ੍ਰਕਸ਼ਨ ਟ੍ਰੇਨਿੰਗ ਸੈਂਟਰ, ਟਾਟਾ ਦੇ ਨਾਲ ਡਰਾਈਵਿੰਗ ਸਕੂਲ ਅਤੇ ਭਾਰਤੀ ਵਾਲਮਾਰਟ ਦੇ ਨਾਲ ਰਿਟੇਲ ਦੇ ਇੰਸਟੀਚਿਊਟ ਖੋਲ੍ਹੇ ਗਏ ਹਨ। ਮੁਹਾਲੀ ਵਿਚ ਬਣਨ ਵਾਲੇ ਨੌਲੇਜ ਸਿਟੀ, ਆਈ ਆਈ ਟੀ ਰੋਪੜ ਨੂੰ ਵੀ ਮੁੱਖ ਮੰਤਰੀ ਆਪਣੀਆਂ ਪ੍ਰਾਪਤੀਆਂ ਵਿਚ ਗਿਣਦੇ ਹਨ। ਕੇਂਦਰੀ ਯੋਜਨਾਵਾਂ ਦਾ ਪੈਸਾ ਨਾ ਖਰਚ ਕਰ ਸਕਣ ਬਾਰੇ ਉਹ ਕੇਂਦਰ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਹਿੰਦੇ ਹਨ ਕਿ ਯੋਜਨਾਵਾਂ ਹੀ ਅਜਿਹੀਆਂ ਬਣਦੀਆਂ ਹਨ ਜਿਨ੍ਹਾਂ ਵਿਚ ਪੰਜਾਬ ਫਿਟ ਨਹੀਂ ਬੈਠਦਾ। ਕੰਮ ਦੇ ਬਾਵਜੂਦ ਲੋਕਾਂ ਦੀ ਨਰਾਜ਼ਗੀ ਅਤੇ ਖੁਸ਼ੀ ਦਾ ਚੋਣਾਂ ਵਿਚ ਵੀ ਪਤਾ ਲੱਗਦਾ ਹੈ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਕੋਈ ਵੀ ਸਰਵੇ ਲੋਕਾਂ ਦੀ ਸਹੀ ਨਬਜ਼ ਨਹੀਂ ਫੜ ਸਕਦਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਪਬਲਿਕ ਸਰਵਿਸ ਕਮਿਸ਼ਨ ਨੇ ਰਿਸ਼ਵਤ ਨਾਲ ਡਾਕਟਰ ਚੁਣੇ?

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** ਇਹ ਮਹਿਜ਼ ਮੈਰਿਟ ਸੂਚੀ ਨਹੀਂ। ਇਹ ਉਨ੍ਹਾਂ 'ਚੁਣੇ ਗਏ' ਖਾਸ ਵਿਅਕਤੀਆਂ ਦੀ ਸੂਚੀ ਹੈ, ਜੋ ਪੰਜਾਬ ਦੇ ਅਮੀਰ ਅਤੇ ਸ਼ਕਤੀਸ਼ਾਲੀ ਤਬਕੇ ਨਾਲ ਸਬੰਧਤ ਅਤੇ ਵਧੀਆ ਸਰਕਾਰੀ ਨੌਕਰੀਆਂ ਕਰਨ ਦੇ ਚਾਹਵਾਨ ਹਨ। ਇਕ ਅਖਬਾਰ ਵਲੋਂ ਕੀਤੀ ਗਈ ਜਾਂਚ ਤੋਂ ਇਹ ਪਤਾ ਲੱਗਿਆ ਹੈ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਪਿਛਲੇ ਸਾਲ ਜਿਨ੍ਹਾਂ 312 ਡਾਕਟਰਾਂ ਦੀ 'ਚੋਣ' ਕੀਤੀ ਗਈ ਸੀ ਉਨ੍ਹਾਂ ਵਾਸਤੇ ਇੰਟਰਵਿਊ ਦੇ 50 ਫੀਸਦੀ ਅੰਕ ਰੱਖੇ ਗਏ ਸਨ।

ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਇਹ ਅਸਾਮੀਆਂ 12 ਤੋਂ 20 ਲੱਖ ਰੁਪਏ ਦੇ ਦਰਮਿਆਨ ਵੇਚੀਆਂ ਗਈਆਂ ਅਤੇ ਰਾਜ ਭਰ ਵਿਚ ਕਈ ਵਿਅਕਤੀਆਂ ਨੇ ਪੀ.ਪੀ.ਐਸ.ਸੀ. ਦੇ ਸਬੰਧਤ ਮੈਂਬਰਾਂ ਦੇ ਕਥਿਤ ਦਲਾਲਾਂ ਵਜੋਂ ਕੰਮ ਕੀਤਾ। ਇਸ ਮੰਤਵ ਲਈ ਜਿਹੜਾ ਚੈਨਲ ਸਭ ਤੋਂ ਵਧ ਵਰਤਿਆ ਗਿਆ ਉਹ ਏ.ਐਸ.ਆਈ. ਪੱਧਰ ਦਾ ਇਕ ਪੁਲੀਸ ਅਧਿਕਾਰੀ ਸੀ, ਜੋ ਮਾਲ ਵਿਭਾਗ ਦੇ ਕਿਸੇ ਅਧਿਕਾਰੀ ਨਾਲ ਮਿਲ ਕੇ ਕੰਮ ਕਰਦਾ ਸੀ। ਵਿਜੀਲੈਂਸ ਬਿਊਰੋ ਦੇ ਇਕ ਸੀਨੀਅਰ ਅਧਿਕਾਰੀ ਦੇ 'ਬੰਦਿਆਂ' ਵਲੋਂ ਵੀ ਉਮੀਦਵਾਰਾਂ ਨਾਲ ਸੰਪਰਕ ਕੀਤੇ ਜਾਣ ਅਤੇ 'ਸਹੀ ਮੁੱਲ' ਦੀਆਂ ਪੇਸ਼ਕਸ਼ਾਂ ਕੀਤੇ ਜਾਣ ਦਾ ਪਤਾ ਲੱਗਿਆ ਹੈ। ਰਾਜ ਦੇ ਕਈ ਸੀਨੀਅਰ ਡਾਕਟਰਾਂ ਵਲੋਂ ਦਲਾਲਾਂ ਦੀ ਭੂਮਿਕਾ ਨਿਭਾਏ ਜਾਣ ਅਤੇ ਇਕ ਸਾਬਕਾ ਵਿਧਾਇਕ ਦੇ 'ਸਿਫਾਰਸ਼ੀ ਸੂਚੀ' ਵਿਚ ਨਾ ਪੁਆਉਣ ਲਈ ਕਥਿਤ ਤੌਰ 'ਤੇ ਪੈਸੇ ਵਸੂਲਣ ਦਾ ਵੀ ਪਤਾ ਲੱਗਿਆ ਹੈ। ਇਕ ਅਖਬਾਰ ਵਲੋਂ ਆਰ.ਟੀ.ਆਈ. ਐਕਟ ਤਹਿਤ ਜੋ ਦਸਤਾਵੇਜ਼ ਹਾਸਲ ਕੀਤੇ ਗਏ ਹਨ। ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਚੁਣੇ ਗਏ ਡਾਕਟਰਾਂ ਵਿਚ ਜੱਜਾਂ, ਮੰਤਰੀਆਂ, ਵਿਧਾਇਕਾਂ, ਨੌਕਰਸ਼ਾਹਾਂ ਅਤੇ ਨਿਆਂਇਕ ਅਧਿਕਾਰੀਆਂ ਦੇ ਕਰੀਬੀ ਰਿਸ਼ਤੇਦਾਰ ਸ਼ਾਮਲ ਹਨ। ਇਹ ਡਾਕਟਰ ਫਰਵਰੀ 2009 ਤੋਂ ਅਕਤੂਬਰ ਦਰਮਿਆਨ ਦੋ ਵਾਰੀਆਂ ਵਿਚ ਚੁਣੇ ਗਏ ਸਨ। ਪਹਿਲੀ ਵਾਰ 100 ਅਤੇ ਦੂਜੀ ਵਾਰ 212 ਦੀ ਇੰਟਰਵਿਊ ਲਈ ਗਈ ਸੀ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਪਹਿਲੇ 100 ਮੈਡੀਕਲ ਅਫਸਰਾਂ ਦੀ ਮੈਰਿਟ ਸੂਚੀ ਵਿਚ ਉਹ ਡਾਕਟਰ ਸ਼ਾਮਲ ਹਨ, ਜੋ ਔਸਤ ਨਾਲੋਂ ਵੀ ਨੀਵੇਂ ਦਰਜੇ ਦੇ ਮੈਡੀਕਲ ਵਿਦਿਆਰਥੀ ਸਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਨੇਪਾਲ ਦੇ ਪ੍ਰਾਈਵੇਟ ਕਾਲਜਾਂ ਤੋਂ ਐਮ.ਬੀ.ਬੀ.ਐਸ. ਕੀਤੀ ਹੈ ਅਤੇ ਦਾਖਲੇ ਵੀ ਪੇਡ ਜਾਂ ਮੈਨੇਜਮੈਂਟ ਸੀਟਾਂ 'ਤੇ ਲਏ ਸਨ। ਇਨ੍ਹਾਂ ਵਿਚੋਂ ਬਹੁਤੇ ਇਕ ਤੋਂ ਵਧ ਵਾਰ ਯਤਨ ਕਰਕੇ ਪਾਸ ਹੋਏ ਜਾਂ ਕੋਰਸ ਦੌਰਾਨ ਇਕ ਜਾਂ ਵਧੇਰੇ ਵਿਸ਼ਿਆਂ ਵਿਚ ਫੇਲ੍ਹ ਹੋਏ। ਇਹ ਵਿਅਕਤੀ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਨਕਾਰ ਕੇ ਚੁਣੇ ਗਏ ਜਿਨ੍ਹਾਂ ਵਿਚੋਂ ਕੀ ਯੂਨੀਵਰਸਿਟੀ, ਮੈਡੀਕਲ ਕਾਲਜਾਂ ਅਤੇ ਪ੍ਰੀ ਮੈਡੀਕਲ ਦਾਖਲਾ ਟੈਸਟ ਦੇ ਟਾਪਰ ਸਨ।

ਪੀ.ਪੀ.ਐਸ.ਸੀ. ਦੀ ਇਸ ਮੈਰਿਟ ਸੂਚੀ ਵਿਚ ਸਿਖਰਲੇ ਪੰਜ ਵਿਚ ਇਕ ਅਜਿਹਾ ਉਮੀਦਵਾਰ ਵੀ ਸ਼ਾਮਲ ਹੈ, ਜਿਸਨੇ ਮਹਾਰਾਸ਼ਟਰ ਦੇ ਇਕ ਪ੍ਰਾਈਵੇਟ ਮੈਡੀਕਲ ਕਾਲਜ ਤੋਂ 58.3 ਫੀਸਦੀ ਅੰਕਾਂ ਨਾਲ ਐਮ.ਬੀ.ਬੀ.ਐਸ. ਕੀਤੀ ਹੈ। ਉਸਨੇ 1993 ਵਿਚ ਐਮ.ਬੀ.ਬੀ.ਐਸ ਵਿਚ ਦਾਖਲਾ ਲਿਆ ਅਤੇ 2004 ਵਿਚ ਇਹ ਸਾਢੇ ਪੰਜ ਸਾਲ ਵਾਲੀ ਡਿਗਰੀ 11 ਸਾਲਾਂ ਵਿਚ ਮੁਕੰਮਲ ਕੀਤੀ ਇਕ ਹੋਰ 'ਟਾਪਰ' ਨੇ ਐਮ.ਬੀ.ਬੀ.ਐਸ ਵਿਚ ਮਹਿਜ਼ 57.4 ਅੰਕ ਹਾਸਲ ਕੀਤੇ। ਇਕ ਨੌਕਰਸ਼ਾਹ ਦੇ ਲੜਕੇ ਨੇ 58 ਫੀਸਦੀ ਅੰਕਾਂ ਨਾਲ ਸਾਢੇ ਛੇ ਸਾਲ ਵਿਚ ਇਹ ਡਿਗਰੀ ਹਾਸਲ ਕੀਤੀ। ਸਿਖਰਲੇ 20 ਵਿਚੋਂ 57 ਫੀਸਦੀ ਅੰਕਾਂ ਵਾਲਾ ਇਕ ਉਮੀਦਵਾਰ ਵੀ ਸ਼ਾਮਲ ਹੈ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ) ਵਲੋਂ ਡਾਕਟਰਾਂ ਦੀ ਚੋਣ ਇਸ ਗੱਲ ਦੀ ਪੂਰੀ ਸੂਰੀ ਮਿਸਾਲ ਹੈ ਕਿ ਕਿਵੇਂ ਪੈਸੇ ਤੇ ਅਸਰ-ਰਸੂਖ ਵਾਲੇ ਮੋਰਚਾ ਮਾਰ ਜਾਂਦੇ ਹਨ ਤੇ ਯੋਗ ਉਮੀਦਵਾਰ ਦੇਖਦੇ ਹੀ ਰਹਿ ਜਾਂਦੇ ਹਨ।

ਰਾਜ ਭਰ 'ਚ ਉਮੀਦਵਾਰਾਂ ਦੀਆਂ ਇੰਟਰਵਿਊਆਂ ਤੋਂ ਇਹ ਖੁਲਾਸਾ ਹੋਇਆ ਹੈ ਕਿ ਲੋਕ ਕਿਵੇਂ, ਕਿਹੜੇ-ਕਿਹੜੇ ਢੰਗਾਂ ਰਾਹੀਂ ਲੱਖਾਂ ਰੁਪਏ ਦੇ ਕੇ ਪੰਜਾਬ ਸਿਵਲ, ਮੈਡੀਕਲ ਸੇਵਾਵਾਂ 'ਚ ਲਿਆਉਣ ਲਈ ਬੇਚੈਨ ਸਨ।

ਇਕ ਚੁਣੇ ਨਾ ਗਏ ਉਮੀਦਵਾਰ ਨੇ ਕਿਹਾ ਕਿ ਜਦੋਂ ਉਹ ਇੰਟਰਵਿਊ ਦੇ ਕੇ ਆਪਣੀ ਕਾਰ 'ਚ ਬੈਠਿਆ ਤਾਂ ਇਕ ਬੰਦਾ ਆ ਕੇ ਉਹਦੇ ਨਾਲ ਬੈਠ ਗਿਆ। ਉਹਨੇ ਉਹਨੂੰ 10 ਲੱਖ ਰੁਪਏ 'ਚ ਕੰਮ ਕਰਾਉਣ ਦੀ ਪੇਸ਼ਕਸ਼ ਕੀਤੀ।

ਇਕ ਲੜਕੀ ਨੇ ਦੱਸਿਆ ਕਿ ਇੰਟਰਵਿਊ ਮਗਰੋਂ ਪੀ.ਪੀ.ਐਸ.ਸੀ. ਦੇ ਇਕ ਮੁਲਾਜ਼ਮ ਨੇ ਉਹਨੂੰ ਇਕ ਮੈਂਬਰ ਨੂੰ ਉਹਦੇ ਘਰੇ ਆਣ ਕੇ ਮਿਲਣ ਦੀ ਸਲਾਹ ਦਿੱਤੀ ਜੋ ਉਹਨੇ ਰੱਦ ਕਰ ਦਿੱਤੀ। ਜਿਨ੍ਹਾਂ ਉਮੀਦਵਾਰਾਂ ਦੀ ਚੋਣ ਨਹੀਂ ਹੋਈ ,ਉਨ੍ਹਾਂ ਨੇ ਯਾਦ ਕਰਕੇ ਦੱਸਿਆ ਕਿ ਇੰਟਰਵਿਊ ਵਾਲੇ ਦਿਨ ਪਹਿਲਾਂ ਹੀ ਇਹ ਚੁਣੇ ਗਏ ਉਮੀਦਵਾਰ ਮੈਰਿਟ ਲਿਸਟ 'ਚ ਆਪਣੀਆਂ ਪੁਜ਼ੀਸ਼ਨਾਂ ਦੇ ਪਤਾ ਹੋਣ ਦੀਆਂ ਵੀ ਸ਼ੇਖੀਆਂ ਮਾਰ ਰਹੇ ਸਨ। ਕਈ ਇਹ ਸ਼ੇਖੀ ਮਾਰ ਰਹੇ ਸਨ ਕਿ ਉਨ੍ਹਾਂ ਦਾ ਸਸਤੇ 'ਚ ਹੀ ਸਰ ਗਿਆ ।

ਇਕ ਹੋਰ ਨੇ ਦੱਸਿਆ ਕਿ ਕਈ ਅਜਿਹੇ ਸਨ ਜਿਨ੍ਹਾਂ ਨੇ 12-15 ਲੱਖ ਰੁਪਏ ਸੀਟ ਲਈ ਦਿੱਤੇ ਸਨ। ਬੜੇ ਘੱਟ ਲੋਕ ਸਨ, ਜਿਨ੍ਹਾਂ ਨੇ 10 ਲੱਖ ਰੁਪਏ ਤੋਂ ਘੱਟ ਰਕਮ 'ਚ ਸੀਟ ਲਈ ਸੀ।

'ਸੀਟਾਂ ਖਰੀਦਣ' ਵਾਲਿਆਂ ਤੋਂ ਇਲਾਵਾ ਚੁਣੀ ਹੋਈ ਸੂਚੀ 'ਚ ਤਕੜਿਆਂ ਤੇ ਜ਼ੋਰਾਵਰਾਂ ਦੇ ਧੀਆਂ-ਪੁੱਤਾਂ ਦੀ ਭਰਮਾਰ ਹੈ। ਚੁਣੇ ਗਏ ਪਹਿਲੇ 100 ਡਾਕਟਰਾਂ 'ਚ ਉਸ ਵੇਲੇ ਦੇ ਇਕ ਜੱਜ ਦੀ ਧੀ ਦਾ ਨਾਮ ਵੀ ਸ਼ਾਮਲ ਹੈ। ਉਹਦੇ ਵਲੋਂ ਪੀ.ਪੀ.ਐਸ. ਨੂੰ ਜਮ੍ਹਾਂ ਕਰਾਏ ਦਸਤਾਵੇਜ਼ਾਂ 'ਚ ਉਹਦੇ ਪਿਤਾ ਦੇ ਨਾਮ ਅੱਗੇ ਜਸਟਿਸ ਲਿਖਿਆ ਹੋਇਆ ਸੀ। ਪਹਿਲੇ ਪੰਜਾਂ 'ਚ ਇਕ ਸੈਸ਼ਨ ਜੱਜ ਦੀ ਭੈਣ ਵੀ ਚੁਣੀ ਗਈ ਹੈ। ਇਸ ਉਮੀਦਵਾਰ ਨੇ ਅੰਮ੍ਰਿਤਸਰ ਦੇ ਇਕ ਪ੍ਰਾਈਵੇਟ ਕਾਲਜ ਤੋਂ 57.4 ਫੀਸਦੀ ਅੰਕ ਲੈ ਕੇ ਐਮ.ਬੀ.ਬੀ.ਐਸ. ਕੀਤੀ ਸੀ। ਕਾਲਜ ਦੇ ਇਕ ਪ੍ਰੋਫੈਸਰ ਨੇ ਕਿਹਾ ਕਿ ਉਹ ਪੀ.ਪੀ.ਐਸ.ਸੀ. ਦੇ ਟਾਪਰਾਂ 'ਚ ਉਸਦਾ ਨਾਮ ਦੇਖ ਕੇ ਚਕਰਾ ਗਿਆ। ਉਹ ਤੇ ਇਕ ਹੋਰ ਵਿਦਿਆਰਥੀਆਂ ਨੇ ਵੀ ਅਰਜ਼ੀਆਂ ਦਿੱਤੀਆਂ ਸਨ, ਜੋ ਚੁਣੇ ਨਹੀਂ ਗਏ। ਇਕ ਹੋਰ ਨਿਆਂਇਕ ਅਧਿਕਾਰੀ ਦੀ ਪਤਨੀ ਵੀ ਚੁਣੇ ਉਮੀਦਵਾਰਾਂ 'ਚ ਸ਼ਾਮਲ ਹੈ। ਤਿੰਨ ਦੀ ਥਾਂ ਛੇ ਕੋਸ਼ਿਸ਼ਾਂ 'ਚ ਇਮਤਿਹਾਨ ਪਾਸ ਕਰਨ ਵਾਲੀ ਇਸ ਡਾਕਟਰ ਨੇ 55.4 ਫੀਸਦੀ ਅੰਕ ਲਏ ਸਨ।

ਪਹਿਲੇ ਪੰਜਾਂ 'ਚ ਇਕ ਆਈ.ਏ.ਐਸ.ਦਾ ਪੁੱਤਰ ਵੀ ਸ਼ਾਮਲ ਹੈ, ਜੋ ਹੁਣ ਭਾਵੇਂ ਸੇਵਾ ਮੁਕਤ ਹੋ ਚੁੱਕਿਆ ਹੈ ਪਰ ਇੰਟਰਵਿਊ ਵੇਲੇ ਉਹ ਸੇਵਾ 'ਚ ਸੀ। ਇਕ ਹੋਰ ਸੀਟ ਲਈ ਇਕ ਆਈ.ਏ.ਐਸ. ਦੀ ਪਤਨੀ ਨੂੰ ਮਿਲੀ ਹੈ ਜੋ ਪਟਿਆਲਾ ਦੀ ਡਿਪਟੀ ਕਮਿਸ਼ਨਰ ਰਿਹਾ ਹੈ।

212 ਸੀਟਾਂ ਦੇ ਦੂਜੇ ਪੜਾਅ 'ਚ ਇਕ ਜੱਜ ਦਾ ਜਵਾਈ ਵੀ ਚੁਣਿਆ ਗਿਆ ਹੈ। ਇਸ ਜੱਜ ਦੀ ਧੀ ਪਹਿਲੀ ਸੂਚੀ 'ਚ ਚੁਣੀ ਗਈ ਸੀ। ਅਰਜ਼ੀ ਫਾਰਮਾਂ ਨਾਲ ਲੱਗੇ ਸਿਰਨਾਵਿਆਂ ਮੁਤਾਬਕ ਹਾਈ ਕੋਰਟ ਦੇ ਇਕ ਹੋਰ ਜੱਜ ਦਾ ਪੁੱਤਰ ਵੀ ਸਰਕਾਰੀ ਡਾਕਟਰ ਬਣ ਗਿਆ ਹੈ। ਉਹਨੇ ਹਰਿਆਣਾ ਦੇ ਇਕ ਪ੍ਰਾਈਵੇਟ ਮੈਡੀਕਲ ਕਾਲਜ ਤੋਂ 67 ਫੀਸਦੀ ਨੰਬਰ ਲਏ ਸਨ। ਪਤਾ ਲੱਗਿਆ ਹੈ ਕਿ ਇਸ ਜੱਜ ਨੇ ਸਿਹਤ ਵਿਭਾਗ ਤੱਕ ਪਹੁੰਚ ਕਰਕੇ ਨਾ ਕੇਵਲ ਜੁਆਇਨਿੰਗ ਦਾ ਵਧ ਸਮਾਂ ਮੰਗਿਆ ਬਲਕਿ ਚੰਡੀਗੜ੍ਹ ਨੇੜੇ ਪੋਸਟਿੰਗ ਵੀ ਮੰਗੀ।

ਇਕ ਅਕਾਲੀ ਤੇ ਇਕ ਭਾਜਪਾ ਦੇ ਮੰਤਰੀਆਂ ਦੇ ਰਿਸ਼ਤੇਦਾਰ ਵੀ ਇਸ ਸੂਚੀ 'ਚ ਸ਼ਾਮਲ ਹਨ। ਇਕ ਸੀਨੀਅਰ ਆਈ.ਪੀ.ਐਸ. ਅਧਿਕਾਰੀ ਦੀ ਧੀ ਵੀ ਡਾਕਟਰ ਚੁਣੀ ਗਈ ਹੈ। ਰਾਜ ਦੇ ਦੋ ਐਸ.ਐਸ.ਪੀਜ਼ ਦੀਆਂ ਪਤਨੀਆਂ ਵੀ ਦੂਜੀ ਸੂਚੀ ਦੇ ਪਹਿਲੇ ਦਸ ਚੁਣੇ ਗਏ ਉਮੀਦਵਾਰਾਂ 'ਚ ਸ਼ਾਮਲ ਹਨ । ਉਂਜ ਦੋਵਾਂ ਨੇ ਐਮ.ਡੀ.ਕੀਤੀ ਹੋਈ ਹੈ ਤੇ ਨੰਬਰ ਵੀ ਚੰਗੇ ਹਨ। ਇਕ ਹੋਰ ਆਈ.ਏ.ਐਸ. ਦੀ ਰਾਜਸਥਾਨ ਤੋਂ 62.88 ਫੀਸਦੀ ਅੰਕਾਂ ਨਾਲ ਐਮ.ਬੀ.ਬੀ.ਐਸ. ਕਰਨ ਵਾਲੀ ਪਤਨੀ ਵੀ ਚੁਣੀ ਗਈ ਹੈ।

ਰਾਜ 'ਚ ਤਾਇਨਾਤ ਦੋ ਸਿਵਲ ਸਰਜਨਾਂ ਦੇ ਨੇੜਲੇ ਰਿਸ਼ਤੇਦਾਰ ਤੇ ਦੋ ਸੇਵਾਮੁਕਤ ਸਿਵਲ ਸਰਜਨਾਂ ਦੇ ਰਿਸ਼ਤੇਦਾਰ ਵੀ 'ਯੋਗ' ਪਾਏ ਗਏ। ਦੋ ਸਾਬਕਾ ਸੰਸਦ ਮੈਂਬਰਾਂ ਦੇ ਰਿਸ਼ਤੇਦਾਰ ਵੀ ਇਸ ਸੂਚੀ 'ਚ ਸ਼ਾਮਲ ਹਨ।

**ਚੋਣ ਜਾਇਜ਼ ਕਰਾਰ :** ਇਸ ਸਬੰਧੀ ਜਦੋਂ ਪੀ.ਪੀ.ਐਸ.ਸੀ. ਦੇ ਮੈਂਬਰ ਬ੍ਰਿਗੇਡੀਅਰ (ਸੇਵਾਮੁਕਤ) ਡੀ.ਐਸ.ਗਰੇਵਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਪੂਰੀ ਸਹੀ ਪ੍ਰਕਿਰਿਆ ਰਾਹੀਂ ਮੈਡੀਕਲ ਅਫਸਰਾਂ ਦੀ ਚੋਣ ਕੀਤੀ ਹੈ ਅਤੇ ਕਮਿਸ਼ਨ ਨੂੰ ਇਹ ਅਸਾਮੀਆਂ ਭਰਨ ਲਈ ਕਥਿਤ ਤੌਰ 'ਤੇ ਰਿਸ਼ਵਤ ਲਏ ਜਾਣ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ।

## ਪ੍ਰਵਾਸੀ ਭਾਰਤੀ ਦੇ ਘਰੋਂ 60 ਲੱਖ ਰੁਪਏ ਲੁਟੇ

**ਜਲੰਧਰ :** ਜਲੰਧਰ ਦੀ ਗਾਰਡਨ ਕਾਲੋਨੀ ਵਿਚ ਰਹਿੰਦੇ ਅਤੇ ਪ੍ਰਾਪਰਟੀ ਦਾ ਕੰਮ ਕਰਦੇ ਇਕ ਪ੍ਰਵਾਸੀ ਭਾਰਤੀ ਦੇ ਘਰੋਂ ਬੀਤੇ ਦਿਨੀਂ ਚਾਰ ਵਿਅਕਤੀਆਂ ਨੇ ਪਿਸਤੌਲ ਦੀ ਨੋਕ 'ਤੇ 60 ਲੱਖ ਰੁਪਏ ਲੁੱਟ ਲਏ ਅਤੇ ਫਰਾਰ ਹੋ ਗਏ। ਪੁਲਿਸ ਨੇ ਇਕ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ ਵਿਚੋਂ 10 ਲੱਖ ਦੀ ਰਾਸ਼ੀ ਬਰਾਮਦ ਕਰ ਲਈ ਹੈ। ਜਦਕਿ ਬਾਕੀ ਤਿੰਨ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਫੜਿਆ ਗਿਆ ਕਥਿਤ ਦੋਸ਼ੀ ਮੁਕਤ ਪ੍ਰਵਾਸੀ ਭਾਰਤੀ ਦਾ ਕਰੀਬੀ ਹੀ ਨਿਕਲਿਆ ਹੈ।

ਐਸ.ਪੀ. ਸਿਟੀ (ਦੋ) ਸਰਬਜੀਤ ਸਿੰਘ ਨੇ ਦਸਿਆ ਕਿ ਚਰਨਜੀਤ ਸਿੰਘ ਬੈਂਸ ਅਮਰੀਕਾ ਦਾ ਰਹਿਣ ਵਾਲਾ ਪ੍ਰਵਾਸੀ ਭਾਰਤੀ ਹੈ ਅਤੇ ਇਥੇ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਹੈ। ਉਸ ਨੇ ਕੁਝ ਦਿਨ ਪਹਿਲਾਂ ਹੀ ਬਿਧੀਪੁਰ ਫਾਟਕ ਨੇੜੇ ਇਕ ਕਾਲੋਨੀ ਕੱਟੀ ਸੀ। ਜਿਸ ਦੇ ਪੈਸਿਆਂ ਵਿਚੋਂ 60 ਲੱਖ ਉਸਨੇ ਘਰ ਵਿਚ ਰੱਖੇ ਹੋਏ ਸਨ। ਦੋਸ਼ੀਆਂ ਨੇ ਲੁੱਟ-ਖੋਹ ਉਸ ਵੇਲੇ ਕੀਤੀ ਜਦੋਂ ਚਰਨਜੀਤ ਸਿੰਘ ਘਰ ਵਿਚ ਨਹੀਂ ਸੀ।


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

Vital Shield Plus 2900 Generic Rx

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

An independent Licensee of the Blue Shield Association A36145(1/09)



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty


Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸਰਨਾ ਪੰਜਾਬ ਦੀ ਥਾਂ ਦਿੱਲੀ ਬਚਾਏ-ਮੱਕੜ

**ਕੁਹਾੜਾ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਵੰਗਾਰਦਿਆਂ ਕਿਹਾ ਕਿ ਉਹ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਸੁਪਨਾ ਛੱਡ ਕੇ ਦਿੱਲੀ ਕਮੇਟੀ ਦੇ ਆਪਣੇ ਕਬਜ਼ੇ ਨੂੰ ਬਚਾਉਣ ਦੀ ਸੋਚੇ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਚੋਣਾਂ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ ਅਤੇ ਅਕਾਲੀ ਦਲ ਵਲੋਂ ਕਾਂਗਰਸ ਦੇ ਇਸ 'ਏਜੰਟ' ਨੂੰ ਦਿੱਲੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਧੋਬੀ ਪਟਕਾ ਮਾਰਿਆ ਜਾਵੇਗਾ। ਸ੍ਰੀ ਮੱਕੜ ਇਥੋਂ ਲਾਗੇ ਇਤਿਹਾਸਕ ਗੁਰਦੁਆਰਾ ਦੇਗਸਰ ਕਟਾਣਾ ਸਾਹਿਬ ਵਿਖੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਜਥੇਦਾਰ ਮੱਕੜ ਨੇ ਦੋਸ਼ ਲਾਇਆ ਕਿ ਪਰਮਜੀਤ ਸਿੰਘ ਸਰਨਾ ਕਾਂਗਰਸ ਦੇ ਇਸ਼ਾਰਿਆਂ 'ਤੇ ਸਿੱਖ ਪੰਥ ਨੂੰ ਕਮਜ਼ੋਰ ਕਰ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਚਲਦਾ ਕਰਨਾ ਕੌਮ ਦੇ ਹਿੱਤ ਵਿਚ ਹੈ। ਇਕ ਸਵਾਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਜਦੋਂ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਪੰਥ ਵਿਚੋਂ ਛੇਕੇ ਪ੍ਰੋ. ਦਰਸ਼ਨ ਸਿੰਘ ਨੂੰ ਮੁਆਫ਼ੀ ਨਹੀਂ ਦੇਵੇਗਾ ਉਦੋਂ ਤਕ ਉਹ ਦਰਸ਼ਨ ਸਿੰਘ ਨਾਲ ਗੱਲ ਕਰਨੀ ਤਾਂ ਦੂਰ ਉਨ੍ਹਾਂ ਦਾ ਫੋਨ ਵੀ ਨਹੀਂ ਸੁਣਨਗੇ।

ਇਸ ਤੋਂ ਪਹਿਲਾਂ ਸ੍ਰੀ ਮੱਕੜ ਨੇ ਆਪਣੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਦਾ ਗੁਰਤਾਗੱਦੀ ਦਿਵਸ 14 ਮਾਰਚ ਨੂੰ ਵਾਤਾਵਰਣ ਸੰਭਾਲ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਨੇ ਇਸ ਦਿਨ ਆਪਣੇ ਪ੍ਰਬੰਧ ਅਧੀਨ ਇਤਿਹਾਸਕ, ਗੁਰਧਾਮਾਂ, ਵਿੱਦਿਅਕ ਅਦਾਰਿਆਂ, ਲੋਕਲ ਕਮੇਟੀਆਂ, ਸਿੱਖ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਇਕ ਲੱਖ ਪੌਦੇ ਲਗਾਉਣ ਦਾ ਟੀਚਾ ਮਿਥਿਆ ਹੈ।

ਇਸ ਦੌਰਾਨ ਨਾਨਕਸ਼ਾਹੀ ਕੈਲੰਡਰ ਦਾ ਸੋਧਿਆ ਰੂਪ ਛਪਾਈ ਅਧੀਨ ਹੈ ਅਤੇ ਇਸਨੂੰ 14 ਮਾਰਚ ਤੋਂ ਪਹਿਲਾਂ ਰਿਲੀਜ਼ ਕਰ ਦਿੱਤਾ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਸਬੰਧੀ



ਨਾਨਕਸ਼ਾਹੀ ਕੈਲੰਡਰ ਦਾ ਸੋਧਿਆ ਰੂਪ 14 ਤੋਂ ਪਹਿਲਾਂ ਹੋਵੇਗਾ ਰਿਲੀਜ਼

ਦੱਸਿਆ ਕਿ ਸੰਗਰਾਂਦਾਂ ਅਤੇ ਗੁਰਪੁਰਬਾਂ ਬਾਰੇ ਅਕਾਲ ਤਖਤ ਦੇ ਸੁਝਾਅ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਸੁਝਾਵਾਂ ਨੂੰ ਦਿੱਤੀ ਪ੍ਰਵਾਨਗੀ ਅਨੁਸਾਰ ਸੋਧਾਂ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਦਾ ਆਗਮਨ ਪੁਰਬ, ਗੁਰੂ ਗੋਬਿੰਦ ਸਿੰਘ ਦਾ ਹੀ ਜੋਤੀ ਜੋਤ ਸਮਾਉਣਾ ਦਿਵਸ, ਗੁਰੂ ਗ੍ਰੰਥ ਸਾਹਿਬ ਦਾ ਗੁਰੂਗੱਦੀ ਦਿਵਸ ਅਤੇ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਵਸ ਨਵੇਂ ਸਿਰਿਓਂ ਦਰਜ ਕੀਤੇ ਹਨ ਪਰ ਗੁਰੂ ਨਾਨਕ ਦੇਵ ਦਾ ਜਨਮ ਦਿਹਾੜਾ ਅਤੇ ਦੀਵਾਲੀ ਦੀਆਂ ਤਰੀਕਾਂ ਵਿਚ ਕੋਈ ਸੋਧ ਨਹੀਂ ਕੀਤੀ ਗਈ। ਸ੍ਰੀ ਮੱਕੜ ਨੇ ਇਹ ਵੀ ਦੱਸਿਆ ਕਿ ਪਾਕਿਸਤਾਨ ਵਿਚ ਤਾਲਿਬਾਨ ਵਲੋਂ ਕਤਲ ਤੇ ਜ਼ਖਮੀ ਕੀਤੇ ਸਿੱਖਾਂ ਦੇ ਪਰਿਵਾਰਾਂ ਨੂੰ 11 ਲੱਖ ਰੁਪਏ (ਪਾਕਿ ਕਰੰਸੀ) ਰਾਹਤ ਵਜੋਂ ਭੇਜੇ ਗਏ ਹਨ। ਇਹ ਰਾਹਤ ਰਾਸ਼ੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਰਾਹੀਂ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਅਤੇ ਪਾਕਿਸਤਾਨ ਸਰਕਾਰ ਤੋਂ 11 ਮੈਂਬਰੀ ਜਥਾ ਭੇਜਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ ਤਾਂ ਕਿ ਪਿਸ਼ਾਵਰ ਅਤੇ ਨੇੜਲੇ ਖੇਤਰਾਂ ਵਿਚ ਰਹਿੰਦੇ ਸਿੱਖਾਂ ਦੀ ਹਾਲਤ ਬਾਰੇ ਘੋਖ ਪੜਤਾਲ ਕੀਤੀ ਜਾ ਸਕੇ। ਸ਼੍ਰੋਮਣੀ ਕਮੇਟੀ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੇ ਦੁੱਖ ਤਕਲੀਫਾਂ ਤੋਂ ਚਿੰਤਤ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਸੈਸ਼ਨ ਇਸ ਮਹੀਨੇ ਦੇ ਅਖੀਰ ਵਿਚ ਹੋਵੇਗਾ ਅਤੇ ਧਰਮ ਪ੍ਰਚਾਰ ਪ੍ਰੋਗਰਾਮ 'ਤੇ ਜ਼ੋਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੀ.ਟੀ.ਸੀ. ਚੈਨਲ 'ਤੇ ਕਥਾ ਦਾ ਸਿੱਧਾ ਪ੍ਰਸਾਰਣ ਸ਼ੁਰੂ ਕੀਤਾ ਜਾਵੇਗਾ। ਇਥੇ ਦੱਸਣਯੋਗ ਹੈ ਕਿ ਬੀਤੇ ਦਿਨੀਂ ਤਾਲਿਬਾਨ ਵਲੋਂ ਪਾਕਿਸਤਾਨੀ ਸਿੱਖ ਜਸਪਾਲ ਸਿੰਘ ਅਤੇ ਮਾਹਲ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ।

# ਅਕਾਲੀ ਦਲ ਦਿੱਲੀ ਦੀ ਪੰਜਾਬ ਇਕਾਈ ਦਾ ਐਲਾਨ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ 8 ਮਾਰਚ ਨੂੰ ਪੰਜਾਬ ਇਕਾਈ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰਨ ਦੇ ਨਾਲ 11 ਅਪ੍ਰੈਲ ਨੂੰ ਦਿੱਲੀ 'ਚ ਸਿੱਖ ਸਮੱਸਿਆਵਾਂ 'ਤੇ ਵਿਸ਼ਵ ਸਿੱਖ ਸੰਮੇਲਨ ਕਰਵਾਉਣ ਦੀ ਘੋਸ਼ਣਾ ਵੀ ਕੀਤੀ ਹੈ। ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਜਥੇਦਾਰ ਜਸਵਿੰਦਰ ਸਿੰਘ ਬਲੀਏਵਾਲ ਦੀ ਮੌਜੂਦਗੀ ਵਿਚ ਗੁਰਦੁਆਰਾ ਮਾਡਲ ਟਾਊਨ ਵਿਖੇ ਐਲਾਨੇ ਗਏ ਪਾਰਟੀ ਢਾਂਚੇ 'ਚ ਸਾਧੂ ਸਿੰਘ ਚੰਬਲ, ਪ੍ਰਸ਼ੋਤਮ ਸਿੰਘ ਫੱਗੂਵਾਲਾ ਅਤੇ ਗੁਰਭੇਜ ਸਿੰਘ ਫਾਜ਼ਿਲਕਾ ਐਕਸ ਚੇਅਰਮੈਨ ਮਾਰਕੀਟ ਕਮੇਟੀ ਅਬੋਹਰ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ।

ਇਸਤੋਂ ਇਲਾਵਾ ਸਤਵੰਤ ਸਿੰਘ ਤਲਵੰਡੀ ਕਲਾਂ, ਬਲਵੰਤ ਸਿੰਘ ਬ੍ਰਹਮਕੇ ਅਤੇ ਗੁਰਪ੍ਰੀਤ ਸਿੰਘ ਚੰਦਬਾਜਾ ਤਿੰਨੇ ਜਨਰਲ ਸਕੱਤਰ ਬਣਾਏ ਗਏ ਹਨ। ਹਰਦਿਆਲ ਸਿੰਘ ਅਮਨ ਖਜ਼ਾਨਚੀ, ਤਰਲੋਚਨ ਸਿੰਘ ਡੰਗ ਐਡਵੋਕੇਟ ਲੀਗਲ ਐਡਵਾਈਜ਼ਰ, ਬਲਵੀਰ ਸਿੰਘ ਕੁਰਾਲਾ ਜਥੇਬੰਦਕ ਸਕੱਤਰ, ਭਾਈ ਮਨਜੀਤ ਸਿੰਘ, ਬਾਬਾ ਜਸਪਾਲ ਸਿੰਘ, ਪਰਮਿੰਦਰ ਸਿੰਘ ਕਹਿਰਾ, ਭੁਪਿੰਦਰ ਸਿੰਘ ਗਰੇਵਾਲ ਅਤੇ ਬਲਵਿੰਦਰ ਸਿੰਘ ਡੇਰਾਬੱਸੀ ਪੰਜੇ ਪ੍ਰਚਾਰ ਸਕੱਤਰ ਬਣਾਏ ਗਏ ਹਨ।

ਦਿੱਲੀ ਅਕਾਲੀ ਦਲ ਨੇ 8 ਜ਼ਿਲਾ ਪ੍ਰਧਾਨਾ ਦਾ ਵੀ ਐਲਾਨ ਕਰ ਦਿੱਤਾ ਹੈ ਜਿਸ ਵਿਚ ਜ਼ਿਲ੍ਹਾ ਫਿਰੋਜ਼ਪੁਰ ਦੇ ਅਜੈਬ ਸਿੰਘ ਪੱਟੀ ਸਦੀਕ ਜ਼ਿਲ੍ਹਾ ਪ੍ਰਧਾਨ ਹੋਣਗੇ। ਇਸੇ ਤਰ੍ਹਾਂ ਅਮਰੀਕ ਸਿੰਘ ਦੌਲੇਵਾਲ ਜ਼ਿਲ੍ਹਾ ਮੋਗਾ, ਮਨਜੀਤ ਸਿੰਘ ਠੁਕਰਾਲ ਜਲੰਧਰ, ਹਰਜਿੰਦਰ ਸਿੰਘ ਬਿਲੇ ਤਰਨ ਤਾਰਨ, ਮਨਮੋਹਨ ਸਿੰਘ ਲੰਗ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਗੁਰਸੇਵਕ ਸਿੰਘ ਰੋੜਾਂਵਲੀ ਮੁਕਤਸਰ, ਪ੍ਰਗਟ ਸਿੰਘ ਕਲੇਰ ਫਰੀਦਕੋਟ ਅਤੇ ਸ਼ਮਸ਼ੇਰ ਸਿੰਘ ਭਰੋਆਲ ਕਪੂਰਥਲਾਦੇ ਪ੍ਰਧਾਨ ਬਣਾਏ ਗਏ ਹਨ। ਗੁਰਮੀਤ ਸਿੰਘ ਮੁੰਡੀਆਂ ਨੂੰ ਆਲ ਇੰਡੀਆ ਅਕਾਲੀ ਦਲ ਯੂਥ ਵਿੰਗ ਦੇ ਪ੍ਰਧਾਨ, ਗੁਰਦੀਪ ਸਿੰਘ ਗੋਸਾ ਨੂੰ ਪੰਜਾਬ ਯੂਥ ਵਿੰਗ ਦੇ ਪ੍ਰਧਾਨ, ਚੌਧਰੀ ਰਹਿਮਦੀਨ ਮਲੇਰਕੋਟਲਾ ਮੁਸਲਿਮ ਵਿੰਗ ਅਤੇ ਬਲਵਿੰਦਰ ਸਿੰਘ ਭੁੱਲਰ ਨੂੰ ਪੰਜਾਬ ਵਪਾਰ ਮੰਡਲ ਦਾ ਪ੍ਰਧਾਨ ਬਣਾਇਆ ਗਿਆ ਹੈ।

ਵਰਕਿੰਗ ਕਮੇਟੀ ਮੈਂਬਰਾਂ ਵਿਚ ਕੁਲਰਾਜ ਸਿੰਘ ਸੇਠੀ, ਭਜਨ ਸਿੰਘ, ਸੁਖਵਿੰਦਰ ਸਿੰਘ, ਅਰਬੇਲ ਸਿੰਘ, ਸਤਵਿੰਦਰਸਿੰਘ ਸਾਹਨੇਵਾਲ, ਕਰਮਜੀਤ ਸਿੰਘ ਨਾਰੰਗਵਾਲ, ਹਰਦੇਵ ਸਿੰਘ ਬੁੱਢੇਵਾਲ, ਹਰਬੰਸ ਸਿੰਘ ਦੂਲੋਂ, ਹਰਦੇਵ ਸਿੰਘ ਈਸੜੂ, ਮਲਕੀਅਤ ਸਿੰਘ ਧਾਲੀਵਾਲ, ਬਗੀਚਾ ਸਿੰਘ ਮੰਦਿਰ, ਲਸ਼ਕਰ ਸਿੰਘ ਬਾਜਵਾ, ਮੋਹਣ ਸਿੰਘ ਘੁਡਾਣੀ, ਕੁਲਦੀਪ ਸਿੰਘ ਖਾਲਸਾ, ਅਜੀਤ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਤੁਗਲਵਾਲ, ਜਸਬੀਰ ਸਿੰਘ ਰਾਜਾ, ਰਣਬੀਰ ਸਿੰਘ, ਗੁਰਇਕਬਾਲ ਸਿੰਘ ਬੰਦੀ ਅਤੇ ਦਰਸ਼ਨ ਸਿੰਘ ਬੇਅੰਤਪੁਰਾ ਸਮੇਤ 21 ਮੈਂਬਰੀ ਵਰਕਿੰਗ ਕਮੇਟੀ ਬਣਾਈ ਗਈ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਅਕਾਲੀ ਦਲ ਦਿੱਲੀ, ਪੰਜਾਬ ਅੰਦਰ ਹੋਣ ਜਾ ਰਹੀ ਸ਼੍ਰੋਮਣੀ ਕਮੇਟੀ ਚੋਣ ਵਿਚ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਉਹ ਅਕਾਲੀ ਦਲ 1920 ਰਵੀਇੰਦਰ ਅਤੇ ਸੁਰਜੀਤ ਸਿੰਘ ਬਰਨਾਲਾ ਨੂੰ ਭਾਈਵਾਲ ਬਣਾਉਣਗੇ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਇਹ ਚੋਣ ਸਿੱਖਾਂ ਦੇ ਭਵਿੱਖ ਦਾ ਫੈਸਲਾ ਕਰੇਗੀ।

ਉਨ੍ਹਾਂ ਦੱਸਿਆ ਕਿ 11 ਅਪ੍ਰੈਲ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖਾਂ ਦੀਆਂ 80 ਸਿਰਮੌਰ ਹਸਤੀਆਂ ਦੇ ਸਹਿਯੋਗ ਨਾਲ ਵਿਸ਼ਵ ਸਿੱਖ ਕਨਵੈਨਸ਼ਨ ਬੁਲਾਈ ਗਈ ਹੈ ਜਿਸ ਵਿਚ ਸਿੱਖਾਂ ਨੂੰ ਹਰ ਪ੍ਰਕਾਰ ਦੇ ਦਰਪੇਸ਼ ਮਸਲਿਆਂ 'ਤੇ ਵਿਚਾਰ ਚਰਚਾ ਹੋਵੇਗੀ ਅਤੇ ਇਸਦੇ ਸਾਰਥਿਕ ਹੱਲ ਲੱਭੇ ਜਾਣਗੇ। ਉਨ੍ਹਾਂ ਦੱਸਿਆ ਕਿ ਲੁਧਿਆਣਾ ਗੋਲੀ ਕਾਂਡ ਬਾਰੇ ਜਸਟਿਸ ਦੁਆਬੀਆ 'ਤੇ ਅਧਾਰਿਤ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰ ਲਈ ਹੈ। ਇਹ ਅਗਲੇ ਹਫਤੇ ਭਾਰਤ ਦੇ ਗ੍ਰਹਿ ਮੰਤਰੀ ਕੋਲ ਪੇਸ਼ ਕਰ ਦਿੱਤੀ ਜਾਵੇਗੀ। ਬਲੈਕ ਲਿਸਟ ਵਿਦੇਸ਼ੀਂ ਬੈਠੇ ਸਿੱਖਾਂ ਬਾਰੇ ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ 80 ਫੀਸਦੀ ਲਿਸਟ ਪੰਜਾਬ ਸਰਕਾਰ ਨੇ ਬਣਾਈ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਇਸ ਵਿਚ ਸ਼ਾਮਲ ਲੋਕਾਂ ਨੂੰ ਆਮ ਮੁਆਫੀ ਦੇਣਾ ਨਹੀਂ ਚਾਹੁੰਦੀ। ਉਨ੍ਹਾਂ ਨੇ ਸਰਕਾਰ ਨੂੰ ਚਿੱਠੀਆਂ ਲਿਖੀਆਂ ਤੇ ਸਮਾਂ ਮੰਗਿਆ ਪਰ ਸਰਕਾਰ ਨੇ ਨਾਂ ਚਿੱਠੀਆਂ ਦਾ ਉੱਤਰ ਦਿੱਤਾ ਤੇ ਨਾ ਹੀ ਉਨ੍ਹਾਂ ਨੂੰ ਸਮਾਂ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਾਲੀ ਸੂਚੀ ਖਤਮ ਕਰਨ ਦਾ ਬਾਦਲ ਸਰਕਾਰ ਸਿਆਸੀ ਲਾਹਾ ਲੈ ਲਵੇ, ਪਰ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਵਿਦੇਸ਼ਾਂ 'ਚ ਰੁਲ ਰਹੇ ਸਿੱਖ ਵੀਰ ਆਪਣੇ ਵਤਨ ਤਾਂ ਪਰਤ ਸਕਣਗੇ? ਨਵੇਂ ਅਕਾਲੀ ਦਲ ਦੇ ਢਾਂਚੇ ਤੋਂ ਪੰਜਾਬ ਸਰਕਾਰ ਜਿਵੇਂ ਬਹੁਤ ਫਿਕਰਮੰਦ ਹੋਵੇ, ਇਸ ਮੌਕੇ ਗੁਰਦੁਆਰਾ ਸਾਹਿਬ ਦੁਆਲੇ ਜਿੱਥੇ ਸੁਰੱਖਿਆ ਦਸਤਿਆਂ ਨੇ ਘੇਰਾ ਘੱਤਿਆ ਹੋਇਆ ਸੀ, ਉੱਥੇ ਖੁਫੀਆ ਏਜੰਸੀਆਂ ਦੇ ਅਧਿਕਾਰੀ, ਕਰਮਚਾਰੀ ਵੱਡੀ ਗਿਣਤੀ ਵਿਚ ਸੂਹ ਲੈਂਦੇ ਰਹੇ। ਇਹ ਅਧਿਕਾਰੀ ਮੋਬਾਈਲ ਫੋਨਾਂ ਰਾਹੀਂ ਅਹੁਦੇਦਾਰਾਂ ਦੀਆਂ ਸੂਚਨਾਵਾਂ ਸਿਰਨਾਵੇਂ ਆਪਣੇ ਅਧਿਕਾਰੀਆਂ ਨੂੰ ਪਹੁੰਚਾਉਂਦੇ ਰਹੇ।

# ਪ੍ਰੋ. ਦਰਸ਼ਨ ਦੀ ਵਾਪਸੀ ਦੇ ਆਸਾਰ ਬਣੇ ?



**ਅੰਮ੍ਰਿਤਸਰ:** ਪੰਥ 'ਚੋਂ ਛੇਕੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਰਾਗੀ ਦੀ ਕਿਸੇ ਸਮੇਂ ਵੀ ਪੰਥ 'ਚ ਵਾਪਸੀ ਹੋ ਸਕਦੀ ਹੈ। ਇਸ ਵਾਪਸੀ ਦੇ ਲਈ ਮੈਦਾਨ ਤਿਆਰ ਕੀਤਾ ਜਾ ਰਿਹਾ ਹੈ। ਜਾਣਕਾਰਾਂ ਅਨੁਸਾਰ ਇਸ ਸਬੰਧੀ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਅਤੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਲਈ ਕੁਝ ਅਹਿਮ ਸ਼ਖਸੀਅਤਾਂ ਵਲੋਂ ਉਪਰਾਲੇ ਸ਼ੁਰੂ ਕੀਤੇ ਜਾ ਰਹੇ ਹਨ। ਜੇਕਰ ਇਹ ਉਪਰਾਲੇ ਸਾਜਗਾਰ ਰਹੇ ਤਾਂ ਅਕਾਲ ਤਖ਼ਤ 'ਤੇ ਅਗਲੇ ਮਹੀਨੇ 5 ਸਿੰਘ ਸਾਹਿਬਾਨ ਦੀ ਮੀਟਿੰਗ ਹੋਵੇਗੀ।

ਸੂਤਰਾਂ 'ਤੇ ਜੇਕਰ ਯਕੀਨ ਕੀਤਾ ਜਾਵੇ ਤਾਂ ਇਕ ਸਮਝੌਤੇ 'ਤੇ ਦੋਹਾਂ ਧਿਰਾਂ ਵਲੋਂ 'ਹੁੰਗਾਰਾ' ਭਰ ਦਿੱਤਾ ਗਿਆ ਹੈ। ਇਸ ਸਮਝੌਤੇ 'ਚ ਇਕ ਸਮਝੌਤਾ ਇਹ ਵੀ ਹੈ ਕਿ ਪ੍ਰੋ. ਦਰਸ਼ਨ ਸਿੰਘ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਦੂਰ ਰਹਿਣਗੇ।ਇਸ ਸਬੰਧੀ ਜਦੋਂ ਪ੍ਰੋ. ਦਰਸ਼ਨ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕੋਈ ਸਪਸ਼ਟ ਉੱਤਰ ਨਹੀਂ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਕਿਸੇ ਇਕ ਧਿਰ ਨਾਲ ਤੁਰਨ ਦੀ ਬਜਾਏ ਇਸ ਗੱਲ 'ਤੇ ਜ਼ੋਰ ਦੇਣਗੇ ਕਿ ਉਨ੍ਹਾਂ ਲੋਕਾਂ ਨੂੰ ਅੱਗੇ ਲਿਆਂਦਾ ਜਾਵੇ ਜੋ ਗੁਰੂ ਸਿਧਾਂਤ ਦੇ ਪੱਕੇ ਹਨ। ਜਿਨ੍ਹਾਂ ਦਾ ਆਧਾਰ ਸੇਵਾ ਭਾਵਨਾ ਘੱਟ ਅਤੇ ਸਿਆਸਤ ਕਰਨਾ ਜ਼ਿਆਦਾ ਹੋਵੇਗਾ ਉਨ੍ਹਾਂ ਤੋਂ ਸਿੱਖ ਸੰਗਤਾਂ ਦੂਰੀ ਬਣਾਉਣ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੱਲਬਾਤ ਨਹੀਂ ਹੋ ਸਕੀ ਪਰ ਉਨ੍ਹਾਂ ਦੇ ਨਜ਼ਦੀਕੀਆਂ ਦਾ ਮੰਨਣਾ ਹੈ ਕਿ ਇਹ ਅਫਵਾਹ ਇਕ ਸਾਜ਼ਿਸ਼ ਤਹਿਤ ਫੈਲਾਈ ਜਾ ਰਹੀ ਹੈ। ਪ੍ਰੋ. ਦਰਸ਼ਨ ਸਿੰਘ ਦੇ ਸਬੰਧ 'ਚ ਜਾਰੀ ਹੋਇਆ ਹੁਕਮਨਾਮਾ ਕਿਸੇ ਵੀ ਸਮਝੌਤੇ ਦੀ ਭੇਟ ਨਹੀਂ ਚੜ੍ਹ ਸਕਦਾ। ਪ੍ਰੋ.ਦਰਸ਼ਨ ਸਿੰਘ ਨੂੰ ਹੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਅੱਗੇ ਝੁਕਣਾ ਪਵੇਗਾ। ਜੇ ਉਹ ਨਿਮਾਣੇ ਸਿੱਖ ਵਾਂਗ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਣਗੇ ਤਾਂ ਫਿਰ ਕਿਤੇ ਜਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਗੁਰ ਮਰਿਆਦਾ ਅਨੁਸਾਰ ਅਗਲੀ ਕੋਈ ਕਾਰਵਾਈ ਹੋ ਸਕਦੀ ਹੈ।

# ਦਲ ਖਾਲਸਾ ਵਲੋਂ ਬਾਦਲ 'ਤੇ ਧੋਖਾ ਦੇਣ ਦੇ ਦੋਸ਼

**ਚੰਡੀਗੜ੍ਹ:** ਦਲ ਖਾਲਸਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਆਪਣੇ ਕਾਰਜਕਾਲ ਦੇ ਪਹਿਲੇ ਤਿੰਨ ਵਰ੍ਹਿਆਂ ਦੌਰਾਨ ਚੋਣ ਵਾਅਦਿਆਂ ਨੂੰ ਪੂਰਾ ਨਾ ਕਰਨ 'ਤੇ ਵੋਟਰਾਂ ਨੂੰ ਧੋਖਾ ਦੇਣ ਦੇ ਦੋਸ਼ ਲਾਏ ਹਨ। ਦਲ ਖਾਲਸਾ ਦੇ ਰਾਜਸੀ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਚੋਣਾਂ ਮੌਕੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਗੈਰ ਰਾਇਪੇਰੀਅਨ ਸੂਬਿਆਂ ਨੂੰ ਜਾ ਰਹੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਰੋਕ ਕੇ ਸੂਬੇ ਨਾਲ ਲੰਬੇ ਸਮੇਂ ਤੋਂ ਕਾਂਗਰਸ ਦੀਆਂ ਕੇਂਦਰ ਸਰਕਾਰਾਂ ਵਲੋਂ ਕੀਤੀ ਜਾ ਰਹੀ ਬੇਇਨਸਾਫੀ ਨੂੰ ਰੋਕਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ ਦੀ ਵਾਗਡੋਰ ਸੰਭਾਲਿਆਂ ਤਿੰਨ ਵਰ੍ਹੇ ਹੋ ਗਏ ਹਨ ਪਰ ਬਾਦਲ ਸਰਕਾਰ ਨੇ 'ਪੰਜਾਬ ਪਾਣੀਆਂ ਸਮਝੌਤੇ ਰੱਦ ਕਾਨੂੰਨ 2004' ਦੀ ਧਾਰਾ (5) ਨੂੰ ਰੱਦ ਨਹੀਂ ਕੀਤਾ, ਜਿਸ ਤਹਿਤ ਪੰਜਾਬ ਦਾ ਦਰਿਆਈ ਪਾਣੀ ਖੋਹ ਕੇ ਦੂਜੇ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਆਪਣੀਆਂ ਅਖਾਉਤੀ ਪ੍ਰਾਪਤੀਆਂ ਨੂੰ ਦਰਸਾਉਣ ਲਈ ਸੂਬੇ ਦੇ ਲੋਕਾਂ ਦੇ ਕਰੋੜਾਂ ਰੁਪਏ ਇਸ਼ਤਿਹਾਰਾਂ ਰਾਹੀਂ ਰੋੜ੍ਹ ਰਹੀ ਹੈ।

CTR
CENTRAL TRAILER REPAIR
3275 E Central Fresno, CA
Ph: 559 268 8231
We work on all makes & models of refrigeration units.



- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।


We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)
E-mail:paul@cfxfresno.com

Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

# ਅਮਰਿੰਦਰ ਸਿੰਘ ਦੀ ਕਿਤਾਬ 'ਦਿ ਲਾਸਟ ਸਨ ਸੈੱਟ' ਜਾਰੀ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ 'ਲਾਹੌਰ ਦਰਬਾਰ ਬਾਰੇ ਲਿਖੀ ਪੁਸਤਕ 'ਦਿ ਲਾਸਟ ਸਨ ਸੈੱਟ' ਸਾਬਕਾ ਏਅਰ ਮਾਰਸ਼ਲ ਅਰਜਨ ਸਿੰਘ ਨੇ ਇਥੇ ਬੀਤੇ ਦਿਨੀਂ ਰਿਲੀਜ਼ ਕੀਤੀ। ਰੋਲੀ ਬੁਕਸ ਵਲੋਂ ਤਿਆਰ ਕੀਤੀ 347 ਪੰਨਿਆਂ ਦੀ ਪੁਸਤਕ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਅਤੇ ਸਿੱਖ ਯੁੱਧਾਂ ਬਾਰੇ ਬੜੀ ਹੀ ਰੌਚਿਕ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ. ਮੌਨਟੇਕ ਸਿੰਘ ਆਹਲੂਵਾਲੀਆ, ਸ੍ਰੀ ਮਨੋਹਰ

## ਪ੍ਰਨੀਤ ਕੌਰ ਗੈਰ ਹਾਜ਼ਰ ਰਹੇ

ਸਿੰਘ ਗਿੱਲ, ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ, ਸੰਸਦ ਮੈਂਬਰ ਤਰਲੋਚਨ ਸਿੰਘ, ਸ੍ਰੀਮਤੀ ਮੋਹਸਿਨਾ ਕਿਦਵਾਈ, ਸ੍ਰੀ ਅਭਿਸ਼ੇਕ ਮੰਨੂ, ਸਿੰਘਵੀ, ਸ੍ਰੀਮਤੀ ਕਿਰਨ ਚੌਧਰੀ, ਸ੍ਰੀਮਤੀ ਸੰਤੋਸ਼ ਚੌਧਰੀ, ਵੀਰਭੱਦਰ ਸਿੰਘ, ਮੁਨੀਸ਼ ਤਿਵਾੜੀ, ਵਿਜੈਇੰਦਰ ਸਿੰਗਲਾ, ਸਾਬਕਾ ਮੰਤਰੀ ਸੁਰਿੰਦਰ ਸਿੰਗਲਾ, ਸੋਢੀ ਗੁਰਮੀਤ ਸਿੰਘ, ਸਾਬਕਾ ਵੀ.ਸੀ.ਸ੍ਰੀ ਐਸ.ਐਸ.ਬੋਪਾਰਾਏ, ਪ੍ਰਸਿੱਧ ਲੇਖਕ ਗੁਰਚਰਨ ਦਾਸ, ਪ੍ਰਸਿੱਧ ਜਰਨਲਿਸਟ ਮਾਲਾ ਸਿੰਘ, ਸ੍ਰੀ ਐਮ.ਜੇ. ਅਕਬਰ, ਏ.ਐਸ.ਜੌੜਾ ਅਤੇ ਰੋਲੀ ਬੁਕਸ ਦੇ ਪਬਲਿਸ਼ਰਜ਼ ਪ੍ਰਮੋਦ ਕਪੂਰ ਅਤੇ ਪਾਕਿਸਤਾਨ ਤੋਂ ਵਿਸ਼ੇਸ਼ ਮਹਿਮਾਨ ਸ੍ਰੀਮਤੀ ਅਰੂਸਾ ਵੀ ਹਾਜ਼ਰ ਸਨ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਬਾਰੇ ਬੜੇ ਹੀ ਪ੍ਰਸਿੱਧ ਇਤਿਹਾਸਕਾਰਾਂ ਨੇ ਵਧੀਆ ਪੁਸਤਕਾਂ ਲਿਖੀਆਂ ਹਨ, ਪਰ ਮੇਰੀ ਸੋਚ ਹੈ ਕਿ ਅਜੇ ਵੀ ਉਨ੍ਹਾਂ ਨਾਲ ਸੰਬੰਧਿਤ ਕੁਝ ਪੱਖ ਸਾਹਮਣੇ ਨਹੀਂ ਆਏ ਸਨ। ਉਨ੍ਹਾਂ ਦੱਸਿਆ ਕਿ ਪੁਸਤਕ ਪੰਜ ਭਾਗਾਂ ਵਿਚ ਹੈ ਜੋ ਕਿ ਸ਼ੁੱਕਰਚਕੀਆ ਮਿਸਲ ਤੋਂ ਆਰੰਭ ਕਰਕੇ, ਲਾਹੌਰ ਦਰਬਾਰ ਦੇ ਉਤਰਾਅ-ਚੜਾਅ, ਮਹਾਰਾਜਾ ਦੀ ਮੌਤ ਦੇ ਸਮੇਂ ਦੀ ਦਰਦਨਾਕ ਸਥਿਤੀ, ਦੋ ਐਂਗਲੋ ਸਿੱਖ ਯੁੱਧ 1845 ਅਤੇ 1848 ਤੋਂ ਇਲਾਵਾ, ਆਖਰੀ ਦੋਵਾਂ ਪਾਸਿਆਂ ਦੇ ਭਾਰੀ ਨੁਕਸਾਨ ਉਪਰੰਤ ਖਾਲਸੇ ਦੀ ਹਾਰ ਨਾਲ, ਸੰਬੰਧਿਤ ਮੁੱਖ ਕਾਰਨਾਂ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜੇ ਜਾਣ ਬਾਰੇ ਕੁਝ ਭਰਪੂਰ ਜਾਣਕਾਰੀ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਅਤੇ ਸਾਂਸਦ ਮੈਂਬਰ ਪ੍ਰਨੀਤ ਕੌਰ ਇਸ ਮੌਕੇ ਹਾਜ਼ਰ ਨਹੀਂ ਸਨ। ਕੈਪਟਨ ਅਮਰਿੰਦਰ ਸਿੰਘ ਦੀ ਕਿਤਾਬ ਰਿਲੀਜ਼ ਕਰਨ ਲਈ ਦਿੱਲੀ ਵਿਚ ਹੋਏ ਸਮਾਰੋਹ ਵਿਚ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੀ ਕਮੀ ਸਭ ਨੂੰ ਚੁੱਭਦੀ ਰਹੀ ਅਤੇ ਹਾਜ਼ਰ ਲੋਕ ਇਹ ਜਾਣਨ ਦੀ ਕੋਸ਼ਿਸ਼ ਕਰਦੇ ਰਹੇ ਕਿ ਪ੍ਰਨੀਤ ਕੌਰ ਕਿਥੇ ਹੈ। ਇਸ ਸਬੰਧ ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਪ੍ਰਨੀਤ ਕੌਰ ਸੰਸਦ ਸੈਸ਼ਨ ਚਲਦਾ ਹੋਣ ਕਾਰਨ ਰੁੱਝੇ ਹੋਏ ਹਨ।

ਸਮਾਰੋਹ ਵਿਚ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਜ਼ਰੂਰ ਮੌਜੂਦ ਸਨ ਅਤੇ ਉਹ ਆਪਣੇ ਪੱਧਰ 'ਤੇ ਮਹਿਮਾਨਾਂ ਦਾ ਸਵਾਗਤ ਕਰਦੇ ਰਹੇ। ਦੂਜੇ ਪਾਸੇ ਅਮਰਿੰਦਰ ਦੀ ਪਾਕਿਸਤਾਨੀ ਮਹਿਲਾ ਮਿੱਤਰ ਅਰੂਸਾ ਆਲਮ ਵੀ ਸਮਾਰੋਹ ਵਿਚ ਨਜ਼ਰ ਆਈ। ਕੁਝ ਨੇਤਾ ਆਪਸ ਵਿਚ ਗੱਲਬਾਤ ਕਰਦੇ ਵੇਖੇ ਗਏ ਕਿ ਸ਼ਾਇਦ ਅਰੂਸਾ ਦੀ ਮੌਜੂਦਗੀ ਕਾਰਨ ਹੀ ਮਹਾਰਾਣੀ ਪ੍ਰਨੀਤ ਕੌਰ ਸਮਾਰੋਹ ਵਿਚ ਨਹੀਂ ਪਹੁੰਚੀ। ਕਾਰਨ ਭਾਵੇਂ ਜੋ ਵੀ ਰਿਹਾ ਹੋਵੇ ਪਰ ਸਮਾਰੋਹ ਨੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਅਮਰਿੰਦਰ ਹਮਾਇਤੀਆਂ ਨੇ ਕਿਤਾਬ ਰਿਲੀਜ਼ ਸਮਾਰੋਹ ਨੂੰ ਸਾਬਕਾ ਮੁੱਖ ਮੰਤਰੀ ਦੀ ਤਾਕਤ ਅਜ਼ਮਾਈ ਵੀ ਕਰਾਰ ਦਿੱਤਾ ਹੈ ਜਿਸ ਵਿਚ ਕਈ ਕੇਂਦਰੀ ਮੰਤਰੀ ਅਤੇ ਹਾਈ ਕਮਾਨ ਦੇ ਸੀਨੀਅਰ ਆਗੂ ਵੀ ਪਹੁੰਚੇ।

ਉਂਝ ਕੈਪਟਨ ਅਮਰਿੰਦਰ ਸਿੰਘ ਵਲੋਂ ਦਿੱਲੀ ਵਿਚ ਆਯੋਜਿਤ ਆਪਣੀ ਕਿਤਾਬ ਦੇ ਰਿਲੀਜ਼ ਸਮਾਰੋਹ ਵਿਚ ਵੀ ਕਾਂਗਰਸੀ ਜੋੜ-ਤੋੜ ਦੀ ਸਿਆਸਤ ਹਾਵੀ ਰਹੀ। ਪਹਿਲਾਂ ਤਾਂ ਅਮਰਿੰਦਰ ਅਤੇ ਉਨ੍ਹਾਂ ਦੇ ਵਿਰੋਧੀਆਂ ਵਿਚ ਪੰਜਾਬ ਮੰਚ 'ਤੇ ਜੋੜ-ਤੋੜ ਵੇਖਣ ਨੂੰ ਮਿਲਦਾ ਸੀ ਪਰ ਇਸ ਵਾਰੀ ਤਾਂ ਪੰਜਾਬ ਕਾਂਗਰਸ ਦੇ ਮੁੱਖ ਬੁਲਾਰੇ ਅਸ਼ਵਨੀ ਸੇਖੜੀ ਅਮਰਿੰਦਰ ਦੇ ਸ਼ੋਅ ਵਿਚ ਖੁੱਲ੍ਹ ਕੇ ਜਾ ਪਹੁੰਚੇ। ਸੇਖੜੀ, ਜਿਨ੍ਹਾਂ ਵਿਚ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਵਲੋਂ ਇਕ ਹੋਰ ਬੁਲਾਰੇ ਫਤਿਹਜੰਗ ਸਿੰਘ ਬਾਜਵਾ ਦੀ ਨਿਯੁਕਤੀ ਕਾਰਨ ਨਾਰਾਜ਼ਗੀ ਪਾਈ ਜਾ ਰਹੀ ਸੀ, ਨੇ ਅਮਰਿੰਦਰ ਦੇ ਸਮਾਰੋਹ ਵਿਚ ਪਹੁੰਚ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਅਮਰਿੰਦਰ ਨੂੰ ਹਮਾਇਤ ਦੇਣ ਦਾ ਐਲਾਨ ਤਾਂ ਕੀਤਾ ਸੀ ਪਰ ਉਨ੍ਹਾਂ ਨਾਲ ਮੁਲਾਕਾਤ ਨਹੀਂ ਕੀਤੀ ਸੀ। ਕਿਤਾਬ ਰਿਲੀਜ਼ ਸਮਾਰੋਹ ਦੇ ਬਹਾਨੇ ਅਮਰਿੰਦਰ ਹਮਾਇਤੀਆਂ ਨੇ ਵੀ ਸੇਖੜੀ ਨੂੰ ਸਮਾਰੋਹ ਵਿਚ ਆਉਣ ਦਾ ਸੱਦਾ ਭੇਜ ਦਿੱਤਾ ਸੀ ਜੋ ਉਨ੍ਹਾਂ ਨੇ ਸਵੀਕਾਰ ਕਰ ਲਿਆ। ਸਮਾਰੋਹ ਵਿਚ ਸੇਖੜੀ ਨੇ ਕੈਪਟਨ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੇ ਪੁੱਤਰ ਨਾਲ ਵੀ ਚਰਚਾ ਕਰਦੇ ਰਹੇ।



ਪੁਸਤਕ 'ਦਿ ਲਾਸਟ ਸਨ ਸੈੱਟ' ਸ. ਮੌਨਟੇਕ ਸਿੰਘ ਆਹਲੂਵਾਲੀਆ ਨੂੰ ਭੇਂਟ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਤੇ (ਸੱਜੇ) ਅਰੂਸਾ ਆਲਮ ਕਾਂਗਰਸੀ ਬੁਲਾਰੇ ਮੁਨੀਸ਼ ਤਿਵਾੜੀ ਨਾਲ ਮਸ਼ਰੂਫ।

## Matrimonials



Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5'11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843

**MRP TRAVEL**

*Lowest International and Domestic Fares*

A.R.C FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com

2123 Port Way, San Jose, CA 95133

*CST: 2097308-40*



Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES

*We Also Offer Notary Service*

**B & Sons Travel**

➢All Airlines ➢International and Domestic

➢Wholesale Fares Around the World

**We Will Beat or Match any Fare !**

Office Hours
Mon-Fri:
9am -6pm
Saturday
9am-5pm



CST. REG. # 2092042-40

President : Avtar Singh

Tel:707-703-1451, Cell:707-688-6094

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere

*To Advertise with us*
*call: 847-359-0746*
*Fax:847-705-9388*

NCP College of Nursing

Educate | Grow | Succeed

100% NCLEX-PN Pass Rate!
SSF Campus
5 Consecutive Quarters
January 1008 - March 2009

Affordable Payment Plans!
Up to 10 years Repayment Terms on Approved Credit

Start your career now!
Find a job fast using our Job Placement Office.

Full Time
Part Time
Day & Evening

Start Your Nursing Career Today!




12 Month LVN Program • 20 Day CNA Program

- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Choose which is right for you...
Your career is a call away. **Call today!**

www.ncpcollegeofnursing.com

Peninsula Campus
257 Longford Drive #5
So. San Francisco, CA 94080
1.800.339.5145

East Bay Campus
21615 Hesperian Blvd, Ste A
Hayward, CA 94541
1.800.611.4054

FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਕਾਲੀ ਸੂਚੀ ਸਮੇਤ ਪੰਜਾਬ ਦੇ ਮੁੱਦਿਆਂ ਤੇ ਵਿਧਾਨ ਸਭਾ 'ਚ ਬਹਿਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ਦੇ ਤੀਸਰੇ ਦਿਨ ਬੀਤੀ 8 ਮਾਰਚ ਦੀ ਬੈਠਕ 'ਚ ਪ੍ਰਸ਼ਨ ਕਾਲ ਮਗਰੋਂ ਰਾਜਪਾਲ ਦੇ ਭਾਸ਼ਨ 'ਤੇ ਬਹਿਸ ਸ਼ੁਰੂ ਹੋ ਗਈ। ਦੋਹਾਂ ਧਿਰਾਂ ਵਲੋਂ ਕੀਤੀ ਬਹਿਸ ਦਾ ਜਵਾਬ ਬੁੱਧਵਾਰ, ਪਹਿਲੀ ਵਾਰ, ਮੁੱਖ ਮੰਤਰੀ ਦੀ ਥਾਂ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਲੋਂ ਦਿੱਤਾ ਜਾਵੇਗਾ ਅਤੇ ਇਸ ਰਿਪੋਰਟ ਦੇ ਛਪਣ ਤੋਂ ਪਹਿਲਾਂ ਇਸ ਦੀਆਂ ਰਿਪੋਰਟਾਂ ਮੀਡੀਏ ਵਿਚ ਸਾਹਮਣੇ ਆ ਚੁੱਕੀਆਂ ਹੋਣਗੀਆਂ। 4 ਮਾਰਚ ਨੂੰ ਸਦਨ 'ਚ ਦਿਤੇ ਰਾਜਪਾਲ ਦੇ ਭਾਸ਼ਨ 'ਤੇ ਧਨਵਾਦ ਦਾ ਮਤਾ ਪੇਸ਼ ਕਰਦਿਆਂ ਅਰਥਾਤ ਬਹਿਸ ਦੀ ਸ਼ੁਰੂਆਤ ਕਰਦਿਆਂ ਅਕਾਲੀ ਵਿਧਾਇਕ ਅਤੇ ਮੰਤਰੀ ਰਹਿ ਚੁਕੇ ਸ. ਬਿਕਰਮ ਸਿੰਘ ਮਜੀਠੀਆ ਨੇ ਅਪਣੇ ਸਵਾ ਘੰਟੇ ਦੇ ਭਾਸ਼ਨ 'ਚ ਵਿਰੋਧੀ ਧਿਰ ਨੂੰ ਕਾਫ਼ੀ ਚੋਭਾਂ ਮਾਰੀਆਂ ਅਤੇ ਅਖ਼ੀਰ 'ਚ ਕਾਂਗਰਸੀ ਲੀਡਰਾਂ ਦਾ ਸਹਿਯੋਗ ਮੰਗਿਆ ਕਿ ਦੋਵੇਂ ਧਿਰਾਂ ਇਕੱਠੀਆਂ ਹੋ ਕੇ ਕੇਂਦਰ ਤੋਂ ਉਹ ਸਾਰੇ ਲਟਕਦੇ ਮਸਲੇ ਸੁਲਝਾਉਣ ਦੀ ਕੋਸ਼ਿਸ਼ ਕਰਨ ਜਿਨ੍ਹਾਂ ਦਾ ਫ਼ਾਇਦਾ ਸਾਰੇ ਸੂਬੇ ਨੂੰ ਹੋਏਗਾ।

ਸ. ਮਜੀਠੀਆ ਨੇ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਰਾਇਪੇਰੀਅਨ ਸਿਧਾਂਤਾਂ ਮੁਤਾਬਕ, ਪੰਜਾਬ ਦਾ ਖੋਹਿਆ ਪਾਣੀ ਵਾਪਸ ਲੈਣ, ਨਵੰਬਰ 1984 ਦੇ ਪੀੜਤਾਂ ਨੂੰ ਰਾਹਤ ਅਤੇ ਕਾਂਗਰਸੀ ਨੇਤਾਵਾਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਸਜ਼ਾ ਦਿਵਾਉਣ ਅਤੇ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਵਾਉਣ ਲਈ ਕੇਂਦਰ ਕੋਲ ਪੁਰਜ਼ੋਰ ਅਪੀਲ ਅਤੇ ਪਹੁੰਚ ਕਰਨ ਦੀ ਗੱਲ ਕੀਤੀ। ਪਿਛਲੇ 3 ਸਾਲਾਂ ਦੀਆਂ ਸਰਕਾਰੀ ਪ੍ਰਾਪਤੀਆਂ ਦੇ ਅੰਕੜੇ ਉਨ੍ਹਾਂ ਸਕੂਲੀ ਸਿਖਿਆ, ਬਿਜਲੀ, ਪਾਣੀ ਅਤੇ ਸਿਹਤ ਸੇਵਾਵਾਂ ਦੇ ਖੇਤਰ ਦੇ ਦਿਤੇ ਪਰ ਜ਼ਿਆਦਾ ਜ਼ੋਰ ਸ. ਬਿਕਰਮ ਸਿੰਘ ਮਜੀਠੀਆ ਨੇ, ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ 3 ਸਾਲਾਂ ਦਾ ਮੁਕਾਬਲਾ ਉਸ ਤੋਂ ਪਿਛਲੇ 5 ਸਾਲਾਂ ਦੀ ਕਾਂਗਰਸ ਸਰਕਾਰ ਦੀ ਕਾਰਕਰਦਗੀ ਨਾਲ ਕਰਨ ਤੇ ਲਾਇਆ। ਵਿਰੋਧੀ ਧਿਰ ਦੇ ਬੈਂਚਾਂ ਵਲੋਂ ਟੋਕਾ ਟਾਕੀ ਸ. ਸੁਖਪਾਲ ਸਿੰਘ ਖਹਿਰਾ, ਸ. ਅਵਤਾਰ ਸਿੰਘ ਬਰਾੜ, ਸ. ਤੇਜ ਪ੍ਰਕਾਸ਼ ਸਿੰਘ, ਸ. ਸ਼ੇਰ ਸਿੰਘ ਗਾਗੋਵਾਲ, ਓਮ ਪ੍ਰਕਾਸ਼ ਸੋਨੀ, ਸ. ਮੱਖਣ ਸਿੰਘ ਅਤੇ ਕਾਕਾ ਰਣਦੀਪ ਸਿੰਘ ਨਾਭਾ ਨੇ ਵਾਰ ਵਾਰ ਕੀਤੀ ਅਤੇ ਸਪੀਕਰ ਤੋਂ ਇਜਾਜ਼ਤ ਲੈ ਕੇ ਪੁਆਇੰਟ ਉਠਾਏ। ਪਿਛਲੇ 3 ਸਾਲਾਂ 'ਚ ਐਤਕੀਂ ਪਹਿਲੀ ਵਾਰੀ ਚੰਗੀ ਤਿਆਰੀ ਕਰ ਕੇ ਆਏ ਇਸ ਅਕਾਲੀ ਨੌਜਵਾਨ ਨੇ ਧੰਨਵਾਦ ਦੇ ਮਤੇ ਨੂੰ ਪੇਸ਼ ਕਰਦਿਆਂ ਜ਼ਿਆਦਾਤਰ ਕਿਸਾਨਾਂ ਦਾ ਮੁੱਦਾ, ਬਿਜਲੀ ਪਾਣੀ, ਸਰਹੱਦੀ ਜ਼ਮੀਨਾਂ ਦਾ ਵਧ ਮੁਆਵਜ਼ਾ ਕੇਂਦਰ ਤੋਂ ਲੈਣ ਦੀ ਗੱਲ ਕੀਤੀ ਜਦਕਿ ਅੰਕੜੇ ਦੇ ਕੇ ਚੀਨੀ, ਦਾਲਾਂ, ਖਾਣ ਦਾ ਤੇਲ ਅਤੇ ਜ਼ਰੂਰੀ ਵਸਤਾਂ ਦੀ ਮਹਿੰਗਾਈ ਦਾ ਜ਼ੁੰਮੇਵਾਰ ਕੇਂਦਰ ਨੂੰ ਠਹਿਰਾਇਆ। ਧਨਵਾਦ ਦੇ ਮਤੇ ਦੀ ਤਾਈਦ ਕਰਦਿਆਂ ਭਾਜਪਾ ਦੇ ਵਿਧਾਇਕ ਸੁਰਜੀਤ ਕੁਮਾਰ ਜਿਆਣੀ ਨੇ ਵੀ ਪੰਜਾਬ ਸਰਕਾਰ ਦੀਆਂ 3 ਸਾਲ ਦੀਆਂ ਪ੍ਰਾਪਤੀਆਂ ਦੇ ਸਿਫ਼ਤੀ ਪੁਲ ਬੰਨ੍ਹੇ ਅਤੇ ਬਿਜਲੀ-ਸਿੰਚਾਈ ਖੇਤਰ 'ਚ ਅਕਾਲੀ-ਭਾਜਪਾ ਗੁੱਟ ਦੀ ਪ੍ਰਸੰਸਾ ਕੀਤੀ। ਵਿਰੋਧੀ ਧਿਰ ਵਲੋਂ ਸੁਨੀਲ ਜਾਖੜ, ਰਿਪਜੀਤ ਸਿੰਘ ਬਰਾੜ ਅਤੇ ਸ. ਬਲਬੀਰ ਸਿੰਘ ਸਿੱਧੂ ਨੇ ਰਾਜਪਾਲ ਦੇ ਭਾਸ਼ਣ 'ਚ ਦਰਜ ਅੰਕੜਿਆਂ ਅਤੇ ਪ੍ਰਸਤਾਵਤ ਸਕੀਮਾਂ ਦੀ ਪੋਲ ਖੋਲ੍ਹਦਿਆਂ ਸਾਹਮਣੇ ਬੈਠੇ ਉਪ ਮੁੱਖ ਮੰਤਰੀ ਦੀ ਨੁਕਤਾਚੀਨੀ ਕੀਤੀ ਅਤੇ ਦਸਿਆ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਵਿਗੜ ਚੁਕੀ ਹੈ, ਵਿੱਤੀ ਸੰਕਟ ਬਹੁਤ ਹੀ ਗੰਭੀਰ ਰੂਪ ਧਾਰਨ ਕਰ ਗਿਆ ਹੈ ਜਦਕਿ ਕੇਂਦਰ ਦੀਆਂ ਸਕੀਮਾਂ ਦਾ ਪੈਸਾ ਜਾਂ ਤਾਂ ਉਲਟ ਪਾਸੇ ਜਾ ਰਿਹਾ ਹੈ ਜਾਂ ਫਿਰ ਖ਼ਰਚਿਆਂ 'ਚ



ਪੰਜਾਬ ਕਾਂਗਰਸ ਵਲੋਂ ਵਾਕਆਊਟ ਕੀਤੇ ਜਾਣ ਦਾ ਦ੍ਰਿਸ਼।

ਗੜਬੜੀ ਹੋ ਰਹੀ ਹੈ। ਕਾਂਗਰਸੀ ਵਿਧਾਇਕ ਸੁਨੀਲ ਜਾਖੜ ਨੇ ਕਿਸਾਨਾਂ ਦੀ ਦੁਰਦਸ਼ਾ ਲਈ ਅਕਾਲੀ-ਭਾਜਪਾ ਸਰਕਾਰ ਨੂੰ ਕੋਸਿਆ। ਖੇਤੀ ਲਈ ਵਧੀਆ ਬੀਜਾਂ ਦੀ ਖੋਜ ਬੰਦ ਕਰਨ ਲਈ ਆਲੋਚਨਾ ਕੀਤੀ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ 'ਚ ਸ਼ਗਨ ਸਕੀਮ ਤੇ ਆਟਾ-ਦਾਲ, ਪੈਨਸ਼ਨ ਸਕੀਮਾਂ 'ਚ ਹੋ ਰਹੇ ਘੁਟਾਲੇ ਸਮੇਤ ਸਿਹਤ ਸਕੀਮਾਂ ਦਾ ਪੋਲ ਖੋਲ੍ਹਿਆ। ਯਾਦ ਰਹੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਪਿੱਠ 'ਚ ਦਰਦ ਹੋਣ ਕਰ ਕੇ ਸਦਨ 'ਚ ਨਹੀਂ ਆਏ। ਉਪ ਮੁੱਖ ਮੰਤਰੀ ਨੇ ਹੀ ਸਵਾਲਾਂ ਦੇ ਜਵਾਬ ਉਨ੍ਹਾਂ ਵਲੋਂ ਦਿਤੇ।

ਯਾਦ ਰਹੇ 26 ਮਾਰਚ ਤੱਕ ਚੱਲਣ ਵਾਲਾ ਪੰਜਾਬ ਵਿਧਾਨ ਸਭਾ ਦਾ 9ਵਾਂ ਇਜਲਾਸ (ਬਜਟ ਸੈਸ਼ਨ) ਲੰਘੀ 4 ਮਾਰਚ ਨੂੰ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਦੇ ਭਾਸ਼ਣ ਨਾਲ ਸ਼ੁਰੂ ਹੋਇਆ ਸੀ। ਭਾਸ਼ਨ ਦੌਰਾਨ ਸ੍ਰੀ ਪਾਟਿਲ ਨੇ ਮੁਲਕ ਵਿਚ ਹਕੀਕੀ ਸੰਘੀ ਢਾਂਚੇ ਦੀ ਕਾਇਮੀ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਵਰਗੇ ਬਹੁਭਾਂਤੀ ਦੇਸ਼ ਲਈ ਇਹ ਸਭ ਤੋਂ ਵਧ ਢੁੱਕਵਾਂ ਸਿਆਸੀ ਢਾਂਚਾ ਹੈ। 13ਵੀਂ ਪੰਜਾਬ ਵਿਧਾਨ ਸਭਾ ਦੇ 9ਵੇਂ ਇਜਲਾਸ ਨੂੰ ਸੰਬੋਧਨ ਕਰਦਿਆਂ ਸ੍ਰੀ ਪਾਟਿਲ ਨੇ ਆਪਣੇ ਪਲੇਠੇ ਭਾਸ਼ਣ ਵਿਚ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਕਾਰਵਾਈਆਂ ਦਾ ਹਮੇਸ਼ਾਂ ਹੀ ਵਿਰੋਧ ਕਰਦੀ ਰਹੀ ਹੈ, ਜਿਨ੍ਹਾਂ ਨਾਲ ਦੇਸ਼ ਦੇ ਸੰਘੀ ਢਾਂਚੇ ਨੂੰ ਖੋਰਾ ਲੱਗਦਾ ਹੈ। ਅਜਿਹੀਆਂ ਕਾਰਵਾਈਆਂ ਨੇ ਸੂਬਿਆਂ ਨੂੰ ਕਮਜ਼ੋਰ ਕੀਤਾ ਹੈ ਅਤੇ ਦੇਸ਼ ਦੀ ਵਿਕਾਸ ਕਰਨ ਦੀ ਸਮਰਥਾ ਵਿਚ ਰੋੜਾ ਅਟਕਾਇਆ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ-ਰਾਜ ਸਬੰਧਾਂ ਅਤੇ ਵਸੀਲਿਆਂ ਦੀ ਵੰਡ ਨੂੰ ਇਸ ਤਰੀਕੇ ਨਾਲ ਮੁੜ ਵਿਉਂਤਿਆਂ ਜਾਵੇ ਤਾਂ ਕਿ ਸਾਰੇ ਸੂਬੇ ਆਪੋ-ਆਪਣੀਆਂ ਲੋੜਾਂ ਮੁਤਾਬਕ ਖੁਦ ਵਿਉਂਤਬੰਦੀ ਕਰ ਸਕਣ। ਵਿਰੋਧੀ ਧਿਰ ਕਾਂਗਰਸ ਦੇ ਮੈਂਬਰਾਂ ਵਲੋਂ ਕੁਝ ਸਮੇਂ ਲਈ ਕੀਤੀ ਗਈ ਨਾਅਰੇਬਾਜ਼ੀ ਅਤੇ ਕਾਂਗਰਸੀ ਵਿਧਾਇਕ ਸਾਧੂ ਸਿੰਘ ਧਰਮਸੋਤ ਵਲੋਂ ਰਾਜਪਾਲ ਦੇ ਬਰਾਬਰ ਪੜ੍ਹੇ ਗਏ ਭਾਸ਼ਣ ਦੌਰਾਨ ਆਪਣੀ ਤਕਰੀਰ ਜਾਰੀ ਰੱਖਦਿਆਂ ਸ੍ਰੀ ਪਾਟਿਲ ਨੇ ਕਿਹਾ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤੁਰੰਤ ਪੰਜਾਬ ਨੂੰ ਸੌਂਪੇ ਜਾਣ। ਉਨ੍ਹਾਂ ਦਰਿਆਈ ਪਾਣੀ ਨੂੰ ਸੂਬੇ ਦੀ ਸ਼ਾਹਰਗ ਦੱਸਦਿਆਂ ਮੰਗ ਕੀਤੀ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਪ੍ਰਵਾਨ ਹੋਏ, ਰਿਪੇਰੀਅਨ ਸਿਧਾਂਤ ਅਨੁਸਾਰ ਕਰਕੇ ਪੰਜਾਬ ਨਾਲ ਕੀਤੀ ਗਈ ਬੇਇਨਸਾਫ਼ੀ ਤੁਰੰਤ ਦੂਰ ਹੋਣੀ ਚਾਹੀਦੀ ਹੈ। ਦਿੱਲੀ ਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ 1984 ਵਿਚ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਜਾਣੇ-ਪਹਿਚਾਣੇ ਦੋਸ਼ੀਆਂ ਨੂੰ ਸਰਕਾਰੀ ਅਹੁਦੇ ਦੇ ਕੇ ਨਿਵਾਜਣ ਨਾਲ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਦੇ ਮਨਾਂ ਨੂੰ ਗਹਿਰੀ ਠੇਸ ਪਹੁੰਚੀ ਹੈ। ਸ੍ਰੀ ਪਾਟਿਲ ਨੇ ਕਿਹਾ ਕਿ ਇਹ ਸਾਰੇ ਮਸਲੇ ਪੰਜਾਬੀਆਂ ਦੇ ਮਨਾਂ ਨੂੰ ਗਹਿਰੀ ਸੱਟ ਮਾਰਦੇ ਹਨ ਅਤੇ ਇਨ੍ਹਾਂ ਦਾ ਛੇਤੀ ਨਿਬੇੜਾ ਕਰਨਾ ਜ਼ਰੂਰੀ ਹੈ।ਸ੍ਰੀ ਪਾਟਿਲ ਨੇ ਆਸਟ੍ਰੇਲੀਆ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਸਿੱਖ ਭਾਈਚਾਰੇ ਵਿਰੁਧ ਹੋਈਆਂ ਨਸਲੀ ਕਾਰਵਾਈਆਂ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਨੂੰ ਇਹ ਗੰਭੀਰ ਮਸਲਾ ਸਬੰਧਿਤ ਸਰਕਾਰਾਂ ਨਾਲ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੂਟਨੀਤਕ ਤਰੀਕਿਆਂ ਰਾਹੀਂ ਇਸ ਸਮੱਸਿਆ ਦਾ ਪੱਕਾ ਹੱਲ ਕੱਢਣਾ ਚਾਹੀਦਾ ਹੈ।

ਰਾਜਪਾਲ ਨੇ ਆਪਣੇ ਭਾਸ਼ਣ ਵਿਚ ਪਹਾੜੀ ਰਾਜਾਂ ਨੂੰ ਦਿੱਤੀਆਂ ਜਾ ਰਹੀਆਂ ਸਨਅਤੀ ਰਿਆਇਤਾਂ ਦਾ ਮੁੱਦਾ ਵੀ ਉਠਾਇਆ। ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਸ੍ਰੀ ਪਾਟਿਲ ਨੇ ਕਿਹਾ ਕਿ ਸਾਲ 2007 ਵਿਚ ਸਰਕਾਰ ਬਣਨ ਸਮੇਂ ਭਾਵੇਂ ਸੂਬੇ ਦੀ ਆਰਥਿਕ ਹਾਲਤ ਬਹੁਤ ਹੀ ਨਿੱਘਰੀ ਹੋਈ ਸੀ, ਪਰ ਫਿਰ ਵੀ ਉਨ੍ਹਾਂ ਦੀ ਸਰਕਾਰ ਅਹਿਮ ਖੇਤਰਾਂ ਵਿਚ ਬਹੁਤ ਹੀ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ।


## ਸ਼ਾਹ ਮੁਹੰਮਦਾ ਇਕ ਤਾਂ ਗੱਪ ਮਾਰਨ ਇਕ ਮਾਰਦੇ ਗੱਪ ਦੀ ਪੰਡ ਮੀਆਂ ਗੱਪਾਂ ਮਾਰਨ ਵਿਚ ਜੰਡੀ ਅਤੇ ਉਸਦੇ ਸਾਥੀਆਂ ਦਾ ਕੋਈ ਸਾਨੀ ਨਹੀਂ''।

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥
ਅਸੀਂ ਆਪ ਜੀ ਦਾ ਧਿਆਨ ਮੌਜੂਦਾ ਪ੍ਰਬੰਧਕਾਂ ਵਲੋਂ ਬੋਲੇ ਜਾ ਰਹੇ ਝੂਠ ਵਲ ਦੁਆ ਰਹੇ ਹਾਂ

(1) ਰਿਕਾਰਡ ਬਾਰੇ; ਇਹ ਇਕ ਚਿਟੇ ਦਿਨਾ ਵਰਗਾ ਸੱਚ ਹੈ ਕਿ ਮੌਜੂਦਾ ਪ੍ਰਬੰਧਕਾਂ 2005 ਵਿਚ ਰਸੀਵਰ ਦੁਆਰਾ ਕੁਝ ਹਿਸਾਬ ਦਿਤਾ ਜਿਸ ਵਿਚ ਸਪਾਂਸਰਸ਼ਿਪ ਦਾ ਕੋਈ ਰਿਕਾਰਡ ਨਹੀਂ।

(2) ਰਸੀਵਰ ਨੇ ਨਵੀਂ ਕਮੇਟੀ ਨੂੰ 647000 ਡਾਲਰ ਨਹੀਂ 485000 ਡਾਲਰ ਦਿਤਾ।

(3) ਸੋਲਰ ਸਿਸਟਮ; ਭਾਈ ਹਰਜੋਤ ਸਿੰਘ ਨੇ ਬਿਆਨ ਕੀਤੈ ਕਿ ਫਰੀਮਾਂਟ ਗੁਰੂਘਰ ਵਿਚ ਸੋਲਰ ਸਿਸਟਮ ਲਾ ਕੇ ਬਿਜਲੀ ਦੇ ਬਿਲ ਦਾ ਤਕਰੀਬਨ 8000 ਡਾਲਰ ਬਚੇਗਾ। ਸੱਚ ਇਹ ਹੈ ਕਿ ਬਿਜਲੀ ਦਾ ਬਿਲ ਸਿਰਫ 15000 ਦੇ ਕਰੀਬ ਹੈ ਬਾਕੀ 65000 ਦਾ ਖਰਚਾ ਗੈਸ ਦਾ ਹੈ, ਜੋ ਲੰਗਰ ਅਤੇ ਹੀਟਿੰਗ ਸਿਸਟਮ ਵਿਚ ਵਰਤ ਹੁੰਦੀ ਹੈ ਜਦਕਿ ਸੋਲਰ ਸਿਸਟਮ ਸਿਰਫ ਬਿਜਲੀ ਹੀ ਪੈਦਾ ਕਰਦਾ ਹੈ। 80 ਹਜਾਰ ਡਾਲਰ ਬਚਾਉਣ ਦਾ ਦਾਅਵਾ ਝੂਠ ਦੀ ਪੰਡ ਹੈ।


(5) ਜਮੀਨਾਂ ਨਕਾਰਾ ਹੋਣ ਦਾ ਪ੍ਰਚਾਰ ਸਰਾਸਰ ਕੂੜ ਪ੍ਰਚਾਰ ਹੈ। ਗੁਰੂ ਘਰ ਦੀ ਇਨਵੈਸਟਮੈਂਟ ਹੈ। ਉਸ ਦੀ ਕੀਮਤ ਹੈ। ਸਿਟੀਆ ਜੋਨਿੰਗ ਬਦਲਦੀਆਂ ਰਹਿੰਦੀਆਂ ਹਨ। ਟੀ ਮਈਅਰ ਦੇ ਥੱਲੇ ਵੀ ਫਿਊਨਰਲ ਹੋਮ, ਪਾਰਕਿੰਗ, ਸਿੰਗਲ ਸਟੋਰੀ ਬਿਲਡਿੰਗ ਬਣ ਸਕਦੀਆਂ ਹਨ।

(6) ਗੁਰੂ ਘਰ ਦਾ ਲੰਗਰ ਕਦੇ ਮਸਤਾਨਾ ਨਹੀਂ ਹੋਇਆ, ਅਜਿਹਾ ਇਕ ਸਾਜ਼ਿਸ਼ ਤਹਿਤ ਕੀਤਾ ਗਿਆ ਸੀ ਤਾਂ ਕਿ ਪੁਰਾਣੇ ਪ੍ਰਬੰਧਕਾਂ ਨੂੰ ਬਦਨਾਮੀ ਦਿੱਤੀ ਜਾ ਸਕੇ।

(7) ਜਸਵਿੰਦਰ ਸਿੰਘ ਜੰਡੀ-ਚੇਲਾ-ਹਰਜੋਤ ਜੀ ਵਲੋਂ ਭਾਈ ਅਮਰਜੀਤ ਸਿੰਘ, ਜਸਵੰਤ ਸਿੰਘ ਬਾਰੇ ਜੋ ਪ੍ਰਚਾਰ ਕੀਤਾ ਗਿਆ ਸੀ ਕਿ ਉਹ ਕਬੂਤਰ ਬਣ ਕੇ ਆਏ ਸੀ ਤੇ ਇਥੇ ਰਹਿ ਰਹੇ ਹਨ। ਉਨ੍ਹਾਂ ਵਲੋਂ ਭੇਜਿਆ ਪੱਤਰ ਇਨ੍ਹਾਂ ਭਦਰਪੁਰਸ਼ਾਂ ਦੇ ਝੂਠ ਨੂੰ ਸਿਰਿਉਂ ਨਕਾਰਦਾ ਹੈ।

(8) ਜੰਡੀ ਜੀ ਨੇ ਗੁਰੂ ਦਰਬਾਰ ਵਿਚ ਫੁਰਮਾਇਆ ਕਿ ਸਾਡੇ 'ਤੇ ਡਰਗ ਦੇ ਮਨਘੜਤ ਇਲਜ਼ਾਮ ਸਨ ਤੇ ਹੁਣ ਸਾਨੂੰ ਸਾਡੇ ਕੰਟਰੈਕਟ ਵਾਪਸ ਮਿਲ ਗਏ ਹਨ। ਅਸਲੀਅਤ ਅਦਾਲਤੀ ਰਿਕਾਰਡ ਵਿਚ ਮੌਜੂਦ ਹੈ। ਇਸ ਲਾਣੇ ਦਾ ਬਚਾਅ ਇਸ ਕਰਕੇ ਹੈ ਕਿ ਸੈਫ਼ਰਨ ਦਾ ਡਰਾਈਵਰ ਸੈਂਟੂ ਅਜੇ ਵੀ ਫਰਾਰ ਹੈ। ਪੜ੍ਹੋ ਇਕ ਰਿਪੋਰਟ;

Be that as it may, when the police arrested Shantu Singh they recovered bills of lading, fuel receipts, and expense vouchers that indicated the trip was financed by Saffron. And an affidavit filed in a related case by Fremont Police Sergeant Jeffery Swadener suggests a far deeper connection. Jai Singh, the man whose DVD business operates on Saffron's property, was covertly recorded on June 5 while being investigated on suspicion of DVD pirating. During the conversation, Jai Singh tried to enlist the help of undercover private investigator Brett Sua. "A guy was driving one of our trucks from Seattle to LA and got arrested," Jai Singh reportedly said. When asked by Sua what the driver had been arrested for, he allegedly replied "Three hundred pounds of marijuana." Jai Singh then asked the undercover agent if he knew anyone who could help his "friend" flee the United States. According to the affidavit, he invited the agent to meet his friend at a local convenience store. The agent declined the invitation. When asked the name of his friend, Singh reportedly replied: "Shantu."




(9) ਗੁਰੂਘਰ ਦਾ ਲੱਖਾਂ ਡਾਲਰ ਬਚਾਉਣ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੇ ਇਨ੍ਹਾਂ ਸਖਸ਼ਾਂ ਦੇ ਇਤਿਹਾਸ ਤੇ ਨਿਗ੍ਹਾ ਮਾਰ ਕੇ ਵੇਖੋ ਕਿ ਕਿਵੇਂ ਸੰਗਤਾਂ ਦੀ ਕਿਰਤ ਕਮਾਈ ਨੂੰ ਉਜਾੜਿਆ ਗਿਆ।

(9) ਇਨ੍ਹਾਂ ਦੀ ਉਮਰ ਭਰ ਦੇ ਕਬਜੇ ਦੀ ਲਾਲਸਾ ਨੇ ਕੋਰਟਾਂ ਕਚਹਿਰੀਆਂ ਵਕੀਲਾਂ ਦੇ ਲੇਖੇ ਲਾਇਆ 3 ਲੱਖ 73000 ਡਾਲਰ।

(ਬ) ਹਜਾਰ ਡਾਲਰ ਗੁਰਦਵਾਰੇ ਦੇ ਨਾਂ ਕੈਸ਼
(ਚ) ਆਪਣੇ ਚਹੇਤੇ ਅਦਾਰਿਆਂ ਨੂੰ ਡੋਨੇਸ਼ਨ
(ਦ) ਲੱਖ ਖੁਸ਼ੀਆਂ ਪਾਤਿਸ਼ਾਹੀਆਂ ਵਾਸਤੇ ਚੈਕ
(ੲ) ਦੇਖੋ ਤਸਵੀਰਾਂ ਦੀ ਜ਼ਬਾਨੀਂ ''ਪਾਰਦਰਸੀ ਹਿਸਾਬ ਦੇ ਨਮੂਨੇ''

*ਭਾਈ ਕੁਲਜੀਤ ਸਿੰਘ*

# ਪੰਜਾਬ ਕਾਂਗਰਸ ਦੇ ਧੜੇ ਹੁਣ ਇਕ ਦੂਜੇ ਨੂੰ ਰਾਜ ਸਭਾ ਵਲ ਧੱਕਣ ਲੱਗੇ

**ਚੰਡੀਗੜ੍ਹ :** ਪੰਜਾਬ 'ਚੋਂ ਰਾਜ ਸਭਾ ਲਈ ਅਪ੍ਰੈਲ ਵਿਚ ਪੰਜ ਸੀਟਾਂ ਅਤੇ ਜੁਲਾਈ 'ਚ ਦੋ ਸੀਟਾਂ ਖ਼ਾਲੀ ਹੋਣ ਕਾਰਨ ਸੀਟਾਂ ਭਰਨ ਦਾ ਪ੍ਰੋਗਰਾਮ ਜਾਰੀ ਹੋਣ ਪਿੱਛੋਂ ਸਿਆਸੀ ਹਲਕਿਆਂ ਅੰਦਰ ਹਲਚਲ ਤੇਜ਼ ਹੋ ਗਈ ਹੈ। 9 ਤੋਂ 16 ਮਾਰਚ ਤਕ ਨਾਮਜ਼ਦਗੀ ਕਾਗ਼ਜ਼ ਭਰੇ ਜਾ ਰਹੇ ਹਨ। ਅਗਲੇ ਦਿਨ ਪੜਤਾਲ



ਹੋਵੇਗੀ ਅਤੇ ਫਿਰ ਦੋ ਦਿਨ ਕਾਗ਼ਜ਼ ਵਾਪਸ ਲਏ ਜਾ ਸਕਦੇ ਹਨ। ਵਿਧਾਨ ਸਭਾ 'ਚ ਚੁਣੇ ਹੋਏ ਨੁਮਾਇੰਦੇ ਪਹਿਲੀ ਤੇ ਦੂਜੀ ਤਰਜੀਹ ਮੁਤਾਬਕ ਅਪਣੀ ਵੋਟ 26 ਮਾਰਚ ਨੂੰ ਪਾਉਣਗੇ। ਸੱਤ ਸੀਟਾਂ 'ਚੋਂ ਪੰਜ ਲਈ ਚੋਣ 26 ਮਾਰਚ ਨੂੰ ਹੋਵੇਗੀ ਜਦਕਿ 10 ਜੁਲਾਈ ਨੂੰ 2 ਸੀਟਾਂ ਲਈ ਚੋਣ ਜੂਨ ਦੇ ਅਖ਼ੀਰ 'ਚ ਹੋਵੇਗੀ।

ਰਾਜ ਸਭਾ ਦੀਆਂ ਇਨ੍ਹਾਂ 5 ਵਿਚੋਂ 2 ਸੀਟਾਂ ਅਕਾਲੀ ਦਲ ਨੂੰ, ਇਕ ਭਾਰਤੀ ਜਨਤਾ ਪਾਰਟੀ ਨੂੰ, ਜਦਕਿ 2 ਕਾਂਗਰਸ ਕੋਲ ਜਾ ਸਕਦੀਆਂ ਹਨ। ਵਿਧਾਨ ਸਭਾ 'ਚ 50 ਵਿਧਾਇਕ ਅਕਾਲੀ ਦਲ ਦੇ, 19 ਬੀ.ਜੇ.ਪੀ. ਦੇ, 42 ਕਾਂਗਰਸ ਦੇ ਅਤੇ 5 ਆਜ਼ਾਦ ਹਨ। ਕਾਂਗਰਸੀ ਸੂਤਰਾਂ ਅਨੁਸਾਰ ਪ੍ਰਦੇਸ਼ ਪ੍ਰਧਾਨਗੀ ਦੇ ਝਗੜੇ ਤੋਂ ਖਹਿੜਾ ਛੁਡਾਉਣ ਲਈ ਬੀਬੀ ਭੱਠਲ ਨੂੰ ਕੇਂਦਰ 'ਚ ਭੇਜੇ ਜਾਣ ਦੀ ਚੋਖੀ ਸੰਭਾਵਨਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅਜੇ ਵੀ ਪਾਰਟੀ ਪ੍ਰਧਾਨਗੀ 'ਤੇ ਨਜ਼ਰ ਟਿਕਾਈ ਹੋਈ ਹੈ। ਇਕ ਵਿਚਾਰ ਇਹ ਵੀ ਚਲ ਰਿਹਾ ਹੈ ਕਿ ਖੇਡ ਮੰਤਰੀ ਸ. ਮਨੋਹਰ ਸਿੰਘ ਗਿੱਲ ਜੋ 9 ਅਪ੍ਰੈਲ ਤੋਂ ਰਿਟਾਇਰ ਹੋ ਰਹੇ ਹਨ, ਨੂੰ ਸ਼ਾਇਦ ਦੁਬਾਰਾ ਉਮੀਦਵਾਰ ਨਾ ਬਣਾਇਆ ਜਾਵੇ। ਪਰ ਕਾਮਨਵੈਲਥ ਖੇਡਾਂ ਤੱਕ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਮੰਤਰੀ ਰੱਖ ਕੇ ਮਗਰੋਂ ਛੁੱਟੀ ਕਰ ਦਿਤੀ ਜਾਵੇ। ਪੰਜਾਬ ਵਿਚ ਪਛੜੀ ਜਾਤੀ ਦਾ ਮੁੱਦਾ ਕਾਫ਼ੀ ਗੰਭੀਰ ਹੈ, ਇਸ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕੋਈ ਵੀ ਲੀਡਰ ਨਾ ਲੋਕ ਸਭਾ 'ਚ, ਨਾ ਰਾਜ ਸਭਾ 'ਚ ਅਤੇ ਨਾ ਹੀ ਪ੍ਰਦੇਸ਼ ਕਾਂਗਰਸ 'ਚ ਪ੍ਰਧਾਨ ਦੇ ਅਹੁਦੇ 'ਤੇ ਹੈ। ਗਿਆਨੀ ਜ਼ੈਲ ਸਿੰਘ ਤੇ ਹਰਵਿੰਦਰ ਸਿੰਘ ਹੰਸਪਾਲ ਮਗਰੋਂ ਰਾਮਗੜ੍ਹੀਆ ਬਰਾਦਰੀ ਦੀ ਵੀ ਕੋਈ ਪੁੱਛ ਨਹੀਂ ਰਹੀ। ਰਾਜ ਸਭਾ ਦੀ ਦੂਜੀ ਸੀਟ ਵਾਸਤੇ ਫ਼ਰੀਦਕੋਟ ਜ਼ਿਲ੍ਹੇ ਤੋਂ ਪ੍ਰਧਾਨ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੁਰਿੰਦਰ ਗੁਪਤਾ ਵੀ ਹੱਥ ਪੱਲਾ ਮਾਰ ਰਹੇ ਹਨ ਅਤੇ ਕਾਂਗਰਸ ਭਵਨ ਵਿਚ ਪਾਰਟੀ ਜਨਰਲ ਸਕੱਤਰ ਸ. ਰਾਜਪਾਲ ਸਿੰਘ ਵੀ ਅੰਦਰੋ-ਅੰਦਰੀ ਮਜ਼ਬੂਤੀ ਨਾਲ ਹਾਈ ਕਮਾਨ 'ਚ ਅਸਰ ਰਸੂਖ਼ ਬਣਾ ਰਹੇ ਹਨ। ਇਹ ਵੀ ਹੋ ਸਕਦਾ ਹੈ ਕਿ ਸ. ਜਗਮੀਤ ਸਿੰਘ ਬਰਾੜ ਜਿਹੜੇ ਫ਼ਿਰੋਜ਼ਪੁਰ ਲੋਕ ਸਭਾ ਸੀਟ ਹਾਰ ਗਏ ਸਨ, ਹੁਣ ਰਾਜ ਸਭਾ ਲਈ ਦਾਅ ਲਾ ਜਾਣ। ਪਾਰਟੀ ਪ੍ਰਧਾਨਗੀ ਵਾਸਤੇ ਉਨ੍ਹਾਂ ਦਾ ਕੰਮ ਕਾਫ਼ੀ ਟੇਢਾ ਤੇ ਮੁਸ਼ਕਲ ਲਗਦਾ ਹੈ। ਅਨੁਸੂਚਿਤ ਜਾਤੀ 'ਚੋਂ ਸਾਬਕਾ ਪ੍ਰਧਾਨ ਸ. ਸ਼ਮਸ਼ੇਰ ਸਿੰਘ ਦੂਲੋ ਵੀ ਦੌੜ 'ਚ ਸ਼ਾਮਲ ਹਨ। ਸੂਤਰਾਂ ਦਾ ਕਹਿਣਾ ਹੈ ਕਿ 10 ਜੁਲਾਈ ਨੂੰ ਖ਼ਾਲੀ ਹੋਣ ਵਾਲੀਆਂ 2 ਸੀਟਾਂ 'ਚੋਂ ਇਕ ਕਾਂਗਰਸ ਨੂੰ ਮਿਲ ਸਕਦੀ ਹੈ। ਇਸ ਲਈ ਮੌਜੂਦਾ ਕੇਂਦਰੀ ਮੰਤਰੀ ਬੀਬੀ ਅੰਬਿਕਾ ਸੋਨੀ ਨੂੰ ਦੁਬਾਰਾ ਐਡਜਸਟ ਕਰਨ ਦਾ ਹਾਈ ਕਮਾਨ ਦਾ ਇਰਾਦਾ ਵਿਖਾਈ ਦਿੰਦਾ ਹੈ। ਇਹ ਪੰਜਾਬਣ ਬੀਬੀ ਸੋਨੀਆ ਗਾਂਧੀ ਦੇ ਬਹੁਤ ਨੇੜੇ ਸਮਝੀ ਜਾਂਦੀ ਹੈ। ਕਾਂਗਰਸ ਮੈਂਬਰਸ਼ਿਪ ਦਾ ਸਿਲਸਿਲਾ, ਬੂਥ ਲੈਵਲ, ਜ਼ਿਲ੍ਹਾ ਲੈਵਲ ਅਹੁਦੇਦਾਰਾਂ ਦੀ ਚੋਣ ਦਾ ਕੰਮ ਅਤੇ ਰਾਜ ਸਭਾ ਸੀਟਾਂ ਦਾ ਭਰਨਾ ਜੁਲਾਈ ਤਕ ਚਲੇਗਾ। ਇਸ ਕਰ ਕੇ ਪਾਰਟੀ ਪ੍ਰਧਾਨ ਨੂੰ ਥਾਪਿਆ ਜਾਣਾ ਹੁਣ ਅਗਸਤ ਮਹੀਨੇ 'ਤੇ ਜਾ ਪਿਆ ਹੈ। ਕਾਂਗਰਸ ਹਾਈ ਕਮਾਨ ਦੀ ਸੋਚ ਹੈ ਕਿ ਅਗਸਤ ਤੱਕ ਸ. ਪ੍ਰਤਾਪ ਸਿੰਘ ਬਾਜਵਾ, ਕੈਪਟਨ ਅਮਰਿੰਦਰ ਸਿੰਘ ਅਤੇ ਮੌਜੂਦਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. 'ਚੋਂ ਕਿਸੇ ਇਕ ਨੂੰ ਪੱਕੇ ਤੌਰ 'ਤੇ ਥਾਪਣ ਬਾਰੇ ਵਿਚਾਰ ਲਟਕਦਾ ਰਹਿਣਾ ਚਾਹੀਦਾ ਹੈ ਕਿਉਂਕਿ ਬਾਦਲ ਪਰਵਾਰ ਨੂੰ ਸਖ਼ਤ ਮੁਕਾਬਲਾ ਦੇਣ ਲਈ ਇਨ੍ਹਾਂ ਲੀਡਰਾਂ ਨੂੰ ਹਲਕੀ ਚਾਬਕ ਮਾਰਦੇ ਰਹਿਣਾ ਵੀ ਜ਼ਰੂਰੀ ਹੋ ਗਿਆ ਹੈ। ਇਸੇ ਤਰ੍ਹਾਂ ਹੀ ਪੰਜਾਬ ਦੀਆਂ ਪੰਜ ਰਾਜ ਸਭਾ ਸੀਟਾਂ, ਜੋ 9 ਅਪ੍ਰੈਲ ਨੂੰ ਖਾਲੀ ਹੋਣ ਜਾ ਰਹੀਆਂ ਹਨ, ਇਨ੍ਹਾਂ ਤੋਂ ਸੇਵਾਮੁਕਤ ਹੋ ਰਹੇ ਆਗੂ ਡਾ. ਅਸ਼ਵਨੀ ਕੁਮਾਰ, ਧਰਮਪਾਲ ਸਭਰਵਾਲ, ਨਰੇਸ਼ ਗੁਜਰਾਲ, ਡਾ. ਮਨੋਹਰ ਸਿੰਘ ਗਿੱਲ, ਵਰਿੰਦਰ ਬਾਜਵਾ ਕਾਂਗਰਸ ਤੇ ਅਕਾਲੀ ਦਲ ਨਾਲ ਸਬੰਧਤ ਹਨ।

ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਲਿਸਟ 'ਤੇ ਮੋਟੀ ਜਿਹੀ ਨਜ਼ਰ ਮਾਰੀ ਜਾਵੇ ਤਾਂ ਸੁਖਦੇਵ ਸਿੰਘ ਢੀਂਡਸਾ, ਦਲਜੀਤ ਸਿੰਘ ਚੀਮਾ, ਐੱਚ.ਐੱਸ.ਮੱਤੇਵਾਲ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਨਰੇਸ਼ ਗੁਜਰਾਲ, ਮਹੇਸ਼ਇੰਦਰ ਗਰੇਵਾਲ ਤੋਂ ਇਲਾਵਾ ਦਲਿਤ ਭਾਈਚਾਰੇ 'ਚੋਂ ਚਰਨਜੀਤ ਸਿੰਘ ਅਟਵਾਲ, ਗੁਰਦੇਵ ਸਿੰਘ ਬਾਦਲ ਦੇ ਨਾਮ ਪੜ੍ਹੇ ਜਾ ਸਕਦੇ ਹਨ। ਕਾਂਗਰਸ ਪਾਰਟੀ ਦੀ ਲਿਸਟ 'ਚ ਜਗਮੀਤ ਸਿੰਘ ਬਰਾੜ, ਮਨੋਹਰ ਸਿੰਘ ਗਿੱਲ, ਐੱਚ.ਐੱਸ.ਹੰਸਪਾਲ, ਬੀਬੀ ਭੱਠਲ, ਇਸੇ ਤਰ੍ਹਾਂ ਦਲਿਤ ਭਾਈਚਾਰੇ 'ਚੋਂ ਸ਼ਮਸ਼ੇਰ ਸਿੰਘ ਦੂਲੋਂ, ਚੌਧਰੀ ਜਗਜੀਤ ਸਿੰਘ, ਸਰਦੂਲ ਸਿੰਘ, ਸ੍ਰੀ ਸਭਰਵਾਲ ਆਦਿ ਦੇਖੇ ਜਾ ਸਕਦੇ ਹਨ। ਭਾਜਪਾ ਦੇ ਹਿੱਸੇ ਵੀ ਇਕ ਸੀਟ ਆ ਰਹੀ ਹੈ। ਇਸ ਲਈ ਭਾਜਪਾ ਦੇ ਨੇਤਾ ਵੀ ਲੰਬੀ ਲਿਸਟ ਬਣਾ ਕੇ ਬੈਠੇ ਹਨ, ਜਿਸ 'ਚ ਬਲਰਾਮ ਜੀ ਦਾਸ ਟੰਡਨ, ਰਜਿੰਦਰ ਭੰਡਾਰੀ, ਬੀਬੀ ਗੁਰਚਰਨ ਕੌਰ, ਵਿਨੋਦ ਖੰਨਾ, ਮਦਨਮੋਹਨ ਮਿੱਤਲ ਆਦਿ ਨੇਤਾ ਸ਼ਾਮਿਲ ਹਨ।

ਆਉਣ ਵਾਲੇ ਚੰਦ ਦਿਨਾਂ 'ਚ ਸਾਰੀ ਸਥਿਤੀ ਸਾਫ ਹੋ ਜਾਵੇਗੀ। ਜਾਣਕਾਰ ਸੂਤਰਾਂ ਨੇ ਇਹ ਇਸ਼ਾਰਾ ਕੀਤਾ ਕਿ ਅਕਾਲੀ ਦਲ ਸੁਖਦੇਵ ਸਿੰਘ ਢੀਂਡਸਾ ਤੇ ਦਲਿਤ ਭਾਈਚਾਰੇ ਨੂੰ ਨਾਲ ਰੱਖਣ ਵਾਲੇ ਚਰਨਜੀਤ ਸਿੰਘ ਅਟਵਾਲ, ਇਸੇ ਤਰ੍ਹਾਂ ਕਾਂਗਰਸ ਡਾ. ਮਨੋਹਰ ਸਿੰਘ ਗਿੱਲ ਤੇ ਦਲਿਤ ਨੇਤਾ ਸ਼ਮਸ਼ੇਰ ਸਿੰਘ ਦੂਲੋਂ ਬਾਰੇ ਬੜੀ ਗੰਭੀਰਤਾ ਨਾਲ ਸੋਚ ਰਹੀ ਹੈ। ਬਾਕੀ ਅਕਾਲੀ ਦਲ ਤੇ ਭਾਜਪਾ ਦੇ ਢਿੱਡ 'ਚ ਕੀ ਹੈ, ਇਹ ਤਾਂ ਮੌਕੇ 'ਤੇ ਪਤਾ ਲੱਗੇਗਾ ਪਰ ਤਿੰਨੇ ਪਾਰਟੀਆਂ ਦੇ ਨੇਤਾ ਆਪਣੇ ਆਕਾਵਾਂ ਦੀ ਸ਼ਰਨ 'ਚ ਜਾਣ ਲੱਗ ਪਏ ਹਨ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ



BRIDGESTONE MICHELIN Firestone YOKOHAMA GOODYEAR BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off : 209-456-0182

# ਭਾਈ ਰਾਜਿੰਦਰ ਸਿੰਘ ਮੰਘਰ 'ਤੇ ਬੇਬੁਨਿਆਦ ਦੋਸ਼ ਲਾਉਣ 'ਤੇ 'ਸਾਧ ਸੰਗਤ ਸਲੇਟ' ਪ੍ਰਤੀ ਭਾਰੀ ਰੋਸ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਵਾਸਤੇ ਚੋਣਾਂ ਲੜ ਰਹੀ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਹਰਜੋਤ ਸਿੰਘ ਖਾਲਸਾ, ਭਾਈ ਨਿਰਮਲ ਸਿੰਘ ਖਾਲਸਾ, ਭਾਈ ਦਵਿੰਦਰ ਸਿੰਘ ਚਾਨਾ ਅਤੇ ਗੁਰਪਾਲ ਸਿੰਘ ਹੰਸਰਾ ਦੀ ਸਾਧ ਸੰਗਤ ਸਲੇਟ ਵਲੋਂ ਆਪਣੇ ਚੋਣ ਮੈਨੀਫੈਸਟੋ ਵਿਚ ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸੈਕਟਰੀ ਅਤੇ ਉਘੇ ਸਮਾਜ ਸੇਵਕ ਭਾਈ ਰਾਜਿੰਦਰ ਸਿੰਘ ਮੰਘਰ ਨੂੰ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਨੂੰ ਡੋਨੇਸ਼ਨ ਦੇਣ ਵਾਲੇ ਮਸਲੇ ਵਿਚ ਬੇਲੋੜਾ ਘਸੀਟਣ ਕਾਰਨ ਭਾਈ ਰਾਜਿੰਦਰ ਸਿੰਘ ਮੰਘਰ ਨਾਲ ਸਬੰਧਿਤ ਪਰਿਵਾਰਾਂ ਵਿਚ ਸਾਧ ਸੰਗਤ ਸਲੇਟ ਪ੍ਰਤੀ ਭਾਰੀ ਰੋਹ ਜਾਗ ਪਿਆ ਹੈ। ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਭਾਈ ਰਾਜਿੰਦਰ ਸਿੰਘ ਮੰਘਰ ਆਪਣੀ ਜੇਬ ਵਿਚੋਂ ਖਰਚ ਕਰਕੇ ਪੰਥਕ ਕਾਰਜ ਕਰਦੇ ਹਨ। ਯਾਦ ਰਹੇ ਕਿ ਭਾਈ ਰਾਜਿੰਦਰ ਸਿੰਘ ਮੰਘਰ ਦਾ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਵਿਚ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰਵਾਉਣ ਅਤੇ ਗੁਰਦੁਆਰਾ ਸੈਨ ਹੋਜ਼ੇ ਵਿਚ ਚਲ ਰਹੇ ਖਾਲਸਾ ਸਕੂਲ ਲਈ ਵੱਡਾ ਯੋਗਦਾਨ ਹੈ। ਇਸ ਸਕੂਲ ਵਿਚ 600 ਤੋਂ ਉੱਪਰ ਬੱਚੇ ਗੁਰਮਤਿ ਅਤੇ ਪੰਜਾਬੀ ਬਾਰੇ ਸਿਖਿਆ ਹਾਸਲ ਕਰ ਰਹੇ ਹਨ। ਪਰਿਵਾਰਾਂ ਦਾ ਕਹਿਣਾ ਹੈ ਇਸ ਤਰ੍ਹਾਂ ਦੇ ਬੇਦਾਗ, ਇਮਾਨਦਾਰ, ਸਰੀਫ, ਗੁਰਸਿੱਖ ਨੂੰ ਖਾਹ-ਮਖਾਹ ਰਾਜਨੀਤਕ ਮਸਲਿਆਂ ਵਿਚ ਘੜੀਸਣਾ ਚੰਗੀ ਗੱਲ ਨਹੀਂ ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਖਾਲਸਾ ਸਕੂਲ ਸੈਨ ਹੋਜ਼ੇ ਵਿਚ ਪੜ੍ਹ ਰਹੇ ਬੱਚਿਆਂ ਦੇ ਪਰਿਵਾਰਾਂ ਵਿਚ ਸਾਧ ਸੰਗਤ ਸਲੇਟ ਪ੍ਰਤੀ ਵੀ ਭਾਰੀ ਰੋਸ ਹੈ।



*ਭਾਈ ਰਾਜਿੰਦਰ ਸਿੰਘ ਮੰਘਰ*

ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੇ ਬੁਧਵਾਰ ਦੇ ਹਫਤਾਵਾਰੀ ਦੀਵਾਨ ਤੋਂ ਬਾਅਦ ਸਬੰਧਤ ਪਰਿਵਾਰਾਂ ਵਲੋਂ ਕੀਤੀ ਇੱਕ ਵਿਸ਼ੇਸ਼ ਮੀਟਿੰਗ ਵਿਚ ਪੰਥਕ ਸਲੇਟ ਦੀ ਡਟਵੀਂ ਹਮਾਇਤ ਕਰਨ ਦਾ ਫੈਸਲਾ ਕੀਤਾ ਗਿਆ। ਪੰਥਕ ਸਲੇਟ ਵਿਚ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਚਰਨ ਸਿੰਘ ਮਾਨ, ਭਾਈ ਗੁਰਮੇਲ ਸਿੰਘ ਬਾਠ, ਭਾਈ ਤਾਰਾ ਸਿੰਘ ਗਿੱਲ ਅਤੇ ਤਰਸੇਮ ਸਿੰਘ ਉਮੀਦਵਾਰ ਹਨ। ਇਕ ਸੱਜਣ ਨੇ ਸਾਧ ਸੰਗਤ ਸਲੇਟ 'ਤੇ ਵਿਅੰਗ ਕਸਦਿਆਂ ਇਥੋਂ ਤੱਕ ਕਹਿ ਦਿੱਤਾ ਕਿ 'ਸਾਧ ਸੰਗਤ ਸਲੇਟ' ਦਾ ਹਾਲ ਵੀ ਉਹੀ ਹੋਵੇਗਾ ਜੋ 1960 ਦੀਆਂ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ 'ਸਾਧ ਸੰਗਤ ਬੋਰਡ' ਦਾ ਹੋਇਆ ਸੀ। ਯਾਦ ਰਹੇ ਕਿ ਸਾਧ ਸੰਗਤ ਬੋਰਡ ਨੇ ਕਾਂਗਰਸ ਅਤੇ ਡੇਰੇਦਾਰਾਂ ਦੀ ਮਦਦ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਚੋਣਾਂ ਲੜੀਆਂ ਸਨ ਅਤੇ ਸਾਧ ਸੰਗਤ ਬੋਰਡ ਦਾ ਦਫਤਰ ਰਾਮ ਦਿਆਲ ਸਿੰਘ ਦੇ ਚੁਬਾਰੇ ਲੁਧਿਆਣਾ ਵਿਚ ਸੀ। ਉਸ ਸਮੇਂ ਸਾਧ ਸੰਗਤ ਬੋਰਡ ਦੇ ਸਾਰੇ ਮੈਂਬਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਸਾਧ ਸੰਗਤ ਬੋਰਡ ਦੇ ਹਾਰ ਜਾਣ ਤੋਂ ਬਾਅਦ ਢਾਡੀ ਵਾਰਾਂ ਗਾ ਰਹੇ ਸਨ, "ਸਾਧ ਚਲੇ ਗਏ ਆਪਣੇ ਡੇਰਿਆਂ 'ਤੇ ਸੰਗਤ ਜੁੜਗੀ ਪੰਥ ਨਾਲ। ਬੋਰਡ ਟੰਗਿਆ ਰਹਿ ਗਿਆ ਰਾਮ ਦਿਆਲ ਸਿਹੁ ਦੇ ਚੁਬਾਰੇ 'ਤੇ।"

ਭਾਈ ਰਜਿੰਦਰ ਸਿੰਘ ਮੰਘਰ ਨਾਲ ਸਬੰਧਿਤ ਪਰਿਵਾਰਾਂ ਦਾ ਵੀ ਇਹੀ ਕਹਿਣਾ ਹੈ ਕਿ ਹੁਣ ਸਾਧ ਸੰਗਤ ਸਲੇਟ ਵਾਲਿਆਂ ਦੇ ਪੱਲੇ ਸਿਰਫ ਸਲੇਟ ਹੀ ਰਹਿ ਜਾਵੇਗੀ। ਭਾਈ ਰਾਜਿੰਦਰ ਸਿੰਘ ਮੰਘਰ ਦੇ ਭਤੀਜੇ ਭਾਈ ਸਤਿੰਦਰ ਸਿੰਘ ਮੰਘਰ ਨੇ ਅਗਵਾਈ ਸੰਭਾਲਦਿਆਂ ਪੰਥਕ ਸਲੇਟ ਦੇ ਹੱਕ ਵਿਚ ਘਰ-ਘਰ ਜਾ ਕੇ ਪ੍ਰਚਾਰ ਕਰਨ ਦਾ ਬੀੜਾ ਚੁਕਿਆ ਹੈ। ਭਾਈ ਸਤਿੰਦਰ ਸਿੰਘ ਮੰਘਰ ਨੇ ਆਪਣੇ ਸਮੂਹ ਸਕੇ-ਸਬੰਧੀਆਂ, ਰਿਸਤੇਦਾਰਾਂ ਅਤੇ ਦੋਸਤਾਂ ਮਿਤਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਤੌਰ 'ਤੇ ਪੰਥਕ ਸਲੇਟ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਜੁਟ ਜਾਣ।

# ਪੰਜਾਬ ਸਰਕਾਰ ਵਲੋਂ ਅਧਿਆਪਕ ਭਰਤੀ ਮਾਮਲੇ 'ਚ ਝੂਠੇ ਇਸ਼ਤਿਹਾਰ

**ਚੰਡੀਗੜ੍ਹ :** ਅਕਾਲੀ-ਭਾਜਪਾ ਸਰਕਾਰ ਵਲੋਂ ਅਖ਼ਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਪ੍ਰਕਾਸ਼ਤ ਕਰਵਾ ਕੇ ਝੂਠੇ ਅੰਕੜੇ ਦੇਣ ਦਾ ਇਕ ਹੋਰ ਅਹਿਮ ਮਾਮਲਾ, ਸਿਖਿਆ ਮਹਿਕਮੇ ਵਿਚ ਸਾਹਮਣੇ ਆਇਆ ਹੈ। ਮੌਜੂਦਾ ਸਰਕਾਰ ਨੇ ਤਿੰਨ ਸਾਲਾਂ ਵਿਚ ਠੇਕੇ ਉਪਰ ਤੇ ਜ਼ਿਲ੍ਹਾ ਪ੍ਰੀਸ਼ਦ ਰਾਹੀਂ ਸਿਰਫ਼ 11200 ਟੀਚਰ ਭਰਤੀ ਕੀਤੇ ਪਰ ਸਰਕਾਰ ਨੇ ਪੂਰੇ ਸਫ਼ੇ ਦੇ ਇਸ਼ਤਿਹਾਰ ਵਿਚ ਝੂਠੇ ਅੰਕੜੇ ਦੇ ਕੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਦਲ ਸਰਕਾਰ ਨੇ 40339 ਟੀਚਰ ਭਰਤੀ ਕੀਤੇ ਜੋ ਕਿ ਵੱਡੀ ਗੱਪ ਹੈ। ਅਧਿਆਪਕਾਂ ਦੀਆਂ ਵੱਖ ਵੱਖ ਯੂਨੀਅਨਾਂ ਤੋਂ ਮਿਲੇ ਅੰਕੜਿਆਂ ਅਨੁਸਾਰ ਮੌਜੂਦਾ ਸਰਕਾਰ ਨੇ ਟੀਚਰ ਭਰਤੀ ਕਰਨ ਲਈ ਦੋ ਵਾਰ ਇਸ਼ਤਿਹਾਰ ਦਿਤੇ। ਇਕ ਇਸ਼ਤਿਹਾਰ 14000 ਟੀਚਰ ਭਰਤੀ ਕਰਨ ਦਾ ਸੀ ਤੇ ਦੂਜਾ 6700 ਦਾ। ਇਨ੍ਹਾਂ ਵਿਚ ਈ.ਟੀ.ਟੀ, ਬੀ.ਐਡ ਤੇ ਮਾਸਟਰ ਕਾਡਰ ਦੇ ਅਧਿਆਪਕ ਸ਼ਾਮਲ ਸਨ। 14000 ਟੀਚਰ ਭਰਤੀ ਕਰਨ ਦਾ ਇਸ਼ਤਿਹਾਰ ਦੇ ਕੇ ਭਰਤੀ ਕੀਤੇ ਸਿਰਫ਼ 11200 ਟੀਚਰ। ਦੂਸਰਾ ਇਸ਼ਤਿਹਾਰ ਜਿਹੜਾ 6700 ਅਧਿਆਪਕਾਂ ਦੀ ਭਰਤੀ ਕਰਨ ਦਾ ਦਿਤਾ ਸੀ, ਉਹ ਅਜੇ ਤਕ ਸਿਰੇ ਨਹੀਂ ਲੱਗਾ, ਉਸ ਰਾਹੀਂ ਹਾਲੇ ਤਕ ਕੋਈ ਅਧਿਆਪਕ ਭਰਤੀ ਨਹੀਂ ਹੋ ਸਕਿਆ।

ਅਸਲ ਵਿਚ ਸੂਚਨਾ ਤੇ ਲੋਕ ਸੰਪਰਕ ਮਹਿਕਮੇ ਦੇ ਅਧਿਕਾਰੀਆਂ ਨੇ ਸਰਕਾਰ ਦੀਆਂ ਤਿੰਨ ਸਾਲ ਦੀਆਂ ਪ੍ਰਾਪਤੀਆਂ ਦੀ ਪੰਡ ਭਾਰੀ ਕਰਨ ਲਈ, ਕੈਪਟਨ ਅਮਰਿੰਦਰ ਸਿੰਘ ਸਰਕਾਰ ਸਮੇਂ ਭਰਤੀ ਕੀਤੇ 13000 ਟੀਚਰਾਂ ਦੇ ਅੰਕੜਿਆਂ ਨੂੰ ਵੀ ਅਪਣੀਆਂ ਪ੍ਰਾਪਤੀਆਂ ਵਿਚ ਸ਼ਾਮਲ ਕਰ ਲਿਆ। ਸਿਰਫ਼ ਇਥੇ ਹੀ ਬਸ ਨਹੀਂ, ਜੋ 6700 ਅਧਿਆਪਕ ਭਰਤੀ ਕਰਨ ਦਾ ਇਸ਼ਤਿਹਾਰ ਦਿਤਾ ਤੇ ਭਰਤੀ ਇਕ ਟੀਚਰ ਵੀ ਨਹੀਂ ਕੀਤਾ, ਉਸ ਨੂੰ ਵੀ ਅੰਕੜਿਆਂ ਵਿਚ ਸ਼ਾਮਲ ਕਰ ਲਿਆ। ਟੀਚਰਾਂ ਦੀ ਭਰਤੀ ਕਰਨ ਦਾ ਮਸਲਾ ਤਾਂ ਇਕ ਪਾਸੇ ਰਿਹਾ, ਸਰਕਾਰ ਨੇ ਟੀਚਰਾਂ ਦਾ ਸ਼ੋਸ਼ਣ ਕਰਨ ਵਿਚ ਵੀ ਮਿਸਾਲ ਕਾਇਮ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਬਣੇ ਨਿਯਮਾਂ ਅਨੁਸਾਰ 13000 ਹਜ਼ਾਰ ਈ.ਟੀ.ਟੀ ਟੀਚਰ ਪੂਰੀ ਤਨਖ਼ਾਹ 'ਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀਂ ਭਰਤੀ ਕੀਤੇ ਸਨ। ਉਸ ਸਮੇਂ ਉਨ੍ਹਾਂ ਟੀਚਰਾਂ ਨੂੰ 4550 ਰੁਪਏ ਦਾ ਗਰੇਡ ਤੇ ਕੁਲ ਤਨਖ਼ਾਹ 9464 ਰੁਪਏ ਤੈਅ ਕੀਤੀ ਗਈ। ਉਸ ਤੋਂ ਬਾਅਦ ਪੱਕੇ ਟੀਚਰਾਂ ਵਾਂਗ ਡੀ.ਏ ਤੇ ਸਾਲਾਨਾ ਤਰੱਕੀ ਮਿਲਦੀ ਰਹੀ। ਇਸ ਤਰ੍ਹਾਂ ਉਨ੍ਹਾਂ ਦੀ ਤਨਖ਼ਾਹ ਲਗਭਗ 16000 ਹਜ਼ਾਰ ਰੁਪਏ ਬਣਦੀ ਹੈ। ਦੂਜੇ ਪਾਸੇ ਬਾਦਲ ਸਰਕਾਰ ਨੇ ਈ.ਟੀ.ਟੀ ਟੀਚਰਾਂ ਨੂੰ 4500 ਰੁਪਏ ਤਨਖ਼ਾਹ 'ਤੇ ਠੇਕੇ 'ਤੇ ਭਰਤੀ ਕੀਤਾ। ਇਸ ਤਰ੍ਹਾਂ ਬੀ.ਐਡ ਟੀਚਰ ਨੂੰ 5400 ਰੁਪਏ 'ਤੇ ਭਰਤੀ ਕੀਤਾ ਗਿਆ। ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ 'ਤੇ ਇਨ੍ਹਾਂ ਨੂੰ ਰੈਗੂਲਰ ਟੀਚਰਾਂ ਵਾਲਾ ਗਰੇਡ ਦੇਣ ਦੀ ਥਾਂ ਅਪਣੀ ਜੇਬ 'ਚੋਂ ਕੱਢੇ ਫ਼ਾਰਮੂਲੇ ਅਨੁਸਾਰ ਈ.ਟੀ.ਟੀ ਟੀਚਰ ਦੀ ਤਨਖ਼ਾਹ 6800 ਰੁਪਏ ਮਹੀਨਾ ਤੇ ਬੀ.ਐਡ ਟੀਚਰ ਦੀ 8800 ਰੁਪਏ ਕਰ ਦਿਤੀ। ਕੈਪਟਨ ਅਮਰਿੰਦਰ ਸਿੰਘ ਸਰਕਾਰ ਸਮੇਂ ਭਰਤੀ ਕੀਤੇ ਟੀਚਰ ਪੂਰੀ ਤਨਖ਼ਾਹ ਲੈ ਰਹੇ ਹਨ ਜਦਕਿ ਬਾਦਲ ਸਰਕਾਰ ਵਲੋਂ ਭਰਤੀ ਕੀਤੇ ਟੀਚਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਦੇਸ਼ ਦੇ ਭਵਿੱਖ ਦੀ ਵਾਗਡੋਰ ਸੰਭਾਲਣ ਵਾਲੇ ਟੀਚਰ ਦੀ ਤਨਖ਼ਾਹ 6800 ਰੁਪਏ ਤੇ 8800 ਰੁਪਏ ਹੈ ਜਦਕਿ ਪੰਜਾਬ ਵਿਚ ਰੋਜ਼ਾਨਾ ਮਜ਼ਦੂਰੀ 200 ਰੁਪਏ ਹੈ, ਜਿਸ ਨਾਲ ਇਕ ਸਮੇਂ ਰੋਟੀ ਤੇ ਚਾਹ ਵੀ ਮਿਲਦੀ ਹੈ। ਇਸ ਤਰ੍ਹਾਂ ਮਜ਼ਦੂਰ ਦੀ ਮਾਸਕ ਤਨਖ਼ਾਹ 6000 ਰੁਪਏ ਹੈ।

## ਨੌਜਵਾਨ ਦਾ ਬਰੇਨ ਹੈਮਰੇਜ ਨਾਲ ਦਿਹਾਂਤ

**ਲਿਵਿੰਗਸਟਨ (ਹਰਜਿੰਦਰ ਹੈਪੀ):** ਇਥੋਂ ਦੇ ਇਕ ਪਤਵੰਤੇ ਅਤੇ ਹੋਣਹਾਰ ਨੌਜਵਾਨ ਭੁਪਿੰਦਰ ਸਿੰਘ ਗੋਰਾਇਆ ਲਾਲੀ ਦਾ ਲੰਘੇ ਮੰਗਲਵਾਰ ਬਰੇਨ ਹੈਮਰੇਜ ਹੋਣ ਨਾਲ ਦਿਹਾਂਤ ਹੋ ਗਿਆ। ਲਾਲੀ 38 ਸਾਲਾਂ ਦਾ ਸੀ ਅਤੇ ਆਪਣੇ ਪਿਛੇ ਮਾਤਾ ਸਤਵੰਤ ਕੌਰ, ਪਤਨੀ ਰਾਜਵਿੰਦਰ ਅਤੇ ਦੋ ਬੱਚੇ ਛੱਡ ਗਿਆ ਹੈ।

ਲਾਲੀ ਦਾ ਪੰਜਾਬ ਵਿਚ ਪਿਛਲਾ ਪਿੰਡ ਜ਼ਿਲਾ ਹੁਸ਼ਿਆਰਪੁਰ ਦਾ ਹੁਸਨਪੁਰ ਲਾਲੋਵਾਲ ਸੀ। ਉਹ 1999 ਵਿਚ ਅਮਰੀਕਾ ਆ ਵੱਸਿਆ ਸੀ। ਲਾਲੀ ਦਾ ਅੰਤਮ ਸਸਕਾਰ ਸਨਿਚਰਵਾਰ 13 ਮਾਰਚ ਨੂੰ ਲੇਕ ਵੁੱਡ ਫਿਊਨਰਲ ਹੋਮ (900 ਸੈਂਟਾ ਫੇਅ ਐਵਨਿਊ, ਹਿਊਸਟਨ, ਕੈਲੀਫੋਰਨੀਆ) ਵਿਖੇ ਦੁਪਹਿਰ 12 ਤੋਂ 2 ਵਜੇ ਦੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਬੀ ਸਟਰੀਟ ਲਿਵਿੰਗਸਟਨ ਵਿਖੇ ਪਵੇਗਾ। ਪਰਿਵਾਰ ਨਾਲ ਸੰਪਰਕ ਫੋਨ 209-883-0411 ਜਾਂ 209-535-2840 'ਤੇ ਕੀਤਾ ਜਾ ਸਕਦਾ ਹੈ।

**Wraich Transport LLS**
**North American Truck Stop**
14320 Slover Ave., Fontana, CA 92337




ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310

**ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???**



**ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ**



- ✓ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✓ ਲੇਟ ਫੀਸ ਅਤੇ ਓਵਰ ਲਿਮਿੰਟ ਫੀਸ ਖਤਮ ਕਰ ਸਕਦੇ ਹੋ
- ✓ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✓ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

# GILL DIGITAL VIDEO






Harry Gill 209-648-9716
Jaji 916-470-9781




ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ





www.gilldigitalvideo.com
email: gillvideo@yahoo.com


# JAGDEEP SINGH
## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ ਜੀ



*Jagdeep Singh*
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

**Our New Location : GOLD RIVER**

Ph : 916-220-2128
2377 Gold Meadow, Ste #157, Gold River CA 95670

ਸਮੋਗ ਚੈਕ ਸਮੋਗ ਚੈਕ

# SMOG
SMOG CHECK

STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

| | |
|---|---|
| 901 California Ave & P | : 661.325-6666 |
| 1629 California Ave & H | : 661.323.3333 |
| 406 S. Chester Ave & Terrace Way (Inside Gas Station) | : 661.832.4444 |
| 5333 Whtie Ln & Grissom (Inside Big Brand Tire) | : 661396.7664 (Smog) |
| 1017 Bearmountain Blvd (Arvin) | : 661.854.7664 (Smog) |
| 1222 Golden State & M | : 661.326.0346 |
| 1506 N. Black Stone & Mckinley (Fresno) | : 559.268.7574 |
| 2597 N Black Stone (Fresno) (Between Clinton & Shield) | : 559.222.9999 |
| 1161-I Street Reedley &12th St | : 559.638.9017 |
| 416 Orisi Ca & 63 Hwy | : 559.528.6848 |
| 2420 Whiteson Ave & Thompson (By Kragen Auto Parts) Selma | : 559.896.5555 |
| 646 Dinuba Ave (Reedley) (By the DMV 3073) | : 559.638.3243 |
| 1512 Dairy Ave Corcoran CA | : 559.922.4500 |

Big Christmas Special
39.75
Big+DMV Certificate
Free Repair Upto $500
Ask for Tech

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।

# Grand Opening
# ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ । ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।



*24 Hours Road Service*

NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

**710 South Hwy 59 Merced CA 95304**


ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176


bigrigtire@yahoo.com
www.alltire4less.com


# ਸ੍ਰ.ਹਰਜੋਤ ਸਿੰਘ ਤੇ ਭਾਈ ਜੰਡੀ ਸਾਧ ਸੰਗਤ ਸਲੇਟ ਵਾਲੇ ਸੰਗਤਾਂ ਨੂੰ ਜਵਾਬ ਦੇਣ........


ਗੁਰੂ ਪਿਆਰੀ ਸਾਧ ਸੰਗਤ ਜੀ,


ਮੌਜੂਦਾ ਪ੍ਰਬੰਧਕ ਅਤੇ ਸਾਧ ਸੰਗਤ ਸਲੇਟ ਦੇ ਲੋਕ ਜੋ ਤੁਹਾਡੇ ਤੋ ਵੋਟਾ ਮੰਗਦੇ ਹਨ ਇਹਨਾਂ ਸ਼ਖਸ਼ਾ ਨੂੰ ਪੁਛੋ ਆਹ ਜੋ ਗੁਰਦੁਆਰੇ ਦਾ ਲੱਖਾਂ ਡਾਲਰ ਆਪਣੇ ਵਕੀਲਾਂ ਅਤੇ ਰਸੀਵਰ ਨੂੰ ਲੁਟਾਇਆ ਹੈ ਤਾਂ ਕਿ ਸੰਗਤ ਨੂੰ ਵੋਟਾ ਦਾ ਹੱਕ ਨਾ ਮਿਲੇ ਇਹ ਪੈਸਾ ਇਹ ਸ਼ਖਸ਼ ਕਦੋ ਵਾਪਸ ਕਰਣਗੇ? ਗੁਰਦੁਆਰੇ ਦੀ ਗੋਲਕ ਵਿਚੋ ਆਪਣੇ ਵਕੀਲ ਨੂੰ ਲੁਟਾਏ ਹੋਏ ਸੰਗਤ ਦੇ ਪੈਸੇ ਉਦਾਹਰਣ ਵਜੋ ਕੁਝ ਕੁ ਉਹ ਚੈਕ ਜੋ ਸਾਨੂੰ ਕੋਰਟ ਦੇ ਰਸੀਵਰ ਤੋ ਪ੍ਰਾਪਤ ਹੋਏ।





























**ਕੀ ਇਹ ਸਾਧ ਸੰਗਤ ਸਲੇਟ ਦੇ ਮੌਜੂਦਾ ਪ੍ਰਬੰਧਕ ਸੰਗਤ ਨੂੰ ਦਸਣਗੇ ਕਿ ਦੋਨੀਂ ਹੱਥੀ ਲੁਟਾਇਆ ਪੈਸਾ ਕਦੋ ਵਾਪਸ ਕਰਣਗੇ ?**












*ਕੀ ਇਖਲਾਕ ਤੋ ਗਿਰੇ ਹੋਏ ਲੋਕ (ਸਾਧ ਸੰਗਲ ਸਲੇਟ) ਇਸ ਹੱਦ ਤੱਕ ਗਿਰ ਜਾਣਗੇ ਕਿ ਕੋਈ ਸੁਪਨੇ ਵਿਚ ਵੀ ਨਹੀ ਸੋਚ ਸਕਦਾ। ਸੰਗਤ ਜੀ ਤੁਸੀ ਆਪ ਦੇਖੋ ਤੁਹਾਡੇ ਇੱਕ ਇੱਕ ਡਾਲਰ ਦੇ ਚੜ੍ਹਾਵੇ ਵਿਚੋ ਕਿਵੇਂ ਇਹਨਾਂ ਲੋਕਾ ਨੇ NEXTEL,MOBILE ONE,METRO PCS ਵਰਗੀਆਂ ਮਹਿੰਗੀਆਂ ਫੋਨ ਕੰਪਨੀਆਂ ਤੋਂ ਨਿੱਜੀ ਵਰਤੋ ਲਈ ਫੋਨ ਗੁਰਦੁਆਰੇ ਦੇ ਪੈਸਿਆਂ ਨਾਲ ਖ੍ਰੀਦੇ ਅਤੇ ਸਾਲਾ ਬੱਧੀ ਉਹਨਾਂ ਫੋਨਾ ਦਾ ਬਿੱਲ ਗੁਰੂ ਦੀ ਗੋਲਕ ਵਿਚੋਂ ਭਰਦੇ ਰਹੇ........ਤੋਬਾ ਸੰਗਤੇ ਇਸ ਹੱਦ ਤੱਕ ਤਾਂ ਕੋਈ ਮਰੀ ਤੋ ਮਰੀ ਜ਼ਮੀਰ ਵਾਲੇ ਵੀ ਨਹੀ ਗਿਰ ਸਕਦਾ....ਜਿਸ ਹੱਦ ਤੱਕ ਇਹ ਲੋਕ ਗਏ ਹਨ।*

**ਸੰਗਤ ਜੀ ਧਿਆਨ ਦੇਵੋ ਹੇਠ ਦਿੱਤੇ ਚੈਕਾਂ ਨੂੰ ਜਰਾ ਧਿਆਨ ਨਾਲ ਦੇਖੋ ਇੱਕ ਚੈਕ ਉੱਤੇ ਭਾਈ ਜੰਡੀ ਦੇ ਹੀ ਦਸਤਖਤ ਹਨ ਜੋ ਕਿ ਮੰਗਲ ਢਿਲੋਂ ਨਾਮੀ ਵਿਅਕਤੀ ਨੂੰ ਦਿੱਤਾ ਗਿਆ ਸੀ ਅਤੇ ਫਿਰ ਠੀਕ ਉਸ ਤੋ ਬਾਅਦ ਇੱਕ ਵੱਡੀ ਰਕਮ ਦਾ ਹੋਰ ਚੈਕ ਫਿਰ ਉਸ ਬੰਦੇ ਦੇ ਨਾਮ ਦਿੱਤਾ ਗਿਆ ਜਿਸ ਤੇ ਦੋ ਹਸਤਾਖਰ ਸਨ। ਯਾਦ ਰਹੇ ਇਹ ਲੋਕ ਗੁਰਦੁਆਰੇ ਦਾ ਚੈਕ ਕਿਸੇ ਵੀ ਨਾਮ ਤੇ ਮਨ ਭਾਉਂਦੀਆਂ ਰਕਮਾਂ ਲਿਖਕੇ ਉਹ ਚੈਕ ਕੱਟ ਕੇ ਗੁਰਦੁਆਰੇ ਰੱਖ ਲੈਦੇਂ ਸਨ ਅਤੇ ਉਥੋ ਨਕਦ ਪੈਸੇ ਆਪਣੀ ਜੇਬ ਵਿਚ ਪਾ ਲੈਦੇ ਸਨ...........ਜਿਸ ਸਬੂਤ ਇਹ ਕੁਝ ਚੈਕ ਹਨ ਜੋ ਰਸੀਵਰ ਕੋਲੋ ਪ੍ਰਾਪਤ ਹੋਏ ਅਤੇ ਜਿਸ ਨਾਲ ਇਹਨਾਂ ਦੇ ਪਾਪਾ ਦਾ ਭਾਂਡਾ ਭੱਜਿਆ.........ਹੁਣ ਤੁਸੀ ਆਪ ਸੋਚੋ ਕਿ ਵੋਟ ਕਿਸਨੂੰ ਪਾਉਣੀ ਹੈ ਜਾਂ ਤੁਹਾਡੀ ਵੋਟ ਦੇ ਅਸਲੀ ਹੱਕਦਾਰ ਕੌਣ ਹਨ**



GURDWARA SAHIB
(SIKH TEMPLE)
300 GURDWARA RD.
FREMONT, CA 94536
3019
Date 09-28-03 11-35/1210
Pay to the order of Mangal Singh Dhillon $ 1000-00
One thousand only Dollars
Bank of America
For Khalsa Movie For Library
DSSidhu
Jasvinder Singh
⑈003019⑈ ⑆121000358⑆ 10665⑈08689⑈ ⑈0000100000⑈

*ਭਾਈ ਜੰਡੀ ਦੀ ਸਾਧ ਸੰਗਤ ਸਲੇਟ ਨੂੰ ਸੰਗਤ ਪੁਛੇ ਕਿ ਜੇ ਪਹਿਲਾ ਹੀ ਚੈਕ ਮੰਗਲ ਸਿੰਘ ਨਾਮੀ ਵਿਅਕਤੀ ਨੂੰ ਦੇ ਦਿੱਤਾ ਗਿਆ ਸੀ ਤਾਂ ਫਿਰ ਦੂਸਰਾ ਮੰਗਲ ਢਿਲੋਂ ਤੇ ਲੱਖ ਖੁਸ਼ੀਆ ਪਾਤਸ਼ਾਹੀ ਵਾਲਾ ਬੰਦਾ ਕੋਣ ਸੀ ? ਸੰਗਤ ਖੁਦ ਸਮਝਦਾਰ ਹੈ ਜੀ................*


GURDWARA SAHIB
(SIKH TEMPLE)
300 GURDWARA RD.
FREMONT, CA 94536
3013
Date 09-28-03 11-35/1210
Pay to the order of Mangal Singh Dhillon $ 2,100 xx/100
Two thousand one hundred only Dollars
Bank of America
For ਲੱਖ ਖੁਸ਼ੀਆਂ ਪਾਤਸ਼ਾਹੀਆਂ
Jasvinder Singh
⑈003013⑈ ⑆121000358⑆ 10665⑈08689⑈ ⑈0000210000⑈

*ਸੰਗਤ ਜੀ ਧਿਆਨ ਦਿਉ ਇਸ ਚੈਕ ਉੱਤੇ ਸਿਰਫ ਭਾਈ ਜੰਡੀ ਨੇ ਸਾਈਨ ਕੀਤ ਹਨ ਜੋ ਕਿ ਉਸ ਸਮੇਂ ਕੈਸ਼ੀਅਰ ਵੀ ਨਹੀ ਸਨ ਅਤੇ*

*‘ਲੱਖ ਖੁਸ਼ੀਆ ਪਾਤਸ਼ਾਹੀਆਂ ’ ਬੁਝੋ ਜਾਂ ਪੁਛੋ ਭਾਈ ਜੰਡੀ ਤੋ ਕਿ ਭਾਈ ਸਾਹਿਬ ਜੀ ਇਸ ਤਰਾਂ ਵੀ ਪੈਸੇ ਖਾਦੇ ਜਾਂਦੇ ਹਨ।*


Security enhanced document. See back for details.
GURDWARA SAHIB
300 GURDWARA RD
FREMONT, CA 94536
3445
DATE 4/23/04 11-35/1210 1086
PAY TO THE ORDER OF $ 1500.00
Fifteen hundred only DOLLARS
Bank of America
Union City
1900 Decoto Rd
Union City CA
510.226.2780
FOR ਲੱਖ ਖੁਸ਼ੀਆਂ ਪਾਤਸ਼ਾਹੀਆਂ
DSSidhu
Jasvinder Singh
⑈003445⑈ ⑆121000358⑆ 10665⑈08689⑈ ⑈0000150000⑈

# ਸਾਧ ਸੰਗਤ ਜੀ ਸ੍ਰ.ਹਰਜੋਤ ਸਿੰਘ ਖਾਲਸਾ ਦੀ ਪ੍ਰਧਾਨਗੀ ਵਾਲੀ ਮੌਜੂਦਾ ਕਮੇਟੀ ਦਾ ਕਿੰਨਾਂ ਕੁ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਤਿਕਾਰ ਹੈ ਤੁਸੀ ਆਪ ਫੈਸਲਾ ਕਰੋ ਜੀ।




ਇਸ ਸਾਰੇ ਦੀ ਵੀਡੀਉ ਦੀ ਕਾਪੀ ਅਗਰ ਸੰਗਤਾਂ ਲੈਣੀ ਚਾਹੁਣ ਤਾਂ ਪੰਥਕ ਸਲੇਟ ਪਾਸ ਮਾਜੂਦ ਹੈ ਜੀ।

ਗੁਰੂ ਪਿਆਰੀ ਸਾਧ ਸੰਗਤ ਜੀ,

ਭਾਈ ਜਸਵੰਤ ਸਿੰਘ ਖੋਸਾ ਜਿਹਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਰੂਪ ਹੱਥ ਨਾਲ ਲਿਖੇ। ਇੱਕ ਸਰੂਪ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੈ, ਦੂਜਾ ਸਰੂਪ ਗੁਰਦੁਆਰਾ ਸਾਹਿਬ ਸਾਊਥਹਾਲ ਲੰਡਨ ਵਿਖੇ ਹੈ। ਅਤੇ ਤੀਜਾ ਸਰੂਪ ਅਡਮਿੰਟਨ ਕੈਨੇਡਾ ਵਿਖੇ ਹੈ। ਚੌਥਾ ਸਰੂਪ ਫਰੀਮਾਂਟ ਗੁਰਦੁਆਰਾ ਸਾਹਿਬ ਵਿਚ ਸ਼ੁਸ਼ੋਭਿਤ ਹੈ। ਭਾਈ ਜਸਵੰਤ ਸਿੰਘ ਹੁਣਾ ਦੀ ਉਮਰ ਤਕਰੀਬਨ 78 ਸਾਲ ਹੈ। ਪੰਥਕ ਸਲੇਟ ਦੀ ਪਿਛਲੀ ਕਮੇਟੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਸੀ ਕਿ ਤੁਸੀ ਫਰੀਮਾਂਟ ਆਕੇ ਅਮਰੀਕਾ ਦੀਆ ਸੰਗਤਾਂ ਲਈ ਚੌਥਾ ਹੱਕ ਲਿਖਤ ਸਰੂਪ ਤਿਆਰ ਕਰੋ। ਬਿਰਧ ਅਵਸਥਾ ਵਿਚ ਬਾਬਾ ਜੀ ਨੇ ਉਹਨਾਂ ਦੀ ਬੇਨਤੀ ਮੰਨਕੇ ਫਰੀਮਾਂਟ ਗੁਰੂਘਰ ਆਕੇ ਸੰਗਤਾਂ ਦੀ ਹਾਜਰੀ ਵਿਚ ਇਹ ਸੇਵਾ ਕਰਨ ਦੀ ਹਾਮੀ ਇਸ ਸ਼ਰਤ ਉਪਰ ਭਰੀ ਸੀ ਕਿ ਮੈਨੂੰ ਇੱਕ ਇਕਾਂਤ ਜਗਹ ਚਾਹੀਦੀ ਹੈ। ਜਿਥੇ ਬੈਠ ਕੇ ਮੈ ਸਰੂਪ ਲਿਖ ਸਕਾਂ। ਮੈਨੂੰ ਕਿਸੇ ਤਰਾਂ ਦੀ ਮਾਨਸਿਕ ਤਣਾਉ ਨਾ ਹੋਵੇ ਜਿਸ ਨਾਲ ਮੈਥੋ ਕੋਈ ਗਲਤੀ ਹੋ ਜਾਵੇ। ਉਹਨਾਂ ਦੀ ਇਸ ਬੇਨਤੀ ਤੇ ਉਹਨਾਂ ਨੂੰ ਫਰੀਮਾਂਟ ਗੁਰੂਘਰ ਦਾ ਜੋ ਦੋ ਕਮਰਿਆਂ ਦਾ ਘਰ ਹੈ ਦਿੱਤਾ ਗਿਆ ਸੀ ਤਾਂ ਕਿ ਇੱਕ ਕਮਰੇ ਵਿਚ ਉਹ ਲਿਖਾਈ ਦਾ ਕੰਮ ਕਰ ਸਕਣ ਅਤੇ ਦੂਸਰੇ ਕਮਰੇ ਵਿਚ ਉਹ ਆਰਾਮ ਕਰ ਸਕਣ।

**ਤੇ ਹੁਣ ਸੁਣੋ ਉਸ ਬਿਰਧ ਬਾਬੇ ਨਾਲ ਹਰਜੋਤ ਸਿੰਘ ਖਾਲਸਾ ( ਸਾਧ ਸੰਗਤ ਸਲੇਟ ਵਾਲੇ) ਤੇ ਇਸਦੀ ਮੌਜੂਦਾ ਹੈਕੜਬਾਜ ਕਮੇਟੀ ਨੇ ਕੀ ਕੀ ਕੀਤਾ**

1) ਉਹ ਬਿਰਧ ਬਾਬੇ ਨੂੰ ਦੋ ਕਮਰਿਆ ਵਿਚੋ ਕੱਢ ਕੇ ਇੱਕ ਕਮਰੇ ਵਿਚ ਕਰ ਦਿੱਤਾ ਗਿਆ। ਕਮਰੇ ਦਾ ਸਾਇਜ ਸਿਰਫ ਤੇ ਸਿਰਫ 15 ਫੱਟ x 15 ਫੱਟ ਹੈ।
2) ਉਸ ਕਮਰੇ ਵਿਚ ਹੀ ਉਪਰ ਦਿੱਤੀ ਹੋਈ ਫੋਟੋ ਅਨੁਸਾਰ ਮਹਾਰਾਜ ਦਾ ਪਵਿੱਤਰ ਸਰੂਪ ਪ੍ਰਕਾਸ਼ ਕੀਤਾ ਗਿਆ ਅਤੇ ਉਸਦੇ ਨਾਲ ਹੀ ਹੱਥ ਲਿਖਤ ਸਰੂਪ ਨੂੰ ਰਖਿਆ ਗਿਆ। ਅਤੇ ਮਹਾਰਾਜ ਦੇ ਸਰੂਪ ਦੇ ਬਿਲਕੁਲ ਸਾਹਮਣੇ ਮੱਥਾ ਟੇਕਣ ਵਾਲੀ ਜਗਹ ਉੱਤੇ ਬਾਬੇ ਦਾ ਜਬਰਦਸਤੀ ਬਿਸਤਰਾ ਲਵਾ ਦਿੱਤਾ ਗਿਆ। ਅਤੇ ਉਸਨੂੰ ਇੱਕ ਕੈਦੀ ਦੀ ਤਰਾਂ 15 ਫੁੱਟ ਦੇ ਕਮਰੇ ਵਿਚ ਕੈਦ ਕਰ ਦਿੱਤਾ ਗਿਆ। ( ਫੋਟੋ ਧਿਆਨ ਨਾਲ ਦੇਖੋ)
3) ਗੁਰੂ ਮਹਾਰਾਜ ਦੇ ਸਰੂਪ ਤੇ 4 1\2 ਫੁੱਟ ਅਤੇ ਬਾਬੇ ਦੇ ਸੌਣ ਵਾਲੇ ਬਿਸਤਰੇ ਤੋ ਸਿਰਫ ਇੱਕ ਫੁੱਟ ਅਤੇ ਹੱਥ ਲਿਖਤ ਸਰੂਪ ਤੋ ਸਿਰਫ 4 ਫੁੱਟ ਉੱਤੇ ਟਾਇਲਟ ਸੀਟ ਸੀ। ਜਿਸ ਵਿਚੋ ਬਦਬੂ ਆਉਦੀ ਰਹਿੰਦੀ ਸੀ। ਬਾਬਾ ਜੀ ਕੋਲ ਜਾਣ ਵਾਲੀਆਂ ਸੰਗਤਾਂ ਬਾਰ ਬਾਰ ਬਾਬਾ ਜੀ ਨੂੰ ਇਹ ਕਹਿੰਦੀਆਂ ਸਨ ਕਿ ਅਸੀ ਤੁਹਾਨੂੰ ਕੋਈ ਘਰ ਕਿਰਾਏ ਤੇ ਲੈ ਦਿੰਦੇ ਹਾਂ ਕਿਉਕਿ ਕਮਰੇ ਇਨਾਂ ਛੋਟਾ ਸੀ ਅਤੇ ਬਾਥਰੂਮ ਦੇ ਬਿਲਕੁਲ ਸਾਹਮਣੇ ਗੁਰੂ ਮਹਾਰਾਜ ਦਾ ਪ੍ਰਕਾਸ਼ ਸੀ ਜਿਸ ਨਾਲ ਗੁਰੂ ਮਹਾਰਾਜ ਦੀ ਤੌਹੀਨ ਹੁੰਦੀ ਸੀ ਅਤੇ ਸੰਗਤ ਦੇ ਹਿਰਦੇ ਵਲੂਧਰੇ ਗਏ ਸਨ। ਧੰਨ ਸਨ ਉਹ ਬਿਰਧ ਬਾਬਾ ਜੀ ਜਿਹਨਾਂ ਨੇ ਕਿਹਾ ਕਿ ' ਇਹ ਵੀ ਰੱਬ ਦਾ ਭਾਣਾ ਹੀ ਹੈ , ਮੈ ਇਸ ਤਰਾਂ ਦੀ ਕੈਦ ਵਿਚ ਹੀ ਮਹਾਰਾਜ ਦਾ ਸਰੂਪ ਪੂਰਾ ਕਰਾਂਗਾ ਭੱਜਾਗਾ ਨਹੀਂ' ਯਾਦ ਰਹੇ ਸ੍ਰ.ਹਰਜੋਤ ਸਿੰਘ ਅਤੇ ਇਸ ਦੀ ਹੈਕੜਬਾਜ ਕਮੇਟੀ ਵੱਲੋਂ ਬਾਬੇ ਨੂੰ ਉਥੋਂ ਭਜਾਉਣ ਦੀ ਹਰ ਤਰਾਂ ਦੀ ਕੋਸ਼ਿਸ਼ ਕੀਤੀ ਗਈ। ਇਹ ਦਸਣ ਕਿ ਬਾਬੇ ਨੂੰ ਕਦੇ ਰੋਟੀ ਪਹੁੰਚਾਈ, ਕਦੇ ਉਸ ਕਮਰੇ ਦੀ ਸਫਾਈ ਕੀਤੀ, ਕਦੇ ਉਸ ਵਿਚਾਰੇ ਬਿਰਧ ਨੂੰ ਦਵਾਈ ਦਾਰੂ ਕਰਾਈ। ਇਹ ਸਾਰਾ ਕਾਰਜ ਸੰਗਤਾਂ ਨੇ ਆਪ ਕੀਤਾ। ਸਗੋਂ ਇਹਨਾਂ ਦੇ ਕਮੇਟੀ ਦੇ ਸੈਕਟਰੀ ਅਤੇ ਪੱਤਰਕਾਰ ਸਤਨਾਮ ਸਿੰਘ ਨੇ ਬਾਬਾ ਜੀ ਨੂੰ ਇੱਥੋ ਤੱਕ ਵੀ ਕਿਹਾ ਕਿ ਸਰੂਪ ਲਿਖਣ ਦਾ ਕੀ ਫਾਇਦਾ ਹੋਵੇਗਾ ਇਸ ਤਰਾਂ ਦੇ ਸਰੂਪ ਤਾ ਹੋਰ ਬੰਦੇ ਵੀ ਬਹੁਤ ਲਿਖ ਰਹੇ ਹਨ '।
4) ਗੁਰੂ ਮਹਾਰਾਜ ਦੀ ਸੰਪੂਰਨਤਾ ਤੋ ਬਾਅਦ ਜਦੋ ਜਿਲਦ ਬਣਾਉਣ ਸਰੂਪ ਨੂੰ ਲੈਕੇ ਜਾਣਾ ਸੀ ਤਾਂ ਇਸ ਕਮੇਟੀ ਨੇ ਗੁਰੂਘਰ ਦੀ ਵੈਨ ਵੀ ਬਿਰਧ ਬਾਬੇ ਨੂੰ ਦੇਣ ਤੋ ਇਨਕਾਰ ਕਰ ਦਿੱਤਾ।
5) ਪ੍ਰੰਤੂ ਜਦੋ ਮਹਾਰਾਜ ਦਾ ਸਰੂਪ ਬਣ ਕੇ ਤਿਆਰ ਹੋਕੇ ਆ ਗਿਆ ਤਾਂ ਇਹਨਾਂ ਨੇ ਕਿਵੇਂ ਪਖੰਡ ਕੀਤਾ ਅਤੇ ਗੁਰੂ ਮਹਾਰਾਜ ਦੇ ਸਰੂਪ ਨਾਲ ਬਹੁਤ ਸਨੇਹ ਜਿਤਾਇਆ। ਪਰ ਗੁਰੂ ਮਹਾਰਾਜ ਇਹਨਾਂ ਦੁਆਰਾ ਕੀਤੀ ਗਈ ਬੇਅਦਬੀ ਦਾ ਮੁਆਵਜਾ ਇਹਨਾਂ ਤੋ ਜਰੂਰ ਲਵੇਗਾ ........

# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ

## ਪੰਥਕ ਸਲੇਟ ਨੂੰ ਵੋਟਾਂ ਪਾਉਣ ਦੀ ਅਪੀਲ





*ਗੁਰਬਖਸ਼ ਸਿੰਘ ਢਿੱਲੋ, ਕਿਰਪਾਲ ਸਿੰਘ ਬਸਾਤੀ, ਲਹਿੰਬਰ ਸਿੰਘ ਭੁੱਲਰ, ਬਿੱਕਰ ਸਿੰਘ ਮਹਿੰਦਰ ਸਿੰਘ ਖੋਸਾ, ਬਿਪਨ ਨਈਅਰ, ਇਕਬਾਲ ਸਿੰਘ ਤੱਖਰ, ਪਲਵਿੰਦਰ ਸਿੰਘ , ਬੱਬੀ ਸਿੰਘ, ਮੁਖਤਿਆਰ ਸਿੰਘ, ਸਵਰਨ ਸਿੰਘ, ਬਿਕਰ ਸਿੰਘ,ਸੁਖਦੇਵ ਸਿੰਘ ਗੇਹਲੋ, ਬਿਕਰਮ ਸਿੰਘ, ਰਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਨਿਸ਼ਾਨ ਸਿੰਘ, ਅਨੂਪ ਸਿੰਘ ਪੱਡਾ, ਮਾਸਟਰ ਰਜਿੰਦਰ ਸਿੰਘ ਸੱਚਦੇਵਾ, ਰਜਿੰਦਰ ਸਿੰਘ ਬਾਜਵਾ, ਗੁਰਮੇਜ ਸਿੰਘ , ਰਘਬੀਰ ਸਿੰਘ ਮੁੰਡੀ , ਹਰਭਜਨ ਸਿੰਘ , ਇੰਦਰਜੀਤ ਸਿੰਘ, ਸੁਮਿੱਤਰ ਸਿੰਘ, ਗੁਰਦੇਵ ਸਿੰਘ ਗਰੇਵਾਲ, ਤੇਜਾ ਸਿੰਘ ਗਰੇਵਾਲ, ਪ੍ਰੋਫੈਸਰ ਇੰਦਰਜੀਤ ਸਿੰਘ, ਭਜਨ ਸਿੰਘ , ਬਲਜਿੰਦਰ ਸਿੰਘ, ਜਰਨੈਲ ਸਿੰਘ, ਸੌਦਾਗਰ ਸਿੰਘ, ਮਾਸਟਰ ਹਰਭਜਨ ਸਿੰਘ ਅਤੇ ਸਰਵਨ ਸਿੰਘ*

# ਮਾਝਾ ਪੰਜਾਬੀ ਸੱਥ ਦਾ ਦੂਸਰਾ ਸਾਲਾਨਾ ਸਮਾਗਮ

**ਅੰਮ੍ਰਿਤਸਰ:** ਮਾਝਾ ਪੰਜਾਬੀ ਸੱਥ ਤਰਨਤਾਰਨ ਦੇ ਸਾਲਾਨਾ ਸਨਮਾਨ ਸਮਾਰੋਹ ਵਿਚ ਜਿਥੇ ਸਾਹਿਤਕ ਰਚਨਾਵਾਂ ਦਾ ਪਰਵਾਹ ਚੱਲਿਆ ਉਥੇ ਢਾਡੀਆਂ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ। ਸਮਾਗਮ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਸੀ ਅਤੇ ਇਸ ਸਮਾਰੋਹ ਵਿਚ ਤਰਨਤਾਰਨ ਦੇ ਐਸ.ਡੀ.ਐਮ. ਸ. ਬਖ਼ਤਾਵਰ ਸਿੰਘ ਮੁੱਖ ਮਹਿਮਾਨ ਸਨ।





ਡਾ. ਨਿਰਮਲ ਸਿੰਘ ਸਕੱਤਰ ਪੰਜਾਬੀ ਸੱਥ ਲਾਂਬੜਾ (ਜਲੰਧਰ), ਸ. ਮਨਮੋਹਨ ਸਿੰਘ ਦਾਊਂ ਸੰਚਾਲਕ ਪੰਜਾਬੀ ਪੁਆਧੀ ਸੱਥ, ਮੁਹਾਲੀ, ਬੀਬੀ ਸਵਰਨ ਕੌਰ ਬੱਲ ਸੰਚਾਲਕ ਮਾਝਾ ਪੰਜਾਬੀ ਸੱਥ ਬੁਤਾਲਾ (ਅੰਮ੍ਰਿਤਸਰ), ਸ. ਜਗਦੀਪ ਸਿੰਘ ਮੋਮੀਂ ਤਹਿਸੀਲਦਾਰ ਤਰਨਤਾਰਨ, ਸ. ਸਤਨਾਮ ਸਿੰਘ ਛੀਨਾਂ ਜ਼ਿਲ੍ਹਾ ਲੋਕ ਸੰਪਰਕ ਅਫਸਰ ਤਰਨਤਾਰਨ ਅਤੇ ਸ. ਭੁਪਿੰਦਰ ਸਿੰਘ ਮੱਟੂ ਜ਼ਿਲ੍ਹਾ ਭਾਸ਼ਾ ਅਫਸਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਸਮਾਗਮ ਦਾ ਅਰੰਭ ਸ. ਗੁਲਜਾਰ ਸਿੰਘ 'ਖੇੜਾ' ਦੇ ਢਾਡੀ ਜਥੇ ਨੇ ਸਾਕਾ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦਾ ਪ੍ਰਸੰਗ ਸੁਣਾ ਕੇ ਕੀਤਾ। ਬਲਜਿੰਦਰ ਸਿੰਘ ਨੇ ਕਵੀਸ਼ਰੀ ਦੇ ਜੌਹਰ ਦਿਖਾਏ। ਮੱਖਣ ਭੈਣੀਵਾਲ, ਬਲਵਿੰਦਰ ਕੌਰ ਸਰਘੀ, ਸੁਰਿੰਦਰ ਕੌਰ ਕੰਵਲ, ਜਸਬੀਰ ਸਿੰਘ ਝਬਾਲ, ਲਾਲੀ ਕਰਤਾਰਪੁਰੀ, ਧਰਵਿੰਦਰ ਔਲਖ, ਹਰਭਜਨ ਭਗਰੱਥ, ਮਾਸਟਰ ਨਵਦੀਪ ਬਦੇਸ਼ਾ, ਸੁਲੱਖਣ ਦਿਉਲ, ਅਜੀਤ ਸਿੰਘ ਨਬੀਪੁਰ, ਚਰਨਜੀਤ ਸਿੰਘ ਅਜਨਾਲਾ, ਬਲਵਿੰਦਰ ਬਿੰਦਾ, ਕਸ਼ਮੀਰ ਸਿੰਘ ਭੋਲਾ ਪੰਛੀ, ਸੁਦਰਸ਼ਨ ਪਾਲ ਮੁਫਲਿਸ, ਰਵਿੰਦਰ ਕੌਰ ਪੰਨੂੰ, ਝਿਲਮਿਲ ਸਿੰਘ, ਦਲਜੀਤ ਕੌਰ ਦਾਊਂ ਅਤੇ ਪੂਰਨ ਸਿੰਘ ਕਿਰਤੀ ਨੇ ਆਪਣੀਆਂ ਕਾਵਿ ਰਚਨਾਵਾਂ ਸੁਣਾਈਆਂ।

ਡਾ. ਨਿਰਮਲ ਸਿੰਘ ਲਾਂਬੜਾ ਨੇ ਸੱਥਾਂ ਦੇ ਮਨੋਰਥ ਅਤੇ ਪ੍ਰਾਪਤੀਆਂ ਬਾਰੇ ਦੱਸਿਆ।

ਇਸ ਮੌਕੇ ਡਾ. ਪਵਿੱਤਰ ਸਿੰਘ ਹੋਮਿਓਪੈਥ ਨੂੰ ਭਾਈ ਮੋਹਨ ਸਿੰਘ ਵੈਦ ਪੁਰਸਕਾਰ, ਸ. ਜਸਮੇਲ ਸਿੰਘ ਚੀਦਾ (ਪੱਤਰਕਾਰ) ਨੂੰ ਸ. ਦਿਆਲ ਸਿੰਘ ਮਜੀਠੀਆ ਪੁਰਸਕਾਰ ਅਤੇ ਚਰਨਜੀਤ ਕੌਰ (ਕੁਸ਼ਤੀ ਖਿਡਾਰਨ) ਨੂੰ ਹੌਸਲਾ ਵਧਾਊ ਸਨਮਾਨ ਦੇ ਕੇ ਸਨਮਾਨਿਆ ਗਿਆ। ਰਘਬੀਰ ਸਿੰਘ 'ਤੀਰ' ਸੰਚਾਲਕ ਮਾਝਾ ਪੰਜਾਬੀ ਸੱਥ ਤਰਨਤਾਰਨ ਦੀ ਲਿਖੀ ਹੋਈ ਪੁਸਤਕ "ਮਾਝਾ ਦਰਸ਼ਨ" ਰਿਲੀਜ਼ ਕੀਤੀ ਗਈ। ਸ. ਮਨਮੋਹਨ ਸਿੰਘ ਦਾਊਂ ਨੇ ਇਸ ਪੁਸਤਕ ਦੀ ਸਮੀਖਿਆ ਕਰਦਾ ਪਰਚਾ ਪੜ੍ਹਿਆ।



*ਰਘਬੀਰ ਸਿੰਘ 'ਤੀਰ' ਦੀ ਲਿਖੀ ਪੁਸਤਕ "ਮਾਝਾ ਦਰਸ਼ਨ" ਰਿਲੀਜ਼ ਕੀਤੇ ਜਾਣ ਦਾ ਦ੍ਰਿਸ਼*

---

ੴ ਸਤਿਗੁਰ ਪ੍ਰਸਾਦਿ॥

# ਕਾਲਕਾ ਆਰਾਧੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਿੱਖ ਸਿਆਸਤ ਪੱਖੋਂ ਵੱਖਰੀ ਪਹਿਚਾਣ ਰੱਖਣ ਵਾਲੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਆਉਂਦੀ 14 ਮਾਰਚ ਨੂੰ ਹੋ ਰਹੀ ਹੈ। ਇਹ ਚੋਣ ਲੜ ਰਹੀਆਂ ਵੱਖ ਵੱਖ ਧਿਰਾਂ ਵਲੋਂ ਵੱਖ ਵੱਖ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ। ਖਾਲਿਸਤਾਨ ਦੇ ਨਾਅਰੇ ਲਾਉਣ ਵਾਲੀ ਇਕ ਧਿਰ ਕਹਿੰਦੀ ਹੈ ਕਿ ਸਾਡਾ ਮਨੋਰਥ "ਆਪ ਜਪਹੁ ਅਵਰਾ ਨਾਮ ਜਪਾਵਹੁ" ਹੈ। ਦੂਜੀ ਧਿਰ ਦਾ ਕਹਿਣਾ ਹੈ ਕਿ ਮੈਂ ਅੰਮ੍ਰਿਤਧਾਰੀ ਹਾਂ ਅਤੇ ਕਿਰਤੀ ਸਿੱਖ ਹਾਂ। ਕੋਈ ਹੋਰ ਧਿਰ ਗੁਰੂ ਘਰ ਦੇ ਪ੍ਰਬੰਧ ਨੂੰ ਥਾਂ-ਸਿਰ ਕਰਨ ਦਾ ਦਾਅਵਾ ਕਰਦੀ ਹੈ। ਇਕ ਦੂਜੇ ਉਪਰ ਦੋਸ਼ ਵੀ ਮੜ੍ਹੇ ਜਾ ਰਹੇ ਹਨ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ, "ਬਿਖੁ ਅੰਮ੍ਰਿਤ ਕਰਤਾਰ ਉਪਾਏ॥ ਸੰਸਾਰ ਬਿਰਖ ਕਾਓ ਦੁਇ ਪਲ ਲਾਏ॥ ਆਪੇ ਕਰਤਾ ਕਰੇ ਕਰਾਏ॥ ਜੋ ਤਿਸੁ ਭਾਵੈ ਤਿਸੈ ਖਵਾਏ॥ ਨਾਨਕ ਜਿਸ ਨੁ ਨਦਰ ਕਰੇਇ॥ ਆਪਣਾ ਭਾਣਾ ਆਪਿ ਕਰੇਇ॥ (ਪੋਥੀ ਪਰਮੇਸਰ ਅੰਗ 1172)

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਕਿਸੇ ਵੀ ਉਮੀਦਵਾਰ ਨੂੰ ਵੋਟ ਪਾਉਣ ਤੋਂ ਪਹਿਲਾਂ ਇਹ ਜ਼ਰੂਰ ਸੋਚੋ ਕਿ ਉਹ ਗੁਰਮਤਿ ਜੀਵਨੀ ਦਾ ਧਾਰਨੀ ਹੈ? ਕਹਿਣੀ ਤੇ ਕਰਨੀ ਦਾ ਪੱਕਾ ਹੈ? ਨਿਮਰ ਤੇ ਗੁਰਮੁਖ ਉਮੀਦਵਾਰਾਂ ਨੂੰ ਹੀ ਵੋਟ ਪਾ ਕੇ ਗੁਰੂ ਘਰ ਦੀ ਸੇਵਾ ਬਖ਼ਸ਼ੀ ਜਾਏ।

ਕਲਿ ਮਹਿ ਪ੍ਰੇਤ ਜਿਨੀ ਗੋਬਿੰਦ ਸਿੰਘ ਅੰਮ੍ਰਿਤ ਨਹੀ ਪਹਿਚਾਨਾ॥ ਕਾਲਕਾ ਕਾਲੁ ਨਿਰੰਜਨ ਨਹੀ ਜਾਨਿਆ॥

ਆਓ, ਇਨ੍ਹਾਂ ਮਿਸ਼ਨਰੀਆਂ, ਖਾਲਿਸਤਾਨੀਆਂ ਨੂੰ ਪੁੱਛੀਏ ਕਿ ਕੋਈ ਦੁਨੀਆਂ ਤੇ ਬੇਅੰਮ੍ਰਿਤੀਆ ਹੈ? 'ਆਠ ਪਹਿਰ ਪ੍ਰਭ ਆਰਾਧੀ' ਦਾ ਉਤਰ ਪੁੱਛੀਏ, 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਬਣੀਏ।


**ਸੁਖਦੇਵ ਸਿੰਘ ਸਿਖਿਆਰਥੀ**
**ਫੋਨ:510-734-2047**

---

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ

## 10ਵਾਂ ਸਾਲਾਨਾ ਸਭਿਆਚਾਰਕ ਸਮਾਗਮ

**On March 28th, 2010**
**Regency Palace, 1600 Willow Ave, Clovis, CA 93612. (Praise Event Center)**



ਭਾਈ ਬਾਲ ਮੁਕੰਦ



ਸ਼ੇਰ ਅਲੀ ਪਠਾਣ



ਭਾਬਾ ਭਗਤ ਸਿੰਘ ਬਿਲਗਾ



ਬਾਬਾ ਭਾਗ ਸਿੰਘ ਕਨੇਡੀਅਨ



ਕਰਤਾਰ ਸਿੰਘ ਦੁੱਕੀ



ਨਾਮਧਾਰੀ ਹੀਰਾ ਸਿੰਘ

**ਮੁਖ ਮਹਿਮਾਨ: ਸ. ਦਰਬਾਰਾ ਸਿੰਘ ਢਿੱਲੋਂ, ਪ੍ਰਧਾਨ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਜਲੰਧਰ।**

### ਪ੍ਰੋਗਰਾਮ

*ਮਸ਼ਹੂਰ ਲੋਕ ਗਾਇਕ ਗੋਗੀ ਸੰਧੂ (ਸੈਕਰਾਮੈਂਟੋ), ਰਾਜ ਬਰਾੜ, ਸੁਖਦੇਵ ਸਾਹਿਲ, ਸੁਲਤਾਨ ਅਖਤਰ, ਸੰਨੀ ਬੱਬਰ, ਧਰਮਵੀਰ ਥਾਂਦੀ ਅਤੇ ਮਿੱਕੀ ਸਰਾਂ ਗੀਤ ਪੇਸ਼ ਕਰਨਗੇ। *ਕੂਲ ਪੰਜਾਬੀ ਵਿਰਸਾ ਦੇ ਪਰਮਜੀਤ ਅਤੇ ਰੇਨੂੰ ਸਿੰਘ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। *ਭੰਗੜਾ, ਗਿੱਧਾ ਅਤੇ ਹੋਰ ਦਿਲਚਸਪ ਆਈਟਮਾਂ। *ਸ਼ਹੀਦਾਂ ਦੇ ਜੀਵਨ ਸਬੰਧੀ ਫੋਟੋ ਪਰਦਰਸ਼ਨੀ। *ਸ਼ਾਮਲ ਹੋਣ ਵਾਲੇ ਸਮੂਹ ਲੋਕਾਂ ਲਈ ਖਾਣੇ ਦਾ ਪ੍ਰਬੰਧ। ਆਓ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰੀਏ ਅਤੇ ਬੱਚਿਆਂ ਨੂੰ ਉਸ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂ ਕਰਵਾਈਏ।

(ਪ੍ਰਧਾਨ)
**ਗੁਰਦੀਪ ਸਿੰਘ ਗਿੱਲ (ਘੋਲੀਆਂ)**
(559-360-4248)

(ਖਜ਼ਾਨਚੀ)
**ਜਸਵੰਤ ਸਿੰਘ ਮਾਨ**
(559-486-4138)

(ਸੈਕਟਰੀ)
**ਸੁਰਿੰਦਰ ਸਿੰਘ ਮੰਢਾਲੀ**
(559-473-9269)

**Directions:** From Sacramento/San Jose: Take 99 South to Fresno, Exit on Shaw and take right. Go about 7 miles and turn left on Willow. Hall is on left side (behind Home Depot). From Bakersfield/LA: Take 99 North. Take 41 North, Exit on Shaw Ave. Take right on Shaw

**ਹੋਰ ਜਾਣਕਾਰੀ ਲਈ**

ਬਲਦੇਵ ਧਾਲੀਵਾਲ
559-240-3868
ਗੁਰਪ੍ਰੀਤ ਖਾਨਖਾਨਾ
559-846-6389
ਮਹਿੰਦਰ ਢਾਅ
559-430-7902
ਗੁਰਮੀਤ ਗਾਜੀਆਣ
559 801-8200
ਗੁਰਦੀਪ ਸਿੰਘ ਅਣਖੀ
ਨਵਦੀਪ ਧਾਲੀਵਾਲ
559-287-0822

**ਇਸਤਰੀ ਵਿੰਗ:** ਸ਼ਰਨਜੀਤ ਧਾਲੀਵਾਲ, ਕੁਲਵੀਰ ਕੌਰ ਸੇਖੋਂ, ਹਰਿੰਦਰ ਕੌਰ ਮੰਢਾਲੀ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਅਮਨਦੀਪ ਕੌਰ।

**ਮੇਲਾ ਕਮੇਟੀ:** ਹਰਵਿੰਦਰ ਕੌਰ ਜੌਹਲ, ਸਬੀਨਾ ਜੌਹਲ, ਪੁਸ਼ਪਿੰਦਰ ਨਾਗੀ, ਬਲਵਿੰਦਰ ਧਾਲੀਵਾਲ, ਬਲਵੀਰ ਧਾਲੀਵਾਲ, ਬਲਜਿੰਦਰ ਰਾਏ, ਰਾਜ ਅਲੀ, ਮਨਜੀਤ ਕੌਰ, ਬਲਜੀਤ ਸਿੰਘ ਗਿੱਲ, ਉਦੇਦੀਪ ਸਿੱਧੂ, ਸਰਦੂਲ ਸਿੰਘ, ਸੌਕਤ ਅਲੀ, ਮੇਜਰ ਢਾਹ, ਹਰਜਿੰਦਰ ਢੇਸੀ, ਦਲਜੀਤ ਰਿਆੜ,ਪਰਮਜੀਤ ਢਿਲੋਂ, ਤਰਲੋਕ ਸਿੰਘ ਸੰਗੂ, ਸੁਰਿੰਦਰ ਸਿੰਘ ਧਿੰਦ, ਪ੍ਰੀਤਮ ਗਿੱਲ, ਗੁਰਦੀਪ ਸਿੰਘ, ਜਰਨੈਲ ਸਿਧੂ, ਬਲਜਿੰਦਰ ਸਿੰਘ, ਨਵਦੀਪ ਧਾਲੀਵਾਲ, ਦਵਿੰਦਰ ਢਿਲੋਂ, ਦਵਿੰਦਰ ਗਰੇਵਾਲ, ਮਿੱਕੀ ਸਰਾਂ, ਕੁਲਵੀਰ ਸਿੰਘ ਹੇਅਰ, ਡਾ. ਸੁਦਰਸ਼ਨ ਕਪੂਰ, ਕੇਵਲ ਗਰਗ, ਕਿੰਗ ਧਾਲੀਵਾਲ, ਬਲਵੰਤ ਸਿੰਘ ਸੈਲਮਾ, ਪੰਮਾ ਸੈਦੋਕੇ, ਹਰਨੇਕ ਸਿੰਘ ਸੰਘੇੜਾ, ਪਾਲ ਮਾਹਲ, ਸੁੱਖੀ ਧਾਲੀਵਾਲ, ਮੋਹਿੰਦਰ ਸਿੰਘ ਗਰੇਵਾਲ, ਬਾਬਾ ਕਰਤਾਰ ਸਿੰਘ, ਬਲਰਾਜ ਢਿਲੋਂ, ਪਰਮਜੀਤ ਢਿਲੋਂ, ਜੋਗਾ ਸਿੰਘ ਮੰਢਾਲੀ, ਤਲਵਿੰਦਰ ਸਿੰਘ ਜੌਹਲ, ਰਾਜ ਬਰਾੜ, ਸੁੱਚਾ ਸਿੰਘ ਦਿਅਲ, ਜੁਗਰਾਜ ਸਿੰਘ, ਕਰਨਲ ਹਰਦੇਵ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਮੇਜਰ ਸੇਖੋਂ, ਪਰਮਜੀਤ ਧਾਲੀਵਾਲ, ਪਰਮਜੀਤ ਬਾਸੀ (ਚੌਚਿਲਾ), ਰਾਮਾ ਕਾਂਤ ਡਾਵਰ, ਜਗਰੂਪ ਸਿੰਘ ਧਾਲੀਵਾਲ, ਰਣਧੀਰ ਲਤਾਲਾ, ਸੁਖਦੇਵ ਸਿੰਘ (ਸ਼ਾਨੇ ਪੰਜਾਬ), ਗੁਰਦੀਪ ਸਿੰਘ (ਪਾਲਾਕਾ ਬਾਜਾਰ), ਮਨਮੋਹਣ ਸਿੰਘ ਸੰਧੂ (ਅਸ਼ੋਕਾ ਰੈਸਟੋਰੈਂਟ)। **ਸਪਾਂਸਰ:** ਦਵਿੰਦਰ ਸਿੰਘ ਢਿਲੋਂ, ਪਾਲ ਸਹੋਤਾ, ਗਿੱਲ ਇੰਸ਼ੋਰੈਂਸ, ਪਾਲ ਕੈਲੇ, ਨਿੱਜਰ ਬ੍ਰਦਰਜ਼ (ਮਡੇਰਾ), ਦੀਵਾਨ ਸਿੰਘ ਸੇਖੋਂ, ਜਸਵਿੰਦਰ ਸਿੰਘ ਰਾਏ, ਮੇਜਰ ਪੁਆਰੀ, ਮੇਜਰ ਐਕਸਪ੍ਰੈਸ (ਟਰੱਕ ਡਰਾਵਿੰਗ ਸਕੂਲ), ਯੁਨਾਈਟਡ ਟਰੱਕ ਡਰਾਵਿੰਗ ਸਕੂਲ, ਫਾਈਵ ਰਿਵਰ ਟਰੱਕ ਡਰਾਵਿੰਗ ਸਕੂਲ, ਗੁਰਚਰਨ ਸਿੰਘ ਰੱਕਰ, ਨੀਟੂ ਬਡਿਆਲ, ਇਨਟਰੇਡ ਇੰਡਸਟਰੀਜ਼, ਲਖਵੀਰ ਸਿੰਘ ਗਿੱਲ, ਟਹਿਲ ਸਿੰਘ ਥਾਂਦੀ, ਅਟਵਾਲ ਬ੍ਰਦਰਜ਼ (ਮਰਸੈਡ), ਸੰਧੂ ਬਰਦਰਜ਼ (ਸਵਰਗਵਾਸੀ ਸੁਰਜੀਤ ਸਿੰਘ ਸੰਧੂ), ਗਿੱਲ ਬ੍ਰਦਰਜ਼ (ਫਰਿਜ਼ਨੋ), ਮੋਗਾ ਟਾਇਰਜ਼, ਮੋਗਾ ਵੀਡਿਓ, ਰੌਇਲ ਫੈਬਰਿਕ, ਐਸਲਿਨ ਡੈਨਟਲ, ਡਾ. ਕਾਲੇਕੇ, ਬਲਿਹਾਰ ਨਾਗਰਾ, ਏ-ਵਨ ਰਿਐਲਟੀ, ਬਲਦੇਵ ਸਿੰਘ ਸੰਘਾ, ਜਿੱਫੀ ਮਾਰਟ (ਚੌਚਿਲਾ), ਸੁੱਖੀ ਆਟੋ ਵਰਕਸ, ਪ੍ਰੀਤਮ ਸਿੰਘ ਪਾਸਲਾ। ਪਿਛਲੇ 10 ਸਾਲਾਂ ਤੋਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦਾ ਸਾਥ ਨਿਭਾਉਣ ਲਈ ਅਤੇ ਮੇਲੇ ਦੇ ਪ੍ਰਚਾਰ ਲਈ ਅਸੀਂ ਸਮੂਹ ਰੇਡੀਓ ਹੋਸਟ ਅਤੇ ਪੱਤਰਕਾਰਾਂ ਦੇ ਧੰਨਵਾਦੀ ਹਾਂ। **ਰੇਡੀਓ ਹੋਸਟ:**ਕੁਲਵੀਰ ਸਿੰਘ ਹੇਅਰ, ਸੁਖੀ ਹੇਅਰ, ਰਾਜਵਿੰਦਰ ਧਾਲੀਵਾਲ, ਪਾਲ ਧਾਲੀਵਾਲ, ਹਰਪ੍ਰੀਤ ਮਾਨ, ਗੁੱਡੀ ਸਿੱਧੂ, ਗੁਰਪ੍ਰੀਤ ਧਾਲੀਵਾਲ, ਹਰਜਿੰਦਰ ਕੰਗ, ਡਾ. ਟੈਗੋਰ, ਬਲਵੀਰ ਢਿਲੋਂ, ਜਸਵੰਤ ਮਹਿਮੀ, ਦਿਲਬਾਗ ਬੰਗੜ, ਗੁਰਦੀਪ ਸ਼ੇਰਗਿੱਲ, ਪਸ਼ੌਰਾ ਸਿੰਘ ਢਿਲੋਂ, ਡਾ. ਮਹਿੰਦਰ ਸਿੰਘ ਪੂਨੀਆ, ਪ੍ਰੋ. ਅਰਜਨ ਸਿੰਘ ਜੋਸਨ, ਬਲਰਾਜ ਬਰਾੜ, ਰੇਡੀਅ ਗੀਤ ਸੰਗੀਤ (ਵਾਟਸਨਵਿਲ), ਆਵਾਜੇ ਵਤਨ ਟੀ.ਵੀ., ਰਾਜਿੰਦਰ ਸਿੰਘ ਢਿਲੋਂ, ਆਸ਼ਾ ਸ਼ਰਮਾ, ਗੁਰਪ੍ਰੀਤ ਮਾਨ। **ਪੱਤਰਕਾਰ:** ਸ. ਜਗਜੀਤ ਸਿੰਘ ਥਿੰਦ, ਬੂਟਾ ਰਾਮ ਜੋਸ਼ੀ, ਦੇਸ ਰਾਜ ਬੰਗੜ, ਨੀਟਾ ਮਾਛੀਕੇ।

**ਨੋਟ:** ਚਾਹ ਅਤੇ ਪਕੌੜਿਆ ਦੀ ਸੇਵਾ ਨਿਉ ਇੰਡੀਆ ਸਵੀਟਸ ਐਂਡ ਸਪਾਈਸ ਦੇ ਜਸਵਿੰਦਰ ਹੋਰਾਂ ਵਲੋਂ ਹੋਵੇਗੀ ਅਤੇ ਲੰਗਰ ਦੀ ਸੇਵਾ ਪਿੰਡ ਲਤਾਲਾ ਵਾਸੀਆ ਵਲੋਂ ਕੀਤੀ ਜਾਵੇਗੀ।

# ਪੰਜਾਬ ਟਾਈਮਜ਼

ਸਨਿਚਰਵਾਰ, 13 ਮਾਰਚ, 2010


*ਹਰ ਕੰਮ ਤੋਂ ਪਹਿਲਾਂ ਮਨੁੱਖੀ ਜੀਵਨ ਬਚਾਉਣਾ ਵੱਡਾ ਧਰਮ-ਲਾਲ ਬਹਾਦਰ ਸ਼ਾਸਤਰੀ*

## ਵਧਦੀ ਮਹਿੰਗਾਈ ਅਤੇ ਸਰਕਾਰ

ਕੇਂਦਰ ਸਰਕਾਰ ਦੇ ਸਭ ਤੋਂ ਉਪਰਲੇ ਮੁਖੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਵਿਚ ਪਿਛਲੇ ਕੁਝ ਹੀ ਸਾਲਾਂ ਵਿਚ ਛਾਲਾਂ ਮਾਰ ਕੇ ਵਧ ਰਹੀ ਮਹਿੰਗਾਈ 'ਤੇ ਕਾਬੂ ਪਾਉਣ ਤੋਂ ਪੂਰੀ ਤਰ੍ਹਾਂ ਪੱਲਾ ਝਾੜ ਦਿੱਤਾ ਹੈ। ਉਨ੍ਹਾਂ ਇਹ ਗੱਲ ਵੀ ਆਖੀ ਹੈ ਕਿ ਮੌਜੂਦਾ ਹਾਲਤ ਵਿਚ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਕੌਮਾਂਤਰੀ ਪੱਧਰ 'ਤੇ ਆਏ ਉਛਾਲ ਕਾਰਨ ਮਹਿੰਗਾਈ ਵਧ ਰਹੀ ਹੈ ਅਤੇ ਇਹ ਸਾਡੇ ਵਸੋਂ ਬਾਹਰ ਹੈ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵਲੋਂ ਸੰਸਦ ਦੇ ਦੋਹਾਂ ਸਦਨਾਂ 'ਚ ਦਿੱਤੇ ਭਾਸ਼ਣ ਬਾਰੇ ਧੰਨਵਾਦ ਪ੍ਰਸਤਾਵ 'ਤੇ ਲੰਘੀ 5 ਮਾਰਚ ਨੂੰ ਹੋਈ ਚਰਚਾ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਵਲੋਂ ਮਹਿੰਗਾਈ ਰੋਕਣ ਲਈ ਹਰ ਸੰਭਵ ਕਦਮ ਚੁੱਕਿਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਕੁਝ ਹੋਰ ਕਦਮ ਵੀ ਚੁੱਕੇ ਜਾਣਗੇ। ਉਂਜ ਡਾ. ਮਨਮੋਹਨ ਸਿੰਘ ਨੇ ਇਹ ਗੱਲ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤੀ ਕਿ ਪਿਛਲੇ ਕੁਝ ਸਮੇਂ ਵਿਚ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ ਅਤੇ ਸਰਕਾਰ ਇਸ ਨੂੰ ਲੈ ਕੇ ਚਿੰਤਾ ਵਿਚ ਵੀ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਦੀ ਚਿੰਤਾ ਸਿਰਫ ਵਿਰੋਧੀ ਧਿਰ ਨੂੰ ਹੀ ਨਹੀਂ ਹੈ ਸਗੋਂ ਖੁਦ ਸਰਕਾਰ ਨੂੰ ਵੀ ਹੈ ਕਿਉਂਕਿ ਵਧ ਰਹੀ ਮਹਿੰਗਾਈ ਦੀਆਂ ਸਿਆਸੀ ਅਰਥ ਸੰਭਾਵਨਾਵਾਂ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਇਸ ਦੇ ਸਿੱਟੇ ਵੀ ਨਿਕਲਣਗੇ। ਇਸ ਦੇ ਨਾਲ ਹੀ ਡਾ. ਮਨਮੋਹਨ ਸਿੰਘ ਨੇ ਇਹ ਦਾਅਵਾ ਵੀ ਕੀਤਾ ਕਿ ਭਾਰਤ ਦੀ ਆਰਥਿਕਤਾ ਬੁਨਿਆਦੀ ਤੌਰ 'ਤੇ ਕਾਫੀ ਮਜ਼ਬੂਤ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਸ ਦੀ ਇਹ ਮਜ਼ਬੂਤੀ ਬਣੀ ਰਹੇਗੀ। ਡਾ. ਮਨਮੋਹਨ ਸਿੰਘ ਨੇ ਸਪੱਸ਼ਟ ਕੀਤਾ ਕਿ ਭਾਰਤ ਦੀ ਆਰਥਿਕ ਵਿਕਾਸ ਦੀ ਦਰ ਇਸ ਸਾਲ 7.5 ਫੀਸਦੀ ਅਤੇ ਇਸ ਤੋਂ ਅਗਲੇ ਸਾਲ 9 ਫੀਸਦੀ ਦੇ ਕਰੀਬ ਰਹੇਗੀ।

ਵਧ ਰਹੀ ਮਹਿੰਗਾਈ ਸੰਬੰਧੀ ਡਾ. ਮਨਮੋਹਨ ਸਿੰਘ ਨੇ ਦਲੀਲ ਦਿੱਤੀ ਕਿ ਆਪਣੀਆਂ ਆਰਥਿਕ ਨੀਤੀਆਂ ਦੇ ਸਿੱਟੇ ਵਜੋਂ ਕੇਂਦਰ ਸਰਕਾਰ ਨੇ ਬੇਰੁਜ਼ਗਾਰੀ 'ਤੇ ਹਾਲ ਦੀ ਘੜੀ ਕਾਬੂ ਪਾਈ ਰੱਖਿਆ ਹੈ। ਜੇ ਸਰਕਾਰ ਮਹਿੰਗਾਈ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰਦੀ ਤਾਂ ਬੇਰੁਜ਼ਗਾਰੀ ਵਧ ਸਕਦੀ ਸੀ। ਡਾ. ਮਨਮੋਹਨ ਸਿੰਘ ਦੀ ਇਸ ਦਲੀਲ ਦੇ ਪਿਛੇ ਆਰਥਿਕ ਸਿਧਾਂਤ ਦੀ ਕਿਹੜੀ ਗੁੰਝਲ ਹੈ, ਇਹ ਤਾਂ ਕੋਈ ਆਰਥਿਕ ਮਾਹਿਰ ਹੀ ਦੱਸ ਸਕਦਾ ਹੈ, ਪਰ ਇਸ ਦਲੀਲ ਉਪਰ ਆਮ ਲੋਕ ਹੈਰਾਨ ਜ਼ਰੂਰ ਹਨ। ਉਂਜ ਡਾ. ਮਨਮੋਹਨ ਸਿੰਘ ਦੇ ਭਾਸ਼ਣ ਵਿਚ ਖੰਡ ਦੀਆਂ ਵਧੀਆਂ ਕੀਮਤਾਂ ਵਿਸ਼ੇਸ਼ ਰੂਪ ਵਿਚ ਚਰਚਾ ਦਾ ਵਿਸ਼ਾ ਜ਼ਰੂਰ ਬਣੀਆਂ ਤੇ ਉਨ੍ਹਾਂ ਇਹ ਗੱਲ ਮੰਨ ਵੀ ਲਈ ਕਿ ਪਿਛਲੇ ਸਮੇਂ ਵਿਚ ਖੰਡ ਬਰਾਮਦ ਕੀਤੀ ਗਈ ਸੀ। ਇਸ ਦਰਮਿਆਨ ਉਹ ਇਸ ਸਵਾਲ ਦਾ ਜਵਾਬ ਟਾਲ ਹੀ ਗਏ ਕਿ ਜਦੋਂ ਦੇਸ਼ ਵਿਚ ਖੰਡ ਦਾ ਕਾਲ ਪਿਆ ਹੋਇਆ ਹੈ ਤਾਂ ਖੰਡ ਬਰਾਮਦ ਕਿਉਂ ਕੀਤੀ ਗਈ। ਉਂਜ ਕਾਂਗਰਸ ਪਾਰਟੀ ਦਾ ਆਖਣਾ ਹੈ ਕਿ ਕੌਮਾਂਤਰੀ ਵਾਅਦਿਆਂ ਨੂੰ ਪੂਰਾ ਕਰਨ ਲਈ ਅਜਿਹਾ ਕਰਨਾ ਪੈਂਦਾ ਹੈ। ਡਾ. ਮਨਮੋਹਨ ਸਿੰਘ ਨੇ ਖੰਡ ਦੀਆਂ ਕੀਮਤਾਂ ਵਿਚ ਵਾਧੇ ਸੰਬੰਧੀ ਸਿਰਫ ਇਨਾ ਕਹਿ ਕੇ ਪਾਸਾ ਵੱਟ ਲਿਆ ਕਿ ਇਹ ਕੀਮਤਾਂ ਦੇ ਚੱਕਰ ਦਾ ਹੀ ਸਿੱਟਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਖੰਡ ਦੀਆਂ ਕੀਮਤਾਂ ਹੇਠਾਂ ਵੀ ਜਾ ਸਕਦੀਆਂ ਹਨ। ਨਾਲ ਹੀ ਉਨ੍ਹਾਂ ਭਵਿੱਖ ਵਿਚ ਅਜਿਹੀਆਂ ਸਥਿਤੀਆਂ ਦੇ ਨਾ ਪੈਦਾ ਹੋਣ ਦਾ ਭਰੋਸਾ ਵੀ ਦਿੱਤਾ। ਉਂਜ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਇਕ ਪਾਸੇ ਤਾਂ ਪਾਕਿਸਤਾਨ ਨਾਲ ਗੱਲਬਾਤ ਦੌਰਾਨ ਕਿਸੇ ਵੀ ਤੀਜੀ ਧਿਰ ਦੇ ਦਖਲ ਤੋਂ ਇਨਕਾਰ ਕੀਤਾ ਤੇ ਦੂਜੇ ਪਾਸੇ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨਾਲ ਹੋਈ ਤਲਖਕਲਾਮੀ ਵਲ ਵੀ ਸੰਕੇਤ ਕੀਤਾ। ਉਨ੍ਹਾਂ ਭਾਰਤੀ ਜਨਤਾ ਪਾਰਟੀ ਦੀ ਇਸ ਦਲੀਲ ਦੇ ਵਾਜਬ ਜੁਆਬ ਦਿੱਤੇ ਕਿ ਸਰਕਾਰ ਦੇਸ਼ ਨੂੰ ਅਮਰੀਕਾ ਦਾ ਗੁਲਾਮ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਕੋਲ ਭਰਪੂਰ ਅਨਾਜ ਦਾ ਭੰਡਾਰ ਹੈ ਅਤੇ ਆਪਣੀ ਆਜ਼ਾਦ ਆਰਥਿਕ ਹਸਤੀ ਅਤੇ ਵਿਦੇਸ਼ ਨੀਤੀ ਹੈ। ਇਸ ਸਥਿਤੀ ਵਿਚ ਦੇਸ਼ ਦੇ ਕਿਸੇ ਹੋਰ ਮੁਲਕ ਦੇ ਗੁਲਾਮ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਯਾਦ ਰਹੇ, ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਪਿਛਲੇ ਦਿਨੀਂ ਤਕਰੀਬਨ ਸਾਰੀਆਂ ਹੀ ਵਿਰੋਧੀ ਪਾਰਟੀਆਂ ਪਾਰਲੀਮੈਂਟ ਵਿਚ ਸਰਕਾਰ ਦੇ ਵਿਰੁੱਧ ਇਕੱਠੀਆਂ ਹੋ ਗਈਆਂ ਸਨ ਅਤੇ ਇਸ ਦੇ ਸਿੱਟੇ ਵਜੋਂ ਇਸ ਮੁੱਦੇ ਉਪਰ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਜੁਆਬ ਦੇਣੇ ਮੁਸ਼ਕਲ ਹੋ ਗਏ ਸਨ। ਵਧ ਰਹੀ ਮਹਿੰਗਾਈ ਦੇ ਸੰਬੰਧ ਵਿਚ ਭਾਵੇਂ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਕੋਲ ਬਹੁਤੇ ਜਚਵੇਂ ਜੁਆਬ ਨਹੀਂ ਹਨ ਪਰ ਫਿਰ ਵੀ ਉਹ ਕਿਸੇ ਤਰ੍ਹਾਂ ਬੁੱਤਾ ਲਾ ਰਹੇ ਹਨ। ਕੇਂਦਰ ਸਰਕਾਰ ਇਸ ਗੱਲ ਦਾ ਕੋਈ ਜੁਆਬ ਨਹੀਂ ਦੇ ਰਹੀ ਕਿ ਆਖਰ ਵਧ ਰਹੀਆਂ ਕੀਮਤਾਂ ਉਪਰ ਸਰਕਾਰ ਕਾਬੂ ਕਰਨ ਵਿਚ ਅਸਫਲ ਕਿਉਂ ਹੈ। ਸਵਾਲ ਉਠਦਾ ਹੈ ਕਿ ਕੀ ਬਾਜ਼ਾਰ ਉਪਰ ਹੈ ਜਾਂ ਸਰਕਾਰ? ਸੱਤਾ ਦੇਸੀ ਅਤੇ ਵਿਦੇਸ਼ੀ ਬਾਣੀਆਂ ਦੇ ਹੱਥ ਵਿਚ ਹੈ ਜਾਂ ਰਾਜ ਕਰ ਰਹੀਆਂ ਰਾਜਨੀਤਕ ਪਾਰਟੀਆਂ ਅਤੇ ਨਿਆਂਇਕ ਵਿਵਸਥਾ ਦੇ ਹੱਥ ਵਿਚ। ਕਿਸੇ ਵੀ ਜਮਹੂਰੀ ਅਤੇ ਕਲਿਆਣਕਾਰੀ ਸਟੇਟ ਵਿਚ ਸਰਕਾਰ ਕੋਲ ਅਰਥ ਵਿਵਸਥਾ ਵਿਚ ਮੌਕਾ-ਬੇਮੌਕਾ ਦਖਲ ਦੇਣ ਦੀ ਸ਼ਕਤੀ ਹੁੰਦੀ ਹੈ। ਇਸੇ ਕਰਕੇ ਸਰਕਾਰ ਅਤੇ ਸਿਆਸਤ ਹਮੇਸ਼ਾ ਕਾਰੋਬਾਰੀ ਸੰਸਥਾਵਾਂ ਅਤੇ ਵਪਾਰਕ ਵਿਵਸਥਾਵਾਂ ਤੋਂ ਉਪਰ ਹੁੰਦੀ ਹੈ। ਕਾਰਨ ਇਸ ਦਾ ਇਹ ਹੈ ਕਿ ਜਮਹੂਰੀ ਸਰਕਾਰਾਂ ਦੇਸ਼ ਦੇ ਬਹੁਗਿਣਤੀ ਗਰੀਬ ਅਤੇ ਆਮ ਲੋਕਾਂ ਦੇ ਮਤ ਅਧਿਕਾਰ ਨਾਲ ਹੋਂਦ ਵਿਚ ਆਉਂਦੀਆਂ ਹਨ। ਇਸ ਲਈ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਰਨਾ ਵੀ ਸਰਕਾਰ ਦਾ ਕੰਮ ਹੁੰਦਾ ਹੈ। ਸਮੁੱਚੇ ਰੂਪ ਵਿਚ ਸਰਕਾਰਾਂ ਨੂੰ ਦੇਸ਼ ਵਿਚ ਵਸਦੇ ਗਰੀਬ ਅਤੇ ਅਮੀਰ ਤਬਕਿਆਂ ਤੋਂ ਵੀ ਉਪਰ ਹੋਣਾ ਬਣਦਾ ਹੈ। ਸਰਕਾਰਾਂ ਨੇ ਅਸਲ ਵਿਚ ਦੋਨਾਂ ਧਿਰਾਂ ਦੀ ਰਾਖੀ ਕਰਨੀ ਹੁੰਦੀ ਹੈ ਅਤੇ ਦੋਨਾਂ ਧਿਰਾਂ ਦੇ ਵਿਚਕਾਰ ਇਕ ਮਹੀਨ ਅਤੇ ਨਾਜ਼ੁਕ ਸੰਤੁਲਨ ਬਣਾ ਕੇ ਰੱਖਣਾ ਹੁੰਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਲੈਕ ਲਿਸਟ ਸਿੱਖਾਂ ਦੀ!

ਮੁੜ ਮੁੜ ਯਾਦ ਆਵੇ ਸੀਨੇ ਛੇਕ ਪਾਵੇ, ਧੋਖਾ ਹੋਇਆ ਜੋ ਸੰਨ ਸੰਤਾਲੀਆਂ ਦਾ।
ਕੌਡੀ ਮੁੱਲ ਨਾ ਪਿਆ ਕੁਰਬਾਨੀਆਂ ਦਾ, ਖੂਨ ਡੋਲ੍ਹ ਕੇ ਘਾਲਣਾ ਘਾਲੀਆਂ ਦਾ।
ਚਾਅ ਚੜ੍ਹੇਗਾ ਕਿਵੇਂ ਪਰਵਾਸੀਆਂ ਨੂੰ, 'ਲੋਕ ਸਭਾ' ਵਿਚ ਵੱਜਦੀਆਂ ਤਾਲੀਆਂ ਦਾ।
ਹੁਕਮ ਚਾੜ੍ਹ ਕੇ ਕਤਲ ਕਰ ਦੇਣ ਝੱਟੇ, ਦੇਸ਼ ਜਾਣ ਲਈ ਰੀਝਾਂ ਜੋ ਪਾਲੀਆਂ ਦਾ।
ਮਸਾਂ ਬਣੇ ਸਬੱਬ ਮੂੰਹ ਦੇਖਣੇ ਦਾ, ਆਪਣੇ ਵਤਨ ਦੇ ਹਾਲੀਆਂ-ਪਾਲੀਆਂ ਦਾ।
ਸਿੱਖ 'ਬਾਹਰਲੇ' ਹੋਣ ਮਾਯੂਸ ਡਾਢੇ, ਚੱਲੇ ਜ਼ਿਕਰ ਜਦ ਸੂਚੀਆਂ ਕਾਲੀਆਂ ਦਾ!

# ਕਿਰਨਜੀਤ ਕਤਲ ਨੂੰ ਮੁਆਵਜ਼ੇ ਨਾਲ ਢਕਣ ਦੀ ਕੋਸ਼ਿਸ਼

**ਦਲਜੀਤ ਅਮੀ**

ਕਪੂਰਥਲਾ ਵਿਚ ਵੀਹ ਸਾਲਾ ਕਿਰਨਜੀਤ ਕੌਰ ਨੇ ਆਤਮਦਾਹ ਕਰ ਲਿਆ। ਬਠਿੰਡਾ ਜ਼ਿਲ੍ਹੇ ਦੇ ਪਿੰਡ ਬਾਂਡੀ ਦੇ ਵਾਸੀ ਬੱਤੀ ਸਾਲਾ ਬਲਜੀਤ ਸਿੰਘ ਨੇ ਖੁਦਕੁਸ਼ੀ ਕਰ ਲਈ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭਿੰਡੀ ਔਲਖ ਵਿਚ 68 ਸਾਲਾ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਦਾ ਕਤਲ ਹੋ ਗਿਆ। ਇਨ੍ਹਾਂ ਘਟਨਾਵਾਂ ਦੇ ਵਾਪਰਨ ਦਾ ਸਮਾਂ ਤੇ ਸਥਾਨ ਵੱਖ-ਵੱਖ ਹੈ। ਇਨ੍ਹਾਂ ਘਟਨਾਵਾਂ ਦਾ ਸ਼ਿਕਾਰ ਲੋਕਾਂ ਦੀ ਉਮਰ ਵਿਚ ਫਰਕ ਏਨਾ ਹੈ ਕਿ ਇਹ ਤਿੰਨ ਪੀੜ੍ਹੀਆਂ ਦੀ ਨੁਮਾਇੰਦਗੀ ਕਰ ਸਕਦੇ ਹਨ। ਬਹੁਤ ਸੰਭਾਵਨਾ ਹੈ ਕਿ ਇਹ ਤਿੰਨੇ ਇੱਕ ਦੂਜੇ ਨੂੰ ਜਾਣਦੇ ਤੱਕ ਨਾ ਹੋਣ। ਫਿਰ ਵੀ ਇਨ੍ਹਾਂ ਦੀ ਮੌਤ ਵਿਚ ਕੁਝ ਤੰਦਾਂ ਸਾਂਝੀਆਂ ਹਨ। ਇਹ ਕੁਦਰਤੀ ਮੌਤ ਨਹੀਂ ਮਰੇ। ਤਿੰਨੇ ਮੌਤ ਦੀ ਸੰਭਾਵਨਾ ਤੋਂ ਸਚੇਤ ਹੋਣਗੇ।

ਜਿਨ੍ਹਾਂ ਹਾਲਾਤ ਵਿਚ ਇਨ੍ਹਾਂ ਦੀ ਮੌਤ ਹੋਈ, ਉਨ੍ਹਾਂ ਦੀਆਂ ਵੱਖ-ਵੱਖ ਪਰਤਾਂ ਦਾ ਆਪਸੀ ਸੰਵਾਦ ਉਨ੍ਹਾਂ ਰਮਜ਼ਾਂ ਨੂੰ ਉਜਾਗਰ ਕਰਦਾ ਹੈ ਜੋ ਇਨ੍ਹਾਂ ਨੂੰ ਨੇੜੇ ਲਿਆਉਂਦੀਆਂ ਹਨ। ਪੜ੍ਹੀ-ਲਿਖੀ ਵੀਹ ਸਾਲਾ ਮੁਟਿਆਰ ਕਿਰਨਜੀਤ ਰੁਜ਼ਗਾਰ ਲਈ ਲੜ ਰਹੀ ਸੀ। ਬੱਤੀ ਸਾਲਾਂ ਦਾ ਗੱਭਰੂ ਕਿਸਾਨ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੋਂ ਹਾਰ ਗਿਆ ਸੀ। ਅਠਾਹਠ ਸਾਲਾ ਸੇਵਾ-ਮੁਕਤ ਡਰਾਇੰਗ ਅਧਿਆਪਕ ਆਬਾਦਕਾਰਾਂ ਦੀਆਂ ਜ਼ਮੀਨਾਂ ਦੇ ਮਾਲਕੀ ਹਕੂਕ ਲਈ ਲੋਕਾਂ ਨੂੰ ਲਾਮਬੰਦ ਕਰ ਰਿਹਾ ਸੀ। ਇਹ ਤਿੰਨੇ ਸਾਡੇ ਸਮਕਾਲੀ ਸਨ। ਇਨ੍ਹਾਂ ਨੇ ਆਪਸ ਵਿਚ ਭਾਵੇਂ ਕਦੇ ਗੱਲ ਨਾ ਕੀਤੀ ਹੋਵੇ ਪਰ ਸਾਡੇ ਚੇਤਿਆਂ ਨਾਲ ਇਹ ਕਿਹੋ ਜਿਹਾ ਸੰਵਾਦ ਛੇੜਦੇ ਹਨ? ਆਖ਼ਰ ਜਿਸ ਉਮਰੇ ਜ਼ਿੰਦਗੀ ਰੰਗੀਨ ਨਜ਼ਰ ਆਉਣ ਦਾ ਦਾਅਵਾ ਹੁੰਦਾ ਹੈ, ਉਸ ਉਮਰੇ ਕੋਈ ਮੁਟਿਆਰ ਆਤਮਦਾਹ ਕਿਉਂ ਕਰਦੀ ਹੈ? ਜਦੋਂ ਤਜਰਬੇ ਅਤੇ ਹਠ ਦਾ ਸੁਮੇਲ ਟਿੱਬੇ ਪੱਧਰੇ ਕਰਕੇ ਹਰੀਆਂ ਫਸਲਾਂ ਉਗਾਉਣ ਦੀ ਜਿੱਤ ਪੁਗਾ ਸਕਦਾ ਹੈ, ਉਸ ਉਮਰੇ ਕੋਈ ਕਿਸਾਨ ਤੁਰਨਾ ਸਿੱਖਦੇ ਬਾਲਾਂ ਅਤੇ ਜਵਾਨ ਜੀਵਨ ਸਾਥੀ ਨੂੰ ਛੱਡ ਕੇ ਜ਼ਹਿਰ ਕਿਉਂ ਪੀ ਜਾਂਦਾ ਹੈ? ਸੇਵਾ-ਮੁਕਤੀ ਦੀ ਜੋ ਉਮਰ ਆਰਾਮ ਕਰਨ ਅਤੇ ਸੇਵਾ ਕਰਵਾਉਣ ਦੀ ਹੁੰਦੀ ਹੈ ਉਸ ਉਮਰੇ ਕੋਈ ਬਜ਼ੁਰਗ ਬੇਅਰਾਮੀ, ਜੋਖਮ ਅਤੇ ਖੱਜਲਖੁਆਰੀ ਦੀ ਜ਼ਿੰਦਗੀ ਨੂੰ ਤਰਜੀਹ ਕਿਉਂ ਦਿੰਦਾ ਹੈ? ਇਨ੍ਹਾਂ ਤਿੰਨਾਂ ਸਵਾਲਾਂ ਨੂੰ ਇੱਕ ਸਵਾਲ ਵਿਚ ਬੰਨ੍ਹ ਕੇ ਵੀ ਪੁੱਛਿਆ ਜਾ ਸਕਦਾ ਹੈ ਕਿ ਜੇ ਇਹ ਇੰਜ ਨਾ ਕਰਦੇ ਤਾਂ ਕੀ ਕਰਦੇ?

ਕੌਮੀ ਮੁਕਤੀ ਲਹਿਰ ਦੇ ਆਗੂਆਂ, ਕਾਰਕੁਨਾਂ ਅਤੇ ਹਮਦਰਦਾਂ ਨੇ ਆਪਣੇ ਸਮਕਾਲੀਆਂ ਸਮੇਤ ਕੁਰਬਾਨੀਆਂ ਇਸ ਵਾਅਦੇ ਨਾਲ ਦਿੱਤੀਆਂ ਸਨ ਕਿ ਅਗਲੀਆਂ ਪੀੜ੍ਹੀਆਂ ਸਵੈਮਾਣ ਨਾਲ ਜਿਉਂ ਸਕਣਗੀਆਂ। ਪੂਰੀ ਸਦੀ ਪਹਿਲਾਂ ਸਾਮਰਾਜਵਾਦ ਖ਼ਿਲਾਫ਼ ਕੌਮੀ ਮੁਕਤੀ ਲਹਿਰ ਦੀ ਸੋਚ ਸੀ ਕਿ 'ਸਵਰਾਜ ਮਨੁੱਖ ਦਾ ਜਨਮ ਸਿੱਧ ਅਧਿਕਾਰ' ਹੈ। ਉਸ ਵੇਲੇ ਸਵਰਾਜ ਦੀ ਧਾਰਨਾ ਵਿਚ ਆਜ਼ਾਦੀ, ਇਨਸਾਫ਼, ਬਰਾਬਰੀ, ਸਵੈਮਾਣ, ਭਾਈਚਾਰਾ, ਖੁਸ਼ਹਾਲੀ, ਵਿਗਿਆਨਕ ਸੋਚ ਅਤੇ ਤਰੱਕੀ ਦੇ ਮੌਕੇ ਸ਼ੁਮਾਰ ਸਨ। ਪਿਛਲੇ ਛੇ ਦਹਾਕਿਆਂ ਦਾ ਤਜਰਬਾ ਦੱਸਦਾ ਹੈ ਕਿ ਸਵਰਾਜ ਦੇ ਅਰਥ ਸਰਕਾਰ, ਸਿਆਸਤ, ਅਫ਼ਸਰਸ਼ਾਹੀ, ਸਨਅਤ ਅਤੇ ਜ਼ਖੀਰੇਬਾਜ਼ੀ ਤੱਕ ਮਹਿਦੂਦ ਹੋ ਕੇ ਰਹਿ ਗਏ ਹਨ।

ਅੰਕੜਿਆਂ ਦੇ ਹਵਾਲੇ ਤੋਂ ਬਿਨਾ ਵੀ ਇਹ ਗੱਲ ਸਮਝ ਆਉਂਦੀ ਹੈ ਕਿ ਸਾਡੇ ਮੁਲਕ ਵਿਚ ਗ਼ਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ। ਕੁਝ ਲੋਕ ਆਲਮੀ ਪੱਧਰ ਦੇ ਧਨ ਕਬੇਰਾਂ ਵਿਚ ਸ਼ੁਮਾਰ ਹੋ ਰਹੇ ਹਨ। ਗੁਰਬਤ, ਜ਼ਹਾਲਤ, ਬਿਮਾਰੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਬੇਇਨਸਾਫੀ ਵਿਚ ਸਾਡਾ ਮੁਲਕ ਲਗਾਤਾਰ ਪਛੜਦਾ ਜਾ ਰਿਹਾ ਹੈ। ਕੌਮਾਂਤਰੀ ਵਿੱਤੀ ਸੰਸਥਾਵਾਂ, ਆਲਮੀ ਸਿਹਤ ਸੰਸਥਾ, ਮਾਨਵੀ ਵਿਕਾਸ ਸੂਚਕ ਅੰਕ, ਹਰ ਸਾਲ ਬਜਟ ਤੋਂ ਪਹਿਲਾਂ ਕੀਤੇ ਜਾਣ ਵਾਲੇ ਸਰਵੇਖਣ ਅਤੇ ਚੋਣਾਂ ਮੌਕੇ ਸਿਆਸਤਦਾਨਾਂ ਵਲੋਂ ਭਰੇ ਜਾਂਦੇ ਕਾਗਜ਼ ਤੱਥਾਂ ਸਮੇਤ ਉਕਤ ਰੁਝਾਨ ਦੀ ਪੁਸ਼ਟੀ ਕਰਦੇ ਹਨ।

ਇਸ ਵੇਲੇ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿਚ ਪੰਜਾਬ ਅੱਵਲ ਤੋਂ ਚੌਥੇ ਨੰਬਰ ਉੱਤੇ ਪੁੱਜ ਗਿਆ ਹੈ ਅਤੇ ਆਉਣ ਵਾਲੇ ਸਾਲਾਂ ਵਿਚ ਇਸਦੇ ਹੋਰ ਹੇਠਾਂ ਖਿਸਕ ਜਾਣ ਦੀ ਸੰਭਾਵਨਾ ਹੈ। ਇਸੇ ਸਮੇਂ ਦੌਰਾਨ ਦਲਿਤਾਂ ਖ਼ਿਲਾਫ਼ ਹਿੰਸਾ ਦੇ ਮਾਮਲੇ ਵਿਚ ਪੰਜਾਬ ਅੱਠਵੇਂ ਨੰਬਰ ਉੱਤੇ ਪੁੱਜ ਗਿਆ ਹੈ। ਇਹ ਦੋਵੇਂ ਰੁਝਾਨ ਦੱਸਦੇ ਹਨ ਕਿ ਸਾਡਾ ਸੂਬਾ ਖੁਸ਼ਹਾਲੀ ਪੱਖੋਂ ਪਿੱਛੇ ਅਤੇ ਨਾਇਨਸਾਫ਼ੀ ਪੱਖੋਂ ਅੱਗੇ ਜਾ ਰਿਹਾ ਹੈ। ਸਵਾਲ ਇਹ ਬਣਦਾ ਹੈ ਕਿ ਇਸ ਮਾਹੌਲ ਵਿਚ ਵਿਸਾਹ ਦਾਨ, ਵਿਵੇਕ ਦਾਨ, ਭਰੋਸਾ ਦਾਨ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਪੰਜਾਬੀ ਕੀ ਕਰਨ?

ਪੰਜਾਬ ਦੀ ਵਿੱਤੀ ਬਦਇੰਤਜ਼ਾਮੀ ਕਿਸੇ ਤੋਂ ਲੁਕੀ ਨਹੀਂ। ਇਸ ਵੇਲੇ ਸਰਕਾਰੀ ਜਾਇਦਾਦ ਵੇਚ ਕੇ ਆਮਦਨ ਵਧਾਉਣ ਦੀ ਗੱਲ ਹੋ ਰਹੀ ਹੈ। ਸਰਕਾਰੀ ਜਾਇਦਾਦ ਵੇਚਣ ਨੂੰ ਆਮਦਨ ਕਹਿਣ ਵਾਲੇ ਸਿਆਸਤਦਾਨਾਂ ਦੀ ਜਾਇਦਾਦ ਲਗਾਤਾਰ ਵਧ ਰਹੀ ਹੈ। ਉਹ ਆਪਣੀ ਜਾਇਦਾਦ ਵੇਚ ਕੇ ਆਮਦਨ ਕਿਉਂ ਨਹੀਂ ਵਧਾਉਂਦੇ? ਪੰਜਾਬ ਦੀ ਸਮੁੱਚੀ ਸਿਆਸਤ ਕੁਨਬਾਪ੍ਰਸਤੀ ਦੁਆਲੇ ਘੁੰਮਦੀ ਹੈ। ਕੁਨਬਾਪ੍ਰਸਤ ਸਿਆਸਤ ਦੀ ਸਰਪ੍ਰਸਤੀ ਹੇਠ ਨਕਦੀ ਕਮਾਉਣ ਵਾਲੇ ਹਰ ਕਾਰੋਬਾਰ ਉੱਤੇ ਗ਼ਲਬਾ ਪਾਉਣ ਲਈ ਹਰ ਜਾਇਜ਼-ਨਾਜਾਇਜ਼ ਹੱਥਕੰਡਾ ਵਰਤਿਆ ਜਾ ਰਿਹਾ ਹੈ। ਪੰਜਾਬ ਵਿਚ ਬੱਸਾਂ, ਰੇਤਾ-ਬਜਰੀ (ਸਮੁੱਚੀਆਂ ਖਾਨਾਂ), ਕੇਬਲ,



*ਫਰੀਦਕੋਟ ਦੀ ਕਿਰਨਜੀਤ ਕੌਰ ਵਲੋਂ ਪਾਣੀ ਦੀ ਟੈਂਕੀ 'ਤੇ ਚੜ੍ਹ ਕੇ ਆਪਣੇ ਆਪ ਨੂੰ ਲਾਈ ਅੱਗ ਦਾ ਦਰਦਨਾਕ ਦ੍ਰਿਸ਼*

ਸ਼ਰਾਬ, ਜ਼ਮੀਨ, ਨਿੱਜੀ ਪੇਸ਼ੇਵਰ ਵਿਦਿਅਕ ਸੰਸਥਾਵਾਂ (ਕਾਲਜਾਂ ਤੋਂ ਬਾਅਦ ਹੁਣ ਸਕੂਲ ਵੀ), ਪਾਰਕਿੰਗ ਦੇ ਠੇਕੇ ਅਤੇ ਸੜਕਾਂ ਉੱਤੇ ਲੱਗੇ ਟੋਲ ਪਲਾਜ਼ੇ ਬਿਨਾਂ ਸਿਆਸੀ ਸਰਪ੍ਰਸਤੀ ਤੋਂ ਚੱਲ ਹੀ ਨਹੀਂ ਸਕਦੇ।

ਸਰਕਾਰ ਵਲੋਂ ਜਾਰੀ ਹੋਣ ਵਾਲੇ ਕਾਰੋਬਾਰ ਵਾਲੇ ਲਾਈਸੈਂਸ ਸਿਆਸੀ ਆਗੂਆਂ ਦੀ ਮਰਜ਼ੀ ਤੋਂ ਬਿਨਾ ਨਹੀਂ ਮਿਲਦੇ। ਸਰਕਾਰੀ ਮਹਿਕਮਿਆਂ ਵਿਚ ਭਰਤੀ ਬੰਦ ਹੈ। ਪੁਲਿਸ ਤੋਂ ਬਿਨਾ ਬਾਕੀ ਮਹਿਕਮਿਆਂ ਦੀ ਹਾਲਤ ਖਸਤਾ ਹੈ। ਪੁਲਿਸ ਵਾਲਿਆਂ ਦੀਆਂ ਤਰੱਕੀਆਂ ਬਦਲੀਆਂ, ਨਿਯੁਕਤੀਆਂ ਤੋਂ ਲੈ ਕੇ ਥਾਣਿਆਂ ਵਿਚ ਦਰਜ ਹੁੰਦੀਆਂ ਸ਼ਿਕਾਇਤਾਂ ਵਿਚ ਸਿਆਸੀ ਦਖ਼ਲਅੰਦਾਜ਼ੀ ਦਾ ਪੱਕਾ ਬੰਦੋਬਸਤ ਕੀਤਾ ਗਿਆ ਹੈ। ਥਾਣਿਆਂ ਦੀਆਂ ਹੱਦਾਂ ਨੂੰ ਵਿਧਾਨ ਸਭਾ ਹਲਕਿਆਂ ਮੁਤਾਬਕ ਕਰਨ ਦੀ ਤਜਵੀਜ਼ ਇਸੇ ਗੱਲ ਨੂੰ ਯਕੀਨੀ ਬਣਾਉਣ ਲਈ ਹੈ।

ਸੂਬੇ ਦੀ ਸਨਅਤ ਅਤੇ ਖੇਤੀ ਖੜੋਤ ਵਿਚ ਹਨ। ਮਜ਼ਦੂਰਾਂ ਨੂੰ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਲ ਹੋ ਗਿਆ ਹੈ। ਨੈਸ਼ਨਲ ਫੈਮਲੀ ਹੈਲਥ ਸਰਵੇਖਣ ਦੇ ਅੰਕੜੇ ਦੱਸਦੇ ਹਨ ਕਿ ਜਿਸ ਪੰਜਾਬ ਦੇ ਦਮਗਜ਼ੇ ਟੈਲੀਵਿਜ਼ਨ ਉਤੇ ਚੱਲਦੇ ਗੀਤਾਂ ਵਿਚ ਮਾਰੇ ਜਾ ਰਹੇ ਹਨ, ਉਹ ਕੋਈ ਹੋਰ 'ਪੰਜਾਬ' ਹੈ। ਪੰਜਾਬ ਵਿਚ ਨਸ਼ਿਆਂ ਤੋਂ ਇਲਾਵਾ ਵਸੋਂ ਦਾ ਵੱਡਾ ਹਿੱਸਾ ਖ਼ੂਨ ਦੀ ਕਮੀ ਦਾ ਸ਼ਿਕਾਰ ਹੈ। ਬਾਲ ਮੌਤ ਦਰ ਅਤੇ ਜਣੇਪਾ ਮੌਤ ਦਰ ਤੀਜੀ ਦੁਨੀਆਂ ਦੇ ਪਛੜੇ ਮੁਲਕਾਂ ਜਿੰਨੀ ਹੈ। ਸਿਹਤ ਸਹੂਲਤਾਂ ਦੀ ਪਹੁੰਚ ਸੁੰਗੜ ਰਹੀ ਹੈ। ਟੀਕਾਕਰਨ ਦਾ ਘੇਰਾ ਘਟ ਰਿਹਾ ਹੈ। ਉੱਚ ਸਿੱਖਿਆ ਸ਼ਹਿਰਾਂ ਅਤੇ ਸਰਦੇ-ਪੁੱਜਦੇ ਤਬਕੇ ਤੱਕ ਮਹਿਦੂਦ ਹੋ ਰਹੀ ਹੈ। ਹੁਣ ਮਰੀਜ਼ ਅਤੇ ਵਿਦਿਆਰਥੀ ਨੂੰ ਖਪਤਕਾਰ ਵਜੋਂ ਵੇਖਿਆ ਜਾਂਦਾ ਹੈ।

ਸਾਡੇ ਵਾਂਗ ਕਿਰਨਜੀਤ ਕੌਰ, ਬਲਜੀਤ ਸਿੰਘ ਅਤੇ ਸਾਧੂ ਸਿੰਘ ਤਖ਼ਤੂਪੁਰਾ ਵੀ ਇਸੇ ਮਾਹੌਲ ਵਿਚ ਜਿਉਂ ਰਹੇ ਸਨ। ਹੁਣ ਸਵਾਲ ਇਹ ਹੈ ਕਿ ਉਨ੍ਹਾਂ ਕੋਲ ਹੋਰ ਕੀ ਰਾਹ ਸੀ? ਆਮ ਤੌਰ ਉੱਤੇ ਕਿਹਾ ਜਾਂਦਾ ਹੈ ਕਿ ਅਸੀਂ ਜਮਹੂਰੀ ਦੇਸ਼ ਦੇ ਵਾਸੀ ਹਾਂ ਅਤੇ ਸਾਨੂੰ ਜਮਹੂਰੀ ਢੰਗ ਨਾਲ ਤਬਦੀਲੀ ਲਿਆਉਣ ਵਿਚ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਅਸੀਂ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਿੰਡਾਂ ਅਤੇ ਸ਼ਹਿਰਾਂ ਦੀਆਂ ਮੁਕਾਮੀ ਚੋਣਾਂ ਦੇਖੀਆਂ ਹਨ। ਲੋਕ ਸਭਾ ਚੋਣਾਂ ਨੂੰ ਜ਼ਿਆਦਾ ਸਮਾਂ ਨਹੀਂ ਹੋਇਆ। ਇਨ੍ਹਾਂ ਚੋਣਾਂ ਵਿਚ ਅਸੀਂ ਨਸ਼ਿਆਂ, ਪੈਸੇ ਅਤੇ ਡਾਂਗ ਦਾ ਜ਼ੋਰ ਦੇਖਿਆ ਹੈ। ਮਸਲਾ ਹੁਣ ਚੋਣਾਂ ਦੇ ਬੂਥਾਂ ਉੱਤੇ ਕਬਜ਼ੇ ਤੱਕ ਮਹਿਦੂਦ ਨਹੀਂ ਹੈ ਸਗੋਂ ਸਮੁੱਚੀ ਪ੍ਰਕ੍ਰਿਆ ਉਤੇ ਕਬਜ਼ਾ ਕਰਨ ਦਾ ਹੈ। ਅਖ਼ਬਾਰਾਂ ਵਿਚ ਨੌਜਵਾਨਾਂ ਹੱਥੋਂ ਕੁੱਟ ਖਾਂਦੇ ਬਜ਼ੁਰਗਾਂ ਦੀਆਂ ਤਸਵੀਰਾਂ ਤਾਂ ਕਿਸ ਨੂੰ ਭੁੱਲੀਆਂ ਹਨ। ਇਸ ਵਰਤਾਰੇ ਤੋਂ ਸਮਝ ਲਿਆ ਗਿਆ ਹੈ ਕਿ ਹੁਣ ਸਿਆਸਤਦਾਨਾਂ ਨੂੰ ਹਰ ਰੋਜ਼ ਲੋਕਾਂ ਨਾਲ ਰਾਬਤਾ ਰੱਖਣ ਦੀ ਲੋੜ ਨਹੀਂ। ਪੰਜ ਸਾਲਾਂ ਬਾਅਦ ਚੋਣਾਂ ਦੀ 'ਪੁਖ਼ਤਾ ਵਿਉਂਤਬੰਦੀ' ਰਾਹੀਂ ਗੁਰਬਤ, ਜ਼ਹਾਲਤ, ਬਿਮਾਰੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਬੇਇਨਸਾਫੀ ਵਿਚ ਘਿਰੇ ਲੋਕਾਂ ਨੂੰ ਵਕਤੀ ਲਾਲਚ ਦੇ ਕੇ ਜਾਂ ਖ਼ੌਫਜ਼ਦਾ ਕਰਕੇ ਕੁਰਸੀ ਯਕੀਨੀ ਬਣਾਈ ਜਾ ਸਕਦੀ ਹੈ।

ਜੇ ਇਹ ਕੰਮ ਏਨਾ ਸੁਖਾਲਾ ਹੈ ਤਾਂ ਚੋਣਾਂ ਤੋਂ ਬਾਅਦ ਸਿਆਸਤਦਾਨ ਕੀ ਕਰਨਗੇ? ਅਗਲੀਆਂ ਚੋਣਾਂ ਵੇਲੇ ਲੋੜੀਂਦੀ 'ਪੁਖ਼ਤਾ ਵਿਉਂਤਬੰਦੀ' ਦੀ ਤਿਆਰੀ। ਜਿਨ੍ਹਾਂ ਨੇ 'ਪੁਖ਼ਤਾ ਵਿਉਂਤਬੰਦੀ' ਵਿਚ ਮਦਦ ਕੀਤੀ ਹੈ, ਉਨ੍ਹਾਂ ਨੇ ਵੀ ਕੁਝ ਕਮਾਉਣਾ ਹੈ। ਮੌਜੂਦਾ ਸਰਕਾਰ ਨੇ 'ਖੁਫੀਆ ਵਿਭਾਗ' ਦੀ ਜ਼ਿੰਮੇਵਾਰੀ ਲਗਾਈ ਸੀ ਕਿ ਉਨ੍ਹਾਂ ਤਸਕਰਾਂ, ਅਪਰਾਧੀਆਂ, ਮੁਹਤਬਰ ਬੰਦਿਆਂ ਅਤੇ ਡੇਰੇ ਵਾਲਿਆਂ ਦੀ ਸੂਚੀ ਬਣਾਈ ਜਾਵੇ, ਜੋ ਵੋਟਾਂ ਪਵਾਉਣ ਵਿਚ ਸਹਾਈ ਹੋ ਸਕਦੇ ਹਨ। ਇਨ੍ਹਾਂ ਮੁਹਤਬਰ ਬੰਦਿਆਂ ਨੂੰ ਖੁਸ਼ ਰੱਖਣ ਦੀ ਹਦਾਇਤ ਪੰਜਾਬ ਦੀ ਅਫ਼ਸਰਸ਼ਾਹੀ ਨੂੰ ਕੀਤੀ ਗਈ ਹੈ।

ਇਸ ਮਾਹੌਲ ਵਿਚ ਕਿਰਨਜੀਤ ਕੌਰ ਵਿਦਿਅਕ ਯੋਗਤਾ ਦੇ ਆਸਰੇ ਰੁਜ਼ਗਾਰ ਭਾਲਦੀ ਹੈ ਅਤੇ ਬਲਜੀਤ ਸਿੰਘ ਮਿਹਨਤ ਦੇ ਸਿਰ ਉੱਤੇ ਇੱਜ਼ਤ ਨਾਲ ਜਿਊਣ ਦੀ ਆਸ ਕਰਦਾ ਹੈ। ਰੁਜ਼ਗਾਰ ਵਿਹੂਣੀ ਕਿਰਨਜੀਤ ਅਤੇ ਦੁਸ਼ਵਾਰੀਆਂ ਨਾਲ ਘਿਰੇ ਬਲਜੀਤ ਸਿੰਘ ਦਾ ਖ਼ੂਨ ਸੁੱਕ ਰਿਹਾ ਹੈ। ਚੂਹੜਚੱਕ ਦਾ ਜੀਵਨ ਸਿੰਘ ਲੱਚਰ ਗੀਤਾਂ ਨੂੰ ਬੰਦ ਕਰਵਾਉਣ ਦਾ ਹੀਆ ਕਰਨ ਦੀ ਕੀਮਤ ਜਾਨ ਦੇ ਕੇ ਉਤਾਰਦਾ ਹੈ। ਖੰਨਾ ਚਮਿਆਰਾ ਵਿਚ ਆਬਾਦਕਾਰਾਂ ਉਤੇ ਗੋਲੀ ਚਲਾਉਣ ਦਾ ਇਲਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਉੱਤੇ ਲਗਦਾ ਹੈ। ਸਾਧੂ ਸਿੰਘ ਤਖਤੂਪੁਰਾ ਦਾ ਖ਼ੂਨ ਇਸ ਕਰਕੇ ਵਹਾ ਦਿੱਤਾ ਜਾਂਦਾ ਹੈ ਕਿਉਂਕਿ ਉਹ ਉਸ ਧਿਰ ਨਾਲ ਖੜ੍ਹਦਾ ਹੈ ਜੋ ਸਮਝਦੀ ਹੈ ਕਿ ਖ਼ੂਨ ਸੁਕਾ ਦੇਣ ਵਾਲੇ ਹਾਲਾਤ ਬਣਾਉਣ ਵਾਲੇ ਕਾਤਲ ਹਨ। ਜਿਨ੍ਹਾਂ ਆਬਾਦਕਾਰਾਂ ਨੇ ਲੱਕ ਤੋੜਵੀਂ ਮਿਹਨਤ ਨਾਲ ਜ਼ਮੀਨਾਂ ਆਬਾਦ ਕੀਤੀਆਂ ਹਨ, ਉਸ ਉੱਤੇ ਉਨ੍ਹਾਂ ਦਾ ਮਾਲਕੀ ਹੱਕ ਹੈ।

ਕਿਰਨਜੀਤ ਅਤੇ ਬਲਜੀਤ ਦੇ ਕਤਲ ਨੂੰ ਮੁਆਵਜ਼ੇ ਨਾਲ ਢਕਣ ਦੀ ਸਿਆਸਤ ਚੱਲ ਰਹੀ ਹੈ। ਕਿਰਨਜੀਤ ਨੂੰ ਕਿਸੇ ਹੋਰ ਨਾਂ ਨਾਲ ਆਤਮਦਾਹ ਨਾ ਕਰਨਾ ਪਵੇ ਅਤੇ ਬਲਜੀਤ ਨੂੰ ਕਿਸੇ ਹੋਰ ਨਾਂ ਨਾਲ ਖੁਦਕੁਸ਼ੀ ਨਾ ਕਰਨੀ ਪਵੇ, ਇਸ ਲਈ ਸਮੂਹ ਪੰਜਾਬੀਆਂ ਨੂੰ ਚਾਰਾਜੋਈ ਕਰਨ ਦੀ ਲੋੜ ਹੈ। ਨਸ਼ੇ ਦੀ ਤੋੜ ਮਾਰੇ ਨੌਜਵਾਨ ਪਿੰਡਿਆਂ ਨੂੰ ਸਿਆਸੀ ਟੁੱਕੜਬੋਚੀ ਤੋਂ ਮੋੜ ਕੇ ਹੀ ਪੰਜਾਬ ਨੂੰ ਵਸਦਿਆਂ ਵਿਚ ਕੀਤਾ ਜਾ ਸਕਦਾ ਹੈ। ਪੰਜਾਬ ਦੀ ਵਿਵੇਕੀ ਤੇ ਦਲੇਰ ਸੁਰ ਸਾਧੂ ਸਿੰਘ ਨਾਲ ਜੋਟੀ ਪਾ ਕੇ ਹੀ ਕਿਰਨਜੀਤ ਕੌਰਾਂ ਅਤੇ ਬਲਜੀਤ ਸਿੰਘਾਂ ਦੀ ਜ਼ਿੰਦਗੀ ਰੁਸ਼ਨਾਈ ਜਾ ਸਕਦੀ ਹੈ। ਹੁਣ ਕੌਮੀ ਮੁਕਤੀ ਲਹਿਰ ਦੇ ਸੁਪਨਿਆਂ ਦੀ ਪੂਰਤੀ ਵਲ ਜਾਂਦੇ ਰਾਹ ਬੰਦ ਹੋ ਗਏ ਲਗਦੇ ਹਨ ਤੇ ਅਗਲੇ ਮੋੜ 'ਤੇ ਤਖ਼ਤੂਪੁਰਾ ਹੈ।

# ਤਾਲਿਬਾਨ ਦੇ ਮੁੱਦੇ 'ਤੇ ਚੀਨ ਅਤੇ ਅਮਰੀਕਾ ਵਿਚਾਲੇ ਖੜਕਣ ਲੱਗੀ

**ਐਮ. ਕੇ. ਭੱਦਰਾਕੁਮਾਰ**

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਫ਼ਗਾਨਿਸਤਾਨ ਵਿਚ ਤਾਲਿਬਾਨ ਨਾਲ ਸੁਲ੍ਹਾ-ਸਫ਼ਾਈ ਕਰਨ ਦੀ ਯੋਜਨਾ ਉਨ੍ਹਾਂ ਨੂੰ ਦੂਜਾ ਨੋਬਲ ਇਨਾਮ ਦਿਵਾ ਸਕਦੀ ਸੀ, ਹਾਲਾਂਕਿ 1901 ਤੋਂ 2009 ਦੇ ਸਾਰੇ ਸਮੇਂ ਦੌਰਾਨ ਕਦੇ ਵੀ 97 ਇਨਾਮ ਜੇਤੂਆਂ ਵਿਚੋਂ ਕਿਸੇ ਇਕ ਨੂੰ ਵੀ ਇਹ ਪੁਰਸਕਾਰ ਦੂਜੀ ਵਾਰ ਨਹੀਂ ਦਿੱਤਾ ਗਿਆ। ਬਿਨਾ ਸ਼ੱਕ ਇੱਕ ਇਤਿਹਾਸਕ ਪਰਿਪੇਖ ਤੋਂ ਇਸ ਗੱਲ ਦੀ ਉਲੰਘਣਾ ਕੀਤੀ ਜਾ ਸਕਦੀ ਸੀ। ਜੇ ਓਬਾਮਾ ਦੀ ਯੋਜਨਾ ਅੱਗੇ ਵਧਦੀ ਹੈ ਤਾਂ ਅਫ਼ਗਾਨਿਸਤਾਨ ਪਹਿਲਾ ਅਜਿਹਾ ਦੇਸ਼ ਹੋ ਨਿਬੜੇਗਾ, ਜਿੱਥੇ ਇਸਲਾਮਵਾਦੀਆਂ ਨੂੰ ਅਮਰੀਕਾ ਦੀ ਚੜ੍ਹਤ ਦੀ ਲਹਿਰ ਤੋਂ ਬਾਅਦ ਸੱਤਾ ਸੌਂਪੀ ਜਾਏਗੀ। ਕਿਸੇ ਵੀ ਤਰ੍ਹਾਂ ਇਹ ਕੋਈ ਮਾਮੂਲੀ ਪ੍ਰਾਪਤੀ ਨਹੀਂ ਹੈ।

ਪ੍ਰੰਤੂ ਅਜਿਹੇ ਮਾਮਲਿਆਂ ਵਿਚ ਹਮੇਸ਼ਾ ਹੀ ਕੋਈ ਨਾ ਕੋਈ ਰੁਕਾਵਟ ਤਾਂ ਖੜੀ ਹੋ ਸਕਦੀ ਹੈ। ਅਜੀਬ ਗੱਲ ਇਹ ਜਾਪਦੀ ਹੈ ਕਿ ਇਸ ਮਾਮਲੇ ਵਿਚ ਅੰਤਮ ਫ਼ੈਸਲਾ ਬੀਜਿੰਗ ਕਰੇਗਾ ਅਤੇ ਅੱਜ ਕੱਲ੍ਹ ਬੀਜਿੰਗ ਨੂੰ ਇਸ ਗੱਲ ਲਈ ਓਨਾ ਚਿਰ ਨਹੀਂ ਮਨਾਇਆ ਜਾ ਸਕਦਾ, ਜਿੰਨਾ ਚਿਰ ਉਸਦੀ ਤਸੱਲੀ ਨਹੀਂ ਹੋ ਜਾਂਦੀ। ਕੇਂਦਰੀ ਏਸ਼ੀਆ ਵਿਚ ਕਿਸੇ ਇਸਲਾਮਵਾਦੀ ਰਾਸ਼ਟਰ ਦੇ ਉਭਰਨ ਦੀਆਂ ਸੰਭਾਵਨਾਵਾਂ ਹੋਣ ਤਾਂ ਉਸਦੇ ਫ਼ੈਸਲੇ ਕੇਵਲ ਤੇ ਕੇਵਲ ਚੀਨ ਦੇ ਰਾਸ਼ਟਰੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਹੀ ਕੀਤੇ ਜਾਣਗੇ। ਅਜਿਹੀ ਸੰਭਾਵਨਾ ਜੋ ਸਾਫ਼ ਨਜ਼ਰ ਆਉਂਦੀ ਹੋਵੇ ਤਾਂ ਇਸ ਨਾਲ ਚੀਨ ਦੀ ਸੁਰੱਖਿਆ ਲਈ ਗੰਭੀਰ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ। ਇਸ ਬਾਰੇ ਸੱਚਾਈ ਤਾਂ ਇਹ ਹੈ, ਜਿਵੇਂ ਕਿ ਨਾਟੋ ਦੇ ਸਕੱਤਰ ਜਨਰਲ, ਐਂਡਰਸ ਫੌਗ ਰਾਸਮੂਸੇਨ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿਚ ਕਿਹਾ ਸੀ, ''ਬਿਨਾ ਸ਼ੱਕ ਅਫ਼ਗਾਨਿਸਤਾਨ ਕੋਈ ਟਾਪੂ ਤਾਂ ਨਹੀਂ ਹੈ ਇਸ ਲਈ ਇਸ ਦਾ ਕੋਈ ਵੀ ਹੱਲ ਇਸ ਦੀਆਂ ਸਰਹੱਦਾਂ ਦੇ ਅੰਦਰ ਨਹੀਂ ਹੋ ਸਕਦਾ।''

ਅੰਤਰ-ਰਾਸ਼ਟਰੀ ਭਾਈਚਾਰੇ ਨੂੰ ਇਹ ਵਿਸ਼ਵਾਸ ਦਿਵਾ ਦਿੱਤਾ ਗਿਆ ਹੈ ਕਿ ਅਫ਼ਗਾਨਿਸਤਾਨ ਵਿਚ ਅਮਰੀਕਾ ਦੀ ਕੂਟਨੀਤਕ ਯੁੱਧ-ਚਾਲ ਦਾ ਕੁੰਜੀਵਤ ਸਰੋਕਾਰ ਭਾਰਤ-ਪਾਕਿ ਬਖੇੜਾ ਹੀ ਹੈ। ਪ੍ਰੰਤੂ ਇਹ ਤਾਂ ਵਧੇਰੇ ਕਰ ਕੇ ਇਸ ਮਾਮਲੇ ਦੀ ਇੱਕ ਉੱਪ-ਕਥਾ ਹੀ ਹੈ। ਅੱਜ ਅਮਰੀਕਾ ਦਾ ਮੁੱਖ ਵਿਰੋਧੀ ਚੀਨ ਹੈ, ਜਦੋਂਕਿ ਭਾਰਤ ਤੇ ਪਾਕਿਸਤਾਨ ਅਤੇ ਇਨ੍ਹਾਂ ਨਾਲੋਂ ਵੱਧ ਰੂਸ ਵਧੇਰੇ ਕਰ ਕੇ ਘਚੋਲਾ ਅਤੇ ਹਾਸਾ-ਠੱਠਾ ਪੈਦਾ ਕਰਨ ਵਾਲੇ ਐਲਿਜ਼ਾਬੈਥ ਦੇ ਦੌਰ ਦੇ ਨਾਟਕਾਂ ਦੇ ਪਾਤਰ ਹੀ ਹਨ। ਅਮਰੀਕਾ ਤੇ ਉਸਦੇ ਪੱਛਮੀ ਸਹਿਯੋਗੀਆਂ ਦੀ ਮੁੱਖ ਯੋਜਨਾ ਕੇਂਦਰੀ ਏਸ਼ੀਆ ਵਿਚ ਨਾਟੋ ਦਾ ਵਿਸਥਾਰ ਕਰਨਾ ਹੈ। ਮਿਊਨਿਖ ਵਿਖੇ ਸ੍ਰੀ ਰਾਸਮੂਸੇਨ ਨੇ ਗੱਲ ਕਰਦਿਆਂ ਕਿਹਾ ਸੀ, ''ਨਾਟੋ ਨੂੰ ਅੱਜ ਇਕ ਅਜਿਹੇ ਮੰਚ ਵਿਚ ਬਦਲਣ ਦੀ ਲੋੜ ਹੈ, ਜਿੱਥੇ ਸੰਸਾਰ-ਪੱਧਰੀ ਸੁਰੱਖਿਆ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ। ਨਾਟੋ ਇੱਕ ਅਜਿਹਾ ਚੌਖਟਾ ਹੈ, ਜਿਹੜਾ ਪਹਿਲਾਂ ਕਮਾਲ ਦੇ ਢੰਗ ਨਾਲ ਸੁਰੱਖਿਆ ਵਿਚਾਰ-ਵਟਾਂਦਰੇ, ਫੌਜੀ ਯੋਜਨਾਬੰਦੀ ਅਤੇ ਅਮਲੀ ਕਾਰਵਾਈਆਂ ਕਰ ਚੁੱਕਾ ਹੈ। ਅਫ਼ਗਾਨਿਸਤਾਨ ਇਸ ਦੀ ਸਪੱਸ਼ਟ ਮਿਸਾਲ ਹੈ ਕਿ 21ਵੀਂ ਸਦੀ ਵਿਚ ਸੁਰੱਖਿਆ ਕੋਈ ਪੜਾਅ-ਵਾਰ ਦੌੜ ਨਹੀਂ, ਜਿਸ ਵਿਚ ਇਕ ਵਿਅਕਤੀ ਡੰਡਾ ਅਗਲੇ ਨੂੰ ਫੜਾ ਦੇਵੇ। ਇਹੋ ਕਾਰਨ ਹੈ ਕਿ ਇਹ ਗੱਠਜੋੜ ਸੁਰੱਖਿਆ ਭਾਈਵਾਲੀ ਦਾ ਧੁਰਾ ਬਣ ਜਾਏਗਾ। ਪਹਿਲਾਂ ਹੀ ਅੱਜ ਇਸ ਗੱਠਜੋੜ ਦਾ ਸੁਰੱਖਿਆ ਭਾਈਵਾਲੀ ਦਾ ਇਕ ਵਿਸ਼ਾਲ ਤਾਣਾ-ਬਾਣਾ ਹੈ, ਜੋ ਕਿ ਦੂਰ ਉੱਤਰੀ ਅਫਰੀਕਾ ਤੋਂ ਲੈ ਕੇ ਖਾੜੀ ਨਾਲ ਲੱਗਦੇ ਦੇਸਾਂ, ਕੇਂਦਰੀ ਏਸ਼ੀਆ ਅਤੇ ਪ੍ਰਸ਼ਾਂਤ -ਮਹਾਂਸਾਗਰ ਤੱਕ ਫੈਲਿਆ ਹੋਇਆ ਹੈ।

ਕੇਂਦਰੀ ਏਸ਼ੀਆਈ ਖੇਤਰ ਨੂੰ ਪੱਛਮੀ ਪ੍ਰਚਾਰ-ਪ੍ਰਸਾਰ ਸਾਧਨਾਂ ਵਿਚ ''ਇੱਕ ਅਜਿਹੇ ਟਿੱਕ-ਟਿੱਕ ਕਰਦੇ ਬੰਬ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਿਹੜਾ ਕਿਸੇ ਵੇਲੇ ਵੀ ਫਟ ਸਕਦਾ ਹੈ।'' ਇਸ ਖੇਤਰ ਵਿਚ ਸਮਾਜਕ ਅਤੇ ਨਸਲੀ ਤਨਾਅ ਉਭਰ ਰਹੇ ਹਨ ਅਤੇ ਆਰਥਿਕ ਸੰਕਟ ਗਹਿਰਾ ਹੋ ਰਿਹਾ ਹੈ, ਜਦੋਂ ਕਿ ਤਾਨਾਸ਼ਾਹ ਅਤੇ ਦਮਨਕਾਰੀ ਹਕੂਮਤਾਂ ਇਨ੍ਹਾਂ ਤਣਾਵਾਂ ਨਾਲ ਨਿਪਟਣ ਦੇ ਅਸਮਰੱਥ ਸਿੱਧ ਹੋ ਰਹੀਆਂ ਹਨ। ਇਸ ਲਈ ਇਸਲਾਮਵਾਦੀ ਇਸ ਰਾਜਨੀਤਕ ਖਲਾਅ ਨੂੰ ਭਰਨ ਲਈ ਅੱਗੇ ਆ ਰਹੇ ਹਨ ਅਤੇ ਕੇਂਦਰੀ ਏਸ਼ੀਆ ਅਲ-ਕਾਇਦਾ ਲਈ ਵਧ ਤੋਂ ਵਧ ਮਾਫਕ ਬੈਠ ਰਿਹਾ ਹੈ। ਇਹ ਧਾਰਨਾ ਹੁਣ ਮਜ਼ਬੂਤ ਹੁੰਦੀ ਜਾ ਰਹੀ ਹੈ। ਹੁਣੇ ਜਿਹੇ ਪਾਕਿਸਤਾਨੀ ਵਿਸ਼ਲੇਸ਼ਕ ਅਹਿਮਦ ਰਸ਼ੀਦ ਨੇ ਕਿਹਾ ਹੈ, ''ਕੇਂਦਰੀ ਏਸ਼ੀਆ ਵਿਚ 'ਖਾੜਕੂ' ਇਕ ਨਿਰੰਤਰ ਫੌਜੀ ਮੁਹਿੰਮ ਲਈ ਮੈਦਾਨ ਤਿਆਰ ਕਰ ਰਹੇ ਹਨ। ਇਸ ਖੇਤਰ ਵਿਚ ਪੈਦਾ ਹੋਏ ਆਰਥਕ ਤੇ ਰਾਜਸੀ ਸੰਕਟਾਂ ਕਾਰਨ ਮੂਲਵਾਦੀਆਂ ਦੀ ਚੜ੍ਹਤ ਦਾ ਖ਼ਤਰਾ ਬਹੁਤ ਵਧ ਗਿਆ ਹੈ।...ਕਾਰਨ ਇਸ ਦਾ ਇਹ ਹੈ ਕਿ ਉਹ ਪਹਿਲਾਂ ਹੀ ਦੂਜੇ ਲੋਕਾਂ ਵਿਚ ਚੋਖੀ ਲੜਾਈ ਲੜ ਚੁੱਕੇ ਹਨ। ਹੁਣ ਉਹ ਆਪਣੇ ਦੇਸ਼ਾਂ ਲਈ ਲੜਨਾ ਚਾਹੁੰਦੇ ਹਨ। ਇਕ ਹਕੀਕੀ ਖਤਰਾ ਇਹ ਹੈ ਕਿ ਉਹ ਕੇਂਦਰੀ ਏਸ਼ੀਆ ਵਿਚ ਵਾਪਸ ਘੁਸਪੈਠ ਕਰਾ ਰਹੇ ਹਨ।'' ਇਸ ਵਿਚ ਇਕ ਸਪੱਸ਼ਟ ਤਲਖੀ ਦਿਖਾਈ ਦੇ ਰਹੀ ਹੈ ਕਿ ਅਮਰੀਕਾ ਤੇ ਉਸਦੇ ਪੱਛਮੀ ਭਾਈਵਾਲਾਂ ਵਲੋਂ ਅਲ-ਕਾਇਦਾ ਨੂੰ ਸੱਦਾਮ ਹੁਸੈਨ ਨੂੰ ਉਲਟਾਉਣ ਲਈ ਇਕ ਬਹਾਨੇ ਵਜੋਂ ਵਰਤਿਆ ਗਿਆ ਸੀ ਅਤੇ ਹੁਣ ਇਸੇ ਤਰ੍ਹਾਂ ਯਮਨ ਵੀ ਅਮਰੀਕੀ ਦਖ਼ਲ-ਅੰਦਾਜ਼ੀ ਲਈ ਤੇਜ਼ੀ ਨਾਲ ਢੁੱਕਵੀਂ ਥਾਂ ਬਣਦਾ ਜਾ ਰਿਹਾ ਹੈ। ਇਸੇ ਕਰ ਕੇ ਹੀ ਤਾਲਿਬਾਨ ਨਾਲ ਅਮਰੀਕਾ ਦੀ ਸੁਲ੍ਹਾ-ਸਫ਼ਾਈ ਦੇ ਵਿਚਾਰ ਦੀ ਨੀਝ ਨਾਲ ਘੋਖ ਕਰਨ ਦੀ ਲੋੜ ਹੈ। ਐਨ ਉਸ ਵੇਲੇ ਪਹਿਲੀ ਨਜ਼ਰੇ ਤਾਂ ਇਹ ਵਿਚਾਰ ਠੀਕ ਲੱਗਦਾ ਹੈ, ਜਦੋਂ ਮੁਸਲਿਮ ਕ੍ਰੋਧ ਸਿਖਰਾਂ ਛੋਹ ਰਿਹਾ ਹੈ, ਜਨਾਬ ਓਬਾਮਾ ਬਾਰੇ ਭੁਲੇਖੇ ਨਿਰੰਤਰ ਵਧ ਰਹੇ ਹਨ ਅਤੇ ਅਮਰੀਕਾ ਖ਼ਤਰਨਾਕ ਤੌਰ 'ਤੇ ਇਰਾਨ ਨਾਲ ਆਢਾ ਲੈਣ ਦੇ ਐਨ ਨੇੜੇ ਪਹੁੰਚ ਗਿਆ ਹੈ। ਸਾਊਦੀ ਅਰਬ ਨੂੰ ਤਾਲਿਬਾਨ ਨਾਲ ਗੱਲ ਕਰਨ ਲਈ ਵਿਚੋਲੇ ਵਜੋਂ ਚੁਣਨ ਦਾ ਵਿਚਾਰ ਇਕ ਕਮਾਲ ਦੀ ਚਾਲ ਹੈ। ਅਮਰੀਕਾ ਲਈ ਇਰਾਨ ਦੇ ਸ਼ੀਆ ਪ੍ਰਸ਼ਾਸਨ ਨੂੰ ਹੋਰ ਪ੍ਰੇਸ਼ਾਨ ਕਰਨ ਲਈ ਇਸਤੋਂ ਵਧੀਆ ਢੰਗ ਹੋਰ ਕੋਈ ਹੋ ਹੀ ਨਹੀਂ ਸੀ ਸਕਦਾ ਕਿ ਗਵਾਂਢੀ ਅਫ਼ਗਾਨਿਸਤਾਨ ਵਿਚ ਵਹਾਬੀਵਾਦ ਦਾ ਇੱਕ ਤਕੜਾ ਟੀਕਾ ਲਗਾ ਦਿੱਤਾ ਜਾਵੇ। ਇਸ ਵਿਚ ਸ਼ੱਕ ਨਹੀਂ ਕਿ ਅੱਧ 90ਵਿਆਂ ਵਿਚ ਜਦੋਂ ਅਮਰੀਕਾ, ਸਾਊਦੀ ਅਰਬ ਅਤੇ ਪਾਕਿਸਤਾਨ ਨੇ ਸਾਂਝੇ ਤੌਰ 'ਤੇ ਤਾਲਿਬਾਨ ਨੂੰ ਜਨਮ ਦਿਤਾ ਸੀ ਤਾਂ ਇਸ ਦਾ ਮੁੱਖ ਉਦੇਸ਼ ਵੀ ਇਹੋ ਸੀ।



ਯਕੀਨਨ ਹੀ ਤਾਲਿਬਾਨ ਨਾਲ ਸੁਲ੍ਹਾ ਦੀ ਗੱਲ ਅਮਰੀਕੀ-ਯੁੱਧਨੀਤੀ ਦਾ ਇੱਕ ਹਿੱਸਾ ਬਣ ਗਈ ਹੈ। ਅਫਗਾਨ ਜੰਗ ਉੱਤੇ ਕਾਫ਼ੀ ਧਨ ਖਰਚ ਆਉਂਦਾ ਹੈ, ਨੌਜਵਾਨ ਪੱਛਮੀ ਜ਼ਿੰਦਗੀਆਂ ਕੁਰਬਾਨ ਹੋਈ ਜਾਂਦੀਆਂ ਹਨ ਅਤੇ ਇਹ ਜੰਗ ਜਿੱਤੀ ਵੀ ਨਹੀਂ ਜਾ ਸਕਦੀ। ਤਾਲਿਬਾਨ ਨਾਲ ਸੁਲ੍ਹਾ ਹੀ ਇੱਕੋ ਇਕ ਬਦਲ ਹੈ, ਜਿਸ ਨਾਲ ਕੇਂਦਰੀ ਏਸ਼ੀਆ ਵਿਚ ਬਿਨਾ ਕਿਸੇ ਭਵਿੱਖੀ ਜੰਗ ਲੜਿਆਂ ਨਾਟੋ ਦੀ ਸਦੀਵੀ ਮੌਜੂਦਗੀ ਕਾਇਮ ਰੱਖੀ ਜਾ ਸਕਦੀ ਹੈ। ਅਮਰੀਕਾ ਸਮਝਦਾ ਹੈ ਕਿ ਮਿੱਤਰ ਬਣੀਆਂ ਇਸਲਾਮਵਾਦੀ ਸ਼ਕਤੀਆਂ ਦੀ ਚੜ੍ਹਤ ਉਸ ਦੀ ਚੀਨ ਨੂੰ ਘੇਰਨ ਦੀ ਯੁੱਧ-ਚਾਲ (ਸਣੇ ਰੂਸ ਦੇ) ਲਈ ਲਾਭਕਾਰੀ ਹੋ ਸਕਦੀ ਹੈ। ਠੰਢੀ ਜੰਗ ਵੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਪੱਛਮ ਵਲੋਂ ਕਮਿਊਨਿਜ਼ਮ ਵਿਰੁਧ ਇਸਲਾਮ ਨੂੰ ਮੈਦਾਨ ਵਿਚ ਉਤਾਰ ਕੇ ਆਪਣੇ ਹੱਕ ਵਿਚ ਵਰਤਿਆ ਗਿਆ ਸੀ। ਅੱਜ ਦੇ ਹਾਲਾਤ ਵਿਚ ਅਫ਼ਗਾਨਿਸਤਾਨ ਵਿਚ ਇਸਲਾਮਵਾਦੀਆਂ ਦੀ ਜਿੱਤ ਨਾਲ ਉੱਤਰੀ ਕਾਕੇਸ਼ੀਆ, ਕਸ਼ਮੀਰ ਅਤੇ ਸ਼ਿੰਕਿਆਂਗ ਵਰਗੇ ਖੇਤਰੀ ਵਿਵਾਦ ਦੇ ਕੇਂਦਰ ਹੋਰ ਵੀ ਵਿਸਫੋਟਕ ਰੂਪ ਧਾਰਨ ਕਰ ਲੈਣਗੇ। ਜੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਦੀ ਹਕੂਮਤ ਮੁੜ ਬਣ ਜਾਂਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਚੀਨ ਦਾ ਹੋਵੇਗਾ। ਇਸਲਾਮਵਾਦੀ ਚੀਨ ਦੀਆਂ ਉਨ੍ਹਾਂ ਯੋਜਨਾਵਾਂ ਲਈ ਤਬਾਹੀ ਮਚਾ ਦੇਣਗੇ, ਜਿਨ੍ਹਾਂ ਰਾਹੀਂ ਉਹ ਇਸ ਖੇਤਰ ਦੀ ਗੈਸ ਤੇ ਪੈਟਰੋਲੀਅਮ ਪਦਾਰਥਾਂ ਨੂੰ ਪਾਈਪ ਲਾਈਨਾਂ ਰਾਹੀਂ ਆਪਣੇ ਦੇਸ਼ ਤੱਕ ਪੁਚਾਉਣ ਦੀ ਯੋਜਨਾ ਬਣਾ ਰਿਹਾ ਹੈ। ਚੀਨ ਇਸ ਸਮੇਂ ਸਾਰੀਆਂ ਊਰਜਾ ਲੋੜਾਂ ਮਲਾਕਾ ਦੀ ਖਾੜੀ ਵਿਚ ਦੀ ਗੁਜ਼ਰਨ ਵਾਲੇ ਟੈਂਕਰਾਂ ਰਾਹੀਂ ਹਾਸਲ ਕਰਦਾ ਹੈ। ਇਸ ਖੇਤਰ ਵਿਚ ਅਮਰੀਕਾ ਦਾ ਦਬਦਬਾ ਹੈ ਤੇ ਉਹ ਕਦੇ ਵੀ ਇਸ ਸਪਲਾਈ ਵਿਚ ਰੁਕਾਵਟ ਖੜੀ ਕਰ ਸਕਦਾ ਹੈ। ਇਸਲਾਮਿਕ ਮੂਲਵਾਦੀ ਸਿੰਕਿਆਂਗ ਵਿਚਲੀ ਸਥਿਤੀ ਨੂੰ ਪੇਚੀਦਾ ਬਣਾ ਸਕਦੇ ਹਨ। ਇਸ ਨਾਲੋਂ ਵੀ ਮਾੜੀ ਗੱਲ ਇਹ ਕਿ ਚੀਨ ਦੇ ਪੱਲੇ ਸੋਵੀਅਤ ਯੂਨੀਅਨ ਦੀ ਇਸਲਾਮ ਦਾ 'ਦੁਸ਼ਮਣ' ਹੋਣ ਦੀ ਹੋਣੀ ਵੀ ਪੈ ਸਕਦੀ ਹੈ। ਇਸਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਲੰਡਨ ਵਿਚ ਜਨਵਰੀ 2010 ਵਾਲੇ ਦਿਨ ਹੋਈ ਕਾਨਫਰੰਸ ਵਿਚ ਬੀਜਿੰਗ ਏਨੀ ਦੂਰ ਤੱਕ ਕਿਉਂ ਚਲਾ ਗਿਆ ਸੀ ਤੇ ਨਾਲ ਹੀ ਇਸਤੋਂ ਪਹਿਲਾਂ ਹੋਈ ਇਸਤਮਬੋਲ ਵਿਚ ਉਸ ਖੇਤਰੀ ਕਾਨਫ਼ਰੰਸ ਵਿਚ ਇਸ ਗੱਲ ਉੱਤੇ ਜ਼ੋਰ ਦੇਣ ਲਈ ਉਸਨੇ ਕਹਿ ਦਿੱਤਾ ਸੀ ਕਿ ਅਫ਼ਗਾਨਿਸਤਾਨ ਖੇਤਰੀ ਸੁਰੱਖਿਆ ਅਤੇ ਸਥਿਰਤਾ ਲਈ ਏਨਾ ਮਹੱਤਵਪੂਰਨ ਮੁੱਦਾ ਹੈ ਕਿ ਇਹ ਇਕੱਲੇ ਵਾਸ਼ਿੰਗਟਨ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ।

ਚੀਨ ਦੇ ਵਿਦੇਸ਼ ਮੰਤਰੀ ਯਾਂਗ ਜੇਇਚੀ ਨੇ ਇਹ ਗੱਲ ਬੜੇ ਜ਼ੋਰ ਨਾਲ ਆਪਣੇ ਲੰਡਨ ਅਤੇ ਇਸਤਮਬੋਲ ਵਿਚ ਦਿੱਤੇ ਭਾਸ਼ਣਾਂ ਵਿਚ ਸਪੱਸ਼ਟ ਕਰ ਦਿੱਤੀ ਸੀ ਕਿ ਬੀਜਿੰਗ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਇਕ ਸਰਗਰਮ ਭੂਮਿਕਾ ਨਿਭਾਉਣ ਦੀ ਇੱਛਾ ਰੱਖਦਾ ਹੈ। ਸ੍ਰੀ ਯਾਂਗ ਨੇ ਅਜਿਹੇ ਅਫ਼ਗਾਨਿਸਤਾਨ ਦੀ ਰੂਪ-ਰੇਖਾ ਪੇਸ਼ ਕੀਤੀ, ਜਿਹੋ ਜਿਹਾ ਕਿ ਚੀਨ ਇਸਦੇ ਵਰਤਮਾਨ ਨਿਘਾਰ ਵਿਚੋਂ ਨਿਕਲਣ ਤੋਂ ਬਾਅਦ ਚਾਹੁੰਦਾ ਹੈ। ਪਹਿਲੀ ਅਤੇ ਸਭ ਤੋਂ ਉੱਤਮ ਗੱਲ ਇਹ ਕਿ ਇੱਕ ਸ਼ਾਂਤੀਪੂਰਨ ਅਤੇ ਸਥਿਰ ਅਫ਼ਗਾਨਿਸਤਾਨ ਹੋਣਾ ਚਾਹੀਦਾ ਹੈ, ਜਿਹੜਾ 'ਦਹਿਸ਼ਤਵਾਦ ਦੇ ਖ਼ਤਰੇ ਨੂੰ ਖ਼ਤਮ ਕਰ ਦੇਵੇ।' ਦੂਜੇ, ਇਹ ਇੱਕ ਅਜਿਹਾ ਅਫਗਾਨਿਸਤਾਨ ਹੋਣਾ ਚਾਹੀਦਾ ਹੈ ਜਿਹੜਾ 'ਵਿਭਿੰਨ ਨਸਲੀ ਗਰੁੱਪਾਂ, ਧਾਰਮਕ ਅਤੇ ਰਾਜਨੀਤਕ ਸੰਸਥਾਵਾਂ ਦੀ ਹੋਂਦ ਨੂੰ ਸਵੀਕਾਰ ਕਰਦਾ ਹੋਵੇ ਅਤੇ ਸੁਦ੍ਰਿੜ੍ਹ ਅਤੇ ਸਥਾਈ ਰਾਸ਼ਟਰੀ ਸਹਿਮਤੀ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਮੱਤਭੇਦਾਂ ਤੋਂ ਉੱਪਰ ਉੱਠ ਸਕਦਾ ਹੋਵੇ।' ਬਹੁਵਾਦ ਉੱਤੇ ਜ਼ੋਰ ਦਿੱਤਾ ਜਾਣਾ ਉਸ ਵਹਾਬਵਾਦ ਦੀ ਬੁਨਿਆਦਵਾਦੀ ਵਿਚਾਰਧਾਰਾ ਨੂੰ ਰੱਦ ਕਰਨਾ ਹੈ, ਜਿਸ ਉੱਤੇ ਪਸ਼ਤੂਨਾਂ ਦੇ ਪ੍ਰਭਾਵ ਵਾਲੇ ਤਾਲਿਬਾਨ ਅਮਲ ਕਰ ਰਹੇ ਹਨ। ਤੀਜੇ, 'ਅਫ਼ਗਾਨਿਸਤਾਨ ਨੂੰ ਪੂਰਨ ਪ੍ਰਭੂਸੱਤਾ ਸੰਪਨ ਆਜ਼ਾਦੀ, ਇਲਾਕਾਈ ਅਖੰਡਤਾ ਅਤੇ ਰਾਸ਼ਟਰੀ ਸ਼ਾਨ ਪ੍ਰਾਪਤ ਹੋਣੀ ਚਾਹੀਦੀ ਹੈ। ਇਸ ਦਾ ਭਵਿੱਖ ਅਤੇ ਹੋਣੀ ਅਤੇ ਇਸਦੇ ਰਾਜਕੀ ਮਾਮਲੇ ਇਸ ਦੇ ਆਪਣੇ ਲੋਕਾਂ ਵਲੋਂ ਨਿਰਧਾਰਤ ਕੀਤੇ ਅਤੇ ਸੰਚਾਲਤ ਜਾਣੇ ਚਾਹੀਦੇ ਹਨ।''

ਸਾਰ-ਤੱਤ ਇਹ ਕਿ ਚੀਨ ਵਿਦੇਸ਼ੀ ਕਬਜ਼ੇ ਨੂੰ ਮੂਲੋਂ ਹੀ ਅਤੇ ਬਿਨਾ ਸ਼ਰਤ ਖ਼ਤਮ ਕਰਨਾ ਚਾਹੁੰਦਾ ਹੈ। ਚੌਥੀ ਗੱਲ ਇਹ ਕਿ ਸ੍ਰੀ ਯਾਂਗ ਨੇ ਵਾਰ-ਵਾਰ ਇਹ ਗੱਲ ਉਭਾਰ ਕੇ ਪੇਸ਼ ਕੀਤੀ ਕਿ ਅਫ਼ਗਾਨਿਸਤਾਨ ਨੂੰ ਸਥਿਰ ਬਣਾਉਣ ਦੇ ਯਤਨਾਂ ਵਿਚ ਖੇਤਰੀ ਸ਼ਕਤੀਆਂ ਨੂੰ ਕੁੰਜੀਵਤ ਭੂਮਿਕਾ ਹਾਸਲ ਹੋਣੀ ਚਾਹੀਦੀ ਹੈ। ਅਫ਼ਗਾਨਿਸਤਾਨ ''ਇਲਾਕਾਈ ਸਹਿਯੋਗ ਪ੍ਰਬੰਧ ਦਾ ਇੱਕ ਹਿੱਸਾ ਹੋਣਾ ਚਾਹੀਦਾ ਹੈ।..ਇਸ ਖੇਤਰ ਦੇ ਦੇਸ਼ਾਂ ਦਾ ਅਫਗਾਨਿਸਤਾਨ ਨਾਲ ਵਿਸ਼ੇਸ਼ ਸੰਬੰਧ ਹੈ।'' ਉਨ੍ਹਾਂ ਅੱਗੇ ਕਿਹਾ, ''ਇਸ ਵੇਲੇ ਅਫ਼ਗਾਨਿਸਤਾਨ ਬਾਰੇ ਕਈ ਪ੍ਰਬੰਧ ਅਤੇ ਪਹਿਲ-ਕਦਮੀਆਂ ਹੋ ਰਹੀਆਂ ਹਨ। ਇਸ ਖੇਤਰ ਦੇ ਦੇਸ਼ਾਂ ਨੂੰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਆਪਸੀ ਵਿਚਾਰ-ਵਟਾਂਦਰਿਆਂ ਵਿਚ ਵਾਧਾ ਕਰਨਾ ਚਾਹੀਦਾ ਹੈ, ਤਾਂ ਜੁ ਇਹ ਗੱਲ ਯਕੀਨੀ ਬਣਾਈ ਜਾ ਸਕੇ ਕਿ ਸਾਰੇ ਪ੍ਰਬੰਧ ਹੰਢਣਸਾਰ, ਅਮਲੀ ਅਤੇ ਕੁਸ਼ਲ ਹੋਣ ਅਤੇ ਇਹ ਹਾਂ-ਪੱਖੀ ਭੂਮਿਕਾ ਨਿਭਾ ਸਕਦੇ ਹੋਣ। ਸਾਨੂੰ ਵੱਖੋ-ਵੱਖਰੇ ਪ੍ਰਬੰਧਾਂ ਵਿਚ ਟਕਰਾਓ ਨੂੰ ਟਾਲਣਾ ਚਾਹੀਦਾ ਹੈ। ਸਾਨੂੰ ਖੁੱਲ੍ਹ-ਦਿਲ ਅਤੇ ਸਹਿਯੋਗ ਵਾਲੇ ਹੋਣਾ ਚਾਹੀਦਾ ਹੈ ਅਤੇ ਬਾਕੀ ਭਾਈਵਾਲਾਂ ਨਾਲ ਠੋਸ ਅੰਤਰ-ਕਿਰਿਆ ਨੂੰ ਵਧਾਉਣਾ ਚਾਹੀਦਾ ਹੈ। ਸਾਨੂੰ ਸੰਯੁਕਤ ਰਾਸ਼ਟਰ ਦੀ ਆਗੂ ਭੂਮਿਕਾ ਨੂੰ ਅੰਤਰ-ਰਾਸ਼ਟਰੀ ਯਤਨਾਂ ਵਿਚ ਤਾਲਮੇਲ ਪੈਦਾ ਕਰਨ ਲਈ ਲਾਜ਼ਮੀ ਸਮਝਣਾ ਚਾਹੀਦਾ ਹੈ ਅਤੇ ਖੁੱਲ੍ਹੇਪਣ ਅਤੇ ਪਾਰਦਰਸ਼ਤਾ ਨੂੰ ਹਰ ਹਾਲਤ ਵਿਚ ਪ੍ਰਦਰਸ਼ਤ ਕੀਤਾ ਜਾਣਾ ਚਾਹੀਦਾ ਹੈ।''

ਇਸਤੋਂ ਬਾਅਦ ਸ੍ਰੀ ਯਾਂਗ ਨੇ ਇਕ ਚੋਭ ਵੀ ਮਾਰੀ, ''ਇਸ ਖੇਤਰ ਤੋਂ ਬਾਹਰਲੇ ਦੇਸ਼ਾਂ ਨੂੰ ਇਸ ਖੇਤਰ ਵਿਚਲੇ ਦੇਸਾਂ ਦੇ ਯਤਨਾਂ ਦੀ ਜ਼ੋਰਦਾਰ ਹਮਾਇਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੋਵਾਂ ਦਰਮਿਆਨ ਠੋਸ ਵਿਚਾਰ-ਵਟਾਂਦਰੇ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਦੀ ਪੂਰੀ ਤਰ੍ਹਾਂ ਕਦਰ ਕਰਨੀ ਚਾਹੀਦੀ ਹੈ।''

ਅਸਲ ਵਿਚ ਉਨ੍ਹਾਂ ਨੇ ਇਹ ਕਹਿ ਕੇ ਟਕਰਾਓ ਨੂੰ ਸੁਲਝਾਉਣ ਵਿਚ ਅਮਰੀਕਾ ਦੇ ਏਕਾ-ਅਧਿਕਾਰ ਨੂੰ ਚੁਣੌਤੀ ਦਿੱਤੀ ਸੀ। ਸ੍ਰੀ ਯਾਂਗ ਨੇ ਇਹ ਮੰਗ ਕੀਤੀ ਕਿ ਓਬਾਮਾ ਪ੍ਰਸ਼ਾਸਨ ਹਾਮਿਦ ਕਰਜ਼ਈ ਦੀ ਪਿੱਠ ਥਾਪੜਨਾ ਬੰਦ ਕਰ ਦੇਵੇ। ਉਨ੍ਹਾਂ ਵਾਸ਼ਿੰਗਟਨ ਨੂੰ ਕਿਹਾ, ''ਉਹ ਆਰਥਿਕ ਮੁੜ ਉਸਾਰੀ ਦੇ ਕੰਮ ਵਿਚ ਅਫ਼ਗਾਨਿਸਤਾਨ ਦੀ ਆਗੂ ਭੂਮਿਕਾ ਦਾ ਸਤਿਕਾਰ ਕਰੇ ਅਤੇ ਅਫ਼ਗਾਨ ਸਰਕਾਰ ਅਤੇ ਇਸਦੇ ਲੋਕਾਂ ਨੂੰ ਆਪਣੀ ਗੱਡੀ ਆਪ ਰੇੜ੍ਹਨ ਦੇਵੇ। ਚੀਨ ਇਸ ਗੱਲ ਦੀ ਹਮਾਇਤ ਕਰਦਾ ਹੈ ਕਿ ਅਫਗਾਨ ਸਰਕਾਰ ਰਾਹੀਂ ਵਧੇਰੇ ਸਹਾਇਤਾ ਦਿੱਤੀ ਜਾਵੇ ਅਤੇ ਵਧੇਰੇ ਨਿਵੇਸ਼ ਕੀਤਾ ਜਾਵੇ, ਜੋ ਕਿ ਅਫ਼ਗਾਨ ਸਰਕਾਰ ਨਾਲ ਬਰਾਬਰੀ ਦੇ ਆਧਾਰ ਉੱਤੇ ਕੀਤੇ ਗਏ ਸਲਾਹ-ਮਸ਼ਵਰਿਆਂ ਉੱਪਰ ਆਧਾਰਤ ਹੋਵੇ।''

ਚੀਨੀ ਟਿੱਪਣੀਆਂ ਨੇ ਉਸ ਤੋਂ ਬਾਅਦ ਓਬਾਮਾ ਪ੍ਰਸ਼ਾਸਨ ਦੀ ਤਾਲਿਬਾਨ ਨੂੰ 'ਮੁੜ ਨਾਲ ਜੋੜਨ' ਦੀ ਯੋਜਨਾ ਦੀ ਵਾਜਬੀਅਤ ਉੱਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਤਾਂ ਇਕ ਬਹੁਤ ਹੀ ਊਣਤਾਈਆਂ ਭਰਪੂਰ ਵਿਚਾਰ ਹੈ ਅਤੇ ਅਜਿਹੇ ਸਰੋਕਾਰਾਂ ਨੂੰ ਜਨਮ ਦੇਂਦਾ ਹੈ ਕਿ ਅੰਤ ਨੂੰ ਸ੍ਰੀ ਕਰਜ਼ਈ ਨੂੰ ਮਜਬੂਰ ਕਰ ਦਿੱਤਾ ਜਾਏਗਾ ਕਿ ਉਹ ਮੂਲਵਾਦੀ ਬਾਗੀਆਂ ਨੂੰ ਸੱਤਾ ਵਿਚ ਭਾਈਵਾਲ ਅਤੇ ਸੰਵਿਧਾਨਕ ਸੁਧਾਰਾਂ ਦੇ ਅਮਲ ਵਿਚ ਹਿੱਸੇਦਾਰੀ ਦੇ ਦੇਣ। ਉਨ੍ਹਾਂ ਇਸ ਗੱਲ ਉਤੇ ਦੁੱਖ ਪ੍ਰਗਟ ਕੀਤਾ ਕਿ ਅਮਰੀਕਾ ਅਤੇ ਇਸ ਦੇ ਭਾਈਵਾਲਾਂ ਵਲੋਂ 'ਬਾਇੱਜ਼ਤ ਢੰਗ ਵਾਲੀ ਨਿਕਾਸ ਯੁੱਧ-ਚਾਲ' ਬਾਰੇ ਹੀ ਸਾਰੀ ਮਸ਼ਕ ਕੀਤੀ ਜਾ ਰਹੀ ਹੈ ਅਤੇ ''ਜਾਪਦਾ ਇੰਜ ਹੈ ਕਿ ਬੜੇ ਧਿਆਨ ਨਾਲ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਅਮਰੀਕਾ ਅਤੇ ਨਾਟੋ ਫ਼ੌਜਾਂ ਆਪਣੀ ਵਾਪਸੀ ਆਰੰਭ ਕਰ ਸਕਣ ਪ੍ਰੰਤੂ ਜੇ ਇਸ ਨਾਲ ਜੁੜੇ ਸਾਰੇ ਪਹਿਲੂਆਂ ਨੂੰ ਘੋਖਿਆ ਜਾਵੇ ਤਾਂ ਇਸ ਦੇ ਸਿੱਟੇ ਉਲਟੇ ਵੀ ਨਿਕਲ ਸਕਦੇ ਹਨ।'' ਇਨ੍ਹਾਂ ਟਿੱਪਣੀਆਂ ਵਿਚ ਇਹ ਵੀ ਕਿਹਾ ਗਿਆ ਸੀ ਕਿ ਉਨ੍ਹਾਂ ਦੇ ਕੇਡਰ ਨੂੰ ਖ਼ਰੀਦ ਦੇ ਤਾਲਿਬਾਨ ਵਿਚ ਦੁਫੇੜ ਪਾਉਣ ਅਤੇ ਉਨ੍ਹਾਂ, ਜਿਨ੍ਹਾਂ ਦੇ ਸੰਬੰਧ ਅਲ-ਕਾਇਦਾ ਨਾਲ ਨਹੀਂ ਹਨ, ਨੂੰ ਮੁੜ ਆਪਣੇ ਨਾਲ ਜੋੜਨ ਦੀ ਪੱਛਮ ਦੀ ਯੋਜਨਾ ਸਿਰੇ ਨਹੀਂ ਚੜ੍ਹੇਗੀ।

## ਕਾਬੁਲ 'ਚ ਹੋਏ ਅਤਿਵਾਦੀ ਹਮਲੇ ਦਾ ਅਰਥ

**ਵੇਦਪ੍ਰਤਾਪ ਵੈਦਿਕ**

ਕਾਬੁਲ ਵਿਚ ਭਾਰਤੀਆਂ 'ਤੇ ਹੋਏ ਹਮਲੇ ਦਾ ਅਰਥ ਕੀ ਹੈ? ਕੀ ਇਸ ਵਿਚ ਅਫਗਾਨੀਆਂ ਦਾ ਹੱਥ ਹੋ ਸਕਦਾ ਹੈ? ਬਿਲਕੁਲ ਨਹੀਂ। ਅਫਗਾਨ ਲੋਕ ਤਾਂ ਭਾਰਤ ਪ੍ਰਤੀ ਨਿਮਰਤਾ ਨਾਲ ਭਰੇ ਹੋਏ ਹਨ। ਉਨ੍ਹਾਂ ਦੇ ਦਿਲ ਵਿਚ ਜੋ ਆਤਮਕ ਭਾਵ ਭਾਰਤ ਦੇ ਲਈ ਹੈ, ਕਿਸੇ ਹੋਰ ਦੇਸ਼ ਲਈ ਨਹੀਂ। ਉਹ ਅਮਰੀਕਾ ਦੇ ਵੀ ਆਭਾਰੀ ਹਨ, ਪਰ ਭਾਰਤ ਨਾ ਤਾਂ ਉਥੇ ਕਿਸੇ ਨਾਲ ਲੜ ਰਿਹਾ ਹੈ, ਨਾ ਕਿਸੇ ਦਾ ਖ਼ੂਨ ਵਹਾ ਰਿਹਾ ਹੈ ਅਤੇ ਨਾ ਹੀ ਅਫਗਾਨ ਸਰਕਾਰ ਨੂੰ ਆਪਣੇ ਇਸ਼ਾਰੇ 'ਤੇ ਚਲਾ ਰਿਹਾ ਹੈ। ਭਾਰਤ ਹਰ ਵਿਵਾਦ ਤੋਂ ਪਰੇ ਹੈ। ਇਸੇ ਲਈ ਕੋਈ ਅਫਗਾਨ ਭਾਰਤ 'ਤੇ ਹੱਥ ਕਿਉਂ ਪਾਉਣਾ ਚਾਹੇਗਾ? ਫਿਰ ਵੀ ਪਹਿਲਾਂ ਭਾਰਤ ਦੇ ਦੂਤਾਵਾਸ ਅਤੇ ਹੁਣ ਉਸਦੇ ਅਫਸਰਾਂ ਅਤੇ ਕਰਮਚਾਰੀਆਂ 'ਤੇ ਜਾਨਲੇਵਾ ਹਮਲਾ ਕਿਉਂ ਹੋਇਆ, ਕੌਣ ਕਰ ਰਿਹਾ ਹੈ? ਇਹ ਹਮਲਾ ਹੋਰ ਹਮਲਿਆਂ ਤੋਂ ਅਲਗ ਸੀ। ਅਤਿਵਾਦੀਆਂ ਨੇ ਸਾਡੇ ਲੋਕਾਂ ਨੂੰ ਲੱਭ-ਲੱਭ ਕੇ ਮਾਰਿਆ ਹੈ। ਕੀ ਹੁਣ ਵੀ ਕੋਈ ਸਬੂਤ ਚਾਹੀਦਾ ਹੈ? ਜਾਹਿਰ ਹੈ ਕਿ ਇਹ ਹਮਲਾ ਪਾਕਿਸਤਾਨੀਆਂ ਨੇ ਕੀਤਾ ਹੈ। ਇਸ ਲਈ ਅਫਗਾਨ ਸਰਕਾਰ ਨੂੰ ਜ਼ਿੰਮੇਦਾਰ ਠਹਿਰਾਇਆ ਜਾ ਸਕਦਾ ਹੈ, ਜਿਵੇਂ ਕਿ ਹਰ ਸਰਕਾਰ ਨੂੰ ਠਹਿਰਾਇਆ ਜਾਂਦਾ ਹੈ, ਪਰ ਜੋ ਅਫਗਾਨਿਸਤਾਨ ਵਿਚ ਰਹੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਪਠਾਣਾਂ ਵਿਚ ਫਰਕ ਕਰਨਾ ਮੁਸ਼ਕਿਲ ਹੈ ਅਤੇ ਇਕ ਦੂਜੇ ਦੇ ਦੇਸ਼ਾਂ ਵਿਚ ਉਨ੍ਹਾਂ ਦੀ ਆਵਾਜਾਈ 'ਤੇ ਪਾਬੰਦੀ ਲਗਾਉਣਾ ਵੀ।

ਇਸ ਤਰ੍ਹਾਂ ਸਿਰਫ ਅਫਗਾਨ ਸਰਕਾਰ ਦੀ ਨਿੰਦਾ ਕਰ ਦੇਣ ਨਾਲ ਕੁਝ ਨਹੀਂ ਹੋਵੇਗਾ। ਉਥੇ ਇਹੋ ਜਿਹੀਆਂ ਘਟਨਾਵਾਂ ਤਕਰੀਬਨ ਹਰ ਰੋਜ਼ ਹੁੰਦੀਆਂ ਰਹਿੰਦੀਆਂ ਹਨ। ਜ਼ਰੂਰੀ ਇਹ ਹੈ ਕਿ ਦੋਸ਼ੀ ਨੂੰ ਪਹਿਚਾਣਿਆ ਜਾਵੇ ਅਤੇ ਉਸ 1ਤੇ ਸ਼ਿਕੰਜਾ ਕਸਿਆ ਜਾਵੇ।

ਇਹ ਹਮਲਾ ਪਾਕਿਸਤਾਨ ਦੇ ਉਨ੍ਹਾਂ ਜ਼ਿਹਾਦੀਆਂ ਨੇ ਕੀਤਾ ਹੈ, ਜਿਨ੍ਹਾਂ ਦੀ ਪਿੱਠ 'ਤੇ ਪਾਕਿਸਤਾਨੀ ਫੌਜ ਅਤੇ ਆਈ ਐਸ ਆਈ ਦਾ ਹੱਥ ਹੈ। ਇਹ ਤੱਥ ਸਾਡੇ ਦੂਤਾਵਾਸ 'ਤੇ ਡੇਢ ਸਾਲ ਪਹਿਲਾਂ ਹੋਏ ਹਮਲੇ ਦੇ ਵਕਤ ਅਮਰੀਕਾ ਨੇ ਹੀ ਖੋਜਿਆ ਸੀ। ਅਤਿਵਾਦੀ ਇਕੱਲੇ ਇੰਨਾ ਸੁਯੋਜਿਤ ਢੰਗ ਅਤੇ ਦੁਸਾਹਸਿਕ ਹਮਲਾ ਨਹੀਂ ਕਰ ਸਕਦੇ। ਅਸੀਂ ਇਹ ਵੀ ਮੰਨ ਲਈਏ ਕਿ ਪਾਕਿਸਤਾਨ ਦੀ ਗੈਰ ਫੌਜੀ ਸਰਕਾਰ ਦਾ ਇਨ੍ਹਾਂ ਹਮਲਿਆਂ ਵਿਚ ਕੋਈ ਹੱਥ ਨਹੀਂ ਰਿਹਾ ਹੈ ਤਾਂ ਵੀ ਕੀ ਸਾਨੂੰ ਪਤਾ ਨਹੀਂ ਕਿ ਪਾਕਿਸਤਾਨ ਵਿਚ ਇਕ ਸਰਕਾਰ ਹੋਰ ਵੀ ਹੈ ਅਤੇ ਉਹੀ ਅਸਲੀ ਸਰਕਾਰ ਹੈ। ਉਹ ਹੈ ਫੌਜੀ ਸਰਕਾਰ! ਇਸ ਸਰਕਾਰ ਦੇ ਰਾਸ਼ਟਰਪਤੀ ਹਨ ਜਨਰਲ ਅਸ਼ਫਾਕ ਪਰਵੇਜ ਕਿਆਨੀ! ਕਿਆਨੀ ਕਈ ਵਾਰ ਕਹਿ ਚੁੱਕੇ ਹਨ ਕਿ ਅਫਗਾਨਿਸਤਾਨ 'ਚ ਪਾਕਿਸਤਾਨ ਰਣਨੀਤਕ ਗਹਿਰਾਈ ਚਾਹੁੰਦਾ ਹੈ ਯਾਨਿ ਅਫਗਾਨਿਸਤਾਨ ਨੂੰ ਉਹ ਆਪਣਾ ਪਿਛਵਾੜਾ ਬਣਾਉਣਾ ਚਾਹੁੰਦਾ ਹੈ ਤਾਂ ਕਿ ਭਾਰਤ ਦਾ ਹਮਲਾ ਹੋਣ 'ਤੇ ਉਹ ਧੱਕਾ ਝੱਲ ਸਕੇ। ਇਸ ਮਕਸਦ ਦੀ ਪੂਰਤੀ ਵਿਚ ਭਾਰਤ ਸਭ ਤੋਂ ਵੱਡਾ ਰੋੜਾ ਹੈ।


ਜੇਕਰ ਅਫਗਾਨਿਸਤਾਨ ਵਿਚ ਭਾਰਤ ਦੀ ਲੋਕਪ੍ਰਿਯਤਾ ਅਸਮਾਨ ਛੂਹੰਦੀ ਰਹੀ ਤਾਂ ਪਾਕਿਸਤਾਨ ਦਾ ਇਹ ਸੁਪਨਾ ਕਦੇ ਸੱਚ ਨਹੀਂ ਹੋ ਸਕੇਗਾ। ਇਸੇ ਲਈ ਪਾਕਿਸਤਾਨ ਰੁਕ-ਰੁਕ ਕੇ ਇਹੋ ਜਿਹੀਆਂ ਕਾਰਵਾਈਆਂ ਕਰਦਾ ਹੈ ਕਿ ਅਫਗਾਨਿਸਤਾਨ ਵਿਚ ਰਹਿ ਰਹੇ ਸਾਡੇ ਹਜ਼ਾਰਾਂ ਮਜਦੂਰ, ਇੰਜੀਨੀਅਰ, ਤਕਨੀਸ਼ੀਅਨ, ਡਾਕਟਰ, ਅਧਿਆਪਕ, ਪ੍ਰੀਖਿਅਕ ਆਦਿ ਉਥੋਂ ਭੱਜ ਜਾਣ। ਪਰ ਇਸਦਾ ਉਲਟਾ ਹੀ ਹੁੰਦਾ ਹੈ। ਹਰ ਹਮਲੇ ਬਾਦ ਸਾਡੇ ਕੰਮ ਕਰਨ ਵਾਲੇ ਬੰਦਿਆਂ ਦਾ ਹੌਸਲਾ ਪਹਿਲਾਂ ਤੋਂ ਵੀ ਜਿਆਦਾ ਬੁਲੰਦ ਹੋ ਜਾਂਦਾ ਹੈ।

ਭਾਰਤ ਵਿਰੋਧੀ ਹਮਲਿਆਂ ਵਿਚ ਚਾਹੇ ਪਾਕਿਸਤਾਨ ਸਰਕਾਰ ਦਾ ਹੱਥ ਬਿਲਕੁਲ ਨਾ ਹੋਵੇ, ਪਰ ਕੀ ਇਹ ਸੱਚ ਨਹੀਂ ਕਿ ਇਨ੍ਹਾਂ ਹਮਲਿਆਂ ਵਿਚ ਉਹ ਖੁਸ਼ ਹੀ ਹੁੰਦੇ ਹੋਣਗੇ? ਖੁਸ਼ ਹੋਣ ਦੇ ਦੋ ਕਾਰਨ ਹਨ। ਇਕ ਤਾਂ ਰਣਨੀਤਕ ਅਤੇ ਦੂਜਾ ਰਾਜਨੀਤਕ। ਰਣਨੀਤਕ ਕਾਰਨ ਇਹ ਹੈ ਕਿ ਭਾਰਤੀਆਂ 'ਤੇ ਜ਼ਿਆਦਾਤਰ ਹਮਲੇ ਇਸ ਲਈ ਹੁੰਦੇ ਹਨ ਕਿ ਜਰੰਜ-ਦਿਲਾਰਾਮ ਸੜਕ ਦਾ ਬਨਣਾ ਰੁਕ ਜਾਵੇ। ਕਿਉਂ? ਕਿਉਂਕਿ ਇਸ ਸੜਕ ਦੇ ਬਨਣ ਨਾਲ ਪਾਕਿਸਤਾਨ ਦੀ ਦਾਦਾਗਿਰੀ ਹਮੇਸ਼ਾ ਲਈ ਖਤਮ ਹੋ ਗਈ ਹੈ। ਜਦੋਂ ਤੱਕ ਇਹ ਸੜਕ ਨਹੀਂ ਬਣੀ ਸੀ, ਅਫਗਾਨਿਸਤਾਨ ਪਾਕਿਸਤਾਨ 'ਤੇ ਨਿਰਭਰ ਸੀ।

ਭਾਰਤੀਆਂ 'ਤੇ ਹੋ ਰਹੇ ਹਮਲਿਆਂ ਤੋਂ ਖੁਸ਼ ਹੋਣ ਦਾ ਦੂਜਾ ਕਾਰਨ ਵਿਚਾਰਕ ਅਤੇ ਰਾਜਨੀਤਕ ਹੈ। ਕਾਬੁਲ ਵਿਚ ਭਾਰਤ ਦਾ ਪ੍ਰਭਾਵ ਵਧਦਾ ਹੈ ਤਾਂ ਲੋਕਤੰਤਰ ਵਧਦਾ ਹੈ, ਧਰਮਨਿਰਪੇਖਤਾ ਵਧਦੀ ਹੈ, ਆਧੁਨਿਕਤਾ ਵਧਦੀ ਹੈ। ਇਹ ਸਾਰੀਆਂ ਗੱਲਾਂ ਪਾਕਿਸਤਾਨ ਦੀ ਵਿਚਾਰਧਾਰਾ ਦੇ ਉਲਟ ਹੈ। ਭਾਰਤ ਨੇ ਅਫਗਾਨਿਸਤਾਨ ਨੂੰ ਲੋਕਤਾਂਤਰਿਕ ਸੰਵਿਧਾਨ ਬਣਾਉਣ ਅਤੇ ਚੋਣ ਕਰਵਾਉਣ ਵਿਚ ਸਕ੍ਰਿਆ ਮਦਦ ਦਿੱਤੀ ਹੈ ਅਤੇ ਉਹ ਉਸਦਾ ਸੰਸਦ ਭਵਨ ਵੀ ਬਣਾ ਰਿਹਾ ਹੈ। ਲਗਭਗ 6000 ਕਰੋੜ ਰੁਪਏ ਦੇ ਹੋਰ ਸਹਾਇਤਾ ਕਾਰਜਾਂ ਨੇ ਅਫਗਾਨੀਆਂ ਦੇ ਦਿਲ ਜਿੱਤ ਲਏ ਹਨ। ਇਸ ਹਾਲਤ ਵਿਚ ਪਾਕਿਸਤਾਨ ਦੀ ਗੈਰ ਫੌਜੀ ਸਰਕਾਰ ਭਾਰਤ ਵਿਰੋਧੀ ਹਮਲਿਆਂ ਦੀ ਰੋਕਥਾਮ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਦੀ।

# ਨੇੜਿਓਂ ਡਿੱਠੇ ਜਥੇਦਾਰ ਗੁਰਚਰਨ ਸਿੰਘ ਟੌਹੜਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪੱਤਝੜ ਰੁੱਤ ਦੀ ਉਦਾਸ ਜਿਹੀ ਇਕ ਸ਼ਾਮ ਨੂੰ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਸੈਨ ਹੋਜ਼ੇ ਵਿਚ ਸਥਿਤ ਆਪਣੇ ਘਰ ਦੀ ਬਾਲਕੋਨੀ ਵਿਚ ਬੈਠਾ ਹੋਇਆ ਮੈਂ ਬਾਹਰ ਵਲ ਨਿਗਾਹਾਂ ਘੁਮਾ ਰਿਹਾ ਸਾਂ। ਰੁਮਕਦੀ ਹਵਾ ਨਾਲ ਦਰੱਖਤਾਂ ਦੀਆਂ ਟਾਹਣੀਆਂ ਨਾਲੋਂ ਪੀਲੇ ਪਏ ਪੱਤੇ ਟੁੱਟ-ਟੁੱਟ ਕੇ ਹੇਠਾਂ ਡਿੱਗਦੇ ਦੇਖ ਦੇਖ ਕੇ ਮੇਰੇ ਜ਼ਿਹਨ 'ਚ 'ਗਾਥਾ' ਨਾਮ ਵਾਲੀ ਬਾਣੀ ਦੀ ਇਕ ਤੁਕ ਘੁੰਮਣ ਲੱਗ ਪਈ:

ਪੜ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ॥

ਕਦੇ ਲਾਲ-ਗੁਲਾਬੀ ਭਾਹ ਮਾਰਦੀਆਂ ਕਰੂੰਬਲਾਂ, ਹਰੇ ਕਚੂਚ ਪੱਤਿਆਂ 'ਚ ਬਦਲਦੀਆਂ ਨੇ, ਫਿਰ ਪੀਲੇ ਜ਼ਰਦ ਹੋ ਕੇ ਇਹੀ ਪੱਤੇ ਮੁੜ ਧਰਤੀ ਵਿਚ ਸਮਾ ਜਾਂਦੇ ਹਨ। ਮਨ-ਮਸਤਕ ਵਿਚ ਚਲ ਰਹੀ ਕੁਦਰਤ ਰਾਣੀ ਦੇ ਇਸ ਕਾਲ-ਚੱਕਰ ਦੀ ਸੋਚ-ਲੜੀ ਨੂੰ ਮੇਰੇ 'ਸੈਲ ਫੋਨ' ਦੀ ਘੰਟੀ ਨੇ ਤੋੜ ਦਿੱਤਾ। ਨੱਕ 'ਤੇ ਹੇਠਾਂ ਵਲ ਨੂੰ ਸਰਕੀ ਹੋਈ ਐਨਕ ਨੂੰ ਠੀਕ ਕਰਕੇ ਫੋਨ ਦੀ ਸਕਰੀਨ 'ਤੇ ਆਇਆ ਨੰਬਰ ਪੜ੍ਹਦਾ ਹਾਂ। ਕਿਸੇ ਅਜਨਬੀ ਦਾ ਪੰਜਾਬ ਤੋਂ ਫੋਨ ਆ ਰਿਹਾ ਹੈ। 'ਹਾਂ ਜੀ' ਕਹਿ ਕੇ ਅੱਗਿਓਂ 'ਵਾਹਿਗੁਰੂ ਜੀ ਕੀ ਫ਼ਤਹਿ' ਤੋਂ ਬਾਅਦ ਆਵਾਜ਼ ਆਉਂਦੀ ਹੈ:

''...ਮੈਂ ਜੀ ਸਤਵਿਦਰ ਸਿੰਘ ਟੌਹੜਾ, ਸ਼੍ਰੋਮਣੀ ਕਮੇਟੀ ਮੈਂਬਰ ਬੋਲ ਰਿਹਾਂ... ਅਸੀਂ ਜਥੇਦਾਰ ਟੌਹੜਾ ਸਾਹਿਬ ਦੀ ਯਾਦ ਵਿਚ ਸੋਵੀਨਾਰ ਛਾਪਣ ਦਾ ਪ੍ਰੋਗਰਾਮ ਉਲੀਕਿਆ ਹੈ...'ਪ੍ਰਧਾਨ ਜੀ' ਤੁਹਾਡੀ ਬੜੀ ਸਿਫਤ ਕਰਦੇ ਹੁੰਦੇ ਸਨ...ਸਾਡੀ ਚਾਹਤ ਹੈ ਕਿ ਤੁਸੀਂ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੁਝ ਲਿਖੋ।

ਟੌਹੜਾ ਪਿੰਡ ਦੇ ਸਰਪੰਚ ਅਤੇ ਮਰਹੂਮ ਜਥੇਦਾਰ ਟੌਹੜਾ ਦੇ ਅਜ਼ੀਜ਼ ਰਹੇ ਇਸ 'ਨੌਜਵਾਨ ਟੌਹੜੇ' ਦੀ ਸ਼ਖਸੀਅਤ ਦਾ ਅਕਸ ਤਾਂ ਮੇਰੇ ਜ਼ਿਹਨ 'ਚ ਇਸ ਕਰਕੇ ਨਹੀਂ ਉਭਰ ਰਿਹਾ ਕਿਉਂਕਿ ਮੈਂ ਲੰਬੇ ਸਮੇਂ ਤੋਂ ਪੰਜਾਬ ਦੀ ਸਿੱਖ ਸਿਆਸਤ ਤੋਂ ਦੂਰ ਹੋਇਆ ਬੈਠਾ ਹਾਂ, ਪਰ ਸਤਵਿੰਦਰ ਸਿੰਘ ਦੀ ਟੁਣਕਵੀਂ ਠਾਕੀ ਆਵਾਜ਼ ਤੇ ਸ਼ਬਦਾਂ ਦੇ ਉਚਾਰਣ ਤੋਂ ਮਹਿਸੂਸ ਹੋਇਆ ਕਿ ਇਸ ਸੱਜਣ ਨੇ ਜ਼ਰੂਰ ਉਸ ਯੁੱਗ ਪੁਰਸ਼ ਦੀ ਨੇੜਤਾ ਮਾਣੀ ਹੋਈ ਹੈ। ਸ਼ੁਕਰ ਹੈ, ਕੋਈ ਟੌਹੜਾ ਪਿੰਡ ਦੇ ਨਾਮ ਦੀ ਸ਼ੋਭਾ ਵਧਾਉਣ ਲਈ ਯਤਨਸ਼ੀਲ ਹੈ।

ਇਸ ਛੋਟੀ ਜਿਹੀ ਲਿਖਤ ਵਿਚ ਪੱਚੀ ਸਾਲ ਤੋਂ ਵੱਧ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਦਵੀ 'ਤੇ ਸੇਵਾ ਨਿਭਾਉਣ ਵਾਲੇ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਮੁੱਚੇ ਵਿਅਕਤੀਤਵ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਮੈਂ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਸਟੇਜ ਤੋਂ ਬੋਲਦੇ ਹੋਏ ਸੁਣਿਆ ਸੀ, ਉਹ ਉਦੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਇਸ ਤੋਂ ਪਹਿਲਾਂ ਅਖ਼ਬਾਰਾਂ, ਮੈਗਜ਼ੀਨਾਂ ਵਿਚ ਉਨ੍ਹਾਂ ਦੀ ਫੋਟੋ ਹੀ ਦੇਖੀ ਹੋਈ ਸੀ।

ਮੈਨੂੰ ਪੱਕੀ ਤਰ੍ਹਾਂ ਯਾਦ ਹੈ ਕਿ ਸੰਨ 1980 ਦੇ ਸਤੰਬਰ ਦੀ ਦੋ ਤਰੀਕ ਨੂੰ ਮੈਂ ਆਪਣੇ ਪਿੰਡੋਂ ਸਾਈਕਲ 'ਤੇ ਨਾਨਕੇ ਪਿੰਡ ਧਮਾਈ (ਉਦੋਂ ਜ਼ਿਲਾ ਹੁਸ਼ਿਆਰਪੁਰ, ਹੁਣ ਨਵਾਂਸ਼ਹਿਰ) ਨੂੰ ਇਕ ਪਰਿਵਾਰਕ ਸਮਾਗਮ ਵਿਚ ਸ਼ਾਮਲ ਹੋਣ ਲਈ ਬੱਬਰ ਕਰਮ ਸਿੰਘ 'ਐਡੀਟਰ' ਦੇ ਪਿੰਡ ਦੌਲਤਪੁਰ (ਜ਼ਿਲਾ ਨਵਾਂਸ਼ਹਿਰ) ਵਿਚੋਂ ਲੰਘ ਰਿਹਾ ਸਾਂ। ਪਿੰਡ ਦੇ ਨਿਆਣੇ-ਸਿਆਣੇ ਨਵੇਂ-ਨਵੇਂ ਕੱਪੜੇ ਪਹਿਨ ਕੇ ਇਕ ਪਾਸੇ ਨੂੰ ਚਾਈਂ-ਚਾਈਂ ਤੁਰੇ ਜਾ ਰਹੇ ਸਨ। ਕੁਝ ਹਾਣਦਿਆਂ ਮੁੰਡਿਆਂ ਪਾਸੋਂ ਪੁੱਛਿਆ ਤਾਂ ਪਤਾ ਲੱਗਾ ਕਿ ਦਰਵਾਜ਼ੇ ਕੋਲ ਅੱਜ ਕੁਲਦੀਪ ਮਾਣਕ ਦਾ ਅਖਾੜਾ ਲੱਗਣਾ ਹੈ। ਉਨ੍ਹਾਂ ਦਿਨਾਂ ਵਿਚ ਚਾਰੇ ਪਾਸੇ 'ਮਾਣਕ-ਮਾਣਕ' ਹੋ ਰਹੀ ਸੀ। ਕਲੀਆਂ ਸੁਣਨ ਦੇ ਚਾਅ ਵਿਚ ਮੈਂ ਵੀ ਉਧਰ ਨੂੰ ਹੀ ਸਾਈਕਲ ਮੋੜ ਲਿਆ। ਜਦੋਂ ਮੈਂ 'ਅਖਾੜੇ' ਵਾਲੀ ਥਾਂ ਪਹੁੰਚਿਆ ਤਾਂ ਉਥੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਦੀਵਾਨ ਸਜਿਆ ਹੋਇਆ ਸੀ। ਨੀਲੀਆਂ-ਕਾਲੀਆਂ ਦਸਤਾਰਾਂ ਵਾਲੇ ਢਾਡੀ ਜਥੇ ਸਟੇਜ ਉਪਰ ਸਜੇ ਬੈਠੇ ਸਨ। ਇਕੱਠ ਦੇ ਆਲੇ-ਦੁਆਲੇ ਖੜ੍ਹੀ ਭੀੜ ਵਿਚ ਮੈਂ ਵੀ ਜਾ ਵੜਿਆ।



ਅਸਲ ਵਿਚ ਇਥੇ ਬੱਬਰ ਕਰਮ ਸਿੰਘ ਅਤੇ ਉਸਦੇ ਸਾਥੀ ਬੱਬਰਾਂ ਦੀ ਬਰਸੀ ਮਨਾਈ ਜਾ ਰਹੀ ਸੀ। ਮੇਰੇ ਉਥੇ ਪਹੁੰਚਦਿਆਂ ਸੰਤ ਲੌਂਗੋਵਾਲ ਲੈਕਚਰ ਸਮਾਪਤ ਕਰ ਚੁੱਕੇ ਸਨ। ਜਥੇਦਾਰ ਟੌਹੜਾ ਦਾ ਨਾਂ ਅਨਾਊਂਸ ਹੋ ਗਿਆ। ਉਹ ਆਪਣੇ ਵਿਸ਼ੇਸ਼ ਅੰਦਾਜ਼ ਨਾਲ ਕਦੇ ਕਦੇ ਲੱਕ 'ਤੇ ਹੱਥ ਰੱਖ ਕੇ ਬੜੇ ਜੋਸ਼ੀਲੇ ਢੰਗ ਨਾਲ ਬਬੇਲੀ ਦਾ ਸਾਕਾ ਸੁਣਾ ਰਹੇ ਸਨ ਕਿ ਅਚਾਨਕ ਬਿਜਲੀ ਦੌੜ ਗਈ। ਪੰਡਾਲ ਵਿਚ ਚਲਦੇ ਪੱਖੇ ਅਤੇ ਲਾਊਡ ਸਪੀਕਰ ਬੰਦ ਹੋ ਗਏ। ਭਾਦੋਂ ਦਾ ਹੁੰਮਸ ਜਿਹਾ ਹੋਣ ਕਾਰਨ ਸੰਗਤ ਵਿਚ ਕੁਝ ਹਿਲਜੁਲ ਹੋਣ ਲੱਗ ਪਈ। ਸਟੇਜ ਦੇ ਸਾਹਮਣੇ ਬੈਠੇ ਕਈ ਗਭਰੇਟ, ਜੇਬਾਂ 'ਚੋਂ ਰੁਮਾਲ ਕੱਢ ਕੇ ਆਲੇ-ਦੁਆਲੇ ਨੂੰ ਗਰਦਨਾਂ ਘੁਮਾ ਕੇ ਪੱਖਾ ਝੱਲਣ ਲੱਗ ਪਏ। ਉਦੋਂ ਇਸ ਪਿੰਡ ਦੀ ਕਮਿਊਨਿਸਟਾਂ ਕਰਕੇ ਬੜੀ ਮਸ਼ਹੂਰੀ ਸੀ। ਰੱਬ ਜਾਣੇ ਟੌਹੜਾ ਸਾਹਿਬ ਨੂੰ ਇਸ ਗੱਲ ਦਾ ਪਤਾ ਹੋਵੇਗਾ। ਮੁੰਡਿਆਂ ਨੂੰ ਰੁਮਾਲ ਮੂੰਹ 'ਤੇ ਫੇਰਦਿਆਂ ਨੂੰ ਤੱਕ ਕੇ ਟੌਹੜਾ ਸਾਹਿਬ ਬਿਨਾਂ ਸਪੀਕਰ ਤੋਂ ਹੀ ਉਚੀ ਆਵਾਜ਼ ਵਿਚ ਗਰਜੇ!

''...ਗੱਲ ਸੁਣੋ ਓਏ ਵੱਡੇ ਇਨਕਲਾਬੀਓ, ਜਿਨ੍ਹਾਂ ਗੁਰੂ ਕੇ ਲਾਲਾਂ ਦੀ ਅੱਜ ਬਰਸੀ ਮਨਾਈ ਜਾ ਰਹੀ ਹੈ, ਕਦੇ ਉਨ੍ਹਾਂ ਦੇ ਕਾਰਨਾਮਿਆਂ ਦਾ ਲਹੂ-ਵੀਟਵਾਂ ਇਤਿਹਾਸ ਪੜ੍ਹਿਆ ਐ ਤੁਸੀਂ? ਉਨ੍ਹਾਂ ਕਿਵੇਂ ਅੰਗਰੇਜ਼ ਹਕੂਮਤ ਦਾ ਜਬਰ ਝੱਲਦਿਆਂ ਸੀਸ ਤਲੀ 'ਤੇ ਰੱਖ ਕੇ ਟੋਡੀਆਂ ਤੇ ਗੱਦਾਰਾਂ ਨੂੰ ਸੋਧਿਆ ਸੀ। ਜੇਲ੍ਹਾਂ ਵਿਚ ਉਨ੍ਹਾਂ ਅਸਹਿ ਤੇ ਅਕਹਿ ਤਸ਼ੱਦਦ ਸਹੇ, ਪਰ ਧਰਮ ਤੋਂ ਬੇਮੁਖ ਨਾ ਹੋਏ। ਤੁਸੀਂ ਫੋਕੀਆਂ ਲਾਲ ਪੱਗਾਂ ਬੰਨ੍ਹ ਕੇ ਇਨਕਲਾਬ ਦੀਆਂ ਟਾਹਰਾਂ ਮਾਰਨ ਵਾਲੇ, ਬਿਨਾ ਪੱਖੇ ਦੇ ਦੋ ਪਲ ਟਿਕ ਕੇ ਨਹੀਂ ਬਹਿ ਸਕਦੇ?''

ਟੌਹੜਾ ਸਾਹਿਬ ਨੇ ਇਹ ਗੱਲਾਂ ਇੰਨੇ ਜੋਸ਼ ਨਾਲ ਕਹੀਆਂ ਕਿ ਉਨ੍ਹਾਂ ਦੇ ਲੰਬੇ ਭਾਸ਼ਣ ਦੌਰਾਨ ਪੂਰੀ ਖਾਮੋਸ਼ੀ ਛਾਈ ਰਹੀ। ਉਨ੍ਹਾਂ ਦੇ ਉਥੋਂ ਚਲੇ ਜਾਣ ਬਾਅਦ ਹੀ ਮਾਣਕ ਸਟੇਜ ਉਪਰ ਆਇਆ।

ਜੁਲਾਈ-ਅਗਸਤ 1996 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸੰਬੰਧੀ ਸੰਭਾਵੀ ਉਮੀਦਵਾਰਾਂ ਦੀ ਚੋਣ ਕਰਨ ਵਾਸਤੇ ਸਾਨੂੰ ਜ਼ਿਲੇ ਵਾਲਿਆਂ ਨੂੰ ਗੁਰਾਇਆਂ ਲਾਗਲੇ ਗੁਰਦੁਆਰਾ ਸੰਗ ਢੇਸੀਆਂ ਬੁਲਾਇਆ ਗਿਆ। ਮੇਰੀ ਵਾਰੀ ਆਈ। ਚੋਣ-ਮੰਡਲ ਵਿਚ ਸ਼ਾਮਲ ਟੌਹੜਾ ਸਾਹਿਬ ਨੇ ਮੈਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਬਣਤਰ ਅਤੇ ਸਿੱਖ ਇਤਿਹਾਸ 'ਚੋਂ ਕਈ ਗੁੰਝਲਦਾਰ ਸਵਾਲ ਪੁੱਛੇ। ਸਿੱਖ ਮਿਸ਼ਨਰੀ ਕਾਲਜ ਤੋਂ ਪੜ੍ਹਿਆ ਹੋਣ ਕਰਕੇ ਮੈਂ ਸਹੀ ਉਤਰ ਦੇਈ ਗਿਆ। ਆਪਣੇ ਸੁਭਾਅ ਮੁਤਾਬਕ ਉਨ੍ਹਾਂ ਨੇ ਅੱਖਾਂ ਸੁੰਗੇੜਦਿਆਂ ਮੈਨੂੰ ਗਹੁ ਨਾਲ ਤਾੜਿਆ। ਮੈਨੂੰ ਮਹਿਸੂਸ ਹੋਇਆ ਕਿ ਉਹ ਮੈਥੋਂ ਪ੍ਰਭਾਵਤ ਹੋਏ ਹਨ। ਇਸ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਕੋਲ ਹੀ ਬੈਠੇ ਸ. ਬਾਦਲ ਨੇ ਮੈਥੋਂ ਜੇਲ੍ਹ ਯਾਤਰਾ ਬਾਰੇ ਪੁੱਛਿਆ। ਜੇਲ੍ਹ ਵਿਚ ਮੈਂ ਕਦੀ ਗਿਆ ਹੀ ਨਹੀਂ ਸਾਂ। ਮੇਰੇ ਮੂੰਹੋਂ ਸੱਚਾ ਜਵਾਬ ਸੁਣ ਕੇ ਸ. ਬਾਦਲ ਦੇ ਚਿਹਰੇ 'ਤੇ ਨਾਉਮੀਦੀ ਦੇ ਚਿਹਨ ਭਾਂਪਦਿਆਂ ਜਥੇਦਾਰ ਟੌਹੜਾ ਠਹਾਕਾ ਮਾਰਦੇ ਹੋਏ ਬੋਲੇ, ''ਬਾਦਲ ਸਾਬ੍ਹ, ਇਹਨੂੰ ਜੇਲ੍ਹ 'ਚ ਕਿਤੇ ਫੇਰ ਭੇਜ ਦਿਆਂਗੇ...ਮੁੰਡਾ ਸਿਆਣਾ ਲੱਗਦੈ!'' ਫੇਰ ਮੈਨੂੰ ਬਾਹਰ ਜਾਣ ਦਾ ਇਸ਼ਾਰਾ ਕਰਦਿਆਂ ਆਖਿਆ, ''ਜਾਹ ਬਈ ਜਥੇਦਾਰਾ, ਤਿਆਰੀ ਕਰ।'' ਟੌਹੜਾ ਸਾਹਿਬ ਦੇ ਨਜ਼ਦੀਕ ਬਹਿ ਕੇ ਸੁਣੀਆਂ ਹੋਈਆਂ ਹੋਰ ਬਹੁਤ ਸਾਰੀਆਂ ਡੂੰਘੇ ਅਰਥਾਂ ਵਾਲੀਆਂ ਗੱਲਾਂ ਦੇ ਨਾਲ ਨਾਲ ਸੰਗ ਢੇਸੀਆਂ ਵਾਲਾ ਉਕਤ ਵਾਰਤਾਲਾਪ ਮੇਰੇ ਸੀਨੇ ਵਿਚ ਰਿਕਾਰਡ ਹੋਇਆ ਪਿਆ ਹੈ।

ਜਥੇਦਾਰ ਜੀ ਦੀ 'ਕਰਾਮਾਤੀ ਯਾਦਦਾਸ਼ਤ' ਦੀ ਇਕ ਚਸ਼ਮਦੀਦ ਗਵਾਹੀ। ਮੇਰੇ ਮਿੱਤਰ ਪ੍ਰਸਿੱਧ ਵਿਦਵਾਨ ਗਿਆਨੀ ਹਰਬੰਸ ਸਿੰਘ 'ਤੇਗ' ਕੁਝ ਸਾਲ ਸ਼੍ਰੋਮਣੀ ਕਮੇਟੀ ਵਿਚ ਮੈਨੇਜਰੀ ਕਰਕੇ ਇੰਗਲੈਂਡ ਚਲੇ ਗਏ। ਅੰਨ-ਜਲ ਦੀ ਖੇਡ। ਉਹ ਦਸੀਂ ਬਾਰ੍ਹੀਂ ਸਾਲੀਂ ਜਦ ਵਾਪਸ ਆਏ ਤਾਂ ਉਨ੍ਹਾਂ ਟੌਹੜਾ ਸਾਹਿਬ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਰਸਤੇ ਵਿਚ ਜਾਂਦਿਆਂ ਤੇਗ ਜੀ ਕਹਿਣ ਲੱਗੇ, ''ਸੁਣਿਐਂ ਕਿ ਪ੍ਰਧਾਨ ਜੀ ਦੀ ਯਾਦ ਸ਼ਕਤੀ ਬੜੀ ਤੇਜ਼ ਐ। ਲੇਕਿਨ ਅੱਜ ਦੇਖਣਾ ਐ ਕਿ ਉਹ ਮੈਨੂੰ ਪਛਾਣ ਲੈਣਗੇ ਕਿ ਨਹੀਂ?'' ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਡੀ ਮੈਂਬਰਾਂ ਦੀ ਮੀਟਿੰਗ ਹੋਣੀ ਸੀ। ਅਸੀਂ ਉਥੇ ਪਹੁੰਚ ਕੇ ਤਖ਼ਤ ਸਾਹਿਬ ਦੇ ਮੋਹਰਲੇ ਪਾਸੇ ਇਕ ਦਰੱਖਤ ਹੇਠ ਖੜ੍ਹੇ ਗੱਲਾਂ ਕਰ ਰਹੇ ਸਾਂ। ਇੰਨੇ ਨੂੰ ਟੌਹੜਾ ਸਾਹਿਬ ਦੀ ਗੱਡੀ ਆ ਗਈ। ਦਿਲ ਦਾ ਦੌਰਾ ਪੈਣ ਤੋਂ ਬਾਅਦ ਉਦੋਂ ਉਹ ਕਾਫੀ ਕਮਜ਼ੋਰ ਹੋ ਚੁੱਕੇ ਸਨ ਪਰ ਡਰਾਈਵਰ ਵਲੋਂ ਗੱਡੀ ਦੀ ਤਾਕੀ ਖੋਲ੍ਹਣ 'ਤੇ ਉਹ ਬਾਹਰ ਆਉਂਦਿਆਂ ਸਾਰ ਸਾਡੇ ਵੱਲ ਦੇਖ ਕੇ ਉਚੀ ਦੇਣੀ ਹੱਸਦਿਆਂ ਕਹਿੰਦੇ, ''ਮੈਂ ਤਾਂ ਸਮਝਿਆ ਸੀ ਕਿ ਹੁਣ ਤਕ ਖੁੰਢੀਆਂ ਹੋ ਗਈਆਂ ਹੋਣਗੀਆਂ ਪਰ 'ਤੇਗਾਂ' ਤਾਂ ਹਾਲੇ ਖੜਕੀ ਜਾਂਦੀਐਂ ਬਈ।'' ਜਦ ਅਸੀਂ ਕੋਲ ਜਾ ਕੇ ਉਨ੍ਹਾਂ ਦੇ ਗੋਡੀਂ ਹੱਥ ਲਾਇਆ ਤਾਂ ਸਾਨੂੰ ਕਲਾਵੇ 'ਚ ਭਰ ਕੇ, ਤੇਗ ਜੀ ਨਾਲ ਪੁਰਾਣੀਆਂ ਸਾਂਝਾਂ ਤਾਜ਼ੀਆਂ ਕਰ ਕਰ ਖੂਬ ਹੱਸੇ। ਮੇਰੀ ਅਤੇ ਤੇਗ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਇਸੇ ਦਿਨ ਇਥੇ ਮਾਤਾ ਨਾਨਕੀ ਨਿਵਾਸ ਵਿਚ ਹੋਈ ਮੀਟਿੰਗ ਉਪਰੰਤ ਕੁਝ ਮੈਂਬਰਾਂ ਨੇ, ਜਦੋਂ ਤਤਕਾਲੀ ਗ੍ਰਹਿ ਮੰਤਰੀ ਸ੍ਰੀ ਅਡਵਾਨੀ ਅਤੇ ਕਈ ਹੋਰ ਭਾਜਪਾ ਆਗੂਆਂ ਦੀਆਂ ਸਿੱਖੀ ਵਿਰੋਧੀ ਗੱਲਾਂ ਪ੍ਰਧਾਨ ਜੀ ਨੂੰ ਤਫਸੀਲ ਨਾਲ ਸੁਣਾਈਆਂ ਤਾਂ ਉਹ ਬੜੀ ਕਰੁਣਾਮਈ ਆਵਾਜ਼ 'ਚ ਬੋਲੇ, ''ਓ ਸਿੰਘੋ, ਬਿਪਰ ਤਾਕਤਾਂ ਨੇ ਹਾਲਾਤ ਹੀ ਐਸੇ ਬਣਾ ਦਿੱਤੇ ਹੋਏ ਨੇ ਕਿ ਗੁਰੂ ਨਾਨਕ ਦਾ ਸਿੱਖ ਬਣ ਕੇ ਇਸ ਦੇਸ਼ ਵਿਚ ਜਿਊਣਾ ਬਹੁਤ ਔਖਾ ਹੋ ਗਿਐ।'' ਉਨ੍ਹਾਂ ਦੇ ਚਿਹਰੇ 'ਤੇ ਛਾਈ ਹੋਈ ਘੋਰ ਮਾਯੂਸੀ, ਪੰਥਕ ਦਰਦ ਦਾ ਪਰਤੌਂ ਪ੍ਰਤੀਤ ਹੋ ਰਹੀ ਸੀ।

ਵਿਅੰਗਮਈ ਚੋਟਾਂ ਲਾਉਣ ਦਾ ਉਨ੍ਹਾਂ ਦਾ ਇਕ ਵੱਖਰਾ ਹੀ ਅੰਦਾਜ਼ ਹੁੰਦਾ ਸੀ। ਕਈ ਵਾਰ ਉਹ ਹਾਸੇ ਹਾਸੇ ਵਿਚ ਹੀ ਅਗਲੇ ਨੂੰ ਕੀਤੀ ਹੋਈ 'ਕੁਰਹਿਤ' ਚਿਤਾਰ ਦਿੰਦੇ ਸਨ। ਨਵਾਂਸ਼ਹਿਰ ਵਿਚ ਹੋਈ ਇਕ ਅਕਾਲੀ ਕਾਨਫਰੰਸ ਮੌਕੇ ਲੈਕਚਰਬਾਜ਼ੀ ਚਲਦਿਆਂ-ਚਲਦਿਆਂ ਭਾਰੀ ਮੀਂਹ ਆਉਣ ਦੇ ਇਮਕਾਨ ਬਣ ਗਏ। ਟੌਹੜਾ ਸਾਹਿਬ, ਆਪਣੇ ਕੋਲ ਦਾਹੜੀ ਰੰਗੀ ਬੈਠੇ ਇਕ 'ਅਕਾਲੀ ਆਗੂ' ਦੇ ਮੋਢੇ ਨੂੰ ਹਲੂਣਦਿਆਂ ਕਹਿੰਦੇ, ''ਜਥੇਦਾਰਾ, ਕਿਸੇ ਕਮਰੇ ਵਿਚ ਜਾ ਵੜ, ਜੇ ਤੇਰੇ 'ਤੇ ਮੀਂਹ ਪੈ ਗਿਆ, ਚਿੱਟੇ ਕੱਪੜੇ ਦਾਹੜੀ ਚੋ-ਚੋ ਕੇ ਖਰਾਬ ਹੋ ਜਾਣਗੇ।'' ਉਨ੍ਹਾਂ ਵਲੋਂ ਕੀਤੀ ਗਈ ਇਹ 'ਗੁੱਝੀ ਚੋਟ' ਸੁਣ ਕੇ ਕੋਲ ਬੈਠਾ ਇਕ ਬੜਬੋਲਾ ਜਥੇਦਾਰ, ਕਿਸੇ ਦਾਹੜੀ-ਕਟੇ 'ਅਕਾਲੀ' ਵਲ ਇਸ਼ਾਰਾ ਕਰਦਿਆਂ, ਪ੍ਰਧਾਨ ਜੀ ਨੂੰ ਆਖਣ ਲੱਗਾ, ''ਔਸ ਨੂੰ ਵੀ ਝਾੜੋ ਜ਼ਰਾ, ਦਾਹੜੀ ਛਾਂਗਣੋਂ ਨਹੀਂ ਹਟਦਾ।'' ਘੂਰੀ ਜਿਹੀ ਵੱਟ ਕੇ ਟੌਹੜਾ ਸਾਹਿਬ ਨੇ ਇਕਦਮ ਵਿਅੰਗ-ਟਿੱਪਣੀ ਕਰਕੇ ਮਾਹੌਲ ਬਦਲ ਦਿੱਤਾ, ''ਸਾਰਿਆਂ ਦੀ 'ਸੁਧਾਈ' ਮੈਥੋਂ ਹੀ ਕਰਵਾਈ ਜਾਨੈਂ ਜਥੇਦਾਰਾ, ਤੂੰ ਵੀ ਕੁਝ ਕਰੇਂਗਾ ਕਿ ਨਹੀਂ?''

ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਣ ਵਾਲਾ ਉਨ੍ਹਾਂ ਦਾ ਲੈਕਚਰ ਹਮੇਸ਼ਾ ਗੁਰਬਾਣੀ, ਸਿੱਖ ਇਤਿਹਾਸ ਅਤੇ ਮਿਥਿਹਾਸ ਵਿਚਲੇ ਬਾ-ਦਲੀਲ ਹਵਾਲਿਆਂ ਨਾਲ ਸ਼ਿੰਗਾਰਿਆ ਹੁੰਦਾ ਸੀ। ਸਿਆਸੀ ਮਸਲਿਆਂ 'ਤੇ ਬੋਲਣ ਵੇਲੇ ਉਨ੍ਹਾਂ ਦੇ ਵਿਚਾਰਾਂ ਵਿਚੋਂ ਦੁਨੀਆਂ ਭਰ ਦੀ ਰਾਜਨੀਤੀ ਦੇ ਝਲਕਾਰੇ ਮਿਲਦੇ ਸਨ। ਜਿਨ੍ਹਾਂ ਦਿਨਾਂ ਵਿਚ ਡਾਕਟਰ ਨੇ ਉਨ੍ਹਾਂ ਨੂੰ ਸਟੇਜ 'ਤੇ ਜਾਣ ਤੋਂ ਮਨ੍ਹਾਂ ਕੀਤਾ ਹੋਇਆ ਸੀ, ਉਨ੍ਹਾਂ ਦਿਨਾਂ ਵਿਚ ਵੀ ਉਹ ਜਮਾਂਦਰੂ ਸੁਭਾਅ ਮੁਤਾਬਕ ਧੜੱਲੇਦਾਰ ਤਕਰੀਰ ਹੀ ਕਰਦੇ ਰਹੇ। ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਦਲ (ਪੰਜਾਬ) ਵਲੋਂ ਸ੍ਰੀ ਚਮਕੌਰ ਸਾਹਿਬ ਵਿਚ ਕਰਵਾਏ ਗਏ ਇਕ ਵਿਸ਼ਾਲ ਸੰਮੇਲਨ ਮੌਕੇ, ਮੈਂ ਉਨ੍ਹਾਂ ਦੀ ਸਵਾ ਘੰਟਾ ਲੰਬੀ ਤਕਰੀਰ ਸੁਣ ਕੇ ਦੰਗ ਰਹਿ ਗਿਆ ਸਾਂ। ਹੁਣ ਦੇ ਲੀਡਰਾਂ ਮੂੰਹੋਂ ਚਗਲੀਆਂ ਹੋਈਆਂ ਸਿਆਸੀ ਯੱਭਲੀਆਂ ਸੁਣ ਕੇ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਸਿੱਖ ਮਾਨਸਿਕਤਾ ਦੇ ਦਰਦਾਂ ਦੀ ਥਾਹ ਪਾਉਣ ਵਾਲੀ ਭਾਸ਼ਣ-ਜੁਗਤ, ਟੌਹੜਾ ਸਾਹਿਬ ਦੇ ਨਾਲ ਹੀ ਰੁਖਸਤ ਹੋ ਚੁੱਕੀ ਹੈ।

ਉਨ੍ਹਾਂ ਨਾਲ ਬਿਤਾਏ ਪਲ, ਮੇਰੇ ਲਈ ਆਖਰੀ ਹੋ ਨਿੱਬੜੇ, ਜਦ ਉਨ੍ਹਾਂ ਪਿਆਰ ਨਾਲ ਮੇਰੀ ਦੋ-ਤਿੰਨ ਵਾਰ ਪਿੱਠ ਥਾਪੜੀ ਸੀ। ਪ੍ਰਧਾਨ ਜੀ ਦੇ ਪਰਮ ਮਿੱਤਰ ਗਿਆਨੀ ਭਗਤ ਸਿੰਘ ਦੇ ਘਰ (ਸ੍ਰੀ ਆਨੰਦਪੁਰ ਸਾਹਿਬ) ਸ਼ਾਮ ਵੇਲੇ, ਉਹ ਦੋਂਹ ਸਰ੍ਹਾਣਿਆਂ ਦੀ ਢੋਅ ਲਾਈ ਆਰਾਮ ਕਰ ਰਹੇ ਸਨ। ਜਥੇਦਾਰ ਹਰਬੰਸ ਸਿੰਘ ਮੰਝਪੁਰ ਅਤੇ ਮੈਂ ਦੋਵੇਂ ਜਣੇ ਕੋਲ ਹੀ ਕੁਰਸੀਆਂ 'ਤੇ ਬੈਠੇ ਸਾਂ। ਮੇਰੇ ਦਿਲ ਵਿਚ ਟੌਹੜਾ ਸਾਹਿਬ ਪ੍ਰਤੀ ਮੋਹ ਦੀ ਕਾਂਗ ਜਿਹੀ ਚੜ੍ਹੀ। ਮੈਂ ਉਨ੍ਹਾਂ ਦੇ ਕੋਲ ਨੂੰ ਹੋ ਕੇ ਆਪਣੀ ਪਿੱਠ ਨਿਵਾਉਂਦਿਆਂ ਆਖਿਆ, ''ਪ੍ਰਧਾਨ ਜੀ, ਮੈਨੂੰ ਆਸ਼ੀਰਵਾਦ ਵਜੋਂ ਥਾਪੜਾ ਦਿਓ। ਮੈਂ ਆਪ ਜੀ ਦੀ ਬਖਸ਼ਿਸ਼ ਲੋਚਦਾ ਹਾਂ।'' ਮੇਰੀ ਪਿੱਠ 'ਤੇ ਦੋ-ਤਿੰਨ ਧੱਫੇ ਮਾਰ ਕੇ ਹੱਸਦਿਆਂ ਹੋਇਆਂ ਕਹਿੰਦੇ, ''ਇਹ ਥਾਪੜੇ ਤੁਹਾਡੇ ਵਾਸਤੇ ਈ ਨੇ ਸਿੰਘੋ, ਹੋਰ ਮੈਂ ਇਹ 'ਧਰਮਰਾਜ' ਲਈ ਲੈ ਕੇ ਜਾਣੇ ਐਂ।'' ਇਸ ਆਖਰੀ ਮਿਲਣੀ ਤੋਂ ਮਹੀਨਾ ਕੁ ਬਾਅਦ ਜਦ ਉਹ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਤਾਂ ਉਕਤ ਗੱਲ ਯਾਦ ਕਰਕੇ ਮੈਂ ਮਹਿਸੂਸ ਕੀਤਾ ਕਿ ਪ੍ਰੀਤਮ ਕੈ ਦੇਸ ਜਾਣ ਲਈ ਉਨ੍ਹਾਂ ਖ਼ੁਦ ਨੂੰ ਤਿਆਰ ਹੀ ਰੱਖਿਆ ਹੋਇਆ ਸੀ।

ਵੱਖ-ਵੱਖ ਸਮਿਆਂ 'ਤੇ ਉਨ੍ਹਾਂ ਵਲੋਂ ਲਏ ਗਏ ਕਈ ਫੈਸਲਿਆਂ ਨਾਲ, ਉਨ੍ਹਾਂ ਦੀ ਆਲੋਚਨਾ ਵੀ ਹੁੰਦੀ ਰਹੀ। 'ਅਭੁੱਲ ਗੁਰੂ ਕਰਤਾਰ' ਵਾਲੇ ਦਾਇਰੇ ਤੋਂ ਉਹ ਬਾਹਰ ਨਹੀਂ ਸਨ। ਲੇਕਿਨ ਉਨ੍ਹਾਂ ਦੇ ਗੁਰਪੁਰੀ ਸਿਧਾਰ ਜਾਣ ਬਾਅਦ, ਨਾ ਠੱਲ੍ਹਿਆ ਜਾਣ ਵਾਲਾ ਸਿੱਖ ਸਿਆਸਤ ਦਾ ਨਿਘਾਰ, ਇਸ ਗੱਲ ਦਾ ਸੂਚਕ ਹੈ ਕਿ ਸਿੱਖ ਰਾਜਨੀਤੀ ਵਿਚੋਂ, ਪੰਥ, ਸਿੱਖੀ, ਗੁਰੂ ਦਾ ਭਉ, ਵਿਰਾਸਤੀ ਪਰੰਪਰਾਵਾਂ ਦੇ ਮੋਹ ਭਿੱਜੇ ਸ਼ਬਦ, ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਆਪਣੇ ਨਾਲ ਹੀ ਲੈ ਗਏ।

ਗੁਲ ਗਏ ਗੁਲਸ਼ਨ ਗਏ,  
ਅੱਕ ਧਤੂਰੇ ਰਹਿ ਗਏ।  
ਤੁਰ ਗਏ ਦਾਨੇ ਜਹਾਨ ਤੋਂ,  
ਬੇਸ਼ਊਰੇ ਰਹਿ ਗਏ।



ਜਥੇਦਾਰ ਟੌਹੜਾ ਦੇ ਚਲਾਣੇ ਤੋਂ ਸਿਰਫ ਕੁਝ ਦਿਨ ਪਹਿਲਾਂ ਖਿੱਚੀ ਗਈ ਤਸਵੀਰ

## ਮਸ਼ਕਰੀ

### *ਬਾਦਲ ਸਰਕਾਰ ਜ਼ਿੰਦਾਬਾਦ!*

ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਵਿਚ ਸਰਕਾਰੀ ਕੋਠੀ ਦੇ ਬਾਹਰ ਲੋਕਾਂ ਦੀ ਭੀੜ ਇਕੱਠੀ ਹੋਈ ਪਈ ਸੀ ਜੋ ਕਿ ਉਚੀ ਉਚੀ ਨਾਅਰੇ ਮਾਰ ਰਹੀ ਸੀ, 'ਸਰਦਾਰ ਪ੍ਰਕਾਸ਼ ਸਿੰਘ ਬਾਦਲ-ਜ਼ਿੰਦਾਬਾਦ!', 'ਪੰਜਾਬੀ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਸਰਦਾਰ ਸੁਖਬੀਰ ਸਿੰਘ ਬਾਦਲ-ਜ਼ਿੰਦਾਬਾਦ!!'

ਗੱਲ ਕੀ, ਗੇਟ ਮੂਹਰਿਓਂ 'ਜ਼ਿੰਦਾਬਾਦ' ਦੇ ਅਕਾਸ਼ ਗੁੰਜਾਊ ਨਾਅਰੇ ਲਗਾਤਾਰ ਸੁਣਾਈ ਦੇ ਰਹੇ ਸਨ।

ਕੋਠੀ ਅੰਦਰ ਬੈਠੇ ਵੱਡੇ ਬਾਦਲ ਸਾਹਿਬ ਨੇ ਮੀਸਣੀਆਂ ਜਿਹੀਆਂ ਮੁਸਕਾਣਾਂ ਬਿਖੇਰਦਿਆਂ 'ਛੋਟੇ ਬਾਦਲ' ਨੂੰ ਪੁੱਛਿਆ, 'ਕਾਕਾ ਸੁਖਬੀਰ ਸਿਆਂ, ਨਾ ਤਾਂ ਆਪਾਂ ਪੰਜਾਬ ਵਾਸੀਆਂ ਨੂੰ ਸਵੱਛ ਪਾਣੀ ਹੀ ਮੁਹੱਈਆ ਕਰਵਾ ਸਕੇ ਹਾਂ ਅਤੇ ਬਿਜਲੀ ਤਾਂ ਉਕਾ ਈ ਨਹੀਂ! ਕਮਾਲ ਦੀ ਗੱਲ ਐ, ਅਹਿ ਲੋਕ ਫਿਰ ਵੀ ਸਾਡੀ ਜੈ ਜੈ ਕਾਰ ਕਰੀ ਜਾ ਰਹੇ ਨੇ!... ਇਹ ਕਿਹੜੇ ਲੋਕ ਹੋਣਗੇ ਭਲਾ, ਅਤੇ ਕਿਸ ਖੁਸ਼ੀ ਵਿਚ ਨਾਅਰੇ ਮਾਰ ਰਹੇ ਨੇ?'

ਸੁਖਬੀਰ ਬਾਦਲ ਨੇ 'ਪਿਤਾ ਸ੍ਰੀ' ਦੇ ਕੋਲ ਜਿਹੇ ਨੂੰ ਹੋ ਕੇ ਮੁਸ਼ਕੜੀਏਂ ਹੱਸਦਿਆਂ ਦੱਸਿਆ, 'ਇਹ ਜਨਰੇਟਰ, ਇਨਵਰਟਰ, ਘੜੇ ਅਤੇ ਹੱਥ-ਪੱਖੀਆਂ ਬਣਾਉਣ ਵਾਲੇ ਲੋਕ ਨੇ।'

ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ



ਭਾਈ ਗੁਰਮੀਤ ਸਿੰਘ ਖਾਲਸਾ ਭਾਈ ਗੁਰਚਰਨ ਸਿੰਘ ਮਾਨ ਭਾਈ ਗੁਰਮੇਲ ਸਿੰਘ ਬਾਠ ਭਾਈ ਤਾਰਾ ਸਿੰਘ ਗਿੱਲ ਭਾਈ ਤਰਸੇਮ ਸਿੰਘ

# ਅਪੀਲ

ਆਪ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਉਣ ਵਾਲੀ *14 ਮਾਰਚ 2010* ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚ ਕੇ **ਭਾਈ ਗੁਰਮੀਤ ਸਿੰਘ ਖਾਲਸਾ** ਜੀ ਦੀ ਪੰਥਕ ਸਲੇਟ ਨੂੰ ਵੋਟਾ ਪਾਕੇ ਕਾਮਯਾਬ ਕਰੋ ਤਾਂ ਕਿ ਕਮਿਊਨਯਟੀ ਦੇ ਰੁੱਕੇ ਹੋਏ ਕੰਮਾ ਨੂੰ ਫਿਰ ਤੋ ਸ਼ੁਰੂ ਕੀਤਾ ਜਾ ਸਕੇ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ

**ਬੇ ਏਰੀਆ ਟਰੱਕ ਐਸੋਸੀਏਸ਼ਨ**

*ਦਲਵੀਰ ਸਿੰਘ ਧਾਰੀਵਾਲ*

408.480.1313

ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ



ਭਾਈ ਗੁਰਮੀਤ ਸਿੰਘ ਖਾਲਸਾ ਭਾਈ ਗੁਰਚਰਨ ਸਿੰਘ ਮਾਨ ਭਾਈ ਗੁਰਮੇਲ ਸਿੰਘ ਬਾਠ ਭਾਈ ਤਾਰਾ ਸਿੰਘ ਗਿੱਲ ਭਾਈ ਤਰਸੇਮ ਸਿੰਘ

# ਅਪੀਲ

ਆਪ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਉਣ ਵਾਲੀ *14 ਮਾਰਚ 2010* ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚ ਕੇ **ਭਾਈ ਗੁਰਮੀਤ ਸਿੰਘ ਖਾਲਸਾ** ਜੀ ਦੀ ਪੰਥਕ ਸਲੇਟ ਨੂੰ ਵੋਟਾ ਪਾਕੇ ਕਾਮਯਾਬ ਕਰੋ ਤਾਂ ਕਿ ਕਮਿਊਨਯਟੀ ਦੇ ਰੁੱਕੇ ਹੋਏ ਕੰਮਾ ਨੂੰ ਫਿਰ ਤੋ ਸ਼ੁਰੂ ਕੀਤਾ ਜਾ ਸਕੇ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ

**ਭੁਪਿੰਦਰ ਸਿੰਘ ਪਰਮਾਰ**

*76 ਗੈਸ ਸਟੇਸ਼ਨਾ ਵਾਲੇ*

510.305.8351

ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ



ਭਾਈ ਗੁਰਮੀਤ ਸਿੰਘ ਖਾਲਸਾ ਭਾਈ ਗੁਰਚਰਨ ਸਿੰਘ ਮਾਨ ਭਾਈ ਗੁਰਮੇਲ ਸਿੰਘ ਬਾਠ ਭਾਈ ਤਾਰਾ ਸਿੰਘ ਗਿੱਲ ਭਾਈ ਤਰਸੇਮ ਸਿੰਘ

# ਅਪੀਲ

ਆਪ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਉਣ ਵਾਲੀ *14 ਮਾਰਚ 2010* ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚ ਕੇ **ਭਾਈ ਗੁਰਮੀਤ ਸਿੰਘ ਖਾਲਸਾ** ਜੀ ਦੀ ਪੰਥਕ ਸਲੇਟ ਨੂੰ ਵੋਟਾ ਪਾਕੇ ਕਾਮਯਾਬ ਕਰੋ ਤਾਂ ਕਿ ਕਮਿਊਨਯਟੀ ਦੇ ਰੁੱਕੇ ਹੋਏ ਕੰਮਾ ਨੂੰ ਫਿਰ ਤੋ ਸ਼ੁਰੂ ਕੀਤਾ ਜਾ ਸਕੇ ਅਤੇ ਗੁਰਦੁਆਰਾ ਸਾਹਿਬ ਵਿਚ ਸੁਚੱਜੇ ਢੰਗ ਨਾਲ

**CVIBE INSURANCE BROKER INC**

**ਹਰਪਾਲ ਸਿੰਘ**

408.981.2842

ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ



ਭਾਈ ਗੁਰਮੀਤ ਸਿੰਘ ਖਾਲਸਾ ਭਾਈ ਗੁਰਚਰਨ ਸਿੰਘ ਮਾਨ ਭਾਈ ਗੁਰਮੇਲ ਸਿੰਘ ਬਾਠ ਭਾਈ ਤਾਰਾ ਸਿੰਘ ਗਿੱਲ ਭਾਈ ਤਰਸੇਮ ਸਿੰਘ

# ਅਪੀਲ

ਆਪ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਉਣ ਵਾਲੀ *14 ਮਾਰਚ 2010* ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚ ਕੇ **ਭਾਈ ਗੁਰਮੀਤ ਸਿੰਘ ਖਾਲਸਾ** ਜੀ ਦੀ ਪੰਥਕ ਸਲੇਟ ਨੂੰ ਵੋਟਾ ਪਾਕੇ ਕਾਮਯਾਬ ਕਰੋ ਤਾਂ ਕਿ ਕਮਿਊਨਯਟੀ ਦੇ ਰੁੱਕੇ ਹੋਏ ਕੰਮਾ ਨੂੰ ਫਿਰ ਤੋ ਸ਼ੁਰੂ ਕੀਤਾ ਜਾ ਸਕੇ ਅਤੇ ਗੁਰਦੁਆਰਾ ਸਾਹਿਬ ਵਿਚ ਸੁਚੱਜੇ ਢੰਗ ਨਾਲ

**ALL STAR CAB & MIPITAS CAB**

ਜੋਗਿੰਦਰ ਸਿੰਘ ਕਾਹਲੋਂ, ਹਰਮਿੰਦਰ ਸਿੰਘ ਹੈਰੀ, ਲਖਬੀਰ ਸਿੰਘ ਪੂਨੀਆਂ , ਬਲਹਾਰ ਸਿੰਘ ਪੂਨੀਆਂ

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ। ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇਂ ਪ੍ਰਸੰਨ
ਬੇਗਮਪੁਰਾ ਸਹਿਰ ਕਾ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ, ਸੈਕਰਾਮੈਂਟੋ

ਵਲੋਂ

# ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਮੌਕੇ

# ਮਹਾਨ ਨਗਰ ਕੀਰਤਨ



## 14 ਮਾਰਚ, ਦਿਨ ਐਤਵਾਰ, 2010 ਨੂੰ
## ਰਿਉਲਿੰਡਾ, ਸੈਕਰਾਮੈਂਟੋ ਵਿਖੇ ਹੋਵੇਗਾ

ਗੁਰੂ ਪਿਆਰੀ ਸਾਧ-ਸੰਗਤ ਜੀ, ਜੈ ਗੁਰਦੇਵ

ਸਮੂਹ ਸੰਗਤ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ, ਸੈਕਰਾਮੈਂਟੋ, ਕੈਲੀਫੋਰਨੀਆ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਜਨਮ ਦਿਹਾੜੇ ਮੌਕੇ 10ਵਾਂ ਸਲਾਨਾ ਮਹਾਨ ਨਗਰ ਕੀਰਤਨ 14 ਮਾਰਚ 2010, ਦਿਨ ਐਤਵਾਰ ਨੂੰ ਸਵੇਰੇ 11 ਵਜੇ ਬੜੀ ਸ਼ਰਧਾ ਨਾਲ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਗੁਰਦੁਆਰਾ ਸਾਹਿਬ ਵਿਖੇ ਲੜੀਵਾਰ ਅਖੰਡ ਪਾਠਾਂ ਦੀ ਲੜੀ ਹੁਣ ਤੋਂ ਹੀ ਚੱਲ ਰਹੀ ਹੈ। ਆਪ ਸਮੂਹ ਸੰਗਤ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਇਸ ਮਹਾਨ ਮੌਕੇ 'ਤੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ,

## ☆ ਪ੍ਰੋਗਰਾਮ ☆

| | |
|---|---|
| 12 ਮਾਰਚ, 2010 ਆਰੰਭ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ 9 ਵਜੇ |
| 13 ਮਾਰਚ, 2010 ਸੇਵਾ ਸ੍ਰੀ ਨਿਸ਼ਾਨ ਸਾਹਿਬ | ਸਵੇਰੇ 11 ਵਜੇ |
| 13 ਮਾਰਚ, 2010 ਰੈਣ ਸਬਾਈ ਕੀਰਤਨ | ਸ਼ਾਮ 7 ਵਜੇ ਤੋਂ |
| 14 ਮਾਰਚ 2010 ਭੋਗ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ 9 ਵਜੇ |

ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਕੁਝ ਜ਼ਰੂਰੀ ਸੂਚਨਾਵਾਂ

- ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਰਾਮ ਪ੍ਰਕਾਸ਼ ਰਾਜੂ ਅਤੇ ਪਰਿਵਾਰ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਪਿਟਰਸਬਰਗ) ਵਲੋਂ ਹੋਵੇਗੀ।
- ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾਵਾਚਕ, ਧਾਰਮਿਕ ਗਾਇਕ ਆਪਣੇ ਨਾਮ ਸਤੀਸ਼ ਰੱਲ੍ਹ ਨੂੰ 916-214-9092 ਜਾਂ ਜਸਵਿੰਦਰ ਬੰਗਾ ਨੂੰ 916-796-5003 'ਤੇ ਲਿਖਾਓ ਜੀ।
- ਫਲੋਟ ਦੀ ਸੇਵਾ ਲਈ ਕੇਵਲ ਬੋਲੀਨਾ ਨੂੰ 916-548-8902 ਜਾਂ ਰਾਜ ਕੁਮਾਰ ਸੂਦ ਨੂੰ 916-370-3542 ਜਾਂ ਰਾਜ ਸਿੰਘ ਬੱਧਣ ਨੂੰ 916-601-3842 'ਤੇ ਲਿਖਾਓ ਜੀ।
- ਸਟਾਲ ਲਾਉਣ ਲਈ ਹਰਬੰਸ ਸਿੰਘ ਰੱਲ੍ਹ ਨੂੰ ਫੋਨ 916-706-6688, ਜੋਗਿੰਦਰ ਚੁੰਬਰ ਨੂੰ 916-439-4043 ਜਾਂ ਕਸ਼ਮੀਰ ਸਿੰਘ ਹੀਰਾ ਨੂੰ 916-798-8142 'ਤੇ ਆਪਣਾ ਨਾਮ ਲਿਖਾਓ ਜੀ।
- ਲੰਗਰ ਦੀ ਸੇਵਾ ਲਈ ਦਿਲਬਾਗ ਸਿੰਘ ਨੂੰ 916-459-9417, ਗੁਰਦਿਆਲ ਮੱਲ ਨੂੰ 916-607-2639 'ਤੇ ਸੰਪਰਕ ਕਰੋ ਜੀ। ਲੰਗਰ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਮੈਂਬਰ ਵੀ ਨਿਭਾ ਰਹੇ ਹਨ।
- ਸ੍ਰੀ ਅਖੰਡ ਪਾਠ ਸਾਹਿਬ ਦੀ ਬੁਕਿੰਗ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਸੀਤਲ ਸਿੰਘ ਕੈਂਥ ਨਾਲ ਫੋਨ 916-519-6226 ਜਾਂ ਸ਼੍ਰੀ ਅਜੀਤ ਰਾਮ ਬੰਗੜ ਨਾਲ 916-468-8773 'ਤੇ ਸੰਪਰਕ ਕੀਤਾ ਜਾ ਸਕਦਾ ਹੈ।
- ਨਗਰ ਕੀਰਤਨ ਮੌਕੇ ਸਫਾਈ ਦਾ ਖਾਸ ਖਿਆਲ ਰੱਖੋ ਜੀ। ਹੋਰ ਕਿਸੇ ਕਿਸਮ ਦੀ ਸੇਵਾ ਲੈਣ ਲਈ ਗੁਰੂ ਘਰ ਵਿਖੇ ਸੰਪਰਕ ਕਰੋ ਜੀ।

| | | | |
|---|---|---|---|
| President<br>Satnam Basra<br>916-214-0181 | Chairman<br>Tavinder Kazla<br>916-300-5398 | Cashier<br>Daljit Jassal<br>916-801-8031 | Stage Secretary<br>Satish Ralh<br>916-214-9092 |
| Vice President<br>Harbans Ralh<br>916-706-6688 | Vice- Chairman<br>Ajit Ram Bangar<br>916-468-8773 | Cashier<br>Dilbag Singh<br>916-459-9417 | Stage Secretary<br>Jiwan Rattu<br>916-256-9393 |
| Vice President<br>Raj Sood<br>916-370-3542 | General Secretary<br>Raj Singh Badhan<br>916-601-3842 | Cashier<br>Kulwinder Singh<br>916-705-3519 | Head Granthi<br>Sital Singh Kainth<br>916-519-6226 |

**ਪਹੁੰਚ ਰਹੇ ਰਾਗੀ ਜੱਥੇ**

ਹਜ਼ੂਰੀ ਜੱਥਾ ਭਾਈ ਜਸਵਿੰਦਰ ਪਾਲ ਤੇ ਅਮਰਜੀਤ ਸਿੰਘ, ਭਾਈ ਮਨਜੀਤ ਸਿੰਘ (ਯੂਬਾ ਸਿਟੀ), ਐੱਸ. ਐੱਸ. ਆਜ਼ਾਦ (ਇੰਡੀਆ), ਭਾਈ ਮਨਜੀਤ ਸਿੰਘ (ਬਰਾਡਸ਼ਾਹ ਰੋਡ), ਭਾਈ ਅਮਰਜੀਤ ਸਿੰਘ ਤੇ ਬੱਚਿਆਂ ਦਾ ਜੱਥਾ।

**ਪਹੁੰਚ ਰਹੇ ਅਮਰੀਕਨ ਆਗੂ**

ਡਾ. ਐਮੀ ਬੇਰਾ (ਉਮੀਦਵਾਰ ਕਾਂਗਰਸ ਡੈਮੋਕ੍ਰੇਟਿਕ ਪਾਰਟੀ), ਡੀਨ ਫਲੋਰਿਸ (ਸੈਨੇਟ ਮੈਂਬਰ), ਅਜੇ ਪਾਲ ਰਾਮ, ਜਗਦੇਵ ਰਾਮ, ਡੈਨ ਲੈਂਗਰਨ ( ਉਮੀਦਵਾਰ ਕਾਂਗਰਸ, ਰਿਪਬਲਿਕਨ ਪਾਰਟੀ), ਡਾ. ਕਰਨਲ ਅਰਜਿੰਦਰਪਾਲ ਸਿੰਘ ਸੇਖੋਂ

ਜਾਰੀ ਕਰਤਾ : ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ,ਸੈਕਰਾਮੈਂਟੋ

**6221,16th Street, Rio Linda, CA 95673, Near Sacramento**

# ਟੈਕਸੀ ਡਰਾਈਵਰ ਵੀਰਾਂ ਵਲੋਂ ਪੰਥਕ ਸਲੇਟ ਨੂੰ ਸਮਰਥਨ



**ਸੈਨ ਹੋਜ਼ੇ(ਸਰਬਜੋਤ ਸਿੰਘ ਸਵੱਦੀ):** ਗੁਰਦਆਰਾ ਫਰੀਮਾਂਟ ਦੀਆਂ ਵੋਟਾਂ ਪੈਣ ਵਿਚ ਇੱਕ ਹਫਤਾ ਬਾਕੀ ਰਹਿ ਜਾਣ ਕਰਕੇ ਚੋਣ ਸਰਗਰਮੀਆਂ ਪੂਰੇ ਜ਼ੋਰਾਂ 'ਤੇ ਹਨ। ਪੰਥਕ ਸਲੇਟ ਨੂੰ ਸੰਗਤ ਵਲੋਂ ਮਿਲ ਰਹੇ ਸਮਰਥਨ ਅਤੇ ਪੰਥਕ ਸਲੇਟ ਦੇ ਵਰਕਰਾਂ ਵਲੋਂ ਘਰ-ਘਰ ਕੀਤੀ ਜਾ ਰਹੀ ਪਹੁੰਚ ਨੂੰ ਦੇਖ ਕੇ ਇਹ ਜਾਹਰ ਹੈ ਕਿ ਪੰਥਕ ਸਲੇਟ ਦੀ ਜਿੱਤ ਯਕੀਨੀ ਹੈ।




ਇਸੇ ਚੋਣ ਪ੍ਰਚਾਰ ਤਹਿਤ ਟੈਕਸੀਆਂ ਅਤੇ ਰੈਂਟਲ ਕਾਰ ਡਰਾਈਵਰ ਵੀਰਾਂ ਵਲੋਂ ਪੰਥਕ ਸਲੇਟ ਦੇ ਆਗੂਆਂ ਨੂੰ ਸੈਨ ਹੋਜ਼ੇ ਇੰਟਰਨੈਸ਼ਨਲ ਏਅਰਪੋਰਟ 'ਤੇ ਬੁਲਾ ਕੇ ਡਰਾਈਵਰ ਵੀਰਾਂ ਦੇ ਰੂਬਰੂ ਕੀਤਾ ਗਿਆ। ਭਾਵੇਂ ਕੁਝ ਸਮਾਂ ਪਹਿਲਾਂ ਵੀ ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਚਰਨ ਸਿੰਘ ਮਾਨ, ਭਾਈ ਗੁਰਮੇਲ ਸਿੰਘ ਬਾਠ, ਭਾਈ ਤਾਰਾ ਸਿੰਘ ਅਤੇ ਭਾਈ ਤਰਸੇਮ ਸਿੰਘ ਏਅਰਪੋਰਟ ਤੇ ਆਪਣਾ ਚੋਣ ਪ੍ਰਚਾਰ ਕਰ ਚੁਕੇ ਹਨ ਪਰ ਐਤਵਾਰ ਫਿਰ ਗੁਰਬਖਸ਼ ਸਿੰਘ ਢਿੱਲੋਂ, ਕਿਰਪਾਲ ਸਿੰਘ ਬਸਾਤੀ, ਲਹਿੰਬਰ ਸਿੰਘ ਅਤੇ ਸੁਖਦੇਵ ਸਿੰਘ ਗੇਹਲੋਂ ਦੇ ਸੱਦੇ ਤੇ ਪੰਥਕ ਸਲੇਟ ਦੇ ਉਮੀਦਵਾਰਾਂ ਨੇ ਆਪਣਾ ਚੋਣ ਪ੍ਰਚਾਰ ਕੀਤਾ। ਇਸ ਸਮੇਂ ਬੋਲਦਿਆਂ ਭਾਈ ਗੁਰਚਰਨ ਸਿੰਘ ਮਾਨ ਨੇ ਸਾਧ ਸੰਗਤ ਸਲੇਟ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਤੱਥਾਂ ਦੇ ਅਧਾਰ 'ਤੇ ਪਰਦਾਫਾਸ਼ ਕੀਤਾ ਅਤੇ ਕਿਹਾ ਕਿ ਸੰਗਤ ਸੁਪਰੀਮ ਹੈ ਜੋ ਸੱਚ ਅਤੇ ਕੱਚ ਦਾ ਨਿਤਾਰਾ ਕਰੇ। ਯਾਦ ਰਹੇ ਕਿ ਸੈਨ ਹੋਜ਼ੇ ਏਅਰਪੋਰਟ ਤੇ ਕੰਮ ਕਰਦੇ ਡਰਾਈਵਰ ਵੀਰਾਂ ਦੀ ਕੀਮਤੀ ਵੋਟ ਫਰੀਮਾਂਟ ਦੀਆਂ ਚੋਣਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਤ ਕਰਦੀ ਹੈ।

## ਮਾਤਾ ਭਗਵਾਨ ਕੌਰ ਰਾਣੂ ਸੁਰਗਵਾਸ

**ਬੇਕਰਜ਼ਫੀਲਡ (ਮਨਦੀਪ ਮਾਨ):** ਮਾਤਾ ਭਗਵਾਨ ਕੌਰ ਰਾਣੂ ਲੰਘੀ 8 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 87 ਵਰ੍ਹਿਆਂ ਦੇ ਸਨ। ਉਹ ਪੰਜਾਬ ਦੇ ਜ਼ਿਲਾ ਬਰਨਾਲਾ ਦੇ ਪਿੰਡ ਹਮੀਦੀ ਤੋਂ ਸਨ ਅਤੇ ਕਾਫੀ ਸਮੇਂ ਤੋਂ ਇਥੇ ਆਪਣੀ ਧੀ ਪਾਸ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸਸਕਾਰ ਐਤਵਾਰ 14 ਮਾਰਚ ਨੂੰ ਸਵੇਰੇ 11 ਵਜੇ ਗਰੀਨ ਲਾਅਨ ਫਿਊਨਰਲ ਹੋਮ (2739 ਪੈਨੋਮਾ ਲੇਨ) ਵਿਖੇ ਹੋਵੇਗਾ। ਮਾਤਾ ਭਗਵਾਨ ਕੌਰ ਨਮਿਤ ਅੰਤਿਮ ਅਰਦਾਸ ਬਾਅਦ ਵਿਚ ਗੁਰਦੁਆਰਾ ਵਿਲਸਨ ਰੋਡ ਵਿਚ ਹੋਵੇਗੀ।

ਉਨ੍ਹਾਂ ਦੇ ਦਾਮਾਦ ਸ. ਸੁਲੱਖਣ ਸਿੰਘ ਤੂੰਗ ਅਤੇ ਪਰਿਵਾਰ ਨਾਲ ਸੰਪਰਕ ਫੋਨ 661-332-8920 ਜਾਂ 661-835-8118 ਉਪਰ ਕੀਤਾ ਜਾ ਸਕਦਾ ਹੈ।




Ahluwalia
Law Professional Corporation

ਕਾਨੂੰਨੀ ਮਸਲਾ ਜਾਂ ਸਵਾਲ?
ਅਟਾਰਨੀ ਮਦਨ ਆਹਲੂਵਾਲੀਆ ਨੂੰ ਕਾਲ ਕਰੋ
1-866 290 9191



www.ahluwalia-law.com

Now, listen to Attorney Ahluwalia LIVE!!!
On radio KLOK 1170AM
OR on @ www.attorneyonradio.com
Every Saturday from 9am - 10am.

303 Twin Dolpin Drive, #600
Redwood City, CA 94065
1-866 290 9191

Attorney
Madan Ahluwalia

Bankruptcy - Civil Litigation
Divorce - Immigration
Loan Modification - Personal Injury

G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

ਖ਼ੁਸ਼ਖ਼ਬਰੀ !

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

ਖ਼ੁਸ਼ਖ਼ਬਰੀ !

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

### (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



**ਹੋਰ ਜਾਣਕਾਰੀ ਲਈ ਕਾਲ ਕਰੋ:**

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੁਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

**ਪਲਾਟੀਨਮ ਸਪਾਂਸਰ**

ਗਾਖਲ ਬ੍ਰਦਰਜ਼
ਪਲਵਿੰਦਰ ਸਿੰਘ ਗਾਖਲ,
ਇਕਬਾਲ ਸਿੰਘ ਗਾਖਲ ਅਤੇ
ਅਮੋਲਕ ਸਿੰਘ ਗਾਖਲ
ਸ. ਕੁਲਦੀਪ ਸਿੰਘ ਧਾਲੀਵਾਲ
ਸ. ਦਵਿੰਦਰ ਸਿੰਘ ਰਣੀਆ
ਸ. ਜਸਵੀਰ ਸਿੰਘ ਰਾਜਾ




ਸ. ਬਿੱਕਰ ਸਿੰਘ



ਸ. ਕਸ਼ਮੀਰ ਸਿੰਘ ਸਹੋਤਾ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੰਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧ ਦੋਨਾਂ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।



ਸ. ਸੋਹਣ ਸਿੰਘ



ਸ. ਦਵਿੰਦਰ ਸਿੰਘ ਰਣੀਆ

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

ਸ. ਦਵਿੰਦਰ ਸਿੰਘ ਰਣੀਆ ਅਤੇ ਸ. ਜਸਵੀਰ ਸਿੰਘ ਰਾਜਾ 5100 ਡਾਲਰ ਨਾਲ ਮੁੱਖ ਸਪਾਂਸਰ ਹੋਣਗੇ

ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋਂ) ਸ਼ਾਮਲ ਕੀਤੇ ਜਾਣਗੇ।








ਵਿਸ਼ੇਸ ਸਨਮਾਨ: ਗੁਲਬਿੰਦਰ ਸਿੰਘ ਬਿੰਦਾ ਗਾਖਲ ਅਤੇ ਡਾਇਮੰਡ ਟਰੱਕਿੰਗ ਵਲੋਂ ਕਬੱਡੀ ਦੇ ਮਹਾਨ ਖਿਡਾਰੀ ਕਿੰਦੂ ਬਿਹਾਰੀਪੁਰੀਏ ਦਾ 5100 ਡਾਲਰ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।


## ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।

# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ ਪੰਥਕ ਸਲੇਟ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

## ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ


ਸ. ਦਵਿੰਦਰ ਸਿੰਘ ਰਣੀਆ

# ਅਪੀਲ

ਗੁਰਦੁਆਰਾ ਫਰੀਮਾਂਟ ਦੀਆਂ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਸਹੀ ਲੀਹਾਂ 'ਤੇ ਲਿਆਉਣ ਲਈ 14 ਮਾਰਚ, 2010 ਨੂੰ ਸੁਪਰੀਮ ਕੌਂਸਲ ਦੀਆਂ ਹੋ ਰਹੀਆਂ ਚੋਣਾਂ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠਲੀ ਪੰਥਕ ਸਲੇਟ ਨੂੰ ਕਾਮਯਾਬ ਕਰਕੇ ਧੰਨਵਾਦੀ ਬਣਾਓ ਜੀ।


ਸ੍ਰੀ ਅਮੋਲਕ ਸਿੰਘ ਗਾਖਲ





| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ |
|---|---|---|---|
| ਅਮੋਲਕ ਸਿੰਘ ਗਾਖਲ | ਬਲਬੀਰ ਸਿੰਘ ਭਾਟੀਆ | ਗੁਰਦਾਵਰ ਸਿੰਘ ਮਹੇੜੂ | ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਪਲਵਿੰਦਰ ਸਿੰਘ ਗਾਖਲ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ, ਗੁਲਵਿੰਦਰ ਗਿੰਦਾ ਗਾਖਲ

# ਬੇ-ਏਰੀਆ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ

## Bay Area United Sports Club, California

33372 Palomino Com., Fremont, CA 94555, Ph:510-468-9381 or e-mail:2gsmann@gmail.com



ਲੋਕ ਸੰਪਰਕ ਮੰਤਰੀ ਸ. ਸੇਵਾ ਸਿੰਘ ਸੇਖਵਾਂ (ਖੱਬਿਓਂ ਦੂਜੇ) ਬੇਕਰਜ਼ਫੀਲਡ 'ਚ ਕੁਝ ਉਘੇ ਪੰਜਾਬੀਆਂ ਨਾਲ

# ਪਰਵਾਸੀ ਪੰਜਾਬੀ ਪੰਜਾਬ ਵਿਚ ਸਿਖਿਆ ਅਤੇ ਸਿਹਤ ਖੇਤਰ ਵਿਚ ਪੈਸਾ ਲਾਉਣ-ਸੇਖਵਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬ ਦੇ ਲੋਕ ਸੰਪਰਕ ਮੰਤਰੀ ਸ. ਸੇਵਾ ਸਿੰਘ ਸੇਖਵਾਂ, ਜਿਨ੍ਹਾਂ ਪਾਸ ਪਰਵਾਸੀ ਭਾਰਤੀ ਮਹਿਕਮਾ ਵੀ ਹੈ, ਨੇ ਅਮਰੀਕਾ ਵੱਸਦੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਸਿਖਿਆ ਤੇ ਸਿਹਤ ਸਹੂਲਤਾਂ ਦੇ ਖੇਤਰ ਵਿਚ ਆਪਣਾ ਪੈਸਾ ਲਾਉਣ। ਉਹ ਇਸ ਸਬੰਧੀ ਆਪੋ ਆਪਣੇ ਪਿੰਡ ਨੂੰ ਵੀ ਅਪਨਾ ਸਕਦੇ ਹਨ ਅਤੇ ਪੰਜਾਬ ਸਰਕਾਰ ਇਸ ਮਾਮਲੇ ਵਿਚ ਹਰ ਸੰਭਵ ਮਦਦ ਦੇਵੇਗੀ। ਇਥੇ ਆਪਣੇ ਭਤੀਜੇ ਮਨਿੰਦਰ ਸਿੰਘ ਸਰਪੰਚ ਦੇ ਭੋਗ ਵਿਚ ਸ਼ਾਮਲ ਹੋਣ ਲਈ ਪਹੁੰਚੇ ਸ੍ਰੀ ਸੇਖਵਾਂ ਨੇ ਇਕ ਮੁਲਾਕਾਤ ਦੌਰਾਨ ਪਰਵਾਸੀ ਭਾਰਤੀਆਂ ਦੀਆਂ ਸਮਸਿਆਵਾਂ ਦੀ ਗੱਲ ਕਰਦਿਆਂ ਆਖਿਆ ਕਿ ਜਦ ਕਦੀ ਵੀ ਉਨ੍ਹਾਂ ਦੇ ਧਿਆਨ ਵਿਚ ਕੋਈ ਕੇਸ ਆਉਂਦਾ ਹੈ ਤਾਂ ਉਹ ਇਸ ਦਾ ਫੌਰਨ ਹੱਲ ਕੱਢਣ ਲਈ ਆਪਣੇ ਮਹਿਕਮੇ ਦੇ ਅਫਸਰਾਂ ਦੀ ਖਿਚਾਈ ਕਰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਬਹੁਤ ਸਾਰੇ ਅਜਿਹੇ ਮਾਮਲੇ ਵੀ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚ ਪਰਵਾਸੀਆਂ ਦੇ ਆਪਣੇ ਹੀ ਸਕੇ ਸਬੰਧੀਆਂ ਵਿਰੁਧ ਸ਼ਿਕਾਇਤ ਕੀਤੀ ਗਈ ਹੁੰਦੀ ਹੈ। ਜਦੋਂ ਉਨ੍ਹਾਂ ਨੂੰ ਪੁਛਿਆ ਗਿਆ ਕਿ ਜਦੋਂ ਵੀ ਕੋਈ ਸਿਆਸਤਦਾਨ ਅਮਰੀਕਾ ਆਉਂਦਾ ਹੈ ਤਾਂ ਵੱਡੇ ਵੱਡੇ ਵਾਅਦੇ ਕਰਕੇ ਜਾਂਦਾ ਹੈ ਪਰ ਦਿੱਲੀ ਹਵਾਈ ਅੱਡੇ 'ਤੇ ਉਤਰਦਿਆਂ ਹੀ ਸਭ ਭੁੱਲ ਜਾਂਦਾ ਹੈ ਤਾਂ ਸ੍ਰੀ ਸੇਖਵਾਂ ਨੇ ਆਖਿਆ ਕਿ ਮੈਨੂੰ ਬਾਕੀਆਂ ਦਾ ਤਾਂ ਪਤਾ ਨਹੀਂ ਤੁਸੀਂ ਮੈਨੂੰ ਅੱਧੀ ਰਾਤ ਵੀ ਆਵਾਜ਼ ਮਾਰੋ ਤਾਂ ਮੈਂ ਸੇਵਾ ਲਈ ਹਾਜ਼ਰ ਹਾਂ। ਉਨ੍ਹਾਂ ਹਲਕੇ ਰਉਂ ਵਿਚ ਕਿਹਾ, ਮੇਰਾ ਤਾਂ ਨਾਂ ਹੀ ਸੇਵਾ ਸਿੰਘ ਹੈ।

ਹਾਲ ਹੀ ਵਿਚ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਵਲੋਂ ਪੰਜਾਬ-ਹਰਿਆਣਾ ਵਿਚ ਕੀਤੀ ਗਈ ਸਾੜ ਫੂਕ ਬਾਰੇ ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਸਰਕਾਰ ਕਿਸੇ ਵੀ ਤਰ੍ਹਾਂ ਦੀ ਬਦਅਮਨੀ ਨਾ ਹੋਣ ਦੇਣ ਪ੍ਰਤੀ ਵਚਨਬੱਧ ਹੈ। ਸਾੜ ਫੂਕ ਕਰਨ ਵਾਲੇ ਦਰਜਨਾਂ ਲੋਕ ਜੇਲ੍ਹ ਵਿਚ ਦੇ ਦਿੱਤੇ ਗਏ ਹਨ ਅਤੇ ਪੰਜਾਬ ਸਰਕਾਰ ਹਿੰਸਾ ਰੋਕਣ ਲਈ ਛੇਤੀ ਹੀ ਸਖਤ ਕਾਨੂੰਨ ਬਣਾਉਣ ਵਾਲੀ ਹੈ।

ਪੰਜਾਬ ਦੇ ਵਿੱਤ ਮੰਤਰੀ ਸ੍ਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਸਬਸਿਡੀਆਂ ਖਤਮ ਕੀਤੇ ਜਾਣ ਬਾਰੇ ਬਿਆਨਾਂ ਅਤੇ ਪੰਜਾਬ ਸਰਕਾਰ ਵਲੋਂ ਇਹ ਸਬਸਿਡੀਆਂ ਜਾਰੀ ਰੱਖੇ ਜਾਣ ਬਾਰੇ ਇਕ ਸਵਾਲ ਦੇ ਜਵਾਬ ਵਿਚ ਮੰਤਰੀ ਨੇ ਆਖਿਆ ਕਿ ਸਬਸਿਡੀਆਂ ਜਾਰੀ ਰੱਖਣਾ ਸਾਡੇ ਚੋਣ ਮੈਨੀਫੈਸਟੋ ਵਿਚ ਸ਼ਾਮਲ ਸੀ ਇਸ ਲਈ ਜਨਤਾ ਦੀ ਅਦਾਲਤ ਵਿਚ ਆਪਣੇ ਵਾਅਦੇ ਤੋਂ ਮੁੱਕਰ ਨਹੀਂ ਸੀ ਸਕਦੇ ਜੋ ਕਿ ਪੂਰੇ ਪੰਜ ਸਾਲ ਲਈ ਕੀਤੇ ਗਏ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਭਰਵੀਂ ਤਾਰੀਫ ਕਰਦਿਆਂ ਸ੍ਰੀ ਸੇਖਵਾਂ ਨੇ ਕਿਹਾ ਕਿ ਉਹ ਇਕ ਬੜੇ ਕਾਬਲ ਅਤੇ ਨੇਕ ਇਨਸਾਨ ਹਨ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਪਹਿਲੇ ਸਿੱਖ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਆਪਣੀ ਲਿਆਕਤ ਨਾਲ ਦੁਨੀਆਂ ਭਰ ਵਿਚ ਸਿੱਖ ਕੌਮ ਦਾ ਨਾਂ ਉਚਾ ਕੀਤਾ ਹੈ। ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਪਹਿਲੀ ਡਾ. ਮਨਮੋਹਨ ਸਿੰਘ ਸਰਕਾਰ ਵਿਰੁਧ ਤੁਹਾਡੀ ਪਾਰਟੀ ਨੇ ਵੋਟ ਕਿਉਂ ਪਾਈ, ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਨਿਜੀ ਸੋਚ ਅਨੁਸਾਰ ਇਹ ਇਕ ਇਤਿਹਾਸਕ ਭੁੱਲ ਸੀ।

ਮੰਤਰੀ ਨੇ ਆਖਿਆ ਕਿ ਆਬਾਦੀ ਵਧਣ, ਜ਼ਮੀਨਾਂ ਦਾ ਰਕਬਾ ਘਟਣ ਅਤੇ ਰੋਜ਼ਗਾਰ ਦੇ ਮੌਕੇ ਘਟ ਹੋ ਜਾਣ ਕਰਕੇ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਵਿਚ ਡਰ ਅਤੇ ਅਸੁਰਖਿਆ ਦੀ ਭਾਵਨਾ ਪੈਦਾ ਹੋਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪਰਵਾਸੀ ਭਾਰਤੀ ਪੰਜਾਬ ਵਿਚ ਵੱਡੇ ਪੱਧਰ ਉਤੇ ਨਿਵੇਸ਼ ਕਰਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਦੇ ਹਨ।

ਆਪਣੀ ਸ਼ਖਸੀਅਤ ਦਾ ਇਕ ਨਵਾਂ ਪੱਖ ਜਾਹਰ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਚੰਗਾ ਸਾਹਿਤ ਪੜ੍ਹਨ ਅਤੇ ਖੁਦ ਲਿਖਣ ਦਾ ਵੀ ਸ਼ੌਕ ਹੈ, ਸ਼ਾਇਦ ਇਸੇ ਕਰਕੇ ਉਨ੍ਹਾਂ ਨੂੰ ਮਹਿਕਮਾ ਵੀ ਉਨ੍ਹਾਂ ਦੀ ਪਸੰਦ ਦਾ ਮਿਲਿਆ ਹੈ। ਜ਼ਿਕਰਯੋਗ ਹੈ ਕਿ ਜਥੇਦਾਰ ਸੇਵਾ ਸਿੰਘ ਸੇਖਵਾਂ ਮਾਝੇ ਦੇ ਜਰਨੈਲ ਦੇ ਤੌਰ 'ਤੇ ਜਾਣੇ ਜਾਂਦੇ ਹਨ, ਜੋ ਕਹਿੰਦੇ ਹਨ, ਪੂਰਾ ਕਰ ਵਿਖਾਉਂਦੇ ਹਨ।

# ਸੈਕਰਾਮੈਂਟੋ 'ਚ 21ਵਾਂ ਵਿਸਾਖੀ ਮੇਲਾ 17 ਅਪਰੈਲ ਨੂੰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਪਣਾ 21ਵਾਂ ਵਿਸਾਖੀ ਮੇਲਾ ਸਨਿਚਰਵਾਰ 17 ਅਪਰੈਲ ਨੂੰ ਐਸ.ਈ.ਐਸ. ਹਾਲ ਐਲਕ ਗਰੋਵ ਵਿਚ ਸ਼ਾਮ 4 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਗਿੱਧਾ, ਭੰਗੜਾ, ਗੀਤ-ਸੰਗੀਤ ਤੋਂ ਇਲਾਵਾ ਹਾਸਰਸ ਦਾ ਪ੍ਰੋਗਰਾਮ ਹੋਵੇਗਾ ਅਤੇ ਕਮਿਊਨਿਟੀ ਦੀਆਂ ਉੱਘੀਆਂ ਸ਼ਖਸੀਅਤਾਂ ਦਾ ਵੀ ਸਨਮਾਨ ਕੀਤਾ ਜਾਵੇਗਾ।

ਇਸ ਮੇਲੇ ਦੀ ਤਿਆਰੀ ਸਬੰਧੀ ਸੁਸਾਇਟੀ ਦੀ ਇਕ ਮੀਟਿੰਗ ਸਨਿਚਰਵਾਰ ਨੂੰ ਸ. ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਜਿੱਥੇ ਪਿਛਲੇ ਸਾਲ ਦਾ ਲੇਖਾ ਜੋਖਾ ਕੀਤਾ ਗਿਆ ਉੱਥੇ ਇਸ ਮੇਲੇ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਸਾਰੇ ਮੈਂਬਰਾਂ ਦੇ ਸੁਝਾਅ ਲਏ ਗਏ। ਇਸ ਮੀਟਿੰਗ ਵਿਚ ਸਰਵਸ੍ਰੀ ਅਵਤਾਰ ਸਿੰਘ ਡੋਡ, ਜੀਵਨ ਰੱਤੂ, ਗੁਰਮੇਜ ਸਿੰਘ ਅਟਵਾਲ, ਐਮ. ਐਸ. ਚਾਹਲ, ਅਰਜਿੰਦਰ ਸਿੰਘ ਕੁੱਕੀ, ਕਮਲ ਬੰਗਾ, ਕਮਲ ਸਿੰਘ, ਅਜਾਇਬ ਸਿੰਘ ਕਾਹਲੋਂ, ਪਰਮਜੀਤ ਢਿਲੋਂ, ਤੀਰਥ ਸਹੋਤਾ, ਜਸਵੰਤ ਸ਼ਾਦ, ਵਰਿੰਦਰ ਫਰਵਾਲਾ, ਰਛਪਾਲ ਫਰਵਾਲਾ ਤੋਂ ਇਲਾਵਾ ਇੰਡੋ ਅਮੈਰਿਕਨ ਕਲਚਰਲ ਸੁਸਾਇਟੀ ਵਲੋਂ ਸੁਰਿੰਦਰ ਬਿੰਦਰਾ ਤੇ ਜਰਨੈਲ ਸਿੰਘ ਸਰਪੰਚ, ਇੰਡਸਵੈਲੀ ਅਮੈਰਿਕਨ ਚੈਂਬਰ ਆਫ ਕਰਮਰਸ ਦੇ ਪ੍ਰਧਾਨ ਇਕਬਾਲ ਸਿੰਘ ਬਡਵਾਲ ਵੀ ਹਾਜਰ ਸਨ। ਇਸਤੋਂ ਇਲਾਵਾ ਹਰਜਿੰਦਰ ਸਿੰਘ ਪੰਧੇਰ, ਬਖਸ਼ੀਸ ਗਿੱਲ, ਅਮਰੀਕ ਪਰਹਾਰ, ਪਰਮਿੰਦਰ ਵਿਰਕ, ਸਤਵਿੰਦਰ ਰੰਗੀ, ਸੁਖਰਾਜ ਔਲਖ, ਜਸਚਰਨ ਗਿੱਲ, ਰਜਿੰਦਰਪਾਲ ਸਿੰਘ, ਸੁਖਦੀਪ ਸਿੰਘ, ਕੁਲਬੀਰ ਸਿੰਘ, ਅਮਿਤ ਸਿੰਘ ਅਤੇ ਹਰਮਿੰਦਰ ਚਾਹਲ ਵੀ ਮੌਜੂਦ ਸਨ। ਸੁਸਾਇਟੀ ਦੇ ਫਾਊਂਡਰ ਸ. ਰਛਪਾਲ ਸਿੰਘ ਫਰਵਾਲਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਸਮੁੱਚੀ ਕਮਿਊਨਟੀ ਨੂੰ ਪਰਿਵਾਰਾਂ ਸਮੇਤ ਮੇਲੇ ਵਿਚ ਪਹੁੰਚਣ ਦਾ ਸੱਦਾ ਦਿੱਤਾ।

ਜ਼ਿਕਰਯੋਗ ਹੈ ਕਿ ਇਸ ਸੁਸਾਇਟੀ ਵਲੋਂ ਸਾਲ ਵਿਚ ਦੋ ਸਭਿਆਚਾਰਕ ਸਮਾਗਮ ਹਰ ਸਾਲ ਕਰਵਾਏ ਜਾਂਦੇ ਹਨ। ਇਕ ਵਿਸਾਖੀ ਮੇਲਾ ਤੇ ਦੂਜਾ ਤੀਆਂ ਦਾ ਮੇਲਾ ਜਿਹੜਾ ਕਿ ਅਗਸਤ ਮਹੀਨੇ ਵਿਚ ਹੁੰਦਾ ਹੈ। ਇਹ ਦੋਵੇਂ ਮੇਲੇ ਨਿਰੋਲ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਹੁੰਦੇ ਹਨ ਤੇ ਲੋਕਲ ਕਮਿਊਨਿਟੀ ਵਲੋਂ ਰਲਕੇ ਇਕ ਪਰਿਵਾਰ ਦੀ ਤਰ੍ਹਾਂ ਮਨਾਏ ਜਾਂਦੇ ਹਨ।

ਇਸ ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਅਤੇ ਇਸ ਮੇਲੇ ਦਾ ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ। ਵੀਡੀਓ ਐਮ. ਐਸ. ਚਾਹਲ ਤੇ ਸਾਊਂਡ ਸੁਰੇਸ਼ ਸ਼ਸੀ ਕਰਨਗੇ। ਡੇਵਿਡ ਯੂਨਿਟੀ ਤੋਂ ਗਿੱਧਾ ਤੇ ਭੰਗੜੇ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਹੋਰ ਜਾਣਕਾਰੀ ਲਈ ਫੋਨ 916-880-0531 'ਤੇ ਸੰਪਰਕ ਕੀਤਾ ਜਾ ਸਕਦਾ ਹੈ।




M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



ੴ ਸਤਿਗੁਰ ਪ੍ਰਸਾਦਿ॥

# ਸਿੱਖ ਟੈਂਪਲ ਲਿਵਿੰਗਸਟਨ (ਕੈਲੀਫੋਰਨੀਆ)

## 12ਵਾਂ ਸਾਲਾਨਾ ਨਗਰ ਕੀਰਤਨ

## 28 ਮਾਰਚ, 2010 (ਐਤਵਾਰ)




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਲਿਵਿੰਗਸਟਨ ਵਿਚ 12ਵਾਂ ਸਾਲਾਨਾ ਨਗਰ ਕੀਰਤਨ ਐਤਵਾਰ 28 ਮਾਰਚ, 2010 ਨੂੰ ਕੱਢਿਆ ਜਾਵੇਗਾ। ਹੋਲੇ ਮਹੱਲੇ ਦਾ ਪੁਰਬ ਮਨਾਉਂਦੇ ਹੋਏ ਅਖੰਡ ਪਾਠ ਸਾਹਿਬ 26 ਮਾਰਚ ਨੂੰ ਅਰੰਭ ਹੋਣਗੇ। ਸਨਿਚਰਵਾਰ 27 ਮਾਰਚ, 2010 ਨੂੰ ਦੀਵਾਨ ਸਜਣਗੇ, ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ ਤੇ ਰਾਗੀ-ਢਾਡੀ ਹਾਜ਼ਰੀਆਂ ਭਰਨਗੇ। ਐਤਵਾਰ 28 ਮਾਰਚ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਣਗੇ। ਨਗਰ ਕੀਰਤਨ ਗੁਰੂ ਘਰ ਪੀਚ ਐਵਨਿਊ, ਲਵਿੰਗਸਟਨ ਤੋਂ 11:30 ਵਜੇ ਰਵਾਨਾ ਹੋਵੇਗਾ ਤੇ ਸ਼ਹਿਰ ਦੇ ਵੱਖ ਵੱਖ ਹਿਸਿਆਂ ਵਿਚੋਂ ਦੀ ਹੁੰਦਾ ਹੋਇਆ ਗੁਰੂ ਘਰ ਬੀ ਸਟਰੀਟ 'ਤੇ ਕੁਝ ਸਮੇਂ ਲਈ ਠਹਿਰ ਕੇ ਵਾਪਸ ਗੁਰੂ ਘਰ ਪੀਚ ਐਵਨਿਊ 'ਤੇ ਪਹੁੰਚੇਗਾ। ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

ਫਲੋਟ ਸ਼ਾਮਲ ਕਰਨ ਲਈ, ਕਿਸੇ ਕਿਸਮ ਦਾ ਸਟਾਲ ਲਾਉਣ ਲਈ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 209-394-3282 'ਤੇ ਸੰਪਰਕ ਕਰੋ ਜੀ। ਗੁਰੂ ਘਰ ਦੇ ਫਲੋਟ ਅੱਗੇ ਹੋਣਗੇ ਅਤੇ ਬਾਕੀ ਫਲੋਟ ਗੁਰੂ ਘਰ ਵਲੋਂ ਦਿਤੇ ਗਏ ਨੰਬਰਾਂ ਮੁਤਾਬਕ ਪਿਛੇ ਚੱਲਣਗੇ।

ਗੁਰੂ ਘਰ ਪੀਚ ਐਵਨਿਊ ਲਿਵਿੰਗਸਟਨ ਦੇ ਸੇਵਾਦਾਰਾਂ ਵਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਨਗਰ ਕੀਰਤਨ ਵਿਚ ਆਪਣੇ ਆਪਣੇ ਗੁਰੂ ਘਰਾਂ ਵਲੋਂ ਅਤੇ ਨਿਜੀ ਤੌਰ 'ਤੇ ਵਧ ਚੜ੍ਹ ਕੇ ਹਿੱਸਾ ਲਓ ਜੀ, ਸ਼ਰਧਾ ਮੁਤਾਬਕ ਸੇਵਾ ਵਿਚ ਹਿੱਸਾ ਪਾਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਨਿਚਰਵਾਰ ਸ਼ਾਮ ਨੂੰ ਅਤੇ ਐਤਵਾਰ ਸਵੇਰ ਨੂੰ ਹੇਠਾਂ ਦਿੱਤੇ ਜਥੇ ਹਾਜ਼ਰੀ ਭਰਨਗੇ**

ਗਿਆਨੀ ਦਿਲਦਾਰ ਸਿੰਘ ਤੇ ਦਲਬੀਰ ਸਿੰਘ ਜੀ
ਗਿਆਨੀ ਰਵਿੰਦਰ ਸਿੰਘ ਜੀ ਅਤੇ ਸਾਥੀ
ਗਿਆਨੀ ਮਨਜੀਤ ਸਿੰਘ ਜੀ
ਗਿਆਨੀ ਅਮਰਜੀਤ ਸਿੰਘ ਜੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**ਜਥਾ:** ਨਛੱਤਰ ਸਿੰਘ ਨਾਗਰਾ 209-394-2274 ਜਾਂ 209-658-6697
**ਫਲੋਟ:** ਕਿਰਪਾਲ ਸਿੰਘ ਗਿੱਲ 209-756-4599, ਕੁਲਦੀਪ ਸਿੰਘ ਸ਼ੋਕਰ 209-394-3389 ਜਾਂ 209-535-3002
**ਸਟਾਲ:** ਅਮਰਜੀਤ ਸਿੰਘ ਬਾਸੀ 209-394-8891 ਜਾਂ 209-277-3842

# Sikh Temple Livingston-CA

**2765 Peach Ave., Livingston, CA 95334, PH: 209-394-3282**

# ਕੇਂਦਰ ਵਲੋਂ ਮਹਿੰਗਾਈ ਰੋਕਨ ਲਈ ਸੰਭਵ ਕਦਮ ਚੁੱਕਣ ਦਾ ਵਾਅਦਾ

## ਮਹਿੰਗਾਈ ਤੇ ਵਧੀਆਂ ਤੇਲ ਕੀਮਤਾਂ ਵਿਰੁਧ ਸੰਸਦ 'ਚ ਜ਼ੋਰਦਾਰ ਹੰਗਾਮਾ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵਲੋਂ ਸੰਸਦ ਦੇ ਦੋਹਾਂ ਸਦਨਾਂ 'ਚ ਦਿੱਤੇ ਭਾਸ਼ਨ ਬਾਰੇ ਪੇਸ਼ ਧੰਨਵਾਦ ਪ੍ਰਸਤਾਵ 'ਤੇ ਹੋਈ ਚਰਚਾ ਦੌਰਾਨ ਉਠਾਏ ਗਏ ਮੁੱਦਿਆਂ ਸਬੰਧੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲੰਘੀ 4 ਮਾਰਚ ਨੂੰ ਲੋਕ ਸਭਾ 'ਚ ਸਰਕਾਰ ਦਾ ਪੱਖ ਰੱਖਿਆ। ਧੰਨਵਾਦ ਪ੍ਰਸਤਾਵ ਦੇ ਜ਼ੁਬਾਨੀ ਵੋਟਾਂ ਨਾਲ ਪਾਸ ਹੋਣ ਤੋਂ ਪਹਿਲਾਂ ਡਾ. ਸਿੰਘ ਨੇ ਚਰਚਾ ਦਾ ਜਵਾਬ ਦਿੰਦਿਆਂ ਜਿੱਥੇ ਮਹਿੰਗਾਈ ਰੋਕਣ ਲਈ ਹਰ ਸੰਭਵ ਕਦਮ ਚੁੱਕਣ ਦੀ ਗੱਲ ਕਹੀ, ਉਥੇ ਭਾਰਤ-ਪਾਕਿ ਸਮੱਸਿਆ ਨੂੰ ਹੱਲ ਕਰਨ 'ਚ ਕਿਸੇ ਤੀਜੀ ਧਿਰ ਦੀ ਭੂਮਿਕਾ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ। ਡਾ. ਸਿੰਘ ਨੇ ਮੰਨਿਆ ਕਿ ਪਿਛਲੇ ਕੁਝ ਦਿਨਾਂ ਦੌਰਾਨ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਬੇਤਹਾਸ਼ਾ ਵਾਧਾ ਹੋਇਆ ਹੈ ਅਤੇ ਸਰਕਾਰ ਇਸ ਨੂੰ ਲੈ ਕੇ ਚਿੰਤਤ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਰੂਰੀ ਕਦਮ ਚੁੱਕੇ ਗਏ ਹਨ ਅਤੇ ਜੇਕਰ ਹੋਰ ਲੋੜ ਪਈ ਤਾਂ ਚੁੱਕੇ ਜਾਣਗੇ। ਡਾ. ਸਿੰਘ ਨੇ ਕਿਹਾ ਕਿ ਭਾਰਤੀ ਅਰਥ ਵਿਵਸਥਾ ਦੀ ਬੁਨਿਆਦ ਮਜ਼ਬੂਤ ਹੈ, ਜੋ ਭਵਿੱਖ 'ਚ ਵੀ ਇਸੇ ਤਰ੍ਹਾਂ ਬਣੀ ਰਹੇਗੀ। ਚਰਚਾ ਦੌਰਾਨ ਡਾ. ਸਿੰਘ ਨੇ ਇਸ ਸਾਲ ਆਰਥਿਕ ਵਿਕਾਸ ਦੀ ਦਰ 7.5 ਫ਼ੀਸਦੀ ਤੇ ਅਗਲੇ ਸਾਲ ਇਹ 9 ਫ਼ੀਸਦੀ ਰਹਿਣ ਦੀ ਉਮੀਦ ਪ੍ਰਗਟਾਈ। ਡਾ. ਸਿੰਘ ਨੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਦੇਸ਼ 'ਚ ਬੇਰੁਜ਼ਗਾਰੀ ਨੂੰ ਇਕ ਸਮੱਸਿਆ ਵਜੋਂ ਨਹੀਂ ਉਭਰਨ ਦਿੱਤਾ ਹੈ। ਡਾ. ਸਿੰਘ ਨੇ ਕਿਹਾ ਕਿ ਕੌਮਾਂਤਰੀ ਬਜ਼ਾਰ 'ਚ ਵਸਤਾਂ ਦੀਆਂ ਕੀਮਤਾਂ ਵਧਣ ਕਾਰਨ ਖੁਰਾਕੀ ਤੇਲ, ਖੰਡ ਤੇ ਦਾਲਾਂ ਦੀਆਂ ਕੀਮਤਾਂ ਵਧੀਆਂ ਹਨ, ਕਿਉਂਕਿ ਅਸੀਂ ਇਨ੍ਹਾਂ ਵਸਤਾਂ ਦਾ ਆਯਾਤ ਕਰਦੇ ਹਾਂ।ਖੰਡ ਨਿਰਯਾਤ ਬਾਰੇ ਆਪਣੇ ਖੇਤੀਬਾੜੀ ਮੰਤਰੀ ਤੋਂ ਉਲਟ ਸਟੈਂਡ ਲੈਂਦਿਆਂ ਡਾ. ਸਿੰਘ ਨੇ ਮੰਨਿਆ ਕਿ ਕੁਝ ਕੌਮਾਂਤਰੀ ਵਾਅਦਿਆਂ ਨੂੰ ਪੂਰਾ ਕਰਨ ਲਈ ਇਹ ਨਿਰਯਾਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਖੰਡ ਨਿਰਯਾਤ ਦੀ ਮਾਤਰਾ ਬਹੁਤ ਘੱਟ ਸੀ। ਹਾਲਾਂਕਿ ਉਨ੍ਹਾਂ ਇਹ ਜਵਾਬ ਨਹੀਂ ਦਿੱਤਾ ਕਿ ਜਦੋਂ ਦੇਸ਼ ਅੰਦਰ ਖੰਡ ਦੀਆਂ ਕੀਮਤਾਂ ਵਧ ਰਹੀਆਂ ਹਨ ਤਾਂ ਇਹ ਨਿਰਯਾਤ ਕਰਨਾ ਕਿਵੇਂ ਜਾਇਜ਼ ਸੀ?ਚਰਚਾ ਦੌਰਾਨ ਡਾ. ਸਿੰਘ ਨੇ ਖੰਡ ਦੀਆਂ ਕੀਮਤਾਂ ਵਧਣ ਤੋਂ ਬਿਲਕੁਲ ਪਾਸਾ ਵੱਟ ਲਿਆ। ਉਨ੍ਹਾਂ ਕਿਹਾ ਕਿ ਇਹ ਸਭ ਚੱਕਰੀ ਕਾਰਨਾਂ ਕਰਕੇ ਹੋਇਆ ਹੈ, ਜੋ ਸਾਡੇ ਕਾਬੂ ਤੋਂ ਬਾਹਰ ਹੈ। ਉਨ੍ਹਾਂ ਭਵਿੱਖ 'ਚ ਇਸ ਤਰ੍ਹਾਂ ਦੀ ਸਥਿਤੀ ਨਾ ਪੈਦਾ ਹੋਣ ਦਾ ਭਰੋਸਾ ਦਿੱਤਾ। ਦੇਸ਼ ਦੀ ਖੇਤੀ ਨੂੰ ਅਮਰੀਕਾ ਦਾ ਗੁਲਾਮ ਬਣਾਉਣ ਸਬੰਧੀ ਭਾਜਪਾ ਵਲੋਂ ਉਠਾਏ ਮੁੱਦੇ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਇਸ ਤਰ੍ਹਾਂ ਦੀ ਗ਼ਲਤਫਹਿਮੀ ਨਾ ਪਾਲੇ, ਕਿਉਂਕਿ ਦੇਸ਼ ਕੋਲ ਲੋੜੀਂਦਾ ਅਨਾਜ ਭੰਡਾਰ ਹੈ। ਭਾਰਤ-ਪਾਕਿ ਸਬੰਧਾਂ 'ਚ ਕਿਸੇ ਤੀਜੀ ਧਿਰ ਦੀ ਵਿਚੋਲਗੀ ਤੋਂ ਸਪੱਸ਼ਟ ਇਨਕਾਰ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਅਮਰੀਕੀ ਦਬਾਅ ਦੀ ਗੱਲ ਕਹਿ ਕੇ ਦੇਸ਼ ਨੂੰ ਗੁਮਰਾਹ ਨਾ ਕਰੇ, ਕਿਉਂਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਾਡੇ 'ਤੇ ਕਦੇ ਵੀ ਦਬਾਅ ਨਹੀਂ ਪਾਇਆ ਹੈ। ਭਾਰਤ-ਪਾਕਿ ਸਬੰਧਾਂ ਨੂੰ ਲੈ ਕੇ ਭਾਜਪਾ ਆਗੂ ਲਾਲ ਕ੍ਰਿਸ਼ਨ



ਅਡਵਾਨੀ ਸਮੇਤ ਕਈ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਲਗਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਡਾ. ਸਿੰਘ ਨੇ ਕਿਹਾ ਕਿ ਮੈਂ ਪੂਰੇ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਇਸ ਮਾਮਲੇ 'ਚ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਸਵੀਕਾਰ ਨਹੀਂ ਕਰਾਂਗੇ ਅਤੇ ਇਸ ਮੁੱਦੇ 'ਤੇ ਪਾਕਿਸਤਾਨ ਨਾਲ ਸਿੱਧੀ ਗੱਲ ਕਰਾਂਗੇ। ਮਹਿਲਾ ਰਾਖਵਾਂਕਰਨ ਬਿਲ ਬਾਰੇ ਗੱਲ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਸਰਕਾਰ ਇਸ ਬਿਲ ਨੂੰ ਇਸੇ ਸੈਸ਼ਨ 'ਚ ਪਾਸ ਕਰਵਾਉਣ ਪ੍ਰਤੀ ਵਚਨਬਧ ਹਨ। ਸਾਬਕਾ ਫੌਜੀਆਂ ਨੂੰ ਇਕ ਰੈਂਕ, ਇਕ ਪੈਨਸ਼ਨ ਦੇਣ ਸਬੰਧੀ ਭਾਜਪਾ ਆਗੂ ਅਡਵਾਨੀ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਆਗੂ ਦੀ ਇਹ ਗੱਲ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਵਿਚਾਰ ਲਈ ਕਮੇਟੀ ਬਣਾ ਦਿੱਤੀ ਗਈ ਹੈ। ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਲਿਆਉਣ ਦੇ ਯਤਨਾਂ ਬਾਰੇ ਸਾਂਸਦਾਂ ਦੀ ਚਿੰਤਾ ਨੂੰ ਗੰਭੀਰਤਾ ਨਾਲ ਲੈਂਦਿਆਂ ਡਾ. ਸਿੰਘ ਨੇ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ 20 ਦੇਸ਼ਾਂ ਨਾਲ ਸੂਚਨਾਵਾਂ ਦੇ ਆਦਾਨ-ਪ੍ਰਦਾਨ ਬਾਰੇ ਸਮਝੌਤਾ ਕੀਤਾ ਜਾ ਰਿਹਾ ਹੈ। ਚਰਚਾ ਦੌਰਾਨ ਡਾ. ਸਿੰਘ ਨੇ ਕਿਹਾ ਕਿ ਆਦੀਵਾਸੀਆਂ ਨੂੰ ਜੰਗਲਾਂ ਅਧੀਨ ਧਰਤੀ 'ਤੇ ਕਬਜ਼ੇ ਦਿਵਾਉਣ ਲਈ ਕਾਨੂੰਨੀ ਪ੍ਰਕਿਰਿਆਵਾਂ ਜਾਰੀ ਹਨ। ਯਾਦ ਰਹੇ ਵਧ ਰਹੀ ਮਹਿੰਗਾਈ ਤੇ ਤੇਲ ਕੀਮਤਾਂ 'ਚ ਵਾਧੇ ਵਿਰੁਧ ਬੀਤੇ ਦਿਨੀਂ ਸੰਸਦ 'ਚ ਜ਼ੋਰਦਾਰ ਹੰਗਾਮਾ ਹੋਇਆ ਸੀ। ਵਿਰੋਧੀ ਧਿਰ ਵਲੋਂ ਲਗਾਤਾਰ ਇਨ੍ਹਾਂ ਮੁੱਦਿਆਂ ਨੂੰ ਉਠਾਉਣ ਕਾਰਨ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਕਈ ਵਾਰ ਮੁਲਤਵੀ ਕਰਨੀ ਪਈ।

ਆਮ ਬਜਟ 'ਚ ਤੇਲ ਕੀਮਤਾਂ 'ਚ ਵਾਧੇ ਨੂੰ ਵਾਪਸ ਲੈਣ ਦੀ ਮੰਗ ਕਰ ਰਹੀਆਂ ਵਿਰੋਧੀ ਪਾਰਟੀਆਂ, ਜਿਨ੍ਹਾਂ ਵਿਚ ਭਾਜਪਾ, ਸੀਪੀਆਈ (ਐਮ), ਏ ਆਈ ਡੀ ਐਮ ਕੇ ਤੇ ਸਰਕਾਰ ਨੂੰ ਬਾਹਰੋਂ ਹਮਾਇਤ ਦੇ ਰਹੀ ਸਮਾਜਵਾਦੀ ਪਾਰਟੀ, ਬਸਪਾ ਤੇ ਆਰ ਜੇ ਡੀ ਨੇ ਲੋਕ ਸਭਾ ਤੇ ਰਾਜ ਸਭਾ 'ਚ ਆਪਣਾ ਵਿਰੋਧ ਜਤਾਇਆ।ਉਪਰੋਕਤ ਪਾਰਟੀਆਂ ਦੇ ਆਗੂਆਂ ਨੇ ਤੇਲ ਕੀਮਤਾਂ 'ਚ ਵਾਧਾ ਵਾਪਸ ਲੈਣ ਅਤੇ ਇਸ ਮਸਲੇ 'ਤੇ ਪ੍ਰਧਾਨ ਮੰਤਰੀ ਵਲੋਂ ਬਿਆਨ ਦੇਣ ਦੀ ਮੰਗ ਕੀਤੀ। ਇਸ ਦੌਰਾਨ ਬੇਤਹਾਸ਼ਾ ਮਹਿੰਗਾਈ ਦੇ ਅਸਲ ਕਾਰਨਾਂ ਦਾ ਪਤਾ ਲਾਉਣ ਲਈ ਬਣਾਈ ਇਕ ਸੰਸਦੀ ਕਮੇਟੀ ਨੇ ਉਪਰੋਕਤ ਸਮੱਸਿਆ ਲਈ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸੋਕਾ ਪ੍ਰਬੰਧ, ਅਨਾਜ ਪੈਦਾਵਾਰ ਤੇ ਕੀਮਤਾਂ ਬਾਰੇ ਫਰਾਂਸਿਸਕੋ ਸਾਰਡਿਨਹਾ ਦੀ ਅਗਵਾਈ ਵਾਲੀ ਕਮੇਟੀ ਨੇ ਮਹਿੰਗਾਈ ਨਾਲ ਨਜਿੱਠਣ ਲਈ ਵਾਅਦਾ ਵਪਾਰ ਰੋਕਣ ਤੋਂ ਇਲਾਵਾ ਖੰਡ, ਚੌਲ ਤੇ ਕਣਕ ਦਾ ਨਿਰਯਾਤ ਤੁਰੰਤ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕਮੇਟੀ ਨੇ ਬੰਦਰਗਾਹਾਂ 'ਤੇ ਰੁਕੇ ਮਾਲ ਨੂੰ ਛੇਤੀ ਹੀ ਲੋਕਾਂ ਤੱਕ ਪਹੁੰਚਾਉਣ ਲਈ ਵੀ ਕਿਹਾ ਹੈ।ਸ੍ਰੀ ਸਾਰਡਿਨਹਾ ਨੇ ਆਪਣੀ ਰਿਪੋਰਟ 'ਚ ਕਾਲਾਬਾਜ਼ਾਰੀ ਤੇ ਜਮ੍ਹਾਂਖੋਰੀ ਨੂੰ ਮਹਿੰਗਾਈ ਵਧਣ ਦਾ ਪ੍ਰਮੁੱਖ ਕਾਰਨ ਦੱਸਦਿਆਂ ਜਮ੍ਹਾਂਖੋਰਾਂ ਖ਼ਿਲਾਫ਼ ਸਖ਼ਤ ਕਦਮ ਚੁੱਕਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਨਾਜ ਦੀ ਕਾਲਾਬਾਜ਼ਾਰੀ ਕਾਰਨ ਹੀ ਮਹਿੰਗਾਈ ਵਧੀ ਹੈ,ਕਿਉਂਕਿ ਆਯਾਤ ਤੋਂ ਪਹਿਲਾਂ ਵੀ ਦੇਸ਼ ਅੰਦਰ ਜ਼ਰੂਰੀ ਵਸਤਾਂ ਦੀ ਕੋਈ ਘਾਟ ਨਹੀਂ ਸੀ, ਪਰ ਇਸ ਦੇ ਬਾਵਜੂਦ ਉਸ ਸਮੇਂ ਕੀਮਤਾਂ ਵਧ ਸਨ। ਜ਼ਿਕਰਯੋਗ ਹੈ ਕਿ ਸ੍ਰੀ ਸਾਰਡਿਨਹਾ ਦੀ ਅਗਵਾਈ ਵਾਲੀ ਕਮੇਟੀ ਨੇ 24 ਨਵੰਬਰ 2009 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਸੰਸਦੀ ਕਮੇਟੀ ਦੀ ਰਿਪੋਰਟ ਨੂੰ ਸਰਕਾਰ ਵਲੋਂ ਗੰਭੀਰਤਾ ਨਾਲ ਲੈਣ ਜਾਂ ਨਾ ਲੈਣ ਬਾਰੇ ਪੁੱਛੇ ਇਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਦਿਸ਼ਾ 'ਚ ਕਈ ਕਦਮ ਚੁੱਕੇ ਹਨ। ਸ੍ਰੀ ਸਾਰਡਿਨਹਾ ਮੁਤਾਬਕ ਇਸ ਰਿਪੋਰਟ 'ਚ ਸੋਕੇ ਨਾਲ ਨਜਿੱਠਣ ਲਈ ਕੁਝ ਠੋਸ ਸੁਝਾਅ ਦਿੱਤੇ ਗਏ ਹਨ। ਰਿਪੋਰਟ 'ਚ ਫ਼ਸਲੀ ਚੱਕਰ ਤੇ ਖੇਤੀ ਨਾਲ ਜੁੜੇ ਕਈ ਪੱਖਾਂ ਦਾ ਅਨਾਜ ਪੈਦਾਵਾਰ ਅਤੇ ਉਸਦੀ ਉਪਲਬਧਤਾ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸ੍ਰੀ ਸਾਰਡਿਨਹਾ ਨੇ ਮੰਤਰਾਲਿਆਂ ਦੇ ਕੰਮਕਾਰ 'ਚ ਸੁਧਾਰ ਦੀ ਗੱਲ ਵੀ ਕਹੀ ਤੇ ਕਿਹਾ ਕਿ ਸਰਕਾਰ ਸੰਸਦੀ ਕਮੇਟੀ ਦੀਆਂ ਰਿਪੋਰਟਾਂ ਅਤੇ ਸਿਫ਼ਾਰਸ਼ਾਂ ਨੂੰ ਗੰਭੀਰਤਾ ਨਾਲ ਲੈਂਦੀ ਰਹੀ ਹੈ ਅਤੇ ਸਾਨੂੰ ਆਸ ਹੈ ਕਿ ਹੁਣ ਵੀ ਉਹ ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲਵੇਗੀ। ਉਨ੍ਹਾਂ ਕਿਹਾ ਕਿ ਕਈ ਵਾਰ ਸਰਕਾਰ ਕਿਸੇ ਰਿਪੋਰਟ ਨੂੰ ਤਵਜੋਂ ਨਹੀਂ ਦਿੰਦੀ ਅਤੇ ਇਹ ਉਸ ਰਿਪੋਰਟ ਦੇ ਵਿਸ਼ੇ 'ਤੇ ਨਿਰਭਰ ਕਰਦਾ ਹੈ।

## ਸੋਨੀਆ ਗਾਂਧੀ ਨੇ ਵੀ ਪ੍ਰਣਬ ਦਾ ਪੱਖ ਪੂਰਿਆ

**ਨਵੀਂ ਦਿੱਲੀ :** ਆਮ ਬਜਟ ਦੌਰਾਨ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਵਧਾਈਆਂ ਤੇਲ ਕੀਮਤਾਂ ਨੂੰ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵਲੋਂ ਜਾਇਜ਼ ਠਹਿਰਾਉਣ ਉਪਰੰਤ ਸੋਨੀਆ ਗਾਂਧੀ ਨੇ ਵੀ ਪ੍ਰਣਬ ਦਾ ਪੱਖ ਪੂਰਿਆ ਹੈ। ਸੋਨੀਆ ਨੇ ਵਧੀਆਂ ਤੇਲ ਕੀਮਤਾਂ ਨੂੰ



ਘਟਾਉਣ ਦੇ ਸੰਕੇਤ ਦਿੰਦਿਆਂ ਇਸ ਮਾਮਲੇ 'ਚ ਵਿਰੋਧੀ ਧਿਰ ਦੀ ਆਲੋਚਨਾ ਕੀਤੀ ਹੈ। ਕਾਂਗਰਸ ਸੰਸਦੀ ਬੋਰਡ ਦੀ ਮੀਟਿੰਗ ਦੌਰਾਨ ਜਿੱਥੇ ਸੋਨੀਆ ਨੇ ਵਿੱਤ ਮੰਤਰੀ ਵਲੋਂ ਪੇਸ਼ ਬਜਟ ਦੀ ਸ਼ਲਾਘਾ ਕੀਤੀ, ਉਥੇ ਆਪਣੇ ਸਮਾਜਿਕ ਫ਼ਰਜ਼ਾਂ ਨੂੰ ਪੂਰੇ ਕਰਨ ਲਈ ਆਮਦਨ ਦੇ ਸਰੋਤ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਆਪਣੇ ਤਿੰਨ ਸਫ਼ਿਆਂ ਦੇ ਭਾਸ਼ਨ 'ਚ ਸੋਨੀਆ ਨੇ ਮਹਿੰਗਾਈ ਲਈ ਬਾਹਰੀ ਕਾਰਨਾਂ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸਰਕਾਰ ਮਹਿੰਗਾਈ ਰੋਕਣ ਲਈ ਲਗਾਤਾਰ ਯਤਨਸ਼ੀਲ ਹੈ।

ਭਾਸ਼ਨ ਦੌਰਾਨ ਪੈਟਰੋਲੀਅਮ ਪਦਾਰਥਾਂ 'ਤੇ ਲਗਾਏ ਟੈਕਸ ਦਾ ਜ਼ਿਕਰ ਨਾ ਕਰਦਿਆਂ ਸੋਨੀਆ ਨੇ ਕਾਂਗਰਸੀ ਸਾਂਸਦਾਂ ਨੂੰ ਇਸ ਮਾਮਲੇ 'ਤੇ ਵਿਰੋਧੀ ਧਿਰ ਦਾ ਟਾਕਰਾ ਕਰਨ ਦੀ ਗੱਲ ਕਹੀ। ਬਜਟ ਪ੍ਰਸਤਾਵਾਂ ਦੀ ਹਮਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਸਮਾਜਿਕ ਫਰਜ਼ਾਂ ਨੂੰ ਪੂਰਾ ਕਰਨ ਲਈ ਪੈਸੇ ਦੀ ਲੋੜ ਹੈ, ਜਿਸ ਨੂੰ ਇਕੱਠਾ ਕਰਨ ਲਈ ਵਿੱਤ ਮੰਤਰੀ ਨੇ ਇਹ ਫ਼ੈਸਲਾ ਲਿਆ ਹੈ। ਵਿੱਤ ਮੰਤਰੀ ਵਲੋਂ ਵਧਾਈਆਂ ਤੇਲ ਕੀਮਤਾਂ ਨੂੰ ਸ਼ਾਨਦਾਰ ਤੇ ਸੰਤੁਲਿਤ ਦੱਸਦਿਆਂ ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਦਾ ਇਹ ਫ਼ੈਸਲਾ ਸਵਾਗਤਯੋਗ ਤੇ ਵਧਾਈਯੋਗ ਹੈ।

## ਰਾਜ ਠਾਕਰੇ ਖਿਲਾਫ 73 ਮਾਮਲੇ ਦਰਜ ਹੋਏ

**ਮੁੰਬਈ :** ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਮਨਸੇ) ਪ੍ਰਧਾਨ ਰਾਜ ਠਾਕਰੇ 'ਤੇ ਕਥਿਤ ਤੌਰ 'ਤੇ ਦੰਗੇ ਭੜਕਾਉਣ ਦੇ ਦੋਸ਼ ਵਿਚ ਮਹਾਰਾਸ਼ਟਰ ਦੀਆਂ ਅਦਾਲਤਾਂ ਵਿਚ ਲਗਭਗ 73 ਅਪਰਾਧਿਕ ਮਾਮਲੇ ਚਲ ਰਹੇ ਹਨ।



ਮਨਸੇ ਵਲੋਂ ਸਾਲ 2008 ਵਿਚ ਉੱਤਰ ਭਾਰਤੀਆਂ ਵਿਰੁਧ ਮੁਹਿੰਮ ਸ਼ੁਰੂ ਕੀਤੇ ਜਾਣ ਦੇ ਸੰਬੰਧ ਵਿਚ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਦੰਗੇ ਭੜਕੇ ਸਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ 73 ਮਾਮਲਿਆਂ 'ਚੋਂ 6 ਮਾਮਲਿਆਂ ਦੇ ਸੰਬੰਧ ਵਿਚ ਰਾਜ ਠਾਕਰੇ ਅਦਾਲਤ ਵਿਚ ਹਾਜ਼ਰ ਹੋ ਰਹੇ ਹਨ ਅਤੇ ਜ਼ਮਾਨਤ ਪ੍ਰਾਪਤ ਕਰ ਚੁੱਕੇ ਹਨ। ਬਾਕੀ ਬਚੇ ਮਾਮਲਿਆਂ ਵਿਚ ਉਨ੍ਹਾਂ ਵਿਅਕਤੀਗਤ ਤੌਰ 'ਤੇ ਪੇਸ਼ ਹੋ ਕੇ ਜ਼ਮਾਨਤ ਲੈਣੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਹ ਜਲਗਾਓਂ ਜ਼ਿਲ੍ਹੇ ਦੀ ਭਡਗਾਓਂ ਅਤੇ ਚੋਪਰਾ ਅਦਾਲਤਾਂ ਅਤੇ ਔਰੰਗਾਬਾਦ ਦੇ ਗੰਗਾਪੁਰ ਇਲਾਕਿਆਂ ਵਿਚ ਹੋਰ ਚਾਰ ਮਾਮਲਿਆਂ ਵਿਚ ਪੇਸ਼ ਹੋਏ ਹਨ। ਰਾਜ ਠਾਕਰੇ ਨੂੰ ਸਾਰੇ ਮਾਮਲਿਆਂ ਵਿਚ ਇੱਕ-ਇੱਕ ਕਰਕੇ ਪੇਸ਼ ਹੋਣਾ ਪਏਗਾ ਅਤੇ ਜ਼ਮਾਨਤ ਲੈਣੀ ਪਵੇਗੀ। ਕੋਈ ਅਦਾਲਤ ਉਨ੍ਹਾਂ ਵਿਰੁਧ ਦੋਸ਼ ਤੈਅ ਕਰਦੀ ਹੈ ਤਾਂ ਉਨ੍ਹਾਂ ਨੂੰ ਸੁਣਵਾਈ ਦਾ ਸਾਹਮਣਾ ਵੀ ਕਰਨਾ ਪਵੇਗਾ। ਇਨ੍ਹਾਂ ਸਾਰੇ ਮਾਮਲਿਆਂ ਵਿਚ ਰਾਜ ਦੀ ਪ੍ਰਤੀਨਿਧਤਾ ਫੌਜਦਾਰੀ ਮਾਮਲਿਆਂ ਦੇ ਮਸ਼ਹੂਰ ਵਕੀਲ ਸਾਇਆ ਜੀ ਕਰ ਰਹੇ ਹਨ। ਬਲਾਨਪੁਰ ਇਲਾਕੇ ਵਿਚ ਆਪਣੇ ਖ਼ਿਲਾਫ਼ ਦਰਜ ਇਕ ਮਾਮਲੇ ਨੂੰ ਲੈ ਕੇ ਮਨਸੇ ਪ੍ਰਧਾਨ ਨੇ ਬੰਬਈ ਹਾਈ ਕੋਰਟ ਦੀ ਔਰੰਗਾਬਾਦ ਬੈਂਚ ਸਾਹਮਣੇ ਪੇਸ਼ ਹੋ ਕੇ ਜੱਜ ਵਲੋਂ ਜਾਰੀ ਕੀਤੀ ਗਈ ਗੈਰ-ਜ਼ਮਾਨਤੀ ਵਾਰੰਟ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਵਕੀਲ ਦੀਆਂ ਦਲੀਲ ਸੁਣਨ ਤੋਂ ਬਾਅਦ ਰਿਕਾਰਡ ਅਤੇ ਬਾਲਨਾਪੁਰ ਵਿਚ ਇਸ ਮਾਮਲੇ ਵਿਚ ਹੋਈ ਕਾਰਵਾਈ ਦੀ ਰਿਪੋਰਟ ਮੰਗੀ ਅਤੇ ਇਸ ਸਾਲ 17 ਫਰਵਰੀ ਨੂੰ ਗੈਰ ਜ਼ਮਾਨਤੀ ਵਾਰੰਟ 'ਤੇ ਰੋਕ ਲਗਾ ਦਿੱਤੀ। ਇਸ ਮਾਮਲੇ ਵਿਚ ਜੋ ਦੋਸ਼ ਲਗਾਏ ਗਏ ਹਨ, ਉਹ ਦੰਗਿਆਂ ਦੇ ਸਾਰੇ 73 ਮਾਮਲਿਆਂ ਵਿਚ ਲਗਾਏ ਗਏ ਦੋਸ਼ਾਂ ਵਰਗੇ ਹਨ।

ਮਨਸੇ ਆਗੂ ਨੂੰ ਉਨ੍ਹਾਂ ਦੀ ਪਾਰਟੀ ਵਲੋਂ ਉਤਰ ਭਾਰਤੀਆਂ ਦੇ ਵਿਰੋਧ ਵਿਚ ਅੰਦੋਲਨ ਛੇੜਣ ਨੂੰ ਲੈ ਕੇ 21 ਅਕਤੂਬਰ 2008 ਨੂੰ ਰਤਨਾਗਿਰੀ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਮੁੰਬਈ ਅਤੇ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਵਿਚ ਦੰਗੇ ਭੜਕ ਉੱਠੇ ਅਤੇ ਉਸਦੇ ਸਮਰਥਕਾਂ ਦੇ ਖ਼ਿਲਾਫ ਕਈ ਮਾਮਲੇ ਦਰਜ ਕੀਤੇ ਗਏ ਸਨ।

## ਦਰਸ਼ਕ-ਲੁਭਾਊ ਹਾਕੀ ਹਾਲੇ ਵੀ ਭਾਰਤ-ਪਾਕਿ ਵਿਚਾਲੇ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਹਾਕੀ ਖੇਡ ਦੇ ਮਾਹਿਰਾਂ ਦਾ ਆਖਣਾ ਹੈ ਕਿ ਭਾਰਤ ਲਈ ਹਾਲੇ ਵੀ ਹਾਕੀ ਖੇਡ ਦੇ ਖੇਤਰ ਵਿਚ ਸਾਰੀਆਂ ਆਸਾਂ ਮੁੱਕੀਆਂ ਨਹੀਂ ਹਨ। ਜਿਵੇਂ ਕਿ ਅਰਜਨਟੀਨਾ ਦੇ ਕੋਚ ਅਤੇ ਸਾਬਕਾ ਹਾਕੀ ਖਿਡਾਰੀ ਜਾਰਜ ਲੌਂਬੀ ਨੇ ਕਿਹਾ, ਹਾਲੇ ਵੀ ਭਾਰਤੀ ਹਾਕੀ ਖਿਡਾਰੀ ਦੁਨੀਆਂ ਦੇ ਸਭ ਤੋਂ ਵਧੇਰੇ ਹੁਨਰਮੰਦ ਖਿਡਾਰੀ ਹਨ। ਪਰ ਉਨ੍ਹਾਂ ਨੇ ਖੇਡ ਦੌਰਾਨ ਯੋਜਨਾਬੰਦੀ ਅਤੇ ਰਣਨੀਤਕ ਖੇਡ ਖੇਡਣ ਦਾ ਵੱਲ ਸਿਖਣਾ ਹੈ। ਅਸਲ ਵਿਚ ਇਹੋ ਖੇਤਰ ਹੈ ਜਿਥੇ ਭਾਰਤੀ ਅਤੇ ਪਾਕਿਸਤਾਨੀ ਹਾਕੀ ਟੀਮਾਂ ਮਾਰ ਖਾਂਦੀਆਂ ਹਨ। ਹਾਕੀ ਦੇ ਨਕਲੀ ਮੈਦਾਨਾਂ ਉਪਰ ਆ ਜਾਣ ਤੋਂ ਪਿਛੋਂ ਇਸਦੀ ਰਫ਼ਤਾਰ ਬਹੁਤ ਤੇਜ਼ ਹੋ ਗਈ ਹੈ। ਆਸਟ੍ਰੇਲੀਆ ਜਿਹੀਆਂ ਟੀਮਾਂ ਰਫਤਾਰ ਦੇ ਆਸਰੇ ਹੀ ਮੈਚ ਜਿੱਤਦੀਆਂ ਹਨ। ਇਸ ਤੋਂ ਇਲਾਵਾ ਜਿਹੜੀਆਂ ਟੀਮਾਂ ਲੰਮੇ ਸਮੇਂ ਤੱਕ ਖੇਡ ਦੌਰਾਨ ਬਾਲ ਉਪਰ ਕਬਜ਼ਾ ਨਹੀਂ ਰਖ ਸਕਦੀਆਂ ਭਾਵ, ਲੰਮੇ ਸਮੇਂ ਤੱਕ ਬਾਲ ਆਪਣੇ ਕੋਲ ਨਹੀਂ ਰਖ ਸਕਦੀਆਂ, ਉਹ ਕਿਸੇ ਵੀ ਤਰ੍ਹਾਂ ਮੈਚ ਨਹੀਂ ਜਿੱਤ ਸਕਦੀਆਂ। ਆਧੁਨਿਕ ਹਾਕੀ ਵਿਚ ਬਾਲ ਪੁਜੈਸ਼ਨ ਦਾ ਮਹੱਤਵ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਤੋਂ ਇਲਾਵਾ ਖਿਡਾਰੀਆਂ ਨੂੰ ਬੁਨਿਆਦੀ ਹਾਕੀ ਹੁਨਰ, ਭਾਵ ਬਾਲ ਰੋਕਣ, ਪਾਸ ਕਰਨ, ਸਹੀ ਥਾਂ ਤੇ ਪਾਸ ਦੇਣ ਅਤੇ ਸਹੀ ਢੰਗ ਨਾਲ ਟੈਕਲ ਕਰਨ ਦੇ ਹੁਨਰ ਵਿਚ ਵੀ ਸਮਰਥ ਹੋਣਾ ਚਾਹੀਦਾ ਹੈ। ਨਕਲੀ ਮੈਦਾਨਾਂ ਉੱਪਰ ਅਜਿਹੇ ਹੁਨਰ ਵਾਸਤੇ ਸਮਰਥ ਹੋਣ ਲਈ ਦੇਸ਼ ਵਿਚ ਵੱਡੀ ਪੱਧਰ ਤੇ ਆਸਟ੍ਰੋਟਰਫ ਹੋਣੇ ਚਾਹੀਦੇ ਹਨ। ਭਾਰਤ ਅਤੇ ਪਾਕਿਸਤਾਨ ਜਿਹੇ ਗਰੀਬ ਮੁਲਕ ਅਜਿਹਾ ਕੁਝ ਵੀ ਔਖ ਨਾਲ ਹੀ ਕਰ ਸਕਦੇ ਹਨ। ਇਸੇ ਕਰਕੇ ਖਿਡਾਰੀ ਵੀ ਨਕਲੀ ਘਾਹ ਦੇ ਮੈਦਾਨਾਂ ਉਪਰ ਖੇਡਣ ਦੇ ਬਹੁਤੇ ਸਮਰਥ ਨਹੀਂ ਹੁੰਦੇ। ਕੁਦਰਤੀ ਘਾਹ ਉਤੇ ਖੇਡਦੇ-ਖੇਡਦੇ ਜਦੋਂ ਉਹ ਨਕਲੀ ਘਾਹ ਦੇ ਮੈਦਾਨਾਂ 'ਤੇ ਖੇਡਣ ਲੱਗਦੇ ਹਨ ਤਾਂ ਬਾਲ ਉਨ੍ਹਾਂ ਦੇ ਕਬਜ਼ੇ 'ਚੋਂ ਬਾਹਰ ਹੋਣ ਲੱਗਦੀ ਹੈ। ਇਹੋ ਸਾਰਾ ਕੁਝ ਵਿਸ਼ਵ ਕੱਪ ਜਿਹੇ ਟੂਰਨਾਮੈਂਟਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ।

ਇੰਜ ਹਾਕੀ ਖੇਡਣ ਵਾਲੇ ਜਿਹੜੇ ਮੁਲਕ ਆਰਥਕ ਤੌਰ 'ਤੇ ਵਧੇਰੇ ਸਮਰਥ ਹਨ ਉਹੀ ਨਕਲੀ ਘਾਹ ਦੇ ਮੈਦਾਨਾਂ ਦੀ ਵਧੇਰੇ ਯੋਜਨਾਬੰਦੀ ਕਰ ਸਕਦੇ ਹਨ। ਇੰਜ ਇਨ੍ਹਾਂ ਮੈਦਾਨਾਂ ਉਪਰ ਖੇਡਣ ਦੇ ਉਹੀ ਸਮਰੱਥ ਹੋ ਸਕਦੇ ਹਨ ਅਤੇ ਉਹ ਸਮਰੱਥ ਹਨ ਵੀ। ਅਜਿਹੇ ਮੁਲਕਾਂ ਵਿਚ ਨੀਦਰਲੈਂਡ, ਜਰਮਨੀ, ਆਸਟ੍ਰੇਲੀਆ, ਸਪੇਨ ਅਤੇ ਦੱਖਣੀ ਕੋਰੀਆ ਜਿਹੇ ਮੁਲਕ ਸ਼ਾਮਲ ਹਨ। ਭਾਰਤ ਅਤੇ ਪਾਕਿਸਤਾਨ ਜਿਹੇ ਮੁਲਕਾਂ ਨੇ ਜੇ ਅੰਤਰਰਾਸ਼ਟਰੀ ਹਾਕੀ ਵਿਚ ਉਪਰੋਕਤ ਮੁਲਕਾਂ ਦਾ ਮੁਕਾਬਲਾ ਕਰਨਾ ਹੈ ਤਾਂ ਉਨ੍ਹਾਂ ਨੂੰ ਖੇਡ ਦੇ ਬੁਨਿਆਦੀ ਢਾਂਚੇ ਵਿਚ ਵੀ ਸਮਰੱਥ ਹੋਣਾ ਪਵੇਗਾ।

ਉਂਜ ਮੌਜੂਦਾ ਭਾਰਤੀ ਟੀਮ ਦੇ ਸੰਬੰਧ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ ਇਸ ਕੋਲ ਅੱਠ-ਨੌਂ ਖਿਡਾਰੀ ਅਜਿਹੇ ਹਨ ਜਿਨ੍ਹਾਂ ਨੂੰ ਜੇ ਸਹੀ ਢੰਗ ਨਾਲ ਖਿਡਾਇਆ ਜਾਵੇ ਤਾਂ ਵਿਸ਼ਵ ਦੀ ਕਿਸੇ ਵੀ ਟੀਮ ਨੂੰ ਮਾਤ ਦੇ ਸਕਦੇ ਹਨ। ਇਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਸਰਦਾਰਾ ਸਿੰਘ, ਗੁਰਬਾਜ ਸਿੰਘ, ਵਿਕਰਮ ਪਿੱਲੇ, ਸਰਵਣਜੀਤ ਸਿੰਘ, ਰਾਜਪਾਲ ਸਿੰਘ, ਤੁਸ਼ਾਰ ਖਾਂਡੇਕਰ ਅਤੇ ਸ੍ਰਵਿੰਦਰ ਸਿੰਘ ਸ਼ਾਮਿਲ ਹਨ।




ਇਸੇ ਤਰ੍ਹਾਂ ਪਾਕਿਸਤਾਨ ਕੋਲ ਵੀ ਸ਼ਕੀਲ ਅੱਬਾਸੀ ਅਤੇ ਰਿਹਾਨ ਬੱਟ ਅਤੇ ਸੁਹੇਲ ਅੱਬਾਸ ਜਿਹੇ ਅਜਿਹੇ ਹੁਨਰਮੰਦ ਖਿਡਾਰੀ ਮੌਜੂਦ ਹਨ, ਜਿਨ੍ਹਾਂ ਤੋਂ ਵਿਸ਼ਵ ਦੀ ਕਿਸੇ ਵੀ ਟੀਮ ਨੂੰ ਭੈਅ ਆਉਂਦਾ ਹੈ। ਇਸਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਦੇ ਇਹ ਇਹੋ ਖਿਡਾਰੀ ਹਨ ਜਿਨ੍ਹਾਂ ਦੇ ਆਸਰੇ ਵਿਸ਼ਵ ਹਾਕੀ ਵਿਚ ਦਰਸ਼ਕ ਜੋੜੇ ਜਾ ਸਕਦੇ ਹਨ। ਇਨ੍ਹਾਂ ਦੀ ਖੇਡ ਕਲਾ ਮਨਾਂ ਨੂੰ ਭਾਉਣ ਵਾਲੀ ਹੈ। ਉਂਜ ਭਾਰਤ ਅਤੇ ਪਾਕਿਸਤਾਨ ਦੀ ਹਾਕੀ ਦੀ ਵਿਸ਼ਵ ਸਤਰ ਉੱਤੇ ਵੇਖਣਯੋਗ ਹੈ। ਇਸ ਤੱਥ ਨੂੰ ਵਿਸ਼ਵ ਹਾਕੀ ਫੈਡਰੇਸ਼ਨ ਵੀ ਸਮਝਦੀ ਹੈ। ਇਸ ਸਾਲ ਦਾ ਵਿਸ਼ਵ ਕੱਪ ਇਸੇ ਲਈ ਭਾਰਤ ਵਿਚ ਆਯੋਜਿਤ ਕੀਤਾ ਗਿਆ ਸੀ। ਪਰ ਹਾਲੇ ਵੀ ਵਿਸ਼ਵ ਹਾਕੀ ਮੈਨੇਜਮੈਂਟ ਵਿਚ ਯੂਰਪੀਅਨ ਧਿਰਾਂ ਦਾ ਬੋਲਬਾਲਾ ਹੈ। ਉਹ ਹਾਕੀ ਦੀ ਖੇਡ ਨੂੰ ਆਪਣੇ ਅਨੁਕੂਲ ਕਰਨ ਵਿਚ ਰੁੱਝਿਆ ਹੋਇਆ ਹੈ ਅਤੇ ਇਸ ਨਾਲ ਏਸ਼ੀਆਈ ਹਾਕੀ ਦੀ ਖੇਡ ਕਲਾ ਖੁੰਜੇ ਲੱਗ ਗਈ ਹੈ। ਇਸ ਵਾਰ ਹੋਏ ਵਿਸ਼ਵ ਕੱਪ ਵਿਚ ਵੀ ਏਸ਼ੀਆਈ ਹਾਕੀ ਨਾਲ ਵਿਤਕਰੇ ਉਘੜਵੇਂ ਰੂਪ ਵਿਚ ਵੇਖਣ ਨੂੰ ਮਿਲੇ। ਰਸਮੀ ਤੌਰ 'ਤੇ ਹੀ ਭਾਰਤ ਇਸ ਵਿਸ਼ਵ ਕੱਪ ਦਾ ਆਯੋਜਨ ਕਰ ਰਿਹਾ ਸੀ, ਖੇਡ ਦੀ ਸਮੁੱਚੀ ਮੈਨੇਜਮੈਂਟ ਉਪਰ ਯੂਰਪੀਅਨ ਮੁਲਕ ਭਾਰੂ ਸਨ। ਭਾਰਤ ਖ਼ਿਲਾਫ਼ ਆਸਟ੍ਰੇਲੀਆ ਨੂੰ ਜਿਤਾਉਣ ਲਈ ਟੂਰਨਾਮੈਂਟ ਦੀ ਤਕਨੀਕੀ ਕਮੇਟੀ ਦੇ ਆਸਟ੍ਰੇਲੀਆਈ ਕਰਤਿਆਂ-ਧਰਤਿਆਂ ਨੇ ਇਕ ਪਾਕਿਸਤਾਨੀ ਖਿਡਾਰੀ ਦੇ ਹਾਕੀ ਮਾਰਨ ਦੇ ਦੋਸ਼ ਵਿਚ ਸ੍ਰਵਿੰਦਰ ਸਿੰਘ ਨੂੰ ਦੋ ਮੈਚਾਂ ਲਈ ਬਾਹਰ ਕਰ ਦਿੱਤਾ। ਜਦਕਿ ਪਾਕਿਸਤਾਨ ਨੇ ਇਸ ਸੰਬੰਧ ਵਿਚ ਕੋਈ ਵੀ ਸ਼ਿਕਾਇਤ ਨਹੀਂ ਸੀ ਕੀਤੀ। ਇਥੋਂ ਤੱਕ ਕੇ ਪਾਕਿਸਤਾਨੀ ਖਿਡਾਰੀ ਸ੍ਰਵਿੰਦਰ ਸਿੰਘ ਨੂੰ ਬਾਹਰ ਕੱਢਣ ਦੇ ਖਿਲਾਫ ਬੋਲਦੇ ਰਹੇ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ, ਆਸਟ੍ਰੇਲੀਆ ਅਤੇ ਸਪੇਨ ਖ਼ਿਲਾਫ ਮਿਲੇ ਮੌਕਿਆਂ ਨੂੰ ਗੋਲਾਂ ਵਿਚ ਬਦਲਣ ਦੇ ਅਸਮਰੱਥ ਰਿਹਾ। ਇਸਨੇ ਭਾਰਤੀ ਹਾਕੀ ਟੀਮ ਦੇ ਹੌਂਸਲੇ ਵੀ ਪਸਤ ਕੀਤੇ। (ਦੂਜੇ ਪਾਸੇ ਪਾਕਿਸਤਾਨ ਦੇ ਇਕ ਖਿਡਾਰੀ ਦੇ ਹਾਕੀ ਮਾਰਨ ਬਦਲੇ ਬਰਤਾਨਵੀ ਖਿਡਾਰੀ ਖਿਲਾਫ ਕੋਈ ਕਾਰਵਾਈ ਨਾ ਕੀਤੀ ਗਈ) ਸ੍ਰਵਿੰਦਰ ਸਿੰਘ ਗੋਲ ਕਰਨ ਦੇ ਮਾਮਲੇ ਵਿਚ ਜਿੰਨਾ ਤੇਜ਼ ਤਰਾਰ ਖਿਡਾਰੀ ਹੈ ਉਸ ਦਾ ਬਦਲ ਲੱਭਣਾ ਵੀ ਭਾਰਤੀ ਟੀਮ ਨੂੰ ਮੁਸ਼ਕਿਲ ਹੋ ਗਿਆ ਹੈ। ਇਹ ਸਥਿਤੀ ਇਹ ਵੀ ਦਰਸਾਉਂਦੀ ਹੈ ਕਿ ਯੂਰਪੀਅਨ ਮੁਲਕ ਹਾਕੀ ਦੀ ਖੇਡ ਦਾ ਜੇਤੂ ਕਿਲਾ ਆਪਣੇ ਹੱਥ ਵਿਚ ਰੱਖਣ ਲਈ ਕੀ ਕੁਝ ਕਰਦੇ ਹਨ। ਸਾਰੇ ਖੇਡ ਰੂਲ ਯੂਰਪੀ ਟੀਮਾਂ ਦੇ ਅਨਕੂਲ ਕਰ ਲਏ ਗਏ ਹਨ। ਅਗਾਂਹ ਆਪਣੀਆਂ ਟੀਮਾਂ ਨੂੰ ਜਿਤਾਉਣ ਲਈ ਟੂਰਨਾਮੈਂਟ ਦੇ ਤਕਨੀਕੀ ਅਧਿਕਾਰੀ ਵੀ ਪੂਰੀ ਵਾਹ ਲਾਉਂਦੇ ਹਨ।

ਫਿਰ ਵੀ ਪਾਕਿਸਤਾਨ ਅਤੇ ਭਾਰਤ ਨੂੰ ਦਿਲ ਛੋਟਾ ਕਰਨ ਦੀ ਲੋੜ ਨਹੀਂ। ਇਨ੍ਹਾਂ ਮੁਲਕਾਂ ਦੀ ਖੇਡ ਜਿੰਨੀ ਹੁਸੀਨ ਅਤੇ ਦਿਲ ਲੁਭਾਉਣੀ ਹੈ, ਉਸ ਤੋਂ ਬਿਨਾ ਫ਼ੱਛਮ ਇਸ ਖੇਡ ਨੂੰ ਜ਼ਿੰਦਾ ਰੱਖਣ ਦੇ ਸਮਰੱਥ ਨਹੀਂ ਹੈ। ਭਾਰਤ ਅਤੇ ਪਾਕਿਸਤਾਨ ਹੀ ਹਾਕੀ ਦੇ ਮੈਦਾਨ ਵਿਚ ਵੱਡੀਆਂ ਭੀੜਾਂ ਜੋੜ ਸਕਦੇ ਹਨ। ਇਨ੍ਹਾਂ ਭੀੜਾਂ ਕਾਰਨ ਹੀ ਸਪਾਂਸਰ ਜੁੜਦੇ ਹਨ। ਸਪਾਂਸਰਾਂ ਦੀ ਭਾਲ 'ਚ ਹੀ ਇਸ ਵਾਰ ਦਾ ਮੁਕਾਬਲਾ ਦਿੱਲੀ ਵਿਚ ਆਯੋਜਤ ਕੀਤਾ ਗਿਆ ਸੀ।

# ਵਿਦੇਸ਼ੀ ਹਾਕੀ ਟੀਮਾਂ ’ਚ ਹਾਲੇ ਵੀ ਖੇਡਦੇ ਨੇ ਭਾਰਤੀ ਹਾਕੀ ਖਿਡਾਰੀ

**ਨਵੀਂ ਦਿੱਲੀ :** ਭਾਰਤ ਦੀ ਹਾਕੀ ਟੀਮ ਦੀ ਕਾਰਗੁਜ਼ਾਰੀ ਭਾਵੇਂ ਆਪਣੇ ਘਰੇਲੂ ਹਾਕੀ ਮੈਦਾਨ ‘ਤੇ ਬਿਲਕੁਲ ਹਾਸ਼ੀਏ ‘ਤੇ ਚੱਲ ਰਹੀ ਹੈ, ਪਰ ਭਾਰਤ ਦੇ ਹਾਕੀ ਖਿਡਾਰੀਆਂ ਦਾ ਵਿਦੇਸ਼ੀ ਟੀਮਾਂ ਵਲੋਂ ਖੇਡਣਾ ਮੁੱਦਤਾਂ ਤੋਂ ਹੀ ਚੱਲਿਆ ਆ ਰਿਹਾ ਹੈ। ਐਫ.ਆਈ.ਐਚ.ਹੀਰੋ ਹੌਂਡਾ ਸੰਸਾਰ ਕੱਪ ਖੇਡਣ ਆਈਆਂ ਟੀਮਾਂ ਵਿਚ ਹਾਲੇ ਵੀ ਕਈ ਖਿਡਾਰੀ ਖੇਡ ਰਹੇ ਹਨ। ਇਨ੍ਹਾਂ ਵਿਚ ਕੈਨੇਡੀਆਈ ਟੀਮ ਵਲੋਂ ਕੇਨ ਪਰੇਰਾ, ਰਾਜੀਵ ਦਿਓਲ ਅਤੇ ਸੁਖਵਿੰਦਰ ਸਿੰਘ ਗੱਬਰ, ਨਿਊਜ਼ੀਲੈਂਡ ਵਲੋਂ ਭਾਨਾ



ਕੇਨ ਪਰੇਰਾ



ਸੁਖਵਿੰਦਰ ਸਿੰਘ ਗੱਬਰ

ਪ੍ਰੀਯੇਸ਼ ਅਤੇ ਅਰੁਣ ਪਾਂਚੀਆ ਅਤੇ ਦੱਖਣੀ ਅਫਰੀਕਾ ਵਲੋਂ ਬਲਵੰਤ ਸ਼ਾਨਯਾਲ ਜਿਹੇ ਭਾਰਤੀ ਮੂਲ ਦੇ ਹਾਕੀ ਖਿਡਾਰੀ ਖੇਡ ਰਹੇ ਹਨ। ਭਾਰਤ ਲਈ ਇਹ ਮਾਣ ਵਾਲੀ ਗੱਲ ਹੈ ਕਿ ਦੇਸ਼ ‘ਚ ਹਾਕੀ ਦਾ ਮਿਆਰ ਡਿੱਗਣ ਦੇ ਬਾਵਜੂਦ ਵਿਦੇਸ਼ੀ ਟੀਮਾਂ ‘ਚ ਭਾਰਤੀ ਮੂਲ ਦੇ ਖਿਡਾਰੀਆਂ ਦੀ ਗਿਣਤੀ ਬਰਕਰਾਰ ਹੈ।

ਇਸ ਦੌਰਾਨ ਪਤਾ ਲਗਾ ਹੈ ਕਿ ਲੰਬੇ ਸਮੇਂ ਤੋਂ ਜਾਰੀ ਭਾਰਤੀ ਹਾਕੀ ਦੀ ਮਾੜੀ ਹਾਲਤ ਨੂੰ ਸੁਧਾਰਨ ਦਾ ਬੀੜਾ ਹੁਣ ਸੰਸਦ ਨੇ ਉਠਾਉਂਦਿਆਂ ਇਸ ਸੰਬੰਧੀ ਹਾਕੀ ਐਸੋਸੀਏਸ਼ਨਾਂ ਅਤੇ ਖਿਡਾਰੀਆਂ ਨਾਲ ਸਿੱਧੀ ਗੱਲਬਾਤ ਕਰਨ ਦਾ ਫੈਸਲਾ ਕੀਤਾ ਹੈ। ਸੰਸਦ ਦੀ ਵਿੱਤੀ ਅਨੁਮਾਨ ਕਮੇਟੀ ਨੇ ਆਪਣੀ ਬੈਠਕ ਵਿਚ ਭਾਰਤੀ ਹਾਕੀ ਨਾਲ ਸੰਬੰਧਤ ਐਸੋਸੀਏਸ਼ਨਾਂ ਦੇ ਅਧਿਕਾਰੀਆਂ ਤੇ ਖਿਡਾਰੀਆਂ ਨੂੰ ਸੱਦਿਆ ਹੈ। ਕਮੇਟੀ ਦੇ ਮੁਖੀ ਫਰਾਂਸਿਸਕੋ ਨੇ ਭਾਸ਼ਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਮੇਟੀ ਇਹ ਜਾਣਨਾ ਚਾਹੇਗੀ ਕਿ ਉਹ ਕਿਹੜੀਆਂ ਐਸੋਸੀਏਸ਼ਨ ਨੂੰ ਅੱਗੇ ਵਧਣ ਤੋਂ ਰੋਕ ਰਹੀਆਂ ਹਨ। ਅਸੀਂ ਹਾਕੀ ਐਸੋਸੀਏਸ਼ਨਾਂ ਦੇ ਅਧਿਕਾਰੀਆਂ ਦੇ ਨਾਲ-ਨਾਲ ਹਾਕੀ ਖਿਡਾਰੀਆਂ ਨਾਲ ਵੀ ਸਿੱਧੀ ਗੱਲਬਾਤ ਕਰਾਂਗੇ। ਇਥੇ ਇਹ ਗੱਲ ਦੱਸਣਯੋਗ ਹੈ ਕਿ ਬੀਤੇ 80 ਸਾਲਾਂ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਲਈ ਕੁਆਲੀਫਾਈ ਨਹੀਂ ਕਰ ਸਕੀ।

ਇਸ ਸੰਦਰਭ ਵਿਚ ਅਸਟਰੇਲੀਆਈ ਹਾਕੀ ਟੀਮ ਦੇ ਕੋਚ ਰਿੱਕ ਚਾਰਲਸਵਰਥ ਦਾ ਆਖਣਾ ਹੈ ਕਿ ਇਸ ਸਮੇਂ ਜੇਕਰ ਕਿਸੇ ਮੁਲਕ ਨੇ ਵਿਸ਼ਵ ਹਾਕੀ ਵਿਚ ਆਪਣੇ ਆਪ ਨੂੰ ਬਣਾਈ ਰੱਖਣਾ ਹੈ ਤਾਂ ਉਸ ਨੂੰ ਦਿਨੋਂ ਦਿਨ ਤਬਦੀਲ ਹੋ ਰਹੀ ਹਾਕੀ ਦੇ ਨਾਲ ਚੱਲਣਾ ਪਵੇਗਾ ਅਤੇ ਉਸ ਪੱਧਰ ਦਾ ਢਾਂਚਾ ਤਿਆਰ ਕਰਨਾ ਹੋਵੇਗਾ। ਘਾਹ ’ਤੇ ਹਾਕੀ ਖੇਡ ਕੇ ਤੁਸੀਂ ਅੱਜ ਦੀ ਹਾਕੀ ਦਾ ਮੁਕਾਬਲਾ ਨਹੀਂ ਕਰ ਸਕਦੇ। ਹਰ ਮੁਲਕ ਨੂੰ ਪਹਿਲਾਂ ਵਧ ਤੋਂ ਵਧ ਐਸਟਰੋਟਰਫ ਹਾਕੀ ਮੈਦਾਨ ਲਾਉਣੇ ਹੋਣਗੇ, ਫਿਰ ਲੰਬੀ ਯੋਜਨਾ ਤਹਿਤ ਕੰਮ ਕਰਨਾ ਹੋਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਆਸਟ੍ਰੇਲੀਆ ਟੀਮ ਦੇ ਮੁੱਖ ਕੋਚ ਡਾਕਟਰ ਰਿਕ ਚਾਰਲਸਵਰਥ ਨੇ ਗੱਲਬਾਤ ਕਰਦਿਆਂ ਕੀਤਾ। ਡਾਕਟਰ ਰਿਕ ਚਾਰਲਸਵਰਥ ਨੇ ਕਿਹਾ ਕਿ ਉਹ ਭਾਰਤੀ ਹਾਕੀ ਨੂੰ ਆਪਣਾ ਪਰਿਵਾਰ ਸਮਝਦਾ ਹੈ ਅਤੇ ਅੱਜ ਵੀ ਮੈਂ ਆਪਣੀਆਂ ਸੇਵਾਵਾਂ ਭਾਰਤੀ ਹਾਕੀ ਨੂੰ ਦੇਣ ਲਈ ਤਿਆਰ ਹਾਂ

ਡਾਕਟਰ ਚਾਰਲਸਵਰਥ ਨੇ ਕਿਹਾ ਕਿ ਹਾਕੀ ਇੰਡੀਆ ਨੂੰ ਮੁਕਾਬਲੇ ਜਿੱਤਣ ਤੋਂ ਪਹਿਲਾਂ ਆਪਣੇ ਢਾਂਚੇ ਵਿਚ ਸੁਧਾਰ ਕਰਨਾ ਚਾਹੀਦਾ ਹੈ, ਫਿਰ ਜਿੱਤਣ ਬਾਰੇ ਸੋਚਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਦੋ ਸਾਲ ਪਹਿਲਾਂ ਮੈਂ ਹਾਕੀ ਇੰਡੀਆ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਸਨ ਪਰ ਇਥੇ ਚਲਦੀ ਸਿਆਸਤ ਨੇ ਮੈਨੂੰ ਕੰਮ ਕਰਨ ਦਾ ਮੌਕਾ ਨਹੀਂ ਦਿੱਤਾ। ਮੈਂ ਉਸ ਵੇਲੇ ਭਾਰਤੀ ਟੀਮ ਨਾਲ ਰਹਿਣਾ ਚਾਹੁੰਦਾ ਸੀ ਪਰ ਮੈਨੂੰ ਟੀਮ ਤੋਂ ਦੂਰ ਰੱਖਿਆ ਗਿਆ। ਉਨ੍ਹਾਂ ਆਖਿਆ ਕਿ ਇਹ ਤਾਂ ਹੁਣ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ ਪਰ ਹੁਣ ਜੇ ਭਾਰਤੀ ਟੀਮ ਵਿਸ਼ਵ ਪੱਧਰ ‘ਤੇ ਆਪਣੀ ਪਹਿਚਾਣ ਬਣਾਉਣੀ ਚਾਹੁੰਦੀ ਹੈ ਤਾਂ ਵਿਦੇਸ਼ੀ ਕੋਚ ਜੋਸੇ ਬਰਾਸਾ ਦੀਆਂ ਸੇਵਾਵਾਂ ਲਗਾਤਾਰ ਜਾਰੀ ਰੱਖਣੀਆਂ ਚਾਹੀਦੀਆਂ ਹਨ। ਡਾਕਟਰ ਚਾਰਲਸਵਰਥ ਨੇ ਕਿਹਾ ਕਿ ਵਿਸ਼ਵ ਕੱਪ ਖੇਡ ਰਹੀਂ ਭਾਰਤੀ ਟੀਮ ਕੋਲ ਕਿਸੇ ਟੇਲੈਂਟ ਦੀ ਕੋਈ ਕਮੀ ਨਹੀਂ ਹੈ ਪਰ ਟੇਲੈਂਟ ਦੀ ਸਹੀ ਪਰਖ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਇੰਡੀਆ ਹਾਕੀ ਨੂੰ ਹੋਰ ਮੁਲਕਾਂ ਦੀ ਬਜਾਏ ਆਸਟ੍ਰੇਲੀਆ ਨਾਲ ਵੱਧ ਤੋਂ ਵੱਧ ਮੈਚ ਖੇਡਣੇ ਚਾਹੀਦੇ ਹਨ ਅਤੇ ਅਸੀਂ ਇਸ ਲਈ ਬਿਲਕੁਲ ਤਿਆਰ ਹਾਂ। ਵਿਸ਼ਵ ਕੱਪ ਵਿਚ ਭਾਰਤੀ ਹਾਕੀ ਦੀ ਪੁਜੀਸ਼ਨ ਬਾਰੇ ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜੇਕਰ ਪਹਿਲੇ ਅੱਠਾਂ ਵਿਚ ਵੀ ਆ ਜਾਣ ਤਾਂ ਬਹੁਤ ਕਿਸਮਤ ਵਾਲੇ ਹੋਣਗੇ।

## ਵਿਸ਼ਵ ਕੱਪ ਵਿਚ ਗੋਲ ਦਾਗਣ ਵਾਲਾ ਕ੍ਰਿਕੇਟਰ

ਕੋਈ ਖਿਡਾਰੀ ਇਕ ਖੇਡ ਵਿਚ ਨਾਮ ਕਮਾਉਣ ਦੀ ਇੱਛਾ ਰਖਦਾ ਹੋਵੇ, ਪਰ ਕਿਸੇ ਹੋਰ ਖੇਡ ਦੀ ਵਜ੍ਹਾ ਨਾਲ ਸੁਰਖੀਆਂ ਵਿਚ ਆ ਜਾਵੇ ਤਾਂ ਇਹ ਅਜੀਬ ਜਿਹੀ ਗੱਲ ਲਗਦੀ ਹੈ। ਇਸਦੀ ਇਕ ਮਿਸਾਲ ਹੈ ਦੱਖਣੀ ਅਫਰੀਕਾ ਦੀ ਹਾਕੀ ਟੀਮ ਦੇ ਮੈਂਬਰ ਜੂਲੀਅਸ ਹਾਇਕਸ। ਬਤੌਰ ਕ੍ਰਿਕਟਰ ਰਾਸ਼ਟਰੀ ਟੀਮ ਦਾ ਮੈਂਬਰ ਬਨਣ ਦੇ ਲਈ ਸੰਘਰਸ਼ ਕਰ ਰਹੇ ਜੂਲਿਅਸ ਨੇ 12ਵੀਂ ਹਾਕੀ ਵਰਲਡ ਕਪ ਪ੍ਰਤੀਯੋਗਿਤਾ ਵਿਚ ਪਹਿਲਾ ਗੋਲ ਕੀਤਾ। ਛੇ ਅਕਤੂਬਰ 1982 ਨੂੰ ਪੂਰਵੀ ਲੰਦਨ ਵਿਚ ਜੰਮੇ ਜੂਲਿਅਸ ਸੱਜੇ ਹੱਥ ਦੇ ਬੱਲੇਬਾਜ ਅਤੇ ਤੇਜ ਗੇਂਦਬਾਜ ਹਨ। ਦੱਖਣੀ ਅਫਰੀਕਾ ਵਿਚ ਗ੍ਰੀਨਪਵਾਇੰਟ ਹਾਈਸਕੂਲ ਵਿਚ ਪੜ੍ਹਾਈ ਦੇ ਦੌਰਾਨ ਉਹ ਕ੍ਰਿਕੇਟ ਨੂੰ ਹੀ ਸੁਪਨਿਆਂ ਵਿਚ ਜਿੱਤੇ ਸਨ। ਇਹੀ ਵਜ੍ਹਾ ਹੈ ਕਿ ਉਨ੍ਹਾਂ ਨੇ ਗੇਂਦਬਾਜੀ ਅਤੇ ਬੱਲੇਬਾਜੀ ਦੋਵਾਂ ਵਿਚ ਜੌਹਰ ਦਿਖਾਉਂਦੇ ਹੋਏ ਸਥਾਨਕ ਟੀਮ ਬਾਰਡਰ ਦਾ ਮੈਂਬਰ ਬਨਣ ਵਿਚ ਸਫਲਤਾ ਪ੍ਰਾਪਤ ਕੀਤੀ। ਆਪਣੇ ਵਿਰੋਧੀ ਯੂਨਾਈਟੇਡ ਟੀਮ ਦੇ ਖਿਲਾਫ ਉਹ ਕਈ ਵਾਰ ਮੈਚ ਜਿਤਾਉ ਖਿਡਾਰੀ ਰਹੇ ਹਨ। ਇਸੇ ਸਕੂਲ ਵਿਚ ਜਦ ਉਹ ਕਲਾਸ ਅੱਠਵੀਂ ਵਿਚ ਸਨ ਤਾਂ ਉਨ੍ਹਾਂ ਨੇ ਪਹਿਲੀ ਬਾਰ ਹੱਾਕੀ ਸਿਟਕ ਫੜੀ ਅਤੇ ਉਦੋਂ ਤੋਂ ਹੀ ਉਹ ਦੋਵੇਂ ਖੇਡ ਬਰਾਬਰ ਨਿਪੁੰਨਤਾ ਦੇ ਨਾਲ ਖੇਡਦੇ ਆ ਰਹੇ ਹਨ। ਹਾਕੀ ਵਿਚ ਸਫਲਤਾ ਪ੍ਰਾਪਤ ਕਰਨ ਦੇ ਬਾਅਦ ਰਾਸ਼ਟਰੀ ਕ੍ਰਿਕੇਟ ਟੀਮ ਦਾ ਹਿੱਸਾ ਬਨਣ ਦੇ ਲਈ ਉਨਾਂ ਦਾ ਸੰਘਰਸ਼ ਅੱਜ ਵੀ ਜਾਰੀ ਹੈ। ਉਹ ਕਹਿੰਦੇ ਹਨ, ਪਿਛਲੇ ਤਿੰਨ ਸਾਲਾਂ ਵਿਚ ਮੇਰਾ ਜਿਆਦਾ ਧਿਆਨ ਹਾਕੀ ਤੇ ਹੈ। ਮੈਂ ਰਾਸ਼ਟਰੀ ਹਾਕੀ ਟੀਮ ਦਾ ਹਿੱਸਾ ਬਨਣ ਦੇ ਬਾਅਦ ਇਸ ਤੇ ਜਿਆਦਾ ਧਿਆਨ ਦਿੱਤਾ ਹੈ। ਅੱਜ ਮੈਂ 27 ਸਾਲਾਂ ਦਾ ਹੋ ਚੁੱਕਿਆ ਹਾਂ। ਕ੍ਰਿਕੇਟ ਵਿਚ ਕੁਝ ਕਰ ਦਿਖਾਉਣ ਦੇ ਲਈ ਮੇਰੇ ਕੋਲ ਬਹੁਤ ਵਕਤ ਨਹੀਂ ਹੈ। ਇਸਦੇ ਬਾਵਜੂਦ ਮੈਂ ਹਾਲੇ ਤਕ ਉਮੀਦ ਨਹੀਂ ਛੱਡੀ। ਯਾਦ ਰਹੇ ਕਿ ਕਿਸੀ ਨੂੰ ਵੀ ਜੂਲੀਅਸ ਤੋਂ ਗੋਲ ਕਰਨ ਦੀ ਉਮੀਦ ਨਹੀਂ ਸੀ, ਪਰ ਫਿਰ ਵੀ ਉਸਦੀ ਟੀਮ ਹਾਰ ਗਈ ਅਤੇ ਜੂਲਿਅਸ ਨੂੰ ਜਸ਼ਨ ਮਨਾਉਣ ਦਾ ਮੌਕਾ ਨਹੀਂ ਮਿਲਿਆ।



*ਦੱਖਣ ਅਫਰੀਕੀ ਖਿਡਾਰੀ ਜੂਲੀਅਸ ਹਾਈਕਸ।*


**SUPER TRAVEL**

**847–676–9090**

*E-mail: supertravel2003@yahoo.com*

*Lowest Fares With Excellent Service*

AMERICAN AIR, JET AIRWAYS DELTA, AIR INDIA,



For Emergency Call anytime at

EARLY BIRD SALE!!!!

India $545



**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ




**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204

19625 Harlan Rd Lathrop CA 95330

Exactly on I-5 and Luise Exit Opposite to Dennis Restaurant

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਸੰਤਾਂ ਤੇ ਸਵਾਮੀਆਂ ਦੇ ਰੂਪ 'ਚ ਭਾਰਤ/ਪੰਜਾਬ ਨੂੰ ਲਗਿਆ ਇਹ ਘੁਣ

**ਜਤਿੰਦਰ ਪਨੂੰ**

ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਨੇ ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ ਇੱਕ ਥਾਂ ਇਹ ਲਿਖਿਆ ਸੀ- "ਮਾਈਆਂ ਗਾਈਆਂ, ਬੰਦੇ ਬੈਲ। ਸੰਤ ਸਾਨ੍ਹ ਵਿਚ ਕਰਦੇ ਸੈਲ।" ਉਹਨਾਂ ਦੀ ਇਹ ਗੱਲ ਅੱਜ ਦੇ ਪ੍ਰਸੰਗ ਵਿਚ ਦੁਹਰਾਈ ਜਾਣੀ ਸ਼ਾਇਦ ਕਈਆਂ ਨੂੰ ਬੁਰੀ ਲੱਗੇਗੀ, ਪਰ ਇਹ ਓਦੋਂ ਵੀ ਸੱਚ ਸੀ, ਅੱਜ ਵੀ ਸੱਚ ਹੈ ਤੇ ਸ਼ਾਇਦ ਇਹ ਅੱਗੋਂ ਵੀ ਸੱਚ ਹੀ ਰਹੇਗਾ। ਪਿਛਲੇ ਦਿਨਾਂ ਦੀਆਂ ਖ਼ਬਰਾਂ ਨੇ ਇੱਕ ਵਾਰ ਫਿਰ ਇਸ ਸੱਚ ਨੂੰ ਸਾਹਮਣੇ ਲੈ ਆਂਦਾ ਹੈ। ਇਹ ਖ਼ਬਰਾਂ ਕਿਸੇ ਇੱਕ ਥਾਂ ਤੋਂ ਨਹੀਂ, ਕਈ ਪਾਸਿਆਂ ਤੋਂ ਆਈਆਂ ਹਨ ਤੇ ਇੱਕ ਦੂਜੀ ਤੋਂ ਵਧ ਸੜ੍ਹਿਆਂਦ ਨੂੰ ਸਮਾਜ ਦੇ ਸਾਹਮਣੇ ਲਿਆਉਣ ਵਾਲੀਆਂ ਵੀ ਹਨ।

ਕੁਝ ਸਾਲ ਪਹਿਲਾਂ ਅਸੀਂ ਦੱਖਣ ਦੇ ਇੱਕ ਮੱਠ ਦੇ ਸ਼ੰਕਰਾਚਾਰੀਆ ਜੈਇੰਦਰ ਉੱਤੇ ਹੇਰਾਫੇਰੀ ਸਮੇਤ ਕਈ ਹੋਰ ਦੋਸ਼ਾਂ ਤੋਂ ਇਲਾਵਾ ਇਹ ਦੋਸ਼ ਵੀ ਲੱਗਦਾ ਵੇਖਿਆ ਸੀ ਕਿ ਉਹ ਆਪਣੇ ਮੱਠ ਦੀਆਂ ਸ਼ਰਧਾਲੂ ਔਰਤਾਂ ਨੂੰ ਭੋਗ-ਵਿਲਾਸ ਲਈ ਵੀ ਮਜਬੂਰ ਕਰਦਾ ਹੈ। ਕੁਝ ਹਿੰਦੂ ਸੰਸਥਾਵਾਂ ਨੇ ਇਸ ਨੂੰ ਝੂਠੀ ਦੂਸ਼ਣਬਾਜ਼ੀ ਕਰਾਰ ਦੇ ਕੇ ਸ਼ੰਕਰਾਚਾਰੀਆ ਦੇ ਹੱਕ ਵਿਚ ਮੋਰਚਾ ਵੀ ਲਾ ਦਿੱਤਾ ਸੀ। ਮੋਰਚਾ ਲਾਉਣ ਵਾਲੇ ਵੀ ਅਸਲ ਵਿਚ ਡਰਾਮੇਬਾਜ਼ੀ ਹੀ ਕਰ ਰਹੇ ਸਨ। ਕੇਸ ਤਾਮਿਲਨਾਡੂ ਵਿਚ ਦਰਜ ਸੀ, ਸ਼ੰਕਰਾਚਾਰੀਆ ਓਥੋਂ ਦੀ ਪੁਲਸ ਦੀ ਹਿਰਾਸਤ ਵਿਚ ਸੀ ਤੇ ਮੋਰਚਾ ਲਾਉਣ ਲਈ ਉਨ੍ਹਾਂ ਨੇ ਰਾਜਸਥਾਨ ਦਾ ਰਾਜ ਚੁਣਿਆ, ਕਿਉਂਕਿ ਓਥੇ ਭਾਰਤੀ ਜਨਤਾ ਪਾਰਟੀ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਪੁਲਸ ਨੂੰ ਕਹਿਕੇ ਜੇਲ੍ਹ ਅੰਦਰ ਸਭ ਸਹੂਲਤਾਂ ਦਿਵਾ ਸਕਦੀ ਸੀ।

ਦਿੱਲੀ ਵਿਚ ਸ਼ੰਕਰਾਚਾਰੀਆ ਜੈਇੰਦਰ ਦੇ ਹੱਕ ਵਿਚ ਇੱਕ ਵੱਡੀ ਰੈਲੀ ਕੀਤੀ ਗਈ, ਜਿਸ ਵਿਚ ਭਾਜਪਾ ਦੇ ਸਿਖਰਲੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਕਈ ਵੱਡੇ ਆਗੂ ਪਹੁੰਚੇ ਸਨ। ਉਸ ਰੈਲੀ ਦੀ ਸਿਖਰ ਸੀ 'ਬਾਪੂ' ਅਖਵਾਉਂਦੇ ਆਸਾ ਰਾਮ ਦੀ ਕਥਾ ਵਰਗੀ ਇਹ ਤਕਰੀਰ ਕਿ "ਜੇ ਏਥੇ ਇੰਜ ਹੀ ਸਾਧੂਆਂ ਉੱਤੇ ਜ਼ੁਲਮ ਹੁੰਦਾ ਰਿਹਾ ਤਾਂ ਭਾਰਤ ਉੱਤੇ ਸਾੜ੍ਹਸਤੀ ਆ ਜਾਵੇਗੀ।" ਸ਼ੰਕਰਾਚਾਰੀਆ ਜੈਇੰਦਰ ਦੇ ਵਿਰੁਧ ਜਿਸ ਜੈਲਲਿਤਾ ਨੇ ਮੁੱਖ ਮੰਤਰੀ ਹੁੰਦਿਆਂ ਕੇਸ ਬਣਵਾਏ ਸਨ, ਉਸ ਨਾਲ ਸਮਾਂ ਪਾ ਕੇ ਭਾਜਪਾ ਨੇ ਰਾਜਨੀਤਕ ਸਾਂਝ ਪਾ ਲਈ। ਕੇਸ ਉਹ ਸੰਤ ਹਾਲੇ ਤੱਕ ਭੁਗਤੀ ਜਾਂਦਾ ਹੈ, ਹੁਣ ਭਾਜਪਾ ਨੂੰ ਉਸਦੀ ਬਹੁਤੀ ਚਿੰਤਾ ਨਹੀਂ।

ਜਿਹੜਾ 'ਬਾਪੂ' ਆਸਾ ਰਾਮ ਓਦੋਂ ਸ਼ੰਕਰਾਚਾਰੀਆ ਜੈਇੰਦਰ ਸਰਸਵਤੀ ਦੇ ਹੱਕ ਵਿਚ ਵੈਣ ਪਾਉਣ ਵਰਗੀ ਤਕਰੀਰ ਕਰਦਾ ਸੀ, ਸਟੇਜ ਉੱਤੇ ਆਉਂਦੇ ਭਾਜਪਾ ਦੇ ਸਾਰੇ ਲੀਡਰ ਉਸ ਦੇ ਪੈਰੀਂ ਹੱਥ ਲਾ ਕੇ ਬੋਲਣ ਲਈ ਅੱਗੇ ਹੁੰਦੇ ਸਨ, ਉਹ ਹੁਣ ਆਪ ਕੇਸਾਂ ਵਿਚ ਫਸਿਆ ਫਿਰਦਾ ਹੈ। ਉਸਦੇ ਵਿਰੁਧ ਕੇਸ ਕਿਸੇ ਕਾਂਗਰਸੀ ਸਰਕਾਰ ਨੇ ਨਹੀਂ ਬਣਾਏ, ਗੁਜਰਾਤ ਦੀ ਭਾਜਪਾ ਸਰਕਾਰ ਦੀ ਪੁਲਸ ਨੇ ਬਣਾਏ ਹਨ ਤੇ 'ਬਾਪੂ' ਕਹਿੰਦਾ ਹੈ ਕਿ ਇਸ ਪਿੱਛੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਹੱਥ ਹੈ। ਜਿਹੜੇ ਭਾਜਪਾ ਲੀਡਰ ਸ਼ੰਕਰਾਚਾਰੀਆ ਜੈਇੰਦਰ ਵਾਲੇ ਕੇਸ ਵਿਰੁਧ ਰੋਸ ਕਰਨ ਵੇਲੇ 'ਬਾਪੂ' ਦੇ ਪੈਰੀਂ ਹੱਥ ਲਾਉਂਦੇ ਹਨ, ਹੁਣ ਉਹ ਉਸਦੇ ਪੱਖ ਵਿਚ ਹਾਅ ਦਾ ਨਾਹਰਾ ਵੀ ਨਹੀਂ ਮਾਰ ਰਹੇ। ਕਾਰਨ ਸਾਫ਼ ਹੈ ਕਿ ਕਿਸੇ ਵੇਲੇ ਸਾਈਕਲਾਂ ਨੂੰ ਪੰਕਚਰ ਲਾਉਣ ਵਾਲਾ ਆਸੂ ਮੱਲ ਸਮਾਂ ਪਾ ਕੇ ਸੰਤ ਆਸਾ ਰਾਮ ਬਣਦਾ ਹੌਲੀ-ਹੌਲੀ 'ਬਾਪੂ' ਆਸਾ ਰਾਮ ਬਣਨ ਮਗਰੋਂ ਇਸ ਵੇਲੇ ਜਿਹੜੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਉਸਨੂੰ 'ਸੰਤ' ਤਾਂ ਕੀ, ਸ਼ਰੀਫ ਆਦਮੀ ਵੀ ਨਹੀਂ ਰਹਿਣ ਦੇਂਦੇ।

ਸਰਕਾਰੀ ਤੇ ਗੈਰ-ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਆਸਾ ਰਾਮ ਨੇ ਕਈ ਥਾਂ ਕੀਤੇ ਹਨ, ਜਿਨ੍ਹਾਂ ਵਿਚੋਂ ਕੁਝ ਥਾਂਈ ਤਾਂ ਗੁਜਰਾਤ ਦੀ ਓਸੇ ਸਰਕਾਰ ਨੇ ਕਬਜ਼ਾ ਤੁੜਵਾ ਵੀ ਦਿੱਤਾ ਹੈ, ਜਿਹੜੀ ਹੁਣ ਤੱਕ ਉਸ ਦੀ ਲਿਹਾਜ਼ੂ ਬਣੀ ਹੋਈ ਸੀ। ਬਾਕੀ ਥਾਂਈਂ ਵੀ ਕਾਰਵਾਈ ਹੋਣ ਜਾ ਰਹੀ ਹੈ। ਆਸਾ ਰਾਮ ਉੱਤੇ ਔਰਤਾਂ ਨਾਲ ਬਦਫੈਲੀ ਦੇ ਦੋਸ਼ ਵੀ ਸ਼ਰੇਆਮ ਲੱਗ ਰਹੇ ਹਨ। ਉਸਦਾ ਪੁੱਤਰ ਉਸ ਤੋਂ ਵੀ ਢਾਈ ਗਜ਼ ਅੱਗੇ ਨਿਕਲ ਗਿਆ ਜਾਪਦਾ ਹੈ। ਕਿਹਾ ਜਾਂਦਾ ਹੈ ਕਿ ਉਹ ਤੰਤਰ-ਮੰਤਰ ਦੀ ਸਿੱਧੀ ਵਾਸਤੇ ਜਦੋਂ ਜਾਦੂ-ਟੂਣੇ ਕਰਨ ਜਾਂਦਾ ਹੈ ਤਾਂ ਆਪਣੇ ਆਸ਼ਰਮ ਵਿਚ ਪੜ੍ਹਦੇ ਬੱਚਿਆਂ ਨੂੰ ਨਾਲ ਲੈ ਜਾਂਦਾ ਹੈ, ਜਿਨ੍ਹਾਂ ਵਿਚੋਂ ਦੋ ਜਣਿਆ ਦੀ ਮੌਤ ਨੇ ਮਾਮਲਾ ਪਹਿਲੀ ਵਾਰ ਗੁਜਰਾਤ ਵਿਚ ਭੜਕਾਇਆ ਤੇ ਫਿਰ ਇਹੋ ਜਿਹਾ ਇਕ ਮਾਮਲਾ ਮੱਧ ਪ੍ਰਦੇਸ਼ ਵਿਚ ਵੀ ਵਾਪਰ ਗਿਆ ਸੀ। ਦਿਲਚਸਪ ਗੱਲ ਇਹ ਕਿ ਮੱਧ ਪ੍ਰਦੇਸ਼ ਵਿਚ ਵੀ ਰਾਜ ਓਸੇ ਭਾਜਪਾ ਦਾ ਹੈ, ਜਿਹੜੀ ਆਮ ਕਰਕੇ ਦੂਜੀਆਂ ਪਾਰਟੀਆਂ ਉੱਤੇ ਇਹ ਦੋਸ਼ ਲਾਉਂਦੀ ਹੈ ਕਿ ਉਹ ਸਾਧੂ-ਸੰਤਾਂ ਨੂੰ ਬਦਨਾਮ ਕਰ ਕੇ ਹਿੰਦੁਤਵ ਨੂੰ ਕਲੰਕਤ ਕਰਨ ਦਾ ਯਤਨ ਕਰਦੀਆਂ ਹਨ। ਕੱਲ੍ਹ ਦਾ ਭਾਜਪਾ ਦਾ 'ਬਾਪੂ' ਹੁਣ ਭਾਜਪਾ ਦੇ ਦੋਵਾਂ ਮੁੱਖ ਮੰਤਰੀਆਂ ਨੂੰ ਮੁੜ-ਮੁੜ ਕੇ ਇਹ ਕਹਿ ਰਿਹਾ ਹੈ ਕਿ 'ਹਿੰਮਤ ਹੈ ਤਾਂ ਮੈਨੂੰ ਗ੍ਰਿਫ਼ਤਾਰ ਕਰੋ' ਤੇ ਉਹ ਦੋਵੇਂ ਇਹ ਕਹਿ ਰਹੇ ਹਨ ਕਿ ਗ੍ਰਿਫ਼ਤਾਰੀ ਅਦਾਲਤ ਦੇ ਹੁਕਮ ਲੈ ਕੇ ਕੀਤੀ ਜਾਵੇਗੀ, ਜਿਸ ਬਾਰੇ ਕਾਨੂੰਨੀ ਸ਼ਿਕੰਜਾ ਹੌਲੀ-ਹੌਲੀ ਕੱਸਦਾ ਜਾ ਰਿਹਾ ਹੈ।

ਏਸੇ ਦੌਰਾਨ ਪਿਛਲੇਰੇ ਸਾਲ ਇਕ ਸਾਧਵੀ ਪ੍ਰਗਿਆ ਸਿੰਘ ਫੜੀ ਗਈ ਸੀ, ਜਿਸ ਉੱਤੇ ਚਾਲ-ਚੱਲਣ ਦਾ ਤਾਂ ਕੋਈ ਦੋਸ਼ ਨਹੀਂ ਲੱਗਾ, ਪਰ ਦੇਸ਼ ਨੂੰ ਫਿਰਕੂ ਦੰਗਿਆਂ ਦੀ ਅੱਗ ਵਿਚ ਧੱਕਣ ਲਈ ਬੰਬ ਧਮਾਕੇ ਕਰਵਾਉਣ ਦੀ ਸਾਜ਼ਿਸ਼ ਵਿਚ ਉਸ ਦਾ ਹੱਥ ਸਾਫ ਨਿਕਲਿਆ। ਉਸਦੇ ਵਿਰੁਧ ਕੇਸ ਬਣਿਆ ਵੀ ਭਾਜਪਾ ਵਾਲਿਆਂ ਨੂੰ 'ਹਿੰਦੂ ਧਰਮ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਜਾਪਿਆ ਤੇ ਉਹਨਾਂ 'ਤੇ ਜਾਂਚ ਟੀਮ ਦਾ ਮੁਖੀਆ ਹੇਮੰਤ ਕਰਕਰੇ ਮੁੰਬਈ ਦੇ ਦਹਿਸ਼ਤਗਰਦ ਹਮਲੇ ਵੇਲੇ ਲੜਦਾ ਮਾਰਿਆ ਗਿਆ ਤਾਂ ਭਾਜਪਾ ਬਚਾਅ ਦੇ ਪੈਂਤੜੇ ਉੱਤੇ ਆ ਗਈ। ਭਾਜਪਾ ਲਈ ਮੁਸ਼ਕਲ ਇਹ ਬਣ ਗਈ ਕਿ ਉਹ ਕਰਕਰੇ ਨੂੰ 'ਦੇਸ਼ ਦਾ ਸ਼ਹੀਦ' ਆਖੇ ਕੇ ਵਡਿਆਵੇ ਜਾਂ 'ਹਿੰਦੂ ਧਰਮ



ਵਿਰੁਧ ਸਾਜ਼ਿਸ਼' ਦਾ ਮੋਹਰਾ ਆਖ ਕੇ ਭੰਡੇ, ਇਸ ਕਰਕੇ ਉਸ ਨੇ ਸਾਧਵੀ ਦੀ ਪੈਰਵੀ ਦਾ ਕੰਮ ਵਕੀਲਾਂ ਦੇ ਜ਼ਿੰਮੇ ਛੱਡ ਕੇ ਆਪ ਚੁੱਪ ਵੱਟ ਲਈ।

ਸਾਧਵੀ ਪ੍ਰਗਿਆ ਸਿੰਘ ਉੱਤੇ ਕੋਈ ਚਾਲ-ਚੱਲਣ ਦਾ ਦੋਸ਼ ਭਾਵੇਂ ਨਹੀਂ ਲੱਗਾ, ਪਰ ਉਸਦੇ ਕੇਸ ਵਿਚ ਉਸਦੇ ਮੁੱਖ ਸਹਿਯੋਗੀ ਵਜੋਂ ਜਿਹੜਾ 'ਜਗਤ ਗੁਰੂ ਸ਼ੰਕਰਾਚਾਰੀਆ ਪਾਂਡੇ' ਫੜਿਆ ਗਿਆ, ਉਸ ਦੀ ਲੈਪ-ਟਾਪ ਸਾਰੀ ਦੀ ਸਾਰੀ ਬਲਿਊ ਫ਼ਿਲਮਾਂ ਨਾਲ ਭਰੀ ਪਈ ਨਿਕਲੀ ਤੇ ਕਈ ਥਾਂ ਤੋਂ ਉਸ ਬਾਰੇ ਇਹੋ ਜਿਹੇ ਕਿੱਸੇ ਸਾਹਮਣੇ ਆਏ ਕਿ ਲੋਕ ਕੰਨਾਂ ਨੂੰ ਹੱਥ ਲਾਉਣ ਲੱਗ ਪਏ। ਹਿੰਦੂ ਮੱਤ ਦੇ ਸੰਤਾਂ ਨੇ ਉਸ ਤੋਂ ਇਹ ਆਖ ਕੇ ਕਿਨਾਰਾ ਕਰ ਲਿਆ ਕਿ ਉਹ 'ਸ਼ੰਕਰਾਚਾਰੀਆ' ਵੀ ਜਾਅਲੀ ਹੈ ਤੇ ਇਹੋ ਜਿਹੇ ਕਈ ਆਪ ਬਣੇ 'ਸ਼ੰਕਰਾਚਾਰੀਆ' ਵੀ ਤੁਰੇ ਫਿਰਦੇ ਹਨ। ਇਹ ਸੱਚ ਵੀ ਹੈ। ਭਾਰਤ ਵਿਚ ਏਦਾਂ ਦੇ 'ਸ਼ੰਕਰਾਚਾਰੀਆ' ਦੀ ਅੱਜਕੱਲ੍ਹ ਭਰਮਾਰ ਹੈ। ਇਨ੍ਹਾਂ ਵਿਚੋਂ ਬਹੁਤੇ ਇਹੋ ਜਿਹੇ ਕਿਰਦਾਰ ਦੇ ਮਾਲਕ ਹਨ ਕਿ ਉਹਨਾਂ ਨੂੰ 'ਕਮਾਦ' ਵਿਚ ਵੜੇ ਗਿੱਦੜ' ਕਿਹਾ ਜਾ ਸਕਦਾ ਹੈ। ਇੱਕ ਤੋਂ ਇੱਕ ਭੱਦੇ ਇਲਜ਼ਾਮ ਉਹਨਾਂ ਉੱਤੇ ਲੱਗ ਰਹੇ ਹਨ।

ਸਾਧਵੀ ਪ੍ਰਗਿਆ ਦਾ ਸਾਥੀ 'ਸ਼ੰਕਰਾਚਾਰੀਆ' ਪਾਂਡੇ ਵੀ ਏਦਾਂ ਦਾ ਹੀ ਹੈ।

ਹੁਣ ਪਿਛਲੇ ਹਫ਼ਤੇ ਦੋ ਹੋਰ ਸਵਾਮੀਆਂ ਦੇ ਚਿਹਰੇ ਬੇਨਕਾਬ ਹੋ ਗਏ ਹਨ। ਇਹਨਾਂ ਵਿਚੋਂ ਇੱਕ ਹੈ ਦਿੱਲੀ ਵਿਚ ਫੜਿਆ ਗਿਆ ਭੀਮਾ ਨੰਦ ਉਰਫ਼ ਰਾਜੀਵ ਰੰਜਨ ਉਰਫ ਸਵਾਮੀ ਸਾਈਂ ਉਰਫ਼ ਇੱਛਾਧਾਰੀ ਮਹਾਰਾਜ। ਉਹ ਦਿੱਲੀ ਵਿਚ ਇੱਕ ਬੜਾ 'ਉੱਚੇ ਪੱਧਰ ਦਾ' ਦੇਹ-ਵਪਾਰ ਚਲਾ ਰਿਹਾ ਸੀ, ਜਿਸ ਵਿਚ ਗਾਹਕ ਵੀ 'ਉੱਚੇ ਪੱਧਰ' ਦੇ ਸਨ ਤੇ ਉਹਨਾਂ ਕੋਲ ਭੇਜੀਆਂ ਜਾਂਦੀਆਂ ਲੜਕੀਆਂ ਵੀ। ਕਚਿਆਣ ਜਿਹੀ ਆਉਂਦੀ ਹੈ, ਜਦੋਂ ਦੇਹ ਵਪਾਰ ਦੇ ਧੰਦੇ ਨੂੰ ਵੀ ਤੇ ਉਸਦੇ ਗਾਹਕਾਂ ਨੂੰ ਵੀ 'ਉੱਚੇ ਪੱਧਰ' ਵਾਲੇ ਲਿਖ ਕੇ ਅਖ਼ਬਾਰਾਂ ਜ਼ਿਕਰ ਕਰਦੀਆਂ ਹਨ ਤੇ ਟੀ ਵੀ ਚੈਨਲ ਵੀ ਇਹੋ ਲਫ਼ਜ਼ ਵਰਤਦੇ ਹਨ। 'ਸਵਾਮੀ' ਬਣੇ ਹੋਏ ਭੀਮਾ ਨੰਦ ਕੋਲ ਪਹਿਲੇ ਹੱਲੇ ਵਿਚ ਜਿਹੜੀਆਂ ਲੜਕੀਆਂ ਫੜੀਆਂ ਗਈਆਂ, ਉਹਨਾਂ ਵਿਚ ਦੋ ਤਾਂ ਨਾਮਣੇ ਵਾਲੇ ਕਾਲਜਾਂ ਦੀ ਵਿਦਿਆਰਥਣਾਂ ਸਨ, ਜਿਨ੍ਹਾਂ ਦਾ ਸੰਬੰਧ ਅਮੀਰ ਘਰਾਣਿਆਂ ਨਾਲ ਸੀ ਤੇ ਦੋ ਏਅਰ ਹੋਸਟੈਸਾਂ ਸਨ, ਜਿਨ੍ਹਾਂ ਨੂੰ ਮੋਟੀ ਤਨਖਾਹ ਮਿਲ ਜਾਂਦੀ ਹੈ। ਉਸਦੇ ਫੜੇ ਜਾਣ ਪਿੱਛੋਂ ਜਦੋਂ ਉਸਦੀ ਡਾਇਰੀ ਫੋਲੀ ਗਈ ਤਾਂ ਪਤਾ ਲੱਗਾ ਕਿ ਕੁਝ ਐਕਟਰੈਸਾਂ ਵੀ ਉਸ ਦੀਆਂ 'ਸਟਾਫ ਮੈਂਬਰ' ਸਨ ਤੇ ਕੁਝ ਹੋਰ ਵੱਡੇ-ਵੱਡੇ ਘਰਾਂ ਦੀਆਂ ਅਮੀਰਜ਼ਾਦੀਆਂ ਵੀ, ਜਿਨ੍ਹਾਂ ਦੇ 'ਫ਼ਾਈਵ ਸਟਾਰ' ਸ਼ੌਕ ਜੋਗਾ ਖਰਚ ਘਰ ਵਿਚੋਂ ਨਾ ਮਿਲਣ ਕਰ ਕੇ ਇਸ ਕਾਰੋਬਾਰ ਨਾਲ ਜੁੜੀਆਂ ਹੋਈਆਂ ਸਨ। ਡਾਇਰੀ ਦੱਸਦੀ ਹੈ ਕਿ ਕੁੜੀਆਂ ਨੂੰ ਕੀਤੇ ਕੰਮ ਦੇ ਪੈਸੇ ਨਾਲੋਂ ਨਾਲ ਨਾ ਦੇ ਕੇ ਬਾਕਾਇਦਾ ਮਹੀਨਾ ਵਾਰ ਤਨਖ਼ਾਹ ਦਿੱਤੀ ਜਾਂਦੀ ਸੀ ਤੇ ਉਹਨਾਂ ਦੀ 'ਡਿਊਟੀ ਲਿਸਟ' ਵੀ ਬਣੀ ਹੋਈ ਸੀ, ਜਿਸ ਵਿਚ ਵੱਖੋ-ਵੱਖ ਗਰੇਡ ਮੁਤਾਬਕ ਦਰਜ ਸੀ ਕਿ ਕਿਸ ਕੁੜੀ ਨੂੰ ਕਿਸ ਥਾਂ ਹੀ ਭੇਜਿਆ ਜਾਣਾ ਹੈ। ਗਾਹਕਾਂ ਵਿਚ ਵੀ ਵੱਡੇ-ਵੱਡੇ ਲੋਕਾਂ ਦੇ ਨਾਂਅ ਦਰਜ ਸਨ ਤੇ ਪੁਲਸ ਦੇ ਕਈ ਵੱਡੇ ਅਫ਼ਸਰਾਂ ਨੂੰ ਦਿੱਤੇ ਜਾਂਦੇ ਰਹੇ ਪੈਸਿਆਂ ਦਾ ਵੇਰਵਾ ਵੀ ਦਰਜ ਸੀ। 'ਸਵਾਮੀ' ਦੇ ਮੰਦਰ ਦੇ ਬਾਹਰ ਵੀ ਸਿਰੜੀ ਦੇ ਸਾਈਂ ਬਾਬਾ ਦੀ ਫੋਟੋ ਲੱਗੀ ਹੋਈ ਹੈ ਤੇ ਅੰਦਰ ਵੀ ਸਾਈਂ ਬਾਬਾ ਦੀਆਂ ਮੂਰਤੀਆਂ ਸਸ਼ੋਭਤ ਹਨ।ਇਹ ਆਲੀਸ਼ਾਨ -ਧਰਮ ਅਸਥਾਨ ਜਾਪਦਾ ਹੈ, ਪਰ ਅੰਦਰ ਜਾਓ ਤਾਂ ਲੁਕਵੇਂ ਦਰਵਾਜ਼ਿਆਂ ਪਿੱਛੇ ਗੁਫ਼ਾਵਾਂ ਏਦਾਂ ਬਣੀਆਂ ਹੋਈਆਂ ਹਨ, ਜਿਵੇਂ ਫ਼ਿਲਮਾਂ ਵਿਚ ਵੇਖੀਆਂ ਜਾਂਦੀਆਂ ਹਨ ਤੇ ਉਹਨਾਂ ਵਿਚੋਂ ਨਿਕਲ ਭੱਜਣ ਦੇ ਚਾਰ ਲੁਕਵੇਂ ਦਰਵਾਜ਼ੇ ਵੀ ਮਿਲੇ ਹਨ।

ਇਹ ਸਾਰਾ ਕੁਝ ਹੈਰਾਨ ਕਰਨ ਵਾਲਾ ਹੈ, ਪਰ ਅਸਲੀ ਹੈਰਾਨੀ ਤਾਂ ਅਗਲੀ ਜਾਣਕਾਰੀ ਨਾਲ ਹੁੰਦੀ ਹੈ। ਉਸਦੇ ਦਿੱਲੀ ਦੇ ਸਮਾਗਮਾਂ ਵਿਚ ਭਾਜਪਾ ਦਾ ਇੱਕ ਪਾਰਲੀਮੈਂਟ ਮੈਂਬਰ ਆਉਂਦਾ-ਜਾਂਦਾ ਰਿਹਾ ਸੀ, ਪਰ ਇਸਤੋਂ ਵੀ ਵੱਡੀ ਗੱਲ ਇਹ ਹੈ ਕਿ ਇਹੋ ਬੰਦਾ ਹਾਲੇ ਚਾਰ ਸਾਲ ਪਹਿਲਾਂ ਦਿੱਲੀ ਵਿਚ ਹੀ ਦੇਹ ਵਪਾਰ ਦਾ ਧੰਦਾ ਕਰਦਾ ਫੜਿਆ ਗਿਆ ਸੀ। ਉਸਦੇ ਖ਼ਿਲਾਫ਼ ਇੱਕ ਲੁੱਟਖੋਹ ਦਾ ਵੀ ਕੇਸ ਸੀ। ਜਿਸ ਦਿੱਲੀ ਵਿਚ ਉਹ ਦੇਹ-ਵਪਾਰ ਦਾ ਧੰਦਾ ਕਰਨ ਦਾ ਦੋਸ਼ੀ ਸੀ, ਲੁੱਟ-ਖੋਹ ਦਾ ਵੀ ਦੋਸ਼ੀ ਸੀ, ਓਸੇ ਦਿੱਲੀ ਵਿਚ ਉਹ 'ਸਵਾਮੀ' ਬਣ ਕੇ ਆਪਣੀ ਸੰਤਗਿਰੀ ਦੇ ਪਰਦੇ ਹੇਠ ਦੇਹ-ਵਪਾਰ ਦਾ ਏਡਾ ਵੱਡਾ ਕਾਰੋਬਾਰ ਚਲਾਉਂਦਾ ਰਿਹਾ, ਜਿਸ ਵਿਚ ਉਸ ਦੀ 'ਸਟਾਫ਼ ਲਿਸਟ' ਵਿਚ ਚਾਰ ਸੌ ਤੋਂ ਵਧ ਕੁੜੀਆਂ ਦੇ ਨਾਂਅ ਦਰਜ ਹਨ। ਕੁੜੀਆਂ ਵਿਚ ਕੁਝ ਤਾਂ ਦੂਜੇ ਦੇਸ਼ਾਂ ਦੀਆਂ ਵੀ ਹਨ, ਖਾਸ ਕਰ ਕੇ ਰੂਸ ਦੇ ਨਾਲ ਲਗਦੇ ਸਾਬਕਾ ਸੋਵੀਅਤ ਰਾਜਾਂ ਦੀਆਂ। ਜਦੋਂ ਏਨਾ ਕੁਝ ਹੁੰਦਾ ਰਿਹਾ, ਓਦੋਂ ਉਹ ਦਿੱਲੀ ਪੁਲਸ ਗੂੜ੍ਹੀ ਨੀਂਦ ਸੁੱਤੀ ਰਹੀ, ਜਿਹੜੀ ਹੁਣ ਉਸੇ ਬਦਮਾਸ਼ ਦੀ ਗ੍ਰਿਫ਼ਤਾਰੀ ਨੂੰ ਇੱਕ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਕੇ ਆਪਣੀ ਪਿੱਠ ਆਪ ਹੀ ਥਾਪੜ ਰਹੀ ਹੈ।

ਜਿਹੜਾ ਦੂਜਾ 'ਸੰਤ' ਬੀਤੇ ਹਫ਼ਤੇ ਹੀ ਬੇਨਕਾਬ ਹੋਇਆ ਹੈ, ਉਸ ਦਾ ਨਾਂਅ 'ਸਵਾਮੀ ਨਿਤਿਆਨੰਦ ਜੀ ਮਹਾਰਾਜ' ਹੈ। ਤਾਮਿਲ ਨਾਡੂ ਤੋਂ ਸ਼ੁਰੂ ਹੋ ਕੇ ਦੇਸ਼ ਭਰ ਵਿਚ ਬਾਰਾਂ ਕੁ ਉਸ ਦੇ ਆਲੀਸ਼ਾਨ ਆਸ਼ਰਮ ਹਨ। ਖੇਡ ਉਸਦੀ ਓਦੋਂ ਖਰਾਬ ਹੋ ਗਈ, ਜਦੋਂ ਇੱਕ ਤਾਮਿਲ ਟੀ ਵੀ ਚੈਨਲ ਨੇ ਇਕ ਸੀ ਡੀ ਟੈਲੀਕਾਸਟ ਕਰ ਦਿੱਤੀ, ਜਿਸ ਵਿਚ 'ਸਵਾਮੀ' ਇਕ ਤਾਮਿਲ ਫ਼ਿਲਮਾਂ ਦੀ ਹੀਰੋਇਨ ਨਾਲ ਰੰਗਰਲੀਆਂ ਮਨਾਉਂਦਾ ਨਜ਼ਰ ਆ ਰਿਹਾ ਸੀ। ਸੀ ਡੀ ਵਿਖਾਏ ਜਾਣ ਪਿੱਛੋਂ ਲੋਕ ਭੜਕ ਉੱਠੇ ਤੇ ਉਨ੍ਹਾਂ ਨੇ 'ਸਵਾਮੀ' ਦੇ ਆਸ਼ਰਮ ਦੀ ਭੰਨ ਤੋੜ ਜਾ ਕੀਤੀ। ਕਮਾਲ ਦੀ ਗੱਲ ਇਹ ਕਿ ਗੁਜਰਾਤ ਦਾ ਜਿਹੜਾ ਭਾਜਪਾ ਮੁੱਖ ਮੰਤਰੀ ਨਰਿੰਦਰ ਮੋਦੀ ਹੁਣ 'ਬਾਪੂ' ਆਸਾ ਰਾਮ ਦੇ ਆਸ਼ਰਮ ਨੂੰ ਬੇਪਰਦ ਕਰਨ ਲੱਗਾ ਹੋਇਆ ਹੈ, ਉਹ ਕਈ ਜਨਤਕ ਪ੍ਰੋਗਰਾਮਾਂ ਵਿਚ ਇਸ ਬੱਤੀ ਕੁ ਸਾਲ ਦੇ ਛੋਕਰੇ ਜਿਹੇ 'ਸਵਾਮੀ' ਦੇ ਨਾਲ ਸਟੇਜਾਂ ਉੱਤੇ ਬੈਠਾ ਨਜ਼ਰ ਆਉਂਦਾ ਹੈ ਤੇ ਟੀ.ਵੀ. ਚੈਨਲਾਂ ਵਲੋਂ ਵਿਖਾਏ ਜਾਣ ਉੱਤੇ ਕੋਈ ਟਿਪਣੀ ਕਰਨ ਤੋਂ ਵੀ ਇਨਕਾਰ ਕਰੀ ਜਾ ਰਿਹਾ ਹੈ। ਸਾਫ਼ ਜਾਪਦਾ ਹੈ ਕਿ ਉਹ ਆਸਾ ਰਾਮ ਦੇ ਮੁਕਾਬਲੇ ਇਕ ਨਵਾਂ 'ਸਵਾਮੀ' ਉਭਾਰਨ ਲਈ ਆਪਣੀ ਸਰਕਾਰ ਦੀ ਦੁਰਵਰਤੋਂ ਕਰਨ ਰੁੱਝੇ ਹੋਏ ਸਨ, ਜਿਹੜੀ ਖੇਡ ਉੱਤੇ ਹੁਣ ਪਾਣੀ ਫਿਰ ਗਿਆ ਹੈ।

ਸਾਡੇ ਪੰਜਾਬ ਵਿਚ ਵੀ ਏਦਾਂ ਦੇ ਕਈ 'ਸਾਧ-ਸੰਤ' ਤੁਰੇ ਫਿਰਦੇ ਹਨ, ਜਿਨ੍ਹਾਂ ਦਾ ਪੱਲਾ ਕਾਲੇ ਦਾਗਾਂ ਨਾਲ ਭਰਪੂਰ ਹੈ। ਸੰਤ ਸ਼ਮਸ਼ੇਰ ਸਿੰਘ ਜਗੇੜੇ ਵਾਲੇ 'ਤੇ ਬਲਾਤਕਾਰ ਦਾ ਦੋਸ਼ ਲੱਗਾ ਸੀ, ਹੁਣ ਉਹ ਇੱਕ ਬੀਬੀ ਨੂੰ ਅੱਗੇ ਕਰ ਕੇ ਹੋਰਨਾਂ ਵਿਰੁਧ ਇਹੋ ਜਿਹੇ ਦੋਸ਼ ਲਗਵਾਉਂਦਾ ਫਿਰਦਾ ਹੈ। ਇਕ ਹੋਰ 'ਸੰਤ' ਧਨਵੰਤ ਸਿੰਘ ਉੱਤੇ ਇੱਕ ਬੱਚੀ ਨਾਲ ਬਲਾਤਕਾਰ ਦਾ ਦੋਸ਼ ਲੱਗਾ ਸੀ। ਮਾਮਲਾ ਅਕਾਲ ਤਖ਼ਤ ਸਾਹਿਬ ਵਿਖੇ ਗਿਆ, ਪਰ ਉਸਨੇ ਮੌਕੇ ਦੇ ਜਥੇਦਾਰ ਨਾਲ 'ਗਿੱਟ-ਮਿੱਟ ਕਰ ਲਈ ਤੇ ਸੁੱਕਾ ਨਿਕਲ ਗਿਆ। ਫਿਰ ਮਾਮਲੇ ਕਾਨੂੰਨੀ ਅਦਾਲਤ ਵਿਚ ਜਾ ਪੁੱਜਾ ਤੇ ਜਿਸ 'ਸੰਤ' ਨੂੰ ਅਕਾਲ ਤਖ਼ਤ ਦੇ ਜਥੇਦਾਰ ਨੇ ਦੁੱਧ-ਧੋਤਾ ਕਰਾਰ ਦੇ ਛੱਡਿਆ ਸੀ, ਉਸਨੂੰ ਅਦਾਲਤ ਨੇ ਦੋਸ਼ ਸਾਬਤ ਹੋਣ ਮਗਰੋਂ ਜੇਲ੍ਹ ਭੇਜ ਦਿੱਤਾ। ਇੱਕ ਹੋਰ 'ਸੰਤ' ਅੱਜਕੱਲ੍ਹ ਕਈ ਕਿਸਮ ਦੇ ਚਰਚਿਆਂ ਵਿਚ ਹੈ। ਬੈਠਾ ਉਹ ਹਰਿਆਣੇ ਵਿਚ ਹੈ, ਮਾਨਤਾ ਪੰਜਾਬ ਵਿਚ ਵੀ ਚੋਖੀ ਹੈ। ਤੇ ਇੱਕ ਆਦਮੀ ਦੀਆਂ ਅੱਖਾਂ ਵਿਚ ਤੇਜ਼ਾਬ ਪਵਾਕੇ ਅੰਨ੍ਹਾ ਕਰ ਦੇਣ ਦਾ ਮੁਕੱਦਮਾ ਵੀ ਉਸ ਵਿਰੁਧ ਚੱਲ ਰਿਹਾ ਹੈ। ਉਸਦੀ 'ਸੰਤਗਿਰੀ' ਜਾਣਨੀ ਹੋਵੇ ਤਾਂ ਕਨੇਡਾ ਫੋਨ ਕਰ ਕੇ ਕਿਸੇ ਵੀ ਪੰਜਾਬੀ ਨੂੰ ਪੁੱਛੀ ਜਾ ਸਕਦੀ ਹੈ, ਓਥੇ ਇਸ 'ਮਹਾਂਪੁਰਸ਼' ਦੇ ਵੜਨ ਉੱਤੇ ਪਾਬੰਦੀ ਲੱਗੀ ਹੋਈ ਹੈ, ਪਰ ਹਿੰਦੁਸਤਾਨ ਵਿਚ ਇਹ 'ਮਹਾਨ ਸਿੱਖ ਸੰਤ' ਵਜੋਂ ਜਾਣਿਆ ਜਾਂਦਾ ਹੈ। ਡੇਰਾ ਸੱਚਾ ਸੌਦਾ ਵਾਲਾ ਗੁਰਮੀਤ ਰਾਮ ਰਹੀਮ ਸਿੰਘ ਵੀ ਸਾਧਵੀਆਂ ਨਾਲ ਬਦਫੈਲੀ ਕਰਨ ਦੇ ਦੋਸ਼ ਹੇਠ ਮੁਕੱਦਮਾ ਭੁਗਤ ਰਿਹਾ ਹੈ। ਏਦਾਂ ਦੇ ਕਈ ਹੋਰ ਵੀ ਇਸੇ ਕਿਰਦਾਰ ਦੇ ਮਾਲਕ ਹਨ। ਇਸਦੇ ਬਾਵਜੂਦ ਹੈਰਾਨੀ ਹੁੰਦੀ ਹੈ ਕਿ ਲੋਕਾਂ ਦੀਆਂ ਅੱਖਾਂ ਉੱਤੇ ਬੱਝੀ ਪੱਟੀ ਲੱਥਦੀ ਹੀ ਨਹੀਂ। ਉਹ ਹਰ ਜਣੇ-ਖਣੇ ਨੂੰ ਰੱਬੀ ਪੁਰਸ਼ ਮੰਨ ਕੇ ਉਸਦੇ ਪੈਰੀਂ ਮੱਥੇ ਟੇਕੀ ਜਾਂਦੇ ਹਨ।

ਜਦੋਂ ਤੱਕ ਗਿਆਨ ਦੀ ਲੋਅ ਤੇਜ਼ ਨਹੀਂ ਹੁੰਦੀ, ਓਦੋਂ ਤੱਕ ਸਮਾਜ ਦੀ ਬੁੱਕਲ ਦੇ ਸੱਪ ਚੰਗਾ ਖਾਂਦੇ ਤੇ ਮੰਦਾ ਉਗਲੱਛਦੇ ਰਹਿਣਗੇ ਤੇ ਸਮਾਜ ਭੁਗਤਦਾ ਰਹੇਗਾ।

# ਕੈਨੇਡਾ ਸਰਕਾਰ ਵਲੋਂ ਇਸ ਵਾਰ ਘਾਟੇ ਵਾਲਾ ਬਜਟ ਪੇਸ਼

**ਟੋਰਾਂਟੋ:** ਕੈਨੇਡਾ ਦੀ ਕੰਜ਼ਰਵੇਟਿਵ ਸਰਕਾਰ ਨੇ ਆਪਣਾ ਬਜਟ ਪੇਸ਼ ਕਰ ਦਿੱਤਾ ਹੈ, ਜਿਸ ਵਿਚ ਲੋਕ ਸੇਵਾ ਤੇ ਵਿਦੇਸ਼ੀ ਮਦਦ ਵਿਚ ਕਟੌਤੀਆਂ ਅਤੇ ਫੌਜੀ ਖਰਚੇ ਘਟਾਉਣ ਦੇ ਟੀਚੇ ਮਿਥੇ ਗਏ ਹਨ। ਕੈਨੇਡਾ ਦੇ ਵਿੱਤ ਮੰਤਰੀ ਨੇ ਸੰਸਦ 'ਚ ਪੇਸ਼ ਕੀਤੇ ਬਜਟ ਨੂੰ ਆਮ ਲੋਕਾਂ ਲਈ ਫਾਇਦੇਮੰਦ ਦਸਦਿਆਂ ਕਿਹਾ ਕਿ ਉਨ੍ਹਾਂ ਨੂੰ ਘਾਟੇ ਵਾਲੇ ਬਜਟ ਰੱਖਦਿਆਂ ਚੰਗਾ ਨਹੀਂ ਲੱਗਦਾ। ਪਿਛਲੇ ਦਹਾਕੇ ਬਾਅਦ ਪਹਿਲੀ ਵਾਰ ਖਰਚਿਆਂ 'ਤੇ ਵੱਡੇ ਪੱਧਰ 'ਤੇ ਕਟੌਤੀਆਂ ਕੀਤੀਆਂ ਗਈਆਂ ਹਨ। ਵਿੱਤ ਮੰਤਰੀ ਜਿਮ ਫਲਾਹਰਟੀ ਅਨੁਸਾਰ ਇਨ੍ਹਾਂ ਖਰਚਾ ਕਟੌਤੀਆਂ ਨਾਲ ਅਗਲੇ ਪੰਜ ਸਾਲਾਂ ਦੌਰਾਨ ਮੁਲਕ ਨੂੰ 17.6 ਅਰਬ ਡਾਲਰ ਬਚਣਗੇ ਜਿਸ ਨਾਲ ਬਜਟ ਘਾਟਾ 1.8 ਅਰਬ ਡਾਲਰ ਥੱਲੇ ਆਵੇਗਾ। ਬੇਸ਼ਕ ਮੁਲਕ ਦੇ ਸਿਰ ਕਰਜ਼ਾ ਵਧ ਰਿਹਾ ਹੈ ਅਤੇ ਇਸ ਕਾਰਨ 2010-11 ਵਿਚ ਇਹ 566.7 ਅਰਬ ਡਾਲਰ ਹੋਣ ਦੀ ਸੰਭਾਵਨਾ ਹੈ। 2008-09 ਵਿਚ ਇਹ 463 ਅਰਬ ਡਾਲਰ ਸੀ। ਬਜਟ ਵਿਚ ਟੈਕਸ ਢਾਂਚੇ ਦੀਆਂ ਕਮੀਆਂ ਨੂੰ ਦੂਰ ਕਰਨ ਅਤੇ ਟੈਕਸ ਚੋਰੀ ਰੋਕਣ ਲਈ ਸਖ਼ਤੀ ਦੀ ਵਿਵਸਥਾ ਹੈ ਜਿਸ ਨਾਲ ਆਗਾਮੀ ਪੰਜ ਸਾਲਾਂ 'ਚ 2.5 ਅਰਬ ਡਾਲਰ ਦਾ ਫਾਇਦਾ ਹੋਣ ਦੀ ਸੰਭਾਵਨਾ ਹੈ।

451 ਸਫ਼ਿਆਂ ਦੇ ਇਸ ਬਜਟ ਵਿਚ ਆਮ ਬੰਦੇ 'ਤੇ ਟੈਕਸ ਦਰ ਲਾਗੂ ਕਰਨ ਦੀ ਸੀਮਾ ਵਧਾ ਕੇ 10.382 ਕਰ ਦਿੱਤੀ ਗਈ ਹੈ। ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 7.7 ਅਰਬ ਦੇ ਫੰਡ ਖਰਚੇ ਜਾਣਗੇ ਅਤੇ ਇੰਪਲਾਇਮੈਂਟ ਇੰਸ਼ੋਰੈਂਸ ਲਈ 4 ਅਰਬ ਡਾਲਰ ਰਖਿਆ ਗਿਆ ਹੈ। ਨੌਕਰੀਆਂ ਪੈਦਾ ਕਰਨ ਅਤੇ ਟੈਕਸ ਵਾਧੇ ਰੋਕਣ ਦੀ ਗਰੰਟੀ ਕੀਤੀ ਗਈ ਹੈ। ਦਸਤਕਾਰੀ ਉਦਯੋਗ ਦੀ ਮਦਦ ਦਾ ਭਰੋਸਾ ਵੀ ਹੈ ਅਤੇ ਉਤਪਾਦਨ ਖਰਚਿਆਂ ਨੂੰ ਘਟਾਉਂਦੇ ਹੋਏ ਨਵੇਂ ਪੁਰਜ਼ੇ ਬਣਾਉਂਦੀਆਂ ਕੰਪਨੀਆਂ ਨੂੰ ਆਰਥਿਕ ਰਾਹਤ ਦੇਣ ਦੀ ਵਿਵਸਥਾ ਰੱਖੀ ਗਈ ਹੈ।


ਇਸਤੋਂ ਇਲਾਵਾ ਕਰੰਸੀ ਨਵਿਆਉਣ ਸਕੀਮ ਤਹਿਤ ਟਕਸਾਲ ਨੂੰ ਨਵੀਂ ਤਕਨੀਕ ਮੁਹੱਈਆ ਕਰਵਾਈ ਜਾਏਗੀ। ਮੁਲਕ ਦੇ ਪ੍ਰਧਾਨ ਮੰਤਰੀ ਸਣੇ ਐਮ.ਪੀਜ਼ ਅਤੇ ਹੋਰ ਕਈ ਸਰਕਾਰੀ ਅਧਿਕਾਰੀਆਂ ਦੀਆਂ ਤਨਖਾਹਾਂ ਦੇ ਵਾਧੇ ਰੋਕ ਦਿੱਤੇ ਗਏ ਹਨ ਜਿਸ ਨਾਲ ਕੋਈ 6.8 ਅਰਬ ਡਾਲਰ ਬਚਾਏ ਜਾ ਸਕਣਗੇ, ਪਰ ਕਈ ਸਰਕਾਰੀ ਮੁਲਾਜ਼ਮਾਂ ਦੀਆਂ ਨੌਕਰੀਆਂ ਜਾਣ ਦਾ ਖਦਸ਼ਾ ਵੀ ਹੈ। ਵਿਰੋਧੀ ਲਿਬਰਲ ਪਾਰਟੀ ਦੇ ਮੁਖੀ ਨੇ ਇਸ ਬਜਟ ਨੂੰ ਹਮੇਸ਼ਾਂ ਦੀ ਤਰ੍ਹਾਂ ਕੋਈ ਬਹੁਤਾ ਚੰਗਾ ਨਹੀਂ ਕਿਹਾ, ਪਰ ਉਨ੍ਹਾਂ ਹਾਲ ਦੀ ਘੜੀ ਸਰਕਾਰ ਡੇਗਣ ਦੀ ਜ਼ਰੂਰਤ ਨਹੀਂ ਸਮਝੀ।

## ਹਿੰਦੂ ਮੈਰਿਜ ਐਕਟ ਪ੍ਰਵਾਸੀ ਭਾਰਤੀਆਂ ਲਈ ਨਹੀਂ

**ਮੁੰਬਈ:** ਕਈ ਨੌਜਵਾਨ ਐਨ.ਆਈ.ਆਰ. ਭਾਰਤੀ ਜੋੜੇ ਭਾਰਤ ਵਿਚ ਰਵਾਇਤੀ ਤੌਰ 'ਤੇ ਵਿਆਹ ਦੀ ਰੀਝ ਰੱਖਦੇ ਹਨ ਪਰ ਬੰਬਈ ਹਾਈਕੋਰਟ ਨੇ ਇਕ ਅਹਿਮ ਫੈਸਲਾ ਦੇ ਕੇ ਉਨ੍ਹਾਂ ਦੀਆਂ ਰੀਝਾਂ 'ਤੇ ਪਾਣੀ ਫੇਰ ਦਿੱਤਾ ਹੈ। ਅਦਾਲਤ ਅਨੁਸਾਰ ਅਜਿਹੇ ਪ੍ਰਵਾਸੀ ਭਾਰਤੀ ਜੋੜਿਆਂ 'ਤੇ ਹਿੰਦੂ ਮੈਰਿਜ ਐਕਟ ਲਾਗੂ ਨਹੀਂ ਹੁੰਦਾ। ਅਦਾਲਤ ਨੇ ਹੇਠਲੀ ਅਦਾਲਤ ਦਾ ਉਹ ਫੈਸਲਾ ਰੱਦ ਕਰ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਅਜਿਹਾ ਜੋੜਾ ਜੋ ਛੁੱਟੀਆਂ ਮਨਾਉਣ ਭਾਰਤ ਆਇਆ ਹੋਵੇ, ਉਸ ਦੇ ਕੇਸ ਦੀ ਸੁਣਵਾਈ ਭਾਰਤੀ ਅਦਾਲਤਾਂ ਕਰ ਸਕਦੀਆਂ ਹਨ।

# ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ 17 ਅਪ੍ਰੈਲ ਨੂੰ ਰੱਖਣਗੇ ਗਿਲਾਨੀ

**ਚੰਡੀਗੜ੍ਹ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਅਗਲੇ ਮਹੀਨੇ ਨਨਕਾਣਾ ਸਾਹਿਬ ਵਿਖੇ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣਗੇ। ਇਸ ਸਮਾਗਮ ਵਿਚ ਪ੍ਰਧਾਨ ਮੰਤਰੀ ਡਾ. ਮਨੋਮਹਨ ਸਿੰਘ ਦੀ ਪਤਨੀ ਬੀਬੀ ਗੁਰਸ਼ਰਨ ਕੌਰ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵੀ ਸ਼ਾਮਲ ਹੋਣ ਦੀ ਸੰਭਾਵਨਾ ਹੈ।



ਇਸ ਸਬੰਧੀ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੇ ਡਾਇਰੈਕਟਰ ਅਜ਼ਹਰ ਅਹਿਸਾਨ ਨੇ ਦਸਿਆ ਕਿ ਇਹ ਸਮਾਗਮ 17 ਅਪ੍ਰੈਲ ਨੂੰ ਹੋਵੇਗਾ ਤੇ ਇਸ ਵਿਚ ਸ਼ਾਮਲ ਹੋਣ ਲਈ ਬੀਬੀ ਗੁਰਸ਼ਰਨ ਕੌਰ ਤੇ ਪੰਜਾਬ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਦਿਲਚਸਪੀ ਵਿਖਾਈ ਹੈ। ਯੂਨੀਵਰਸਿਟੀ 2500 ਏਕੜ ਵਿਚ ਬਣਾਈ ਜਾਵੇਗੀ। ਅਪ੍ਰੈਲ ਵਿਚ ਵਿਸਾਖੀ ਮੌਕੇ 15000 ਸਿੱਖ ਸ਼ਰਧਾਲੂਆਂ ਦੇ ਨਨਕਾਣਾ ਸਾਹਿਬ ਪੁੱਜਣ ਦੀ ਸੰਭਾਵਨਾ ਹੈ। ਅਮਰੀਕਾ ਦੇ ਡਾ. ਪ੍ਰਿਤਪਾਲ ਸਿੰਘ ਨੇ ਦਸਿਆ ਕਿ ਯੂਨੀਵਰਸਿਟੀ ਸਿੱਖ ਤੇ ਹੋਰ ਧਰਮਾਂ ਦੀ ਖੋਜ ਦਾ ਕੇਂਦਰ ਹੋਵੇਗੀ। ਦੁਨੀਆਂ ਭਰ ਦੇ ਆਲਮਾਂ ਨੂੰ ਇਥੇ ਆਉਣ ਲਈ ਸੱਦਾ ਦਿਤਾ ਜਾਵੇਗਾ। ਯੂਨੀਵਰਸਿਟੀ ਵਿਚ ਸੰਸਾਰ ਭਰ ਤੋਂ ਵਿਦਿਆਰਥੀ ਸਿਖਿਆ ਹਾਸਲ ਕਰਨਗੇ ਤੇ ਇਸ ਨੂੰ ਔਕਸਫੋਰਡ ਵਰਗੀਆਂ ਯੂਨੀਵਰਸਿਟੀਆਂ ਦੇ ਹਾਣ ਦਾ ਬਣਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਵਿਚ ਭਾਰਤ ਤੋਂ ਕੋਈ ਮੈਂਬਰ ਨਹੀਂ ਲਿਆ ਗਿਆ। ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪ੍ਰਧਾਨ ਮੰਤਰੀ ਗਿਲਾਨੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣਗੇ। ਉਨ੍ਹਾਂ ਕਿਹਾ ਕਿ ਸਾਨੂੰ ਗਵਰਨਿੰਗ ਬਾਡੀ ਵਿਚ ਨੁਮਾਇੰਦਗੀ ਨਹੀਂ ਦਿਤੀ ਗਈ।

# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

## ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

NEW YORK LIFE

**Major Singh Chauhan**
**AGENT**
CA Ins. Lic #0D36632
New York Life Insurance Company

mc101048@gmail.com

THE COMPANY YOU KEEP



# ਹਰ ਬਿਮਾਰੀ ਦਾ ਕੁਦਰਤੀ ਇਲਾਜ


# ਹੋਮਿਓਪੈਥੀ, ਐਕਯੂਪ੍ਰੈਸ਼ਰ ਤੇ ਮੈਗਨੈਟੋਥੈਰਾਪੀ

## ਕੈਨੇਡੀਅਨ ਡਾ. ਰਤਨ ਸਿੰਘ ਬਰਾੜ

ਮੈਂ 35 ਸਾਲਾਂ ਦੇ ਲੰਮੇ ਤਜ਼ਰਬੇ ਤੋਂ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਬਹੁਤੇ ਸਰੀਰਕ ਦਰਦ ਕੇਵਲ ਬੀਮਾਰੀਆਂ ਕਾਰਨ ਨਹੀਂ ਸਗੋਂ ਜੋੜਾਂ ਦੀਆਂ ਹੱਡੀਆਂ ਦੇ ਹਿੱਲ ਜਾਣ ਕਾਰਨ ਹੁੰਦੇ ਹਨ। ਇਹ ਦਰਦ ਉਤਨੀ ਦੇਰ ਤੱਕ ਠੀਕ ਨਹੀਂ ਹੁੰਦੇ ਜਿੰਨੀ ਦੇਰ ਤੱਕ ਹਿੱਲੀਆਂ ਹੱਡੀਆਂ ਅਤੇ ਮਣਕੇ ਸਹੀ ਥਾਂ 'ਤੇ ਸੈਟ ਨਹੀਂ ਹੁੰਦੇ।

ਹੱਡੀਆਂ ਅਤੇ ਜੋੜਾਂ ਦਾ ਹਿੱਲ ਜਾਣਾ ਪ੍ਰਤੀ ਦਿਨ ਅਨੇਕਾਂ ਦੁਰਘਟਨਾਵਾਂ ਅਤੇ ਝਟਕਿਆਂ ਕਾਰਨ ਹੈ। ਸਰਵਾਈਕਲ ਦਰਦ, ਧੂਈ ਦਾ ਦਰਦ, ਹੀਂਘਣ ਦਰਦ, ਢੁਡਰੀ ਦਾ ਦਰਦ, ਗੁੱਟ ਦਾ ਦਰਦ, ਗੋਡਿਆਂ-ਗਿੱਟਿਆਂ ਦਾ ਦਰਦ, ਸਲਿਪ ਡਿਸਕ, ਗੈਂਗਲੀਅਨ ਜਾਂ ਬਲਜਿੰਗ ਦਾ ਦਰਦ, ਮਣਕੇ ਜਾਂ ਹੱਡੀਆਂ ਦੇ ਹਿੱਲ ਜਾਣ ਕਾਰਨ ਹੈ। ਅਗਰ ਤੁਸੀਂ ਉਪਰੋਕਤ ਕਿਸੇ ਵੀ ਪ੍ਰਕਾਰ ਦੇ ਦਰਦ ਤੋਂ ਪੀੜਤ ਹੋ ਤਾਂ ਨਿਜੀ ਸੰਪਰਕ ਕਰੋ।

ਨੋਟ: ਹੈਪਾਟਾਈਟਸ ਬੀ, ਹੈਪਾਟਾਈਟਸ ਸੀ, ਜਿਸ ਨੂੰ ਕਾਲਾ ਪੀਲੀਆ ਵੀ ਕਹਿੰਦੇ ਹਨ, ਦਾ ਰਿਜ਼ਲਟ 15 ਦਿਨ ਵਿਚ ਹੈ ਅਤੇ *Virus Free* ਹੋ ਕੇ ਪੱਕੇ ਤੌਰ 'ਤੇ ਠੀਕ ਹੋਣ ਲਈ 3-4 ਮਹੀਨੇ ਲਗਦੇ ਹਨ। ਰੋਗ ਦੁਬਾਰਾ ਨਹੀਂ ਹੁੰਦਾ।


ਡਾ. ਰਤਨ ਸਿੰਘ ਬਰਾੜ

ਸਰੀਰਕ ਅੰਗਾਂ ਦੀਆਂ ਬਿਮਾਰੀਆਂ ਜਿਵੇਂ ਸਾਹ, ਦਮਾ, ਗੁਰਦੇ, ਪਿੱਤੇ ਦੀਆਂ ਪਥਰੀਆਂ, ਬਵਾਸੀਰ, ਭਗੰਦਰ, ਮਾਈਗਰੇਨ, ਡਿਪਰੈਸ਼ਨ, ਉਨੀਂਦਰਾ, ਚਮੜੀ ਦੇ ਰੋਗ, ਫੁੱਲਬਹਿਰੀ ਤੋਂ ਪੀੜਤ ਹੋ ਤਾਂ ਸੰਪਰਕ ਕਰ ਸਕਦੇ ਹੋ।

ਅਗਰ ਤੁਸੀਂ ਕਿਸੇ ਵੀ ਅਸਾਧ, ਲਾਇਲਾਜ, ਨਾਮੁਰਾਦ ਬੀਮਾਰੀ ਤੋਂ ਪੀੜਤ ਹੋ ਤਾਂ ਫੋਨ ਰਾਹੀਂ ਪੂਰੀ ਜਾਣਕਾਰੀ ਲੈ ਸਕਦੇ ਹੋ।

ਨੋਟ: ਮੈਂ ਨਿਮਨਲਿਖਤ ਪਤੇ ਤੇ ਸਿਰਫ 15-20 ਦਿਨਾਂ ਲਈ ਠਹਿਰਿਆ ਹੋਇਆ ਹਾਂ। ਫਿਰ ਵਾਪਸ ਕੈਨੇਡਾ ਜਾ ਰਿਹਾ ਹਾਂ।

ਸੰਪਰਕ ਦਾ ਪਤਾ:
ਡਾ. ਰਤਨ ਸਿੰਘ ਬਰਾੜ, ਡਾ. ਕੁਲਵੰਤ ਸਿੰਘ ਸਿੱਧੂ
1966 Ensign Way, San Jose, CA 95133



**408-258-1007**
**408-714-7432**

ਖੇਡ-ਜਗਤ

# ਵਿਸ਼ਵ ਹਾਕੀ ਕੱਪ: ਏਸ਼ੀਆਈ ਹਾਅ...ਕੀ?

ਸੁਖਵੀਰ ਗਰੇਵਾਲ



ਸੁਖਵੀਰ ਗਰੇਵਾਲ

ਵਿਸ਼ਵ ਹਾਕੀ ਕੱਪ ਦੇ ਪਹਿਲੇ ਮੈਚ ਵਿਚ ਜਦੋਂ ਪਾਕਿਸਤਾਨ ਵਿਰੁਧ ਭਾਰਤ ਨੇ ਧੜੱਲੇਦਾਰ ਸ਼ੁਰੂਆਤ ਕੀਤੀ ਤਾਂ ਟੀ.ਵੀ. ਦੇ ਇਕ ਕੁਮੈਂਟੇਟਰ ਨੇ ਭਾਰਤੀ ਹਾਕੀ ਟੀਮ ਦੀ ਤਾਰੀਫ ਦੇ ਪੁਲ ਬੰਨ੍ਹਦਿਆਂ ਕਿਹਾ "ਲਗਦੈ, ਕੋਚ ਬਾਰਸਾ ਦੀ 'ਯੂਰੇਸ਼ੀਆ' ਸ਼ੈਲੀ ਭਾਰਤੀ ਟੀਮ ਨੂੰ ਕਾਫੀ ਰਾਸ ਆ ਗਈ ਏ।" ਭਾਰਤੀ ਦਰਸ਼ਕਾਂ ਨੂੰ ਵੀ ਇਉਂ ਹੀ ਲੱਗਿਆ ਸੀ ਕਿ ਪਾਕਿਸਤਾਨ ਨੂੰ ਹਰਾ ਕੇ ਜਿਵੇਂ ਵਿਸ਼ਵ ਕੱਪ ਹੀ ਜਿੱਤ ਲਿਆ ਹੋਵੇ। ਟੀ.ਵੀ. ਚੈਨਲਾਂ ਤੋਂ ਸ਼ੁਰੂ ਹੋਏ ਭਾਰਤੀ ਟੀਮ ਦੀਆਂ ਤਾਰੀਫਾਂ ਦੇ ਕਿੱਸੇ ਅਗਲੇ ਦਿਨ ਅਖਬਾਰੀ ਕਾਲਮਾਂ ਵਿਚ ਵੀ ਜਾਰੀ ਰਹੇ। ਅਗਲੇ ਕੁਝ ਹੀ ਮੈਚਾਂ ਵਿਚ ਹਾਕੀ ਪ੍ਰੇਮੀਆਂ ਦੇ ਮਨ ਨੂੰ ਤਸੱਲੀ ਹੋ ਗਈ ਕਿ 28 ਫਰਵਰੀ ਨੂੰ ਭਾਰਤ ਦੀ ਪਾਕਿਸਤਾਨ ਉਪਰ ਹੋਈ ਵੱਡੀ ਜਿੱਤ ਅਸਲ ਵਿਚ ਬਹੁਤ ਛੋਟੀ ਸੀ। ਇਸ ਮੈਚ ਦੀ ਖੁਸ਼ੀ ਵੀ ਉਸ ਸਮੇਂ ਮੱਠੀ ਪੈ ਗਈ ਜਦੋਂ ਟੂਰਨਾਮੈਂਟ ਡਾਇਰੈਕਟਰ ਨੇ ਭਾਰਤੀ ਫਾਰਵਰਡ ਸ਼ਿਵਿੰਦਰ ਸਿੰਘ ਨੂੰ ਦੋ ਮੈਚਾਂ ਲਈ ਬਾਹਰ ਬਿਠਾ ਦਿੱਤਾ। ਇਸ ਫੈਸਲੇ ਦੀ ਮੀਡੀਆ ਵੱਲੋਂ ਕੀਤੀ ਨੁਕਤਾਚੀਨੀ ਤੋਂ ਬਾਅਦ ਐਫ.ਆਈ.ਐਚ. ਨੇ ਭਾਵੇਂ ਏਸ਼ੀਆਈ ਖਿਡਾਰੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਤੋਂ ਇਨਕਾਰ ਕੀਤਾ ਪਰ ਸ਼ਿਵਿੰਦਰ ਵਿਰੁਧ ਕਾਰਵਾਈ ਭਾਰਤੀ ਟੀਮ ਦਾ ਲੱਕ ਤੋੜਨ ਦੇ ਬਰਾਬਰ ਸੀ। ਸ਼ਿਵਿੰਦਰ ਸਿੰਘ ਦੀ ਬਰਖਾਸਤਗੀ ਦਾ ਦਰਦ ਉਸ ਸਮੇਂ ਹੋਰ ਵੀ ਡੂੰਘਾ ਹੋ ਗਿਆ ਜਦੋਂ ਉਸ ਦੀ ਸੁਣਵਾਈ ਦੌਰਾਨ ਕੋਈ ਵੀ ਭਾਰਤੀ ਨੁਮਾਇੰਦਾ ਕਮਰੇ ਵਿਚ ਹਾਜ਼ਰ ਨਹੀਂ ਸੀ। ਦੱਸਣਯੋਗ ਹੈ ਕਿ ਕੌਮਾਂਤਰੀ ਹਾਕੀ ਫੈਡਰੇਸ਼ਨ ਦੀ ਬਾਡੀ ਵਿਚ ਸਿਰਫ ਪ੍ਰਗਟ ਸਿੰਘ ਹੀ ਨਿਯਮ ਬੋਰਡ ਵਿਚ ਇੱਕੋ ਇੱਕ ਭਾਰਤੀ ਹਨ ਅਤੇ ਇਸ ਸਮੇਂ ਉਹ ਹਾਕੀ ਇੰਡੀਆ

**ਆਧੁਨਿਕ ਢੰਗ ਦੇ ਸਾਜ਼ੋ ਸਾਮਾਨ ਨਾਲ ਲੈਸ ਹੋਏ ਯੂਰਪੀ ਟੀਮਾਂ ਦੇ ਖਿਡਾਰੀ ਜਦੋਂ ਏਸ਼ੀਆਈ ਖਿਡਾਰੀਆਂ ਨਾਲ ਲੋਹਾ ਲੈਂਦੇ ਹਨ ਤਾਂ ਇਉਂ ਲੱਗਦਾ ਹੈ ਜਿਵੇਂ ਪਰਮਾਣੂ ਹਥਿਆਰਾਂ ਦੀ ਫੌਜ ਤੀਰ ਕਮਾਨਾਂ ਵਾਲੀ ਫੌਜ ਨੂੰ ਭਜਾ ਭਜਾ ਕੇ ਮਾਰ ਰਹੀ ਹੋਵੇ। ਯੂਰਪੀ ਹਾਕੀ ਟੀਮਾਂ ਨੂੰ ਖਿਡਾਰੀਆਂ ਦੀ ਸੁਰੱਖਿਆ ਦੀ ਚਿੰਤਾ ਸਭ ਤੋਂ ਵਧੇਰੇ ਹੈ ਇਸ ਕਰਕੇ ਉਹ ਪੈਨਲਟੀ ਕਾਰਨਰ ਵਰਗੇ ਮੌਕਿਆਂ ਤੇ ਸੁਰੱਖਿਆ ਸਾਮਾਨ ਪਹਿਨਣਾ ਨਹੀਂ ਭੁੱਲਦੇ। ਦੂਜੇ ਪਾਸੇ ਏਸ਼ੀਆਈ ਟੀਮਾਂ ਦੇ ਖਿਡਾਰੀਆਂ ਦੀ ਕਿਸੇ ਨੂੰ ਚਿੰਤਾ ਨਹੀਂ। ਤੇਜ਼ ਡਰੈਗ ਫਲਿਕਰਾਂ ਦਾ ਸਾਹਮਣਾ ਕਰਨ ਲਈ ਏਸ਼ੀਆਈ ਖਿਡਾਰੀਆਂ ਕੋਲ ਫੌਲਾਦੀ ਜਿਗਰਿਆਂ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ। ਸਾਬਕਾ ਉਲੰਪੀਅਨ ਦਿਲੀਪ ਟਿਰਕੀ ਦੇ ਇੱਕ ਮੈਚ ਦੌਰਾਨ ਗੰਭੀਰ ਰੂਪ ਵਿਚ ਫੱਟੜ ਹੋਣ ਦੀ ਘਟਨਾ ਅਜੇ ਵੀ ਹਾਕੀ ਪ੍ਰੇਮੀਆਂ ਨੂੰ ਨਹੀਂ ਭੁੱਲੀ ਪਰ ਅਜਿਹੀਆਂ ਘਟਨਾਵਾਂ ਤੋਂ ਸਬਕ ਲੈਣਾ ਅਜੇ ਭਾਰਤ ਨੇ ਨਹੀਂ ਸਿੱਖਿਆ। ਯੂਰਪੀ ਟੀਮਾਂ ਦਾ ਕੋਚਿੰਗ ਅਤੇ ਸਹਾਇਕ ਅਮਲਾ ਵੀ ਨਵੀਨਤਮ ਯੰਤਰਾਂ ਨਾਲ ਲੈਸ ਹੁੰਦਾ ਹੈ ਪਰ ਏਸ਼ੀਆਈ ਟੀਮਾਂ ਕੋਲ ਇਸ ਬਾਰੇ ਸੋਚਣ ਦਾ ਅਜੇ ਵਕਤ ਨਹੀਂ।**

ਵਿਰੁਧ ਆਵਾਜ਼ ਬੁਲੰਦ ਕਰਨ ਕਰਕੇ ਵਿਸ਼ਵ ਕੱਪ ਤੋਂ ਦੂਰ ਕਰ ਦਿੱਤੇ ਗਏ।

ਹਾਕੀ ਕੱਪ ਵਿਚ ਭਾਰਤੀ ਟੀਮ ਦੇ ਖਰਾਬ ਪ੍ਰਦਰਸ਼ਨ ਤੋਂ ਇਲਾਵਾ ਜਿਹੜੀ ਗੱਲ ਉਭਰ ਕੇ ਸਾਹਮਣੇ ਆਈ, ਉਹ ਸੀ ਯੂਰਪੀ ਹਾਕੀ ਟੀਮਾਂ ਦਾ ਸ਼ਾਨਦਾਰ ਪ੍ਰਦਰਸ਼ਨ। ਏਸ਼ੀਆਈ ਟੀਮਾਂ ਭਾਰਤ, ਪਾਕਿਸਤਾਨ ਅਤੇ ਕੋਰੀਆ ਤੋਂ ਇਲਾਵਾ ਦੱਖਣੀ ਅਫਰੀਕਾ ਦੀ ਟੀਮ ਵੀ ਯੂਰਪੀ ਹਾਕੀ ਅੱਗੇ ਬੌਣੀ ਲੱਗ ਰਹੀ ਹੈ। ਭਾਰਤ ਅਤੇ ਪਾਕਿਸਤਾਨ ਦੋ ਟੀਮਾਂ ਅਜਿਹੀਆਂ ਹਨ ਜਿਨ੍ਹਾਂ ਕੋਲ ਮਾਣਮੱਤਾ ਇਤਿਹਾਸ ਹੈ। ਭਾਰਤ ਦੇ ਉਲੰਪਿਕ ਜੇਤੂ ਹੋਣ ਦੇ ਰਿਕਾਰਡ ਅਤੇ ਪਾਕਿਸਤਾਨ ਦੇ ਵਿਸ਼ਵ ਕੱਪ ਜੇਤੂ (ਚਾਰ ਵਾਰੀ) ਹੋਣ ਦੇ ਰਿਕਾਰਡ ਨੂੰ ਕੋਈ ਵੀ ਮੁਲਕ ਪਾਰ ਨਹੀਂ ਕਰ ਸਕਿਆ। ਮੌਜੂਦਾ ਵਿਸ਼ਵ ਕੱਪ ਵਿਚ ਏਸ਼ੀਆਈ ਹਾਕੀ ਟੀਮਾਂ ਨੂੰ ਖੇਡਦਿਆਂ ਦੇਖ ਕੇ ਲੱਗਦਾ ਹੈ ਕਿ ਇਸ ਖਿੱਤੇ ਦੇ ਮੁਲਕ ਸਮੇਂ ਮੁਤਾਬਕ ਬਦਲੀ ਆਧੁਨਿਕ ਹਾਕੀ ਅਨੁਸਾਰ ਨਹੀਂ ਢਲ ਸਕੇ। ਘਾਹ ਦੇ ਮੈਦਾਨ ਦੀ ਹਾਕੀ ਅਤੇ ਐਸਟਰੋਟਰਫ ਦੀ ਹਾਕੀ ਵਿਚਕਾਰ ਜ਼ਮੀਨ ਅਸਮਾਨ ਦਾ ਫਰਕ ਹੈ। ਏਸ਼ੀਆਈ ਹਾਕੀ ਟੀਮਾਂ ਜਦੋਂ ਐਸਟਰੋਟਰਫ ਮੈਦਾਨ ਉਪਰ ਸੁਸਤ ਢੰਗ ਨਾਲ ਖੇਡਦੀਆਂ ਹਨ ਤਾਂ ਪਾਕਿਸਤਾਨੀ ਟੀਮ ਦੇ ਕੋਚ ਆਸਿਫ ਅਲੀ ਬਾਜਵਾ ਦੀ ਕਹੀ ਹੋਈ ਗੱਲ ਯਾਦ ਆ ਜਾਂਦੀ ਹੈ। ਕਾਫੀ ਅਰਸਾ ਪਹਿਲਾਂ



ਭਾਰਤ-ਪਾਕਿ ਹਾਕੀ ਲੜੀ ਦੇ ਚੰਡੀਗੜ੍ਹ ਵਿਚ ਹੋਏ ਮੈਚ ਦੌਰਾਨ ਉਨ੍ਹਾਂ ਕਿਹਾ ਸੀ ਕਿ ਟੈਨਿਸ ਵਾਂਗ ਹਾਕੀ ਦੇ ਕੌਮਾਂਤਰੀ ਮੈਚ ਵੀ ਐਸਟਰੋਟਰਫ ਅਤੇ ਘਾਹ ਦੇ ਮੈਦਾਨ ਉਪਰ ਵੱਖੋ-ਵੱਖਰੇ ਹੋਣੇ ਚਾਹੀਦੇ ਹਨ। ਸ੍ਰੀ ਬਾਜਵਾ ਦੀ ਇਸ ਮੰਗ ਪਿੱਛੇ ਉਨ੍ਹਾਂ ਦੀ ਇਹ ਬੇਬਸੀ ਸਾਫ ਝਲਕ ਰਹੀ ਸੀ ਕਿ ਏਸ਼ੀਆਈ ਖਿਡਾਰੀ ਮਸਨੂਈ ਘਾਹ ਤੇ ਖੇਡਣ ਦੇ ਫਿੱਟ ਨਹੀਂ ਹਨ। ਅਸਟਰੇਲੀਆ ਅਤੇ ਸਪੇਨ ਨੇ ਭਾਰਤੀ ਗੋਲਾਂ ਨੂੰ ਜਿਸ ਤਰ੍ਹਾਂ ਝੰਬਿਆ ਉਸ ਤੋਂ ਲੱਗਦਾ ਹੈ ਕਿ ਇਸ ਮੁਲਕ ਦੀ ਹਾਕੀ ਨੂੰ ਅਜੇ ਕੌਮਾਂਤਰੀ ਪੱਧਰ ਦੀ ਬਣਨ ਲਈ ਲੰਬਾ ਸਫਰ ਤੈਅ ਕਰਨਾ ਪੈਣਾ ਹੈ।

ਆਲੋਚਕਾਂ ਨੇ ਭਾਰਤੀ ਹਾਕੀ ਟੀਮ ਨੂੰ ਕੋਸਿਆ ਹੈ ਤਾਂ ਪਾਕਿਸਤਾਨੀ ਖਿਡਾਰੀਆਂ ਨੂੰ ਵੀ ਸਾਬਕਾ ਖਿਡਾਰੀਆਂ ਵੱਲੋਂ ਰੱਜ ਕੇ ਨਿੰਦਿਆ ਜਾ ਰਿਹਾ ਹੈ। ਇਹ ਆਲੋਚਨਾ ਕੁੱਝ ਹੱਦ ਤੱਕ ਠੀਕ ਵੀ ਹੋ ਸਕਦੀ ਹੈ। ਕੌਮੀ ਹਾਕੀ ਟੀਮ ਵਿਚ ਦਾਖਲਾ ਪਾਉਣ ਤੋਂ ਪਹਿਲਾਂ ਭਾਰਤੀ ਖਿਡਾਰੀ ਨੂੰ ਜਿਹੜੇ ਹਾਲਾਤ ਵਿਚੋਂ ਗੁਜ਼ਰਨਾ ਪੈਂਦਾ ਹੈ ਉਸ ਤੋਂ ਵਿਸ਼ਵ ਕੱਪ ਜਿੱਤਣ ਦੇ ਸੁਪਨੇ ਨਹੀਂ ਪੂਰੇ ਕੀਤੇ ਜਾ ਸਕਦੇ। ਸਕੂਲ ਪੱਧਰ ਦੀ ਹਾਕੀ ਤੋਂ ਲੈ ਕੇ ਕੌਮੀ ਹਾਕੀ ਤੱਕ ਦੇ ਬਿਖੜੇ ਪੈਂਡੇ ਤੋਂ ਗੁਜ਼ਰਦਿਆਂ ਇਸ ਮੁਲਕ ਦੇ ਖਿਡਾਰੀ ਦੇ ਮਨ ਵਿਚ ਤਮਗਾ ਜਿੱਤਣ ਦੀ ਤਮੰਨਾ ਤੋਂ ਜ਼ਿਆਦਾ ਕਿਸੇ ਵਿਭਾਗ ਵਿਚ ਚੰਗੀ ਨੌਕਰੀ ਹਾਸਲ ਕਰਨ ਦੀ ਲਾਲਸਾ ਵਧ ਝਲਕ ਰਹੀ ਹੁੰਦੀ ਹੈ।

ਵਿਸ਼ਵ ਕੱਪ ਵਿਚ ਚੰਗੀ ਹਾਕੀ ਖੇਡਣ ਨਾਲੋਂ 'ਸਪੀਡ ਅਤੇ ਸਟੈਮਿਨਾ' ਦਾ ਮੁੱਲ ਵੱਧ ਪੈ ਰਿਹਾ ਹੈ। ਭਾਰਤ ਅਤੇ ਪਾਕਿਸਤਾਨ ਵਿਚ ਕਲਾਤਮਿਕ ਹਾਕੀ ਅਜੇ ਵੀ ਜਿਉਂਦੀ ਹੈ ਪਰ ਮੌਜੂਦਾ ਸਿਸਟਮ ਵਿਚ ਇਸ ਤਰ੍ਹਾਂ ਦੀ ਹਾਕੀ ਕਿਸੇ ਕੰਮ ਦੀ ਨਹੀਂ। ਕਲਾਤਮਿਕ ਹਾਕੀ ਦਰਸ਼ਕਾਂ ਦਾ ਮਨੋਰੰਜਨ ਤਾਂ ਕਰ ਸਕਦੀ ਹੈ ਪਰ ਜਿੱਤਣ ਲਈ ਗੋਲਾਂ ਦੀ ਲੋੜ ਹੈ ਜਿਹੜੇ ਸਪੀਡ ਹਾਕੀ ਰਾਹੀਂ ਹੁੰਦੇ ਹਨ। ਆਸਟਰੇਲੀਆ, ਸਪੇਨ, ਨੀਦਰਲੈਂਡ, ਜਰਮਨੀ ਅਤੇ ਇੰਗਲੈਂਡ ਦੇ ਖਿਡਾਰੀਆਂ ਦੇ ਸਟੈਮਿਨੇ ਦੇ ਸਾਹਮਣੇ ਵੀ ਏਸ਼ੀਆਈ ਖਿਡਾਰੀ ਕਾਫੀ ਪਛੜੇ ਹੋਏ ਲੱਗਦੇ ਹਨ। ਭਾਰਤੀ ਹਾਕੀ ਨੂੰ ਸਪੀਡ ਅਤੇ ਸਟੈਮਿਨਾ ਦੇ ਪੱਖੋਂ ਅਮੀਰ ਬਣਾ ਕੇ ਯੂਰੇਸ਼ੀਆ (ਯੂਰਪ+ਏਸ਼ੀਆ) ਹਾਕੀ ਸ਼ੈਲੀ ਦਾ ਸੁਪਨਾ ਦਿਖਾਉਣ ਵਾਲੇ ਕੋਚ ਬਾਰਸਾ ਵੀ ਹੁਣ ਬੇਵੱਸ ਜਾਪਦੇ ਹਨ। ਜਿਹੜੀ ਜ਼ਮੀਨ ਹੀ ਹੁਣ ਹਾਕੀ ਲਈ ਉਪਜਾਊ ਨਹੀਂ ਰਹੀ ਉਥੇ ਚੰਗੀਆਂ ਮਸ਼ੀਨਾਂ ਦਾ ਨਾਅਰਾ ਦੇ ਕੇ ਹਾਕੀ ਇਨਕਲਾਬ ਨਹੀਂ ਆ ਸਕਦਾ। ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ.) ਦੀ ਕੋਸ਼ਿਸ਼ ਸੀ ਕਿ ਭਾਰਤੀ ਹਾਕੀ ਨੂੰ ਬਚਾਉਣ ਲਈ ਇਥੇ ਵਿਸ਼ਵ ਕੱਪ ਕਰਵਾਉਣਾ ਬਹੁਤ ਜ਼ਰੂਰੀ ਹੈ। ਹਾਕੀ ਇੰਡੀਆ ਦੀ ਚੋਣ ਲੋਕਤੰਤਰ ਢੰਗ ਨਾਲ ਸਿਰੇ ਨਾ ਚੜ੍ਹਨ ਦੇ ਬਾਵਜੂਦ ਵਿਸ਼ਵ ਕੱਪ ਦੀ ਮੇਜ਼ਬਾਨੀ ਭਾਰਤ ਕੋਲ ਰਹਿਣੀ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਐਫ.ਆਈ.ਐਚ. ਏਸ਼ੀਆਈ ਖਿੱਤੇ ਦੀ ਡੁੱਬ ਰਹੀ ਹਾਕੀ ਨੂੰ ਬਚਾਉਣ ਲਈ ਚਿੰਤਤ ਹੈ। ਵਿਸ਼ਵ ਕੱਪ ਨੂੰ ਸਪਾਂਸਰ ਕਰਨ ਵਾਲੀ ਕੰਪਨੀ ਹੀਰੋ ਹਾਂਡਾ ਨੇ ਮੁਲਕ ਵਿਚ ਹਾਕੀ ਪ੍ਰਤੀ ਜਨੂੰਨ ਪੈਦਾ ਕਰਨ ਲਈ 'ਫਿਰ ਦਿਲ ਦੇ ਦੋ ਹਾਕੀ ਕੋ' ਨਾਂ ਦੀ ਮੁਹਿੰਮ ਚਲਾਈ ਸੀ ਜਿਸ ਤਹਿਤ ਸਾਰੇ ਮੁਲਕ ਵਿਚ ਵਿਸ਼ਵ ਕੱਪ ਦੀ ਟਰਾਫੀ ਘੁਮਾਉਣ ਤੋਂ ਇਲਾਵਾ ਜੂਨੀਅਰ ਵਰਗ ਦੇ ਹਾਕੀ ਮੈਚ ਵੀ ਕਰਵਾਏ ਗਏ। ਹਾਕੀ ਪ੍ਰੇਮੀਆਂ ਨੇ ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਆਪਣੇ ਦਿਲ ਹਾਕੀ ਨੂੰ ਤਾਂ ਦਿੱਤੇ ਪਰ ਹੁਣ ਉਹ ਹਾਕੀ ਪ੍ਰੇਮੀ ਵੀ ਆਪਣੇ ਆਪ ਨੂੰ ਠੱਗੇ ਗਏ ਮਹਿਸੂਸ ਕਰਦੇ ਹਨ।

# ਫਾਰਐਵਰ ਮਸਾਜਰ 'ਤੇ 10 ਮਿੰਟ ਲਾ ਕੇ ਸਰੀਰ ਦਰੁਸਤ ਰੱਖੋ

ਜਿਮ ਜਾਏ ਬਿਨਾ ਸਿਰਫ ਦਸ ਮਿੰਟ ਮਸ਼ੀਨ 'ਤੇ ਕਸਰਤ ਕਰਕੇ 300 ਕੈਲਰੀਆਂ ਖਰਚ ਕਰੋ ਤੇ ਭਾਰ ਘਟਾਓ। ਹੈ ਨਾ ਕਮਾਲ! ਜੀ ਹਾਂ ਇਹ ਸੱਚ ਹੈ। ਇਕ ਐਸੀ ਫਿਟਨੈਸ ਮਸ਼ੀਨ ਉਪਲਬਧ ਹੈ ਜੋ ਤੁਸੀਂ ਘਰ ਜਾਂ ਦਫਤਰ ਵਿਚ ਰੱਖ ਸਕਦੇ ਹੋ। ਹੁਣ ਤੁਹਾਨੂੰ ਜਿਮ ਜਾਣ ਦੀ ਜਹਿਮਤ ਉਠਾਉਣ ਦੀ ਲੋੜ ਨਹੀਂ। ਇਹ ਮਸ਼ੀਨ ਹੈ "ਕਰੇਜ਼ੀ ਫਿਟ ਮਾਸਟਰ"। ਇਹ ਦਾਅਵਾ ਹੈ ਸ੍ਰੀ ਅਸ਼ੋਕ ਭਗਨਾਰੀ ਦਾ। ਇਸ ਮਸ਼ੀਨ ਬਾਰੇ ਜਾਣਕਾਰੀ ਦਿੰਦਿਆਂ ਅਸ਼ੋਕ ਭਗਨਾਰੀ ਦੱਸਦੇ ਹਨ ਕਿ ਇਹ ਸਪੇਸਏਜ ਮਸ਼ੀਨ ਜਿਸ ਨੂੰ ਹੋਲ ਬਾਡੀ ਮਸਾਜਰ ਵੀ ਕਿਹਾ ਜਾਂਦਾ ਹੈ, ਨਾਸਾ ਅਤੇ ਯੂਰਪੀਅਨ ਸਪੇਸ ਏਜੰਸੀ ਵਲੋਂ ਆਪਣੇ ਪੁਲਾੜ ਵਿਗਿਆਨੀਆਂ ਨੂੰ ਟਰੇਨਿੰਗ ਦੇਣ ਲਈ ਵਰਤੀ ਜਾਂਦੀ ਹੈ। ਇਹ ਮਸ਼ੀਨ ਹੁਣ ਤੁਹਾਡੇ ਲਾਭ ਲਈ ਬਹੁਤ ਹੀ ਵਾਜਬ ਕੀਮਤਾਂ 'ਤੇ ਉਪਲਬਧ ਹੈ।

ਸ੍ਰੀ ਅਸ਼ੋਕ ਭਗਨਾਰੀ ਅਨੁਸਾਰ ਇਸ ਮਸ਼ੀਨ ਦੇ ਅਨੇਕਾਂ ਲਾਭ ਹਨ ਜਿਵੇਂ ਕਿ ਭਾਰ ਘਟਾਉਣਾ, ਖੂਨ ਦਾ ਦੌਰਾ ਦਰੁਸਤ ਕਰਨਾ, ਸੈਲੂਲਾਈਟ ਘਟਾਉਣਾ, ਨਾੜੀ ਤੇ ਤੰਤੂ ਪ੍ਰਬੰਧ ਨੂੰ ਸਹੀ ਕਰਨਾ, ਹਾਜਮਾ ਦਰੁਸਤ ਕਰਨਾ, ਖੂਨ ਦੀ ਡੀਟੌਕਸੀਟੇਸ਼ਨ, ਹੱਡੀਆਂ ਦੀ ਮਜ਼ਬੂਤੀ ਅਤੇ ਜੋੜਾਂ ਦੇ ਦਰਦ ਨੂੰ ਠੀਕ ਕਰਨਾ।

ਵਾਈਬਰੇਸ਼ਨ ਅਤੇ ਮਸਾਜ ਲੱਕ ਅਤੇ ਕੂਲ੍ਹਿਆਂ ਦੇ ਅਣਚਾਹੇ ਫੈਟ ਨੂੰ ਘੱਟ ਕਰਦਾ ਹੈ ਇਸ ਨਾਲ ਚਮੜੀ ਵਿਚ ਨਿਖਾਰ ਆਉਂਦਾ ਹੈ ਅਤੇ ਸਰੀਰ ਸੁਡੌਲ ਰਹਿੰਦਾ ਹੈ। ਇਸ ਤੋਂ ਇਲਾਵਾ ਖੂਨ ਪ੍ਰਣਾਲੀ ਅਤੇ ਹਾਜਮੇ ਵਿਚ ਦਰੁਸਤੀ ਲਿਆਉਂਦਾ ਹੈ। ਉਮਰ ਦੇ ਨਾਲ ਨਾਲ ਕੋਲੈਸਟਰੋਲ ਅਤੇ ਕੈਲਸ਼ੀਅਮ ਨਸਾਂ ਵਿਚ ਜਮਣੇ ਸ਼ੁਰੂ ਹੋ ਜਾਂਦੇ ਹਨ। ਇਸ ਨਾਲ ਨਸਾਂ ਦੇ ਅੰਦਰ ਖੂਨ ਦੇ ਲੰਘਣ ਦਾ ਰਸਤਾ ਰੁਕਣ ਲਗਦਾ ਹੈ ਜਿਸ ਨਾਲ ਖੂਨ ਦਾ ਦਬਾਓ ਵਧਦਾ ਹੈ, ਅਨੇਕਸੀਮੀਆ ਅਤੇ ਕੋਰੋਨਰੀ ਵਰਗੀ ਦਿਲ ਦੀ ਬਿਮਾਰੀ ਹੋ ਸਕਦੀ



ਹੈ। ਕਰੇਜ਼ੀ ਫਿਟਨੈਸ ਦੀ ਵਾਈਬਰੇਸ਼ਨ ਯਾਨਿ ਕੰਬਣੀ ਖੂਨ ਦਾ ਦੌਰਾ ਵਧਾਉਂਦੀ ਹੈ ਜਿਸ ਨਾਲ ਨਸਾਂ ਖੁਲ੍ਹਦੀਆਂ ਹਨ ਅਤੇ ਅਣਚਾਹੇ ਮਾਦੇ ਵਧੇ ਹੋਏ ਹਾਜਮੇ ਜਾਂ ਮੈਟਾਬੋਲਿਜ਼ਮ ਰਾਹੀਂ ਖਤਮ ਹੋ ਜਾਂਦੇ ਹਨ।

ਨਸਾਂ ਵਿਚ ਖੂਨ ਦੇ ਬਿਹਤਰ ਦੌਰੇ ਨਾਲ ਸੈਲੂਲਾਈਟ ਖੁਰਦਾ ਹੈ। ਇਸ ਨਾਲ ਅੰਤੜੀਆਂ ਵਧੇਰੇ ਕਾਰਜਸ਼ੀਲ ਹੁੰਦੀਆਂ ਹਨ। ਪ੍ਰਾਚੀਨ ਚੀਨੀ ਚਿਕਿਤਸਾ ਪ੍ਰਣਾਲੀ ਅਨੁਸਾਰ ਨਿਰਧਾਰਤ ਨੁਕਤਿਆਂ 'ਤੇ ਮਸਾਜ ਕਰਨ ਨਾਲ ਕਬਜ਼ ਤੋੜਨ ਵਿਚ ਵੀ ਮਦਦ ਮਿਲਦੀ ਹੈ।

**ਨਿਊਰਲ ਸਿਸਟਮ ਨੂੰ ਥਾਂ ਸਿਰ ਰੱਖਣਾ:** ਨਸਾਂ ਦੇ ਸੈਲਾਂ ਦੀ ਕੰਡਕਟੀਵਿਟੀ ਵਿਚ ਸੁਧਾਰ ਅਤੇ ਨਿਊਰਲ ਸਿਸਟਮ ਨੂੰ ਨਿਯਮਤ ਰੱਖਣ ਨਾਲ ਨਿਊਰੋ ਸਿੰਥੈਟਿਕ ਜੋ ਕਿ ਇਕ ਐਸੀ ਬਿਮਾਰੀ ਹੈ ਜਿਸ ਨਾਲ ਕਮਜ਼ੋਰੀ, ਘਟਦੀ ਯਾਦਦਾਸ਼ਤ ਅਤੇ ਸਰੀਰਕ ਦਰਦ ਉਪਜਦੇ ਹਨ, ਨੂੰ ਦੂਰ ਰੱਖਣ ਵਿਚ ਮਦਦ ਮਿਲਦੀ ਹੈ। ਇਸ ਬਿਮਾਰੀ ਨੂੰ ਪਹਿਲਾਂ ਨਸਾਂ ਦੀ ਥਕਾਵਟ ਦਾ ਨਤੀਜਾ ਸਮਝਿਆ ਜਾਂਦਾ ਸੀ।

**ਸਰੀਰ ਨੂੰ ਚੁਸਤ-ਫੁਰਤ ਬਣਾਉਣ ਅਤੇ ਭਾਰ ਘਟਾਉਣ ਵਿਚ ਮਦਦ:** ਇਸ ਮਸਾਜਰ ਨਾਲ ਹਾਜਮਾ ਬਿਹਤਰ ਹੁੰਦਾ ਹੈ ਅਤੇ ਭਾਰ ਘਟਾਉਣ ਵਿਚ ਮਦਦ ਮਿਲਦੀ ਹੈ। ਸੈਲੂਲਾਈਟ ਦੀ ਪੈਦਾਇਸ਼ ਘਟਦੀ ਹੈ ਅਤੇ ਪੱਠੇ ਮਜ਼ਬੂਤ ਹੁੰਦੇ ਹਨ।

**ਡੀਟੌਕਸੀਕੇਸ਼ਨ:** ਮਸਾਜਰ 'ਤੇ ਸਿਰਫ 10 ਮਿੰਟ ਲਾਉਣ ਨਾਲ ਖੂਨ ਵਿਚਲੇ ਬੇਲੋੜੇ ਸੈਲਾਂ ਨੂੰ ਖਾਰਜ ਕਰਕੇ ਨਸਾਂ ਦੀ ਸਫਾਈ ਹੁੰਦੀ ਹੈ। ਇਸ ਨਾਲ ਸਰੀਰ ਨੂੰ ਕਈ ਤਰ੍ਹਾਂ ਦੀਆਂ ਹੋਣ ਵਾਲੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।

**ਹੱਡੀਆਂ ਦੀ ਮਜ਼ਬੂਤੀ:** ਸ੍ਰੀ ਅਸ਼ੋਕ ਭਗਨਾਰੀ ਦਾ ਦਾਅਵਾ ਹੈ ਕਿ ਇਸ ਮਸ਼ੀਨ 'ਤੇ ਕਸਰਤ ਕਰਕੇ ਹੱਡੀਆਂ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ ਅਤੇ ਖਾਸ ਕਰਕੇ ਔਰਤਾਂ ਹੱਡੀਆਂ ਦੇ ਖੁਰਨ (ਓਸਟਿਓਪੋਰੋਸਿਸ) ਤੋਂ ਬਚ ਸਕਦੀਆਂ ਹਨ। ਸ੍ਰੀ ਭਗਨਾਰੀ ਕਹਿੰਦੇ ਹਨ ਕਿ ਹਰ ਰੋਜ਼ ਸਿਰਫ 10 ਮਿੰਟ ਦੇ ਤਿੰਨ ਸੈਸ਼ਨ ਜਿਮ ਵਿਚ ਦੋ ਘੰਟਿਆਂ ਦੀ ਜ਼ੋਰਦਾਰ ਵਰਜਿਸ਼ ਦੇ ਬਰਾਬਰ ਹਨ ਅਤੇ ਉਹ ਵੀ ਬਿਨਾ ਜੋੜਾਂ ਦੇ ਕਿਸੇ ਖਿਚਾਓ ਜਾਂ ਦਿਲ ਦੇ ਦਰਦ ਤੋਂ, ਕਿਉਂਕਿ ਵਾਈਬਰੇਟਿੰਗ ਪੱਤੀ ਰਫਤਾਰ ਹੌਲੀ ਹੌਲੀ ਯਾਨਿ 1-50 ਤੱਕ ਲੈਵਲ ਫੜਦੀ ਹੈ।

ਕਮਾਲ ਇਹ ਹੈ ਕਿ ਸਰੀਰ ਦੀਆਂ ਵਾਈਬਰੇਸ਼ਨਜ਼ ਇਹ ਕਮਾਲ ਕਰ ਸਕਦੀਆਂ ਹਨ। ਯਕੀਨ ਨਹੀਂ ਆਉਂਦਾ ਪਰ ਇਹ ਸੱਚ ਹੈ। ਤੁਹਾਨੂੰ ਇਕ ਹਫਤੇ ਵਿਚ ਤਿੰਨ ਵਾਰ ਪੰਜ ਤੋਂ ਦਸ ਮਿੰਟਾਂ ਦੇ ਸੈਸ਼ਨ ਵਿਚ ਹੀ ਨਤੀਜੇ ਮਿਲ ਜਾਂਦੇ ਹਨ। ਸ੍ਰੀ ਭਗਨਾਰੀ ਦਾ ਕਹਿਣਾ ਹੈ ਕਿ ਇਸ ਮਸ਼ੀਨ ਦਾ ਲਾਭ ਉਠਾ ਕੇ ਟੋਰਾਂਟੋ ਦੀ ਸ੍ਰੀਮਤੀ ਸ਼ਰਨਜੀਤ ਕੌਰ ਨੇ ਸਿਰਫ 3 ਹਫਤਿਆਂ ਵਿਚ 15 ਪੌਂਡ ਭਾਰ ਘਟਾਇਆ।

ਉਨ੍ਹਾਂ ਦਾ ਕਹਿਣਾ ਹੈ ਕਿ ਸਮੁਚੇ ਸਰੀਰ ਦੀ ਵਾਈਬਰੇਸ਼ਨ ਜੋੜਾਂ 'ਤੇ ਸਹਿਜ ਰਹਿੰਦੀ ਹੈ। ਸਰੀਰ ਨੂੰ ਸੁਡੌਲ ਬਣਾਉਂਦੀ ਹੈ। ਖੂਨ ਦੇ ਦੌਰੇ ਵਿਚ ਸੁਧਾਰ ਕਰਦੀ ਹੈ ਜਿਸ ਨਾਲ ਪੱਠਿਆਂ ਵਿਚੋਂ ਟੌਕਸਿਨ ਨਿਕਲ ਜਾਂਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਕਰੇਜ਼ੀ ਫਿਟ ਮਸਾਜ ਕਸਰਤ ਬਾਰੇ ਤੁਹਾਡੀ ਸੋਚ ਬਦਲ ਦਏਗਾ। ਤੁਹਾਡਾ ਸਰੀਰ ਇਸ ਦਾ ਸਬੂਤ ਦੇਵੇਗਾ। ਇਸ ਦੀ ਲਗਾਤਾਰ ਵਰਤੋਂ ਨਾਲ ਤੁਹਾਡੇ ਸਰੀਰ ਵਿਚ ਤਾਕਤ ਆਵੇਗੀ ਕਿਉਂਕਿ ਤੁਹਾਡਾ ਹਾਜਮਾ ਬਿਹਤਰ ਹੋ ਜਾਂਦਾ ਹੈ। ਇਹ ਵਾਕਿਆ ਹੀ ਸਿਹਤ ਅਤੇ ਤੰਦਰੁਸਤੀ ਦਾ ਸੁਮੇਲ ਹੈ। ਸ੍ਰੀ ਭਗਨਾਰੀ ਦਾ ਇਹ ਵੀ ਕਹਿਣਾ ਹੈ ਕਿ ਡਾਇਬਟੀਜ਼ ਅਤੇ ਅਰਥਰਾਇਟਸ ਦੇ ਮਰੀਜ਼ਾਂ ਲਈ ਕਰੇਜ਼ੀ ਫਿਟਨੈਸ ਦੀ ਕਸਰਤ ਬੇਹਦ ਲਾਹੇਵੰਦ ਹੈ ਕਿਉਂਕਿ ਇਹ ਹਾਜਮੇ ਅਤੇ ਹੱਡੀਆਂ ਨੂੰ ਮਜ਼ਬੂਤੀ ਦਿੰਦੀ ਹੈ। ਉਨ੍ਹਾਂ ਕਿਹਾ ਕਿ ਵੈਨਕੂਵਰ ਤੋਂ ਸਾਡੇ ਇਕ ਗਾਹਕ ਅਮਰਿੰਦਰ ਸਿੰਘ ਦਾ ਬਲੱਡ ਸ਼ੂਗਰ ਲੈਵਲ 10.2 ਤੋਂ ਘਟ ਕੇ 6.2 ਰਹਿ ਗਿਆ ਅਤੇ ਉਹ ਵੀ ਦੋ ਮਹੀਨੇ ਦੇ ਅੰਦਰ। ਰੀਹੈਬ ਐਕਸਪਰਟ ਕਸਰਤ ਕਰਾਉਣ ਵਾਲੇ ਫਿਜ਼ੀਓਲੋਜਿਸਟ ਅਤੇ ਸਰੀਰ ਵਿਗਿਆਨ ਦੇ ਡਾਕਟਰ ਇਸ ਮਸ਼ੀਨ ਦੇ ਫਾਇਦਿਆਂ ਦੀ ਤਸਦੀਕ ਕਰਦੇ ਹਨ। ਹੋਰ ਜਾਣਕਾਰੀ ਵੈਬ ਸਾਈਟ www.myforeverfit.com ਤੋਂ ਹਾਸਲ ਕੀਤੀ ਜਾ ਸਕਦੀ ਹੈ। ਇਸ ਮਸ਼ੀਨ ਦੇ ਅੱਠ ਵੱਖੋ ਵੱਖ ਮਾਡਲ ਹਨ ਜੋ ਕਿ 1.0 ਐਚ ਪੀ ਤੋਂ 2.5 ਐਚ ਪੀ ਦੀ ਰੇਂਜ ਵਿਚ ਹਨ। ਉਤਰੀ ਅਮਰੀਕਾ ਵਿਚ ਇਸ ਤਰ੍ਹਾਂ ਦੀ ਇਹ ਸਭ ਤੋਂ ਤਾਕਤਵਰ ਮਸ਼ੀਨ ਹੈ। ਇਹ ਮਸ਼ੀਨਾਂ ਕੁਆਲਿਟੀ ਦਾ ਪੂਰਾ ਧਿਆਨ ਰੱਖ ਕੇ ਕੈਨੇਡਾ ਵਿਚ ਅਸੈਂਬਲ ਕੀਤੀਆਂ ਜਾਂਦੀਆਂ ਹਨ। ਇਹ ਮਸ਼ੀਨਾਂ ਕੁਆਲਿਟੀ ਪੱਖੋਂ ਪ੍ਰਮਾਣਿਤ ਹਨ। ਮਸ਼ੀਨਾਂ ਅਸੈਂਬਲ ਕਰਨ ਵਿਚ ਸਰਲ ਹਨ ਅਤੇ ਇਨ੍ਹਾਂ ਬਾਰੇ ਪੂਰੀ ਜਾਣਕਾਰੀ ਨਾਲ ਦਿੱਤੀ ਜਾਂਦੀ ਹੈ।

ਸ੍ਰੀ ਅਸ਼ੋਕ ਭਗਨਾਰੀ ਨੇ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਦੀ ਨੁਮਾਇਸ਼ 13 ਅਤੇ 14 ਮਾਰਚ ਨੂੰ ਸੈਨ ਫਰਾਂਸਿਸਕੋ, ਬੇ-ਏਰੀਆ ਵਿਚ ਹੋਟਲ ਹਿਲਟਨ, ਨਿਊਆਰਕ/ਫਰੀਮਾਂਟ (39900 ਬੈਲਟਲਾਈਨ ਡਰਾਈਵ, ਫਰੀਵੇ 818 ਅਤੇ ਸਟੀਵਨਸਨ ਬੁਲੇਵਾਰਡ) ਵਿਚ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਲਾਈ ਜਾ ਰਹੀ ਹੈ। ਹਰ ਮਸ਼ੀਨ 'ਤੇ 500 ਡਾਲਰ ਦਾ ਡਿਸਕਾਊਂਟ ਦਿੱਤਾ ਜਾਵੇਗਾ। ਮਸ਼ੀਨ ਪਰਖ ਕੇ ਖਰੀਦੀ ਜਾ ਸਕਦੀ ਹੈ। ਹੋਰ ਜਾਣਕਾਰੀ ਫੋਨ 1-866-979-2348 ਜਾਂ 925-339-4495 ਤੋਂ ਲਈ ਜਾ ਸਕਦੀ ਹੈ।

ਰੰਗ-ਬੇਰੰਗ

# ਮੇਰੇ ਪਿੰਡ ਦੀ ਨੁਹਾਰ

ਹਰ ਪਿੰਡ ਦੂਸਰੇ ਪਿੰਡਾਂ ਵਰਗਾ ਹੀ ਹੁੰਦਾ ਹੈ। ਪਿੰਡਾਂ ਦੀ ਨੁਹਾਰ, ਉਨ੍ਹਾਂ ਦਾ ਸਭਿਆਚਾਰ ਅਤੇ ਹੋਰ ਗੱਲਾਂ ਮਿਲਦੀਆਂ-ਜੁਲਦੀਆਂ ਹੀ ਹੁੰਦੀਆਂ ਹਨ ਜਿਵੇਂ ਪੰਜਾਬ ਦਾ ਸਭਿਆਚਾਰ ਸਿਰਫ਼ ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਵਿਚ ਹੀ ਤਸਲੀਮ ਕਰ ਲਿਆ ਜਾਂਦਾ ਹੈ। ਇਸ ਲਈ ਕੋਈ ਪਾਠਕ ਇਹ ਵੀ ਸੋਚ ਸਕਦਾ ਹੈ ਕਿ ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ ''ਮੇਰਾ ਪਿੰਡ'' ਪੜ੍ਹਨ ਤੋਂ ਬਾਅਦ ਪਿੰਡ ਬਾਰੇ ਹੋਰ ਪੜ੍ਹਨ ਜਾਂ ਲਿਖਣ ਦੀ ਕੀ ਲੋੜ ਹੈ? ਮੈਂ ਕੋਈ ਰਸੂਲ ਹਮਜ਼ਾਤੋਵ ਵੀ ਨਹੀਂ ਹਾਂ ਕਿ ''ਮੇਰਾ ਦਾਗਿਸਤਾਨ'' ਲਿਖ ਦੇਵਾਂ। ਇਸ ਸਭ ਦੇ ਬਾਵਜੂਦ ਮੈਂ ਆਪਣੇ ਪਿੰਡ ਬਾਰੇ ਲਿਖਣਾ



ਡਾ. ਗੁਰਨਾਮ ਕੌਰ

ਡਾ. ਗੁਰਨਾਮ ਕੌਰ*

ਚਾਹੁੰਦੀ ਹਾਂ ਜਿਥੋਂ ਮੈਨੂੰ ਸਿੱਖੀ ਦੀ ਜਾਗ ਲੱਗੀ। ਨਾ ਮੈਂ ਕੋਈ ਮਸ਼ਹੂਰ ਹਸਤੀ ਹਾਂ ਨਾ ਮੇਰਾ ਪਿੰਡ ਹੀ ਬਹੁਤ ਮਸ਼ਹੂਰ ਹੈ ਫਿਰ ਵੀ ਉਹ ਮੇਰਾ ਪਿੰਡ ਹੈ ਤੇ ਮੈਂ ਉਸ ਦੀਆਂ ਅਨੇਕਾਂ ਧੀਆਂ ਵਿਚੋਂ ਇਕ ਧੀ। ਮੈਨੂੰ ਆਪਣੇ ਪੇਕੇ ਪਿੰਡ 'ਤੇ ਮਾਣ ਵੀ ਹੈ। ਮੇਰੇ ਹੱਥ ਵਿਚ ਕਲਮ ਹੈ ਤਾਂ ਮੈਂ ਕਿਉਂ ਨਾ ਲਿਖਾਂ? ਮੇਰਾ ਪਿੰਡ ਮੇਰੇ ਅਤੇ ਪਿੰਡ ਵਾਸੀਆਂ ਲਈ ਖ਼ਾਸ ਅਹਿਮੀਅਤ ਰੱਖਦਾ ਹੈ ਅਤੇ ਬਹੁਤ ਹੀ ਪਵਿੱਤਰ ਹੈ।

ਇਤਿਹਾਸਕਾਰਾਂ ਅਨੁਸਾਰ ਇਸ ਨੂੰ ਦੋ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀ ਚਰਨ-ਛੂਹ ਪ੍ਰਾਪਤ ਹੈ। ਗੁਰੂਆਂ ਦੀ ਯਾਦ ਵਿਚ ਗੁਰਦੁਆਰਾ ਅਟਾਰੀ ਸਾਹਿਬ ਬਣਿਆ ਹੋਇਆ ਹੈ। ਇਥੇ ਹਰ ਸਾਲ 'ਸਿੰਘ ਸਭਾ' ਸਾਲਾਨਾ ਜੋੜ ਮੇਲਾ ਲਗਦਾ ਹੈ। ਇਸਦਾ ਜ਼ਿਕਰ ਫਿਰ ਕਰਾਂਗੇ। ਮੇਰੇ ਪਿੰਡ ਨੇ ''ਓਝਾ'' ਭਰਾਵਾਂ ਦੇ ਰੂਪ ਵਿਚ ਜਿੰਨੇ ਆਈ.ਏ.ਐਸ. ਅਫ਼ਸਰ ਦਿੱਤੇ ਹਨ ਹੋਰ ਕਿਸੇ ਪਿੰਡ ਨੇ ਨਹੀਂ ਦਿੱਤੇ। ਸਭ ਤੋਂ ਵੱਡਾ ਭਰਾ ਅਛਰੂ ਰਾਮ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ, ਉਸਤੋਂ ਛੋਟਾ ਪਦਮਨਾਭ ਬੈਂਕ ਵਿਚ ਉੱਚੀ ਪਦਵੀਂ 'ਤੇ ਅਤੇ ਤਿੰਨੇ ਛੋਟੇ ਆਈ.ਏ.ਐਸ. ਸ੍ਰੀ ਬੀ.ਐਸ. ਓਝਾ, ਸ੍ਰੀ ਆਰ.ਪੀ. ਓਝਾ ਅਤੇ ਸ੍ਰੀ ਵੀ.ਐਨ. ਓਝਾ। ਹੁਣ ਤੱਕ ਸ਼ਾਇਦ ਉਨ੍ਹਾਂ ਦੇ ਬੱਚੇ ਵੀ ਆਈ.ਏ.ਐਸ. ਬਣ ਗਏ ਹੋਣਗੇ। ਮੇਰੇ ਪਿੰਡ ਨੇ ਬੈਂਕ ਦੇ ਜਨਰਲ ਮੈਨੇਜਰ, ਇੰਜੀਨੀਅਰ, ਡਾਕਟਰ ਅਤੇ ਖਿਡਾਰੀ ਵੀ ਸਮਾਜ ਨੂੰ ਦਿੱਤੇ ਹਨ। ਇਸ ਪਿੰਡ ਦੀ ਪਹਿਲੀ ਪੀ.ਐਚ.ਡੀ. ਧੀ ਮੈਂ ਆਪ ਹਾਂ। ਇਹ ਤੱਥ ਆਮ ਵੀ ਹੋ ਸਕਦੇ ਹਨ ਪਰ ਮੈਨੂੰ ਇਹ ਖ਼ਾਸ ਲਗਦੇ ਨੇ ਕਿਉਂਕਿ ਇਹ ਮੇਰੇ ਪਿੰਡ ਨਾਲ ਜੁੜੇ ਹੋਏ ਹਨ।

ਬਹੁਤ ਪੁਰਾਣੀ ਗੱਲ ਹੈ ਸ਼ਾਇਦ 1954-55 ਦੀ ਜਦੋਂ ਹਾਲੇ ਗੁਰਮੁਖੀ ਅੱਖਰ ਪੜ੍ਹਨੇ-ਲਿਖਣੇ ਸਿੱਖੇ ਹੀ ਸਨ। ਸਾਡੇ ਪਿੰਡ ਚੌਥੀ ਤੱਕ ਦਾ ਪ੍ਰਾਇਮਰੀ ਸਰਕਾਰੀ ਸਕੂਲ ਦਸੰਬਰ 1953 ਵਿਚ ਖੁਲ੍ਹਿਆ ਸੀ। ਸਾਨੂੰ ਸਕੂਲ ਵਿਚ ਚਾਰ ਕੁ ਪੰਨੇ ਛਪਿਆ ਹੋਇਆ ਕਿਤਾਬਚਾ ਵੰਡਿਆ ਗਿਆ ਜਿਸ ਤੇ ''ਕਰਤਾ ਮਾਸਟਰ ਸਰਵਣ ਸਿੰਘ'' ਲਿਖਿਆ ਹੋਇਆ ਸੀ। ਮਾਸਟਰ ਸਰਵਣ ਸਿੰਘ ਉਸ ਵੇਲੇ ਲੁਧਿਆਣੇ ਦੇ ਕਿਸੇ ਸਕੂਲ ਵਿਚ ਪੜ੍ਹਾਉਂਦੇ ਸਨ। ਸਾਡੇ ਪਿੰਡ ਦੇ ਉਸ ਵੇਲੇ ਵੀ ਦੋ ਅਧਿਆਪਕ ਹੁੰਦੇ ਸਨ ਮਾਸਟਰ ਸਰਵਣ ਸਿੰਘ ਅਤੇ ਸ਼ਾਸਤਰੀ ਬਲਦੇਵ ਰਾਜ (ਜਾਂ ਸ਼ਾਇਦ ਕੁਮਾਰ) ਜੋ ਸੰਘੋਲ ਦੇ ਹਾਈ ਸਕੂਲ ਵਿਚ ਅਧਿਆਪਕ ਸਨ। ਉਸ ਕਿਤਾਬਚੇ ਵਿਚ ਇਕ ਕਵਿਤਾ ਸਾਡੇ ਪਿੰਡ ਘੁੰਗਰਾਲੀ ਬਾਰੇ ਸੀ। ਸਾਰੀ ਕਵਿਤਾ ਤਾਂ ਹੁਣ ਯਾਦ ਨਹੀਂ ਪਰ ਉਸ ਦੀਆਂ ਕੁਝ ਪੰਕਤੀਆਂ ਅੱਜ ਵੀ ਮੇਰੇ ਮਨ 'ਤੇ ਉਕਰੀਆਂ ਹੋਈਆਂ ਹਨ:

ਪੱਕਾ ਦਰਵਾਜ਼ਾ ਅੱਗੇ ਹੈ ਫਰੰਟ ਜੀ।  
ਸ਼ਿਵਾ ਦਾ ਹੈ ਮੰਦਰ ਰਹਿੰਦੇ ਸਾਧੂ ਸੰਤ ਜੀ।  
ਵੱਜੇ ਘੜਿਆਲ ਹੁੰਦਾ ਮਸ਼ਾਹੂਰ ਜੀ।  
ਗੁਰੂ ਦੀ ਅਟਾਰੀ ਹਲਟੀ ਹੈ ਵੱਗਦੀ।  
ਆਸਾ ਜੀ ਦੀ ਵਾਰ ਤੜਕੇ ਤੋਂ ਲੱਗਦੀ।  
ਲੱਗਦਾ ਦੀਵਾਨ ਵਰਸੇਂਦਾ ਨੂਰ ਜੀ।  
ਪਿੰਡ ਘੁੰਗਰਾਲੀ ਬੜਾ ਮਸ਼ਾਹੂਰ ਜੀ।

ਕਵੀ ਨੇ ਬੜੇ ਸਾਦੇ ਲਫਜ਼ਾਂ ਵਿਚ ਪਿੰਡ ਪ੍ਰਤੀ ਆਪਣੇ ਮੋਹ ਦੀਆਂ ਭਾਵਨਾਵਾਂ ਉਜਾਗਰ ਕੀਤੀਆਂ ਹਨ। ਪਿੰਡ ਘੁੰਗਰਾਲੀ ਲੁਧਿਆਣੇ ਜ਼ਿਲੇ ਦੀ ਸਮਰਾਲਾ ਤਹਿਸੀਲ ਦਾ, ਸਮਰਾਲਾ-ਚੰਡੀਗੜ੍ਹ ਸੜਕ ਦੇ ਨਾਲ ਕੋਟਲਾ ਸ਼ਮਸ਼ਪੁਰ ਤੋਂ ਚਾਰ ਕੁ ਫਰਲਾਂਗ ਦੀ ਦੂਰੀ 'ਤੇ ਹੈ। ਘੁੰਗਰਾਲੀ ਦੇ ਖੇਤ ਕੋਟਲਾ ਸ਼ਮਸ਼ਪੁਰ ਵਿਚ ਆ ਵੜਦੇ ਹਨ। ਮੈਂ ਗੱਲ ਉੱਥੋਂ ਹੀ ਸ਼ੁਰੂ ਕਰਨੀ ਹੈ ਜਿਥੋਂ ਮਾਸਟਰ ਸਰਵਣ ਸਿੰਘ ਨੇ ਕੀਤੀ ਸੀ। ਪਿੰਡ ਦੇ ਮੁੱਖ ਦੁਆਰ ਨੂੰ ਦਰਵਾਜ਼ਾ ਕਹਿੰਦੇ ਹਨ। ਇਹ ਦਰਵਾਜ਼ੇ ਵੱਡੇ ਪਿੰਡਾਂ ਵਿਚ ਬਣੇ ਹੁੰਦੇ ਸਨ। ਬਹੁਤ ਵੱਡੇ ਪਿੰਡਾਂ ਵਿਚ ਇੱਕ ਤੋਂ ਵੱਧ ਵੀ ਹੁੰਦੇ ਸੀ ਜਿਵੇਂ ਸਮਰਾਲਾ ਦੇ ਹੀ ਇਕ ਪਿੰਡ ਉਟਾਲਾਂ ਦੇ। ਪਟਿਆਲਾ ਸ਼ਹਿਰ ਵੀ ਦਰਵਾਜ਼ਿਆਂ ਵਾਲਾ ਸ਼ਹਿਰ ਹੈ ਜਿਸ ਦੇ ਸਰਹੰਦੀ ਗੇਟ, ਲਾਹੌਰੀ ਗੇਟ, ਨਾਭਾ ਗੇਟ, ਸਮਾਣਾ ਗੇਟ, ਉਸਮਾਨੀਆਂ ਗੇਟ, ਸ਼ੇਰਾਂ ਵਾਲਾ ਗੇਟ ਆਦਿ ਮਸ਼ਹੂਰ ਹਨ।

ਸਾਡੇ ਪਿੰਡ ਦਾ ਮੁੱਖ ਦੁਆਰ ਯਾਨਿ ਦਰਵਾਜ਼ਾ ਪੱਕਾ ਬਣਿਆ ਹੋਇਆ ਸੀ। ਇਸ ਦਰਵਾਜ਼ੇ ਦਾ ਰਸਤਾ ਢਲਵਾਣ ਵਾਲਾ ਸੀ। ਪਿੰਡ ਵਾਲਾ ਪਾਸਾ ਉੱਚਾ ਅਤੇ ਬਾਹਰ ਵਲ ਨੂੰ ਨੀਵਾਂ। ਦਰਵਾਜ਼ੇ ਦੇ ਮੁੱਖ ਦੁਆਰ 'ਤੇ ਦੋਵੇਂ ਪਾਸੇ ਵੱਡੀਆਂ ਵੱਡੀਆਂ ਚੌਂਕੜੀਆਂ (ਚੌਂਤਰੇ) ਬਣੇ ਹੋਏ ਸਨ। ਦਰਵਾਜ਼ੇ ਦਾ ਮੱਥਾ ਬਹੁਤ ਉੱਚਾ ਸੀ ਜਿਸ ਉਪਰ ਅਤੇ ਸੱਜੇ-ਖੱਬੇ ਚੂਨੇ ਨਾਲ ਮੂਰਤਸਾਜ਼ੀ ਕੀਤੀ ਹੋਈ ਸੀ। ਛੱਜੇ ਦੇ ਅੰਦਰਲੇ ਪਾਸੇ ਛੱਤ ਉਤੇ ਛੱਜੇ ਦੇ ਨਾਲ ਨਾਲ ਲੰਬੀ ਕਤਾਰ ਵਿਚ ਬੈਂਚਨੁਮਾ ਵੱਡਾ ਥੜ੍ਹਾ ਬਣਿਆ ਹੋਇਆ ਸੀ ਜਿਸ ਉਤੇ ਚੜ੍ਹ ਕੇ ਕਦੇ ਕੁੜੀਆਂ-ਚਿੜੀਆਂ ਪਿੰਡ ਢੁਕਣ ਵਾਲੀ ਜੰਞ ਨੂੰ ਦੇਖਦੀਆਂ ਹੁੰਦੀਆਂ ਸਨ। ਹਰ ਜੰਞ ਪਹਿਲਾਂ ਦਰਵਾਜ਼ੇ ਹੀ ਢੁੱਕਦੀ ਹੁੰਦੀ ਸੀ ਅਤੇ ਢੁਕਾ ਕਰਦੀ ਸੀ। ਢੁਕਾ ਜੰਞ ਵਲੋਂ ਕੀਤੀ ਪੈਸਿਆਂ ਦੀ ਸੋਟ ਨੂੰ ਕਹਿੰਦੇ ਹਨ। ਕਈ ਵਾਰ ਘੋੜੀ 'ਤੇ ਬੈਠਾ ਢੁਕਾ ਕਰ ਰਿਹਾ ਕੋਈ ਮਨਚਲਾ ਬਰਾਤੀ ਪੈਸਿਆਂ ਦੀਆਂ ਮੁੱਠਾਂ ਕੁੜੀਆਂ ਵਲ ਸੁੱਟ ਦਿੰਦਾ ਸੀ ਜੋ ਕਈਆਂ ਦੇ ਮੱਥੇ ਵਿਚ ਵੱਜਦੇ। ਉਦੋਂ ਤਾਂਬੇ ਦੇ ਡੱਬਲੀ ਪੈਸੇ ਦੇ ਸਿੱਕੇ ਅਤੇ ਇਕ ਰੁਪਏ ਦੇ ਚਿੱਟੀ ਧਾਤ ਦੇ ਸਿੱਕੇ ਬੜੇ ਭਾਰੇ ਹੁੰਦੇ ਸਨ। ਜੰਞ ਆਮ ਤੌਰ 'ਤੇ ਰੱਥ, ਗੱਡੀਆਂ, ਊਠਾਂ ਅਤੇ ਘੋੜੀਆਂ 'ਤੇ ਆਉਂਦੀ ਸੀ। ਸਾਮਾਨ (ਜੰਞ ਦੇ ਕਪੜਿਆਂ ਦੇ ਲੋਹੇ ਦੇ ਬਕਸੇ ਜਾਂ ਟਰੰਕ) ਗੱਡੇ 'ਤੇ ਲੱਦੇ ਹੁੰਦੇ ਸੀ। ਬੱਸਾਂ 'ਤੇ ਆਉਣ ਦਾ ਰਿਵਾਜ਼ ਕਾਫੀ ਲੇਟ ਸ਼ੁਰੂ ਹੋਇਆ। ਪੁਰਾਣਾ ਦਰਵਾਜ਼ਾ ਢਾਹ ਕੇ ਹੁਣ ਇਸਨੂੰ ਹੋਰ ਵੀ ਸ਼ਾਨਦਾਰ ਬਣਾ ਦਿੱਤਾ ਗਿਆ ਹੈ। ਚੌਂਤਰੇ-ਚੌਂਕੜੀਆਂ 'ਤੇ ਚਿਪਸ ਲੱਗ ਗਿਆ ਹੈ ਪਰ ਨਾਲ ਹੀ ਪੁਰਾਣੀ ਮੂਰਤਸਾਜੀ ਵੀ ਖਤਮ ਹੋ ਗਈ ਹੈ ਉਵੇਂ ਹੀ ਜਿਵੇਂ ਕਾਰਸੇਵਾ ਵਾਲੇ ਬਾਬਿਆਂ ਨੇ ਗੁਰਦੁਆਰਿਆਂ ਵਿਚੋਂ ਇਤਿਹਾਸਕ ਯਾਦਗਾਰਾਂ ਖਤਮ ਕਰ ਦਿੱਤੀਆਂ ਹਨ।



ਦਰਵਾਜ਼ੇ ਦੇ ਸਾਹਮਣੇ ਰਸਤਾ ਛੱਡ ਕੇ ਬਹੁਤ ਵੱਡਾ ਬੋਹੜ ਦਾ ਦਰਖਤ ਸੀ। ਉਸਤੋਂ ਅੱਗੇ ਪਿੰਡ ਦਾ ਪਾਣੀ ਟੋਭੇ ਵਿਚ ਪਾਉਣ ਦਾ ਰਾਹ ਹੈ ਅਤੇ ਸਾਹਮਣੇ ਸ਼ਿਵਦੁਆਲਾ, ਜਿਸ ਦੀ ਪਿੰਡ ਵਲ ਪਿੱਠ ਹੈ ਅਤੇ ਚੜ੍ਹਦੇ ਸੂਰਜ ਵਲ ਮੂੰਹ ਹੈ। ਸ਼ਿਵਦੁਆਲੇ ਦੇ ਬਰਾਬਰ ਖੂਹ ਸੀ। ਕਿਸੇ ਜ਼ਮਾਨੇ ਵਿਚ ਇਸ ਖੂਹ ਤੇ ਦਰਖਤਾਂ ਅਤੇ ਫੁੱਲ-ਬੂਟਿਆਂ ਦੀ ਬਹੁਤ ਰੌਣਕ ਸੀ। ਮੁੱਖ ਦੁਆਰ ਦੇ ਸਾਹਮਣੇ ਇਕ ਕੋਠੜੀਨੁਮਾ ਕਮਰਾ ਸੀ ਜਿਸ ਵਿਚ ਕੋਈ ਨਾ ਕੋਈ ਸਾਧ-ਸੰਤ ਟਿਕਿਆ ਰਹਿੰਦਾ ਸੀ। ਕਿਸੇ ਜ਼ਮਾਨੇ ਵਿਚ ਸ਼ਿਵਦੁਆਲੇ ਦਾ ਇਹ ਖੂਹ ਨਿਆਈਂ ਦੇ ਖੇਤ ਅਤੇ ਸ਼ਿਵ ਦੁਆਲੇ ਬੀਜੀਆਂ ਫੁੱਲਾਂ ਦੀਆਂ ਕਿਆਰੀਆਂ ਨੂੰ ਸਿੰਜਣ ਦੇ ਕੰਮ ਵੀ ਆਉਂਦਾ ਸੀ। ਇਸ ਦਾ ਪਾਣੀ ਗਰਮੀਆਂ ਵਿਚ ਬਹੁਤ ਹੀ ਠੰਢਾ ਹੁੰਦਾ ਸੀ ਅਤੇ ਲੋਕ ਪੀਣ ਵਾਸਤੇ ਖਾਸ ਤੌਰ 'ਤੇ ਇੱਥੋਂ ਭਰ ਕੇ ਲੈ ਜਾਂਦੇ ਸਨ। ਹੁਣ ਤਾਂ ਖੂਹ ਸੁੱਕ ਗਏ ਹਨ। ਪਾਣੀ ਲਈ ਤਾਂ ਹਰ ਸਾਲ ਬਿਜਲੀ ਵਾਲੀਆਂ ਮੋਟਰਾਂ ਦੇ ਬੋਰ ਵੀ ਡੂੰਘੇ ਕਰਨੇ ਪੈਂਦੇ ਹਨ। ਖੂਹ ਵਿਚਾਰੇ ਕਿਸ ਦੇ ਪਾਣੀਹਾਰ ਹਨ? ਸ਼ਿਵਦੁਆਲੇ ਦੀਆਂ ਬਾਹਰਲੀਆਂ ਕੰਧਾਂ 'ਤੇ ਵੀ ਚੂਨੇ ਨਾਲ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਬਣੀਆਂ ਹੋਈਆਂ ਸਨ ਅਤੇ ਆਲੇ ਦੁਆਲੇ ਬੈਠਣ ਲਈ ਪੱਕਾ ਚੌਂਤਰਾ ਬਣਾ ਕੇ ਉਪਰੋਂ ਗੋਲਾਈਦਾਰ ਦੀਵਾਰ ਕੀਤੀ ਹੋਈ ਸੀ ਜਿਸ 'ਤੇ ਚੜ੍ਹ ਕੇ ਸਾਰਾ ਦਿਨ ਬੱਚੇ ਛਾਲਾਂ ਮਾਰਦੇ ਰਹਿੰਦੇ ਸੀ। ਸ਼ਿਵਦੁਆਲੇ ਦੇ ਅੰਦਰ ਸ਼ਿਵਜੀ ਦੀ ਵੱਡੀ ਮੂਰਤੀ ਦੇ ਆਸ-ਪਾਸ ਠਾਕਰ ਰੱਖੇ ਹੁੰਦੇ ਸੀ ਜਿਨ੍ਹਾਂ ਨੂੰ ਸਵੇਰੇ-ਸਵੇਰੇ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਾਇਆ ਜਾਂਦਾ ਸੀ। ਇਸ਼ਨਾਨ ਦਾ ਇਹ ਪਾਣੀ ਦੀਵਾਰ ਵਿਚ ਕੀਤੀ ਮੋਰੀ ਰਾਹੀਂ ਬਾਹਰ ਛੋਟੀ ਜਿਹੀ ਚੌਰਸ ਕੁੰਡ ਵਿਚ ਆਉਂਦਾ ਸੀ ਜਿਸਨੂੰ ਜਲੰਧਰੀ ਕਹਿੰਦੇ ਸੀ। ਜੇ ਕਿਸੇ ਦੀਆਂ ਅੱਖਾਂ ਦੁਖਣੀਆਂ ਆ ਜਾਂਦੀਆਂ ਤਾਂ ਸਿਆਣੀ ਉਮਰ ਦੀਆਂ ਔਰਤਾਂ ਕਹਿ ਦਿੰਦੀਆਂ ਕਿ ਅੱਖਾਂ ਜਲੰਧਰੀ ਵਿਚ ਧੋ ਲਿਆਉ, ਠੀਕ ਹੋ ਜਾਣਗੀਆਂ। ਸ਼ਿਵਦੁਆਲੇ ਦੀ ਕੋਠੜੀ ਅੱਗੇ ਖੜੇ ਪਿੱਪਲ 'ਤੇ ਪੀਂਘ ਬਹੁਤ ਵਧੀਆ ਚੜ੍ਹਦੀ ਸੀ। ਗਰਮੀਆਂ ਦੇ ਮਹੀਨੇ ਕੁੜੀਆਂ ਇਥੇ ਆਮ ਹੀ ਝੂਟਦੀਆਂ ਰਹਿੰਦੀਆਂ। ਸ਼ਿਵਦੁਆਲੇ ਵਿਚ ਸ਼ਿਵਰਾਤਰੀ ਨੂੰ ਬਹੁਤ ਰੌਣਕ ਹੁੰਦੀ ਸੀ। ਹੁਣ ਨਵੀਂਆਂ ਚੀਜ਼ਾਂ ਬਣਨ ਨਾਲ ਸ਼ਿਵ ਦੁਆਲਾ ਪਹਿਲਾਂ ਤੋਂ ਹੀ ਸ਼ਾਨਦਾਰ ਬਣ ਗਿਆ ਹੈ। ਕਈ ਕਮਰੇ ਬਣਾ ਕੇ ਆਲੇ-ਦੁਆਲੇ ਚਾਰਦੀਵਾਰੀ ਬਣਾ ਦਿੱਤੀ ਹੈ।



ਦਰਵਾਜ਼ੇ ਦਾ ਰਕਬਾ ਚੌੜਾਈ ਅਤੇ ਲੰਬਾਈ ਕਾਫੀ ਜ਼ਿਆਦਾ ਹੈ ਅਤੇ ਛੱਤ ਉੱਚੀ ਹੈ। ਵਿਚਕਾਰ ਰਸਤਾ ਅਤੇ ਆਲੇ-ਦੁਆਲੇ ਧੁਰ ਤੱਕ ਲੰਬੀਆਂ ਚੌਂਕੜੀਆਂ ਹਨ ਅਤੇ ਮੁੱਖ ਪ੍ਰਵੇਸ਼ ਦੇ ਨਾਲ ਦੋਵੇਂ ਪਾਸੇ ਦੋ ਕੋਠੜੀਆਂ ਸੀ ਜਿਨ੍ਹਾਂ ਵਿਚ ਕਈ ਵਾਰ ਮੁਸਾਫਰ ਜਾਂ ਚਿਲਾ ਕੱਟਣ ਵਾਲੇ ਸਾਧੂ ਸੰਤ ਆ ਧੂਣੇ ਰਮਾਉਂਦੇ ਸੀ। ਕੋਈ ਪੰਚਾਇਤ ਹੋਣੀ ਹੋਵੇ, ਕੋਈ ਸਾਂਝਾ ਇਕੱਠ, ਕਿਸੇ ਦਾ ਗਦੌੜਾ ਫਿਰਨਾ ਹੋਵੇ, ਮਰਨੇ-ਪਰਨੇ ਤੇ ਕਿਸੇ ਮਕਾਣ ਨਾਲ ਆਏ ਆਦਮੀ ਇਨ੍ਹਾਂ ਚੌਂਕੜੀਆਂ 'ਤੇ ਹੀ ਬੈਠਦੇ ਸੀ। ਅੰਦਰਲੇ ਪਾਸੇ ਦਾ ਮੁੱਖ-ਦੁਆਰ ਵੱਡੇ ਚੌਂਕ ਵਿਚ ਖੁਲ੍ਹਦਾ ਸੀ। ਇਹ ਚੌਂਕ ਵੀ ਸਾਂਝੇ ਜਲਸੇ-ਜਲੂਸਾਂ, ਇਕੱਠਾਂ ਦੀ ਰੌਣਕ ਹੁੰਦਾ ਸੀ। ਇਸ ਚੌਂਕ ਦੇ ਆਸ ਪਾਸ ਪੰਡਤਾਂ ਦੀਆਂ ਹੱਟੀਆਂ ਅਤੇ ਓਝਾ ਪਰਿਵਾਰ ਦਾ ਮਕਾਨ ਬਣਿਆ ਹੋਇਆ ਸੀ। ਚੌਂਕ ਦੇ ਇਕ ਸਿਰ 'ਤੇ ਜਿੱਥੋਂ ਪਿੰਡ ਸ਼ੁਰੂ ਹੁੰਦਾ ਹੈ ਖੂਹੀ ਸੀ ਜੋ ''ਬਾਹਮਣਾਂ ਦੀ ਖੂਹੀ'' ਵੱਜਦੀ ਸੀ। ਨਲਕਿਆਂ ਦੇ ਰਿਵਾਜ਼ ਤੋਂ ਪਹਿਲਾਂ ਇਸ ਖੂਹੀ 'ਤੇ ਸ਼ਾਮ ਨੂੰ ਪਾਣੀ ਭਰਨ ਵਾਲੀਆਂ ਕੁੜੀਆਂ ਵਹੁਟੀਆਂ ਦੀ ਬਹੁਤ ਰੌਣਕ ਹੁੰਦੀ ਸੀ। ਖੂਹੀ ਦੀ ਮੌਣ ਦੇ ਆਲੇ-ਦੁਆਲੇ ਦੀ ਸਾਰੀ ਉੱਚੀ ਥਾਂ ਘੜਿਆਂ ਨਾਲ ਭਰੀ ਰਹਿੰਦੀ ਸੀ। ਸਵੇਰ ਵੇਲੇ ਪਾਣੀ ਮਹਿਰੇ ਭਰਦੇ ਹੁੰਦੇ ਸੀ।

ਪੰਡਿਤ ਨਥੂ ਰਾਮ ਜਿਨ੍ਹਾਂ ਨੂੰ ਅਸੀਂ 'ਦਾਦਾ ਜੀ' ਕਹਿੰਦੇ ਸੀ ਪਿੰਡ ਵਿਚ ਖਾਸ ਸਤਿਕਾਰ ਰੱਖਦੇ ਸੀ। ਉਨ੍ਹਾਂ ਨੂੰ ''ਦਾਦਾ ਜੀ ਰਾਮ ਰਾਮ'' ਕਹਿਣਾ ਹਰ ਕੋਈ ਆਪਣਾ ਫਰਜ਼ ਸਮਝਦਾ ਸੀ। ਉਹ ਸਵੇਰੇ-2 ਸ਼ਿਵਦੁਆਲੇ ਪੂਜਾ ਕਰਨ ਜਾਂਦੇ ਅਤੇ ਫੇਰ ਦੁਕਾਨ ਤੇ ਬੈਠਦੇ। ਉਨ੍ਹਾਂ ਤੋਂ ਵੱਡੀ ਉਮਰ ਦਾ ਪੰਡਿਤ ਬਾਲਕ ਰਾਮ ਸੁਭਾ ਦਾ ਚਿੜਚਿੜ੍ਹਾ ਅਤੇ ਬਹੁਤ ਵਹਿਮੀ ਸੀ। ਉਸਨੂੰ ਵੀ ਸਭ ਦਾਦਾ ਕਹਿੰਦੇ ਸੀ। ਉਸਨੂੰ ਖਿਝਾ ਕੇ ਪਾਣੀ ਭਰਨ ਆਈਆਂ ਕੁੜੀਆਂ ਖੁਸ਼ ਹੁੰਦੀਆਂ। ਵਹਿਮੀ ਹੋਣ ਕਰਕੇ ਉਹ ਪਾਣੀ ਉਦੋਂ ਭਰਦਾ ਸੀ (ਭਾਵੇਂ ਨਹਾਉਣਾ ਹੀ ਹੋਵੇ, ਖੂਹ 'ਤੇ ਆਦਮੀਆਂ ਦੇ ਨਹਾਉਣ ਦਾ ਰਿਵਾਜ਼ ਆਮ ਸੀ) ਜਦੋਂ ਖੂਹ ਵਿਚ ਕਿਸੇ ਹੋਰ ਦਾ ਘੜਾ ਜਾਂ ਬਾਲਟੀ ਨਾ ਉੱਤਰੀ ਹੋਵੇ ਉਸ ਨੇ ਜਦੋਂ ਆਪਣੀ ਬਾਲਟੀ ਫਰਾਹ ਲੈਣੀ ਤਾਂ ਕਿਸੇ ਨਾ ਕਿਸੇ ਕੁੜੀ ਨੇ ਆਪਣਾ ਘੜਾ ਜਾਂ ਬਾਲਟੀ ਖੂਹੀ ਵਿਚ ਉਤਾਰ ਦੇਣਾ। ਪੰਡਿਤ ਨੇ ਆਪਣੀ ਬਾਲਟੀ ਬਾਹਰ ਖਿੱਚ ਕੇ ਡੋਹਲ ਦੇਣੀ ਅਤੇ ਦੁਬਾਰਾ ਭਰਨ ਲੱਗ ਪੈਣਾ। ਉਸ ਨੂੰ ਕਈ ਕਈ ਵਾਰ ਭਰੀ ਬਾਲਟੀ ਡੋਹਲਣੀ ਪੈਣੀ। ਇਸ ਚੌਂਕ ਵਿਚ ਚੋਣਾਂ ਦੇ ਦਿਨਾਂ ਵਿਚ ਜਲਸੇ ਹੁੰਦੇ, ਕਾਮਰੇਡ ਡਰਾਮੇ ਕਰਾਉਂਦੇ। ਜਨਮ-ਅਸ਼ਟਮੀ ਤੇ ਪੰਡਿਤ ਭਾਈਚਾਰਾ ਕੋਈ ਨਾ ਕੋਈ ਧਾਰਮਿਕ ਡਰਾਮਾ ਕਰਾਉਂਦਾ। ਬਾਜ਼ੀਗਰ ਬਾਜ਼ੀ ਪਾਉਂਦੇ। ਕੂਕਿਆਂ ਨੂੰ ਦੀਵਾਨ ਲਾ ਕੇ ਨਚਦੇ ਦੇਖਿਆ। ਸਿੰਘ-ਸਭਾ ਦੇ ਸਾਲਾਨਾ ਜੋੜ-ਮੇਲੇ ਤੋਂ ਬਾਅਦ ਇਕ ਰਾਤ ਲਈ ਕਵੀਸ਼ਰੀ ਜਥਿਆਂ ਤੋਂ ਇਥੇ ਕਵੀਸ਼ਰੀ ਵੀ ਕਰਾਈ ਜਾਂਦੀ, ਭੱਟਾਂ ਦੇ ਗੌਣ ਅਤੇ ਕਥਾ ਕਹਾਣੀਆਂ ਵੀ ਇਥੇ ਹੀ ਸੁਣੀਆਂ।

ਖੂਹੀ ਦੇ ਨਾਲ ਹੀ ਪੱਕੀ ਧਰਮਸ਼ਾਲਾ ਹੈ। ਇਸਦੇ ਬੂਹੇ 'ਤੇ ਦੋਵੇਂ ਪਾਸੇ ਪੱਕੀਆਂ ਵੱਡੀਆਂ ਚੌਂਕੜੀਆਂ ਸੀ ਜਿਨ੍ਹਾਂ 'ਤੇ ਬੈਠ ਕੇ ਪਾਣੀ ਭਰਨ ਵਾਲੀਆਂ ਕੁੜੀਆਂ ਗੱਲਾਂ ਮਾਰਦੀਆਂ ਅਤੇ ਬੱਚੇ ਖੇਡਦੇ। ਧਰਮਸ਼ਾਲਾ ਤੋਂ ਕਈ ਕੰਮ ਲਏ ਜਾਂਦੇ। ਇਸਦੇ ਅੰਦਰਵਾਰ ਪੱਕੀ ਪਉੜੀ ਸੀ ਜੋ ਵਿਹੜੇ ਦੇ ਇੱਕ ਸਿਰੇ ਤੋਂ ਚੜ੍ਹਦੀ ਸੀ। ਵਿਹੜੇ ਦੇ ਦੂਜੇ ਸਿਰੇ 'ਤੇ ਛੋਟਾ ਕਮਰਾ ਜਾਂ ਕੋਠੜੀ ਸੀ ਜਿਸ ਵਿਚ ਕਈ ਸਾਲ 'ਬੱਟੀ ਬਾਵਾ' ਰਹਿੰਦਾ ਰਿਹਾ। ਉਹ ਮਧਰੇ ਕੱਦ ਦਾ ਸੰਤ ਸੀ ਜੋ ਸ਼ਿਵਦੁਆਲੇ ਹੀ ਸੇਵਾ ਕਰਦਾ ਅਤੇ ਬੰਗਾਲੀਨੁਮਾ ਹਿੰਦੀ ਬੋਲਦਾ। ਬੱਚਿਆਂ ਨੂੰ ਇੱਕਠੇ ਕਰਕੇ ਸ਼ਾਮ ਨੂੰ ਆਰਤੀ ਦੇ ਭਜਨ ਸਿਖਾਉਂਦਾ। ਉਸ ਦਾ ਨਾਂ ਤਾਂ ਕੁਝ ਹੋਰ ਸੀ ਪਰ ਕੱਦ ਦਾ ਬਹੁਤ ਛੋਟਾ ਹੋਣ ਕਰਕੇ ਉਸਨੂੰ ਸਾਰੇ 'ਬੱਟੀ ਬਾਵਾ' ਹੀ ਕਹਿੰਦੇ। ਹੱਥ ਵਿਚ ਉਹ ਹਰ ਵਕਤ ਚਿਮਟਾ ਫੜ ਕੇ ਰੱਖਦਾ। ਵਿਹੜੇ ਦੇ ਨਾਲ ਹੀ ਵਰਾਂਡਾ ਸੀ ਜਿਸਦੇ ਇੱਕ ਸਿਰੇ ਤੇ ਮੁੱਖ ਪ੍ਰਵੇਸ਼ ਦੁਆਰ ਸੀ ਅਤੇ ਦੂਸਰੇ ਸਿਰੇ ਤੇ ਛੋਟਾ ਕਮਰਾ ਜਿਸ ਵਿਚ ਪਟਵਾਰੀ ਦਾ ਦਫਤਰ ਹੁੰਦਾ। ਵਰਾਂਡੇ ਦੇ ਪਿੱਛੇ ਥਮਲਿਆਂ ਅਤੇ ਡਾਟਾਂ ਨਾਲ ਵੰਡ ਕੇ ਲੰਬੇ ਰੁਖ ਦੋ ਹਵਾਦਾਰ ਵੱਡੇ ਸਬਾਤ ਜਿੱਡੇ ਜਿੱਡੇ ਕਮਰੇ ਸਨ। ਦਸੰਬਰ 1953 ਵਿਚ ਪਿੰਡ ਵਿਚ ਚੌਥੀ ਤੱਕ ਦਾ ਪ੍ਰਾਇਮਰੀ ਸਕੂਲ ਇਸੇ ਧਰਮਸ਼ਾਲਾ ਵਿਚ ਸ਼ੁਰੂ ਹੋਇਆ। ਸਕੂਲ ਇਕ ਅਧਿਆਪਕਾ ਨੇ ਸ਼ੁਰੂ ਕੀਤਾ ਜੋ ਲੁਧਿਆਣੇ ਤੋਂ ਅੱਗੇ ਜਾਗਪੁਰ ਪਿੰਡ ਤੋਂ ਆਈ ਸੀ। ਉਸਦੇ ਮਾਂ-ਬਾਪ ਵੀ ਦੋਵੇਂ ਪ੍ਰਾਇਮਰੀ ਸਕੂਲ ਅਧਿਆਪਕ ਸਨ। ਇਹੀ ਧਰਮਸ਼ਾਲਾ ਜੰਞ-ਘਰ ਵੀ ਸੀ। ਜਦੋਂ ਕੋਈ ਜੰਞ ਆਉਂਦੀ ਤਾਂ ਸਕੂਲ ਧਰਮਸ਼ਾਲਾ ਨਾਲ ਗਲੀ ਦੀ ਨੁਕਰ 'ਤੇ ਬਣੀਆਂ ਸੁਨਿਆਰਾਂ ਦੀਆਂ ਦੁਕਾਨਾਂ ਦੀ ਛੱਤ 'ਤੇ ਲਗਦਾ। ਸਕੂਲ ਦੀ ਨਵੀਂ ਬਿਲਡਿੰਗ (ਜਿਸ ਲਈ ਮੁਰੱਬਾਬੰਦੀ ਵੇਲੇ ਕਈ ਕਿੱਲੇ ਥਾਂ ਰੱਖੀ ਗਈ ਸੀ) ਬਣਨ 'ਤੇ ਧਰਮਸ਼ਾਲਾ ਦੀ ਬਿਲਡਿੰਗ ਵਿਚ ਸਰਕਾਰੀ ਡਿਸਪੈਂਸਰੀ ਖੋਲ੍ਹ ਦਿੱਤੀ ਗਈ ਜਿਸ ਵਿਚ ਬਾਕਾਇਦਾ ਡਾਕਟਰ ਤਾਇਨਾਤ ਹੈ। ਉਦੋਂ ਜੰਞ ਦੋ ਰਾਤਾਂ ਠਹਿਰਦੀ ਹੁੰਦੀ ਸੀ। ਧਰਮਸ਼ਾਲਾ ਕੋਲੋਂ ਤਿੰਨ ਗਲੀਆਂ ਪਿੰਡ ਵਿਚ ਨੂੰ ਜਾਂਦੀਆਂ ਹਨ। ਧਰਮਸ਼ਾਲਾ ਦੀ ਨੁੱਕਰ ਤੋਂ ਖੱਬੇ ਪਾਸੇ, ਸੱਜੇ ਪਾਸੇ ਅਤੇ ਸਾਹਮਣੇ। ਇਕ ਗਲੀ ਖੱਬੇ ਪਾਸੇ ਧਰਮਸ਼ਾਲਾ ਦੀ ਦੀਵਾਰ ਦੇ ਨਾਲ ਨਾਲ ਪਿੰਡ ਵਿਚੋਂ ਗੋਲਦਾਇਰੇ ਵਿਚ ਘੁੰਮਦੀ ਹੋਈ ਸੱਜੇ ਪਾਸੇ ਵਾਲੀ ਗਲੀ ਨਾਲ ਆ ਮਿਲਦੀ ਹੈ। ਧਰਮਸ਼ਾਲਾ ਦੇ ਬਿਲਕੁਲ ਨਾਲ ਸਾਡੇ ਤਾਏ ਦਾ ਘਰ ਸੀ ਅਤੇ ਉਸਤੋਂ ਅੱਗੇ ਸਾਡਾ। ਸੱਜੇ ਹੱਥ ਵਾਲੀ ਗਲੀ ਦਾ ਨਾਂ ਬਾਹਮਣਾਂ ਦੀ ਗਲੀ ਸੀ। ਭਾਵੇਂ ਸਾਡੀ ਗਲੀ ਵਿਚ ਵੀ ਪੰਡਤਾਂ ਦੇ ਘਰ ਸੀ ਪਰ ਇਸ ਦਾ ਨਾਂ ਪਤਾ ਨਹੀਂ ਕਿਉਂ ਬਾਹਮਣਾਂ ਵਾਲੀ ਗਲੀ ਪੈ ਗਿਆ। ਇਸ ਗਲੀ ਵਿਚੋਂ ਬਾਕੀ ਪਿੰਡ ਵਿਚ ਜਾਣ ਵਾਸਤੇ ਛੋਟੇ ਛੋਟੇ ਰਸਤੇ ਨਿਕਲਦੇ ਹਨ। ਇਨ੍ਹਾਂ ਦੇ ਵਿਚਕਾਰ ਦੀ ਗਲੀ ਨੂੰ 'ਗਭਲੀ ਗਲੀ' ਕਹਿੰਦੇ ਹਨ। ਇਹ ਪਿੰਡ ਦੇ ਵਿਚਕਾਰ ਜਿਹੇ ਜਾ ਕੇ ਮੁੱਕ ਜਾਂਦੀ ਹੈ। ਇਸ ਵਿਚ ਜਿਮੀਂਦਾਰਾਂ ਅਤੇ ਮਿਸਤਰੀਆਂ ਦੇ ਰਲੇ-ਮਿਲੇ ਘਰ ਸੀ। (ਹੁਣ ਸਭ ਨੇ ਪਿੰਡੋਂ ਬਾਹਰ ਵਾਰ ਘਰ ਬਣਾ ਲਏ ਹਨ) ਸਾਡਾ ਘਰ ਕਿਉਂਕਿ ਧਰਮਸ਼ਾਲਾ ਅਤੇ ਪਿੰਡ ਦੇ ਮੁੱਖ ਦਰਵਾਜ਼ੇ ਦੇ ਨੇੜੇ ਸੀ ਇਸ ਲਈ ਪਿੰਡ ਵਿਚ ਵਿਆਹ-ਸ਼ਾਦੀਆਂ ਵੇਲੇ ਬਰਾਤਾਂ ਅਤੇ ਡੋਲੀਆਂ ਇਥੋਂ ਹੀ ਲੰਘਦੀਆਂ। ਮਰਨ ਵਾਲਿਆਂ ਦਾ ਜਨਾਜਾ ਵੀ ਇਥੋਂ ਹੀ ਗੁਜਰਦਾ। ਅਸੀਂ ਬੱਚੇ ਬਨੇਰਿਆਂ 'ਤੇ ਖੜ੍ਹ ਕੇ ਇਹ ਸਭ ਕੁਝ ਦੇਖਦੇ। ਜੰਞ ਹੌਲੀ ਹੌਲੀ ਮੜਕ ਨਾਲ ਬੈਂਡ ਵਾਜੇ ਦੇ ਪਿੱਛੇ ਪਿੱਛੇ ਵਿਆਹ ਵਾਲੇ ਘਰ ਵਲ ਨੂੰ ਕਦੀ ਰੋਟੀ ਖਾਣ, ਕਦੀ ਵਰੀ ਲੈ ਕੇ, ਕਦੀ ਲਾਵਾਂ ਲਈ ਅਤੇ ਕਦੀ ਖੱਟ ਲਈ ਹੌਲੀ ਹੌਲੀ ਤੁਰਦੀ। ਖੱਟ ਕੁੜੀ ਵਾਲਿਆਂ ਵਲੋਂ ਮੁੰਡੇ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਮਾਣ ਵਿਚ ਦਿੱਤੀ ਜਾਂਦੀ ਸੀ। ਉਦੋਂ ਜੰਞਾਂ ਭੰਗੜਾ ਨਹੀਂ ਸੀ ਪਾਉਂਦੀਆਂ। ਬੈਂਡ-ਵਾਜੇ ਨਾਲ ਬਹੁਤੀ ਵਾਰੀ ਨੱਚਾਰ ਹੁੰਦਾ ਸੀ ਜੋ ਜਨਾਨੇ ਕਪੜਿਆਂ ਵਿਚ ਬੈਂਡ ਦੇ ਨਾਲ ਨਾਲ ਨੱਚਦਾ। ਇਹ ਛੋਟੀਆਂ ਛੋਟੀਆਂ ਰਸਮਾਂ ਲੋਕਾਂ ਦਾ ਮਨ ਪ੍ਰਚਾਵਾਂ ਸਨ। ਹੁਣ ਇਹ ਰਸਮਾਂ ਹੋਟਲਾਂ ਅਤੇ ਮੈਰਿਜ ਪੈਲਿਸਾਂ ਦੀ ਭੇਂਟ ਚੜ੍ਹ ਗਈਆਂ ਹਨ।

ਉਪਰ ਮੈਂ ਜਨਾਜ਼ੇ ਦੀ ਗੱਲ ਕੀਤੀ ਹੈ। ਭਾਵੇਂ ਕਿਸੇ ਦੀ ਵੀ ਅਰਥੀ ਲੰਘਦੀ ਬਨੇਰਿਆਂ 'ਤੇ ਖੜ੍ਹੀਆਂ ਔਰਤਾਂ ਕੁੜੀਆਂ ਅਤੇ ਬੱਚਿਆਂ ਦੀਆਂ ਅੱਖਾਂ ਵਿਚੋਂ ਹੰਝੂ ਆਪ-ਮੁਹਾਰੇ ਵਗ ਤੁਰਦੇ। ਪਿੰਡਾਂ ਦੀ ਸਾਂਝ ਹੀ ਅਜਿਹੀ ਸੀ ਕਿ ਦੂਜਿਆਂ ਦੀ ਖੁਸ਼ੀ ਆਪਣੀ ਖੁਸ਼ੀ ਅਤੇ ਦੂਜਿਆਂ ਦਾ ਦੁੱਖ ਆਪਣਾ ਦੁੱਖ ਮਹਿਸੂਸ ਹੁੰਦਾ ਸੀ। ਇਕ ਅਰਥੀ ਮੈਨੂੰ ਕਦੇ ਵੀ ਨਹੀਂ ਭੁਲਣੀ ਜਿਸ ਦੀ ਗੱਲ ਮੈਂ ਅਗਲੀ ਕਿਸ਼ਤ ਵਿਚ ਕਰਾਂਗੀ।

*ਸਾਬਕਾ ਮੁਖੀ,  
ਗੁਰੂ ਗ੍ਰੰਥ ਸਾਹਿਬ ਵਿਭਾਗ,  
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ







ਭਾਈ ਗੁਰਮੀਤ ਸਿੰਘ ਖਾਲਸਾ | ਭਾਈ ਗੁਰਚਰਨ ਸਿੰਘ ਮਾਨ | ਭਾਈ ਗੁਰਮੇਲ ਸਿੰਘ ਖਾਲਸਾ | ਭਾਈ ਤਾਰਾ ਸਿੰਘ ਗਿੱਲ | ਭਾਈ ਤਰਸੇਮ ਸਿੰਘ

ਗੁਰੂ ਪਿਆਰੀ ਸਾਧ ਸੰਗਤ ,

ਆਪਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕਮਿਊਨਟੀ ਦੇ ਸੱਚੇ ਸੁੱਚੇ ਬੇਦਾਗ ਅਤੇ ਕਮਿਊਨਟੀ ਵੋਟ ਦਾ ਹੱਕ ਦਿਵਾਉਣ ਵਾਲੇ **ਪੰਥਕ ਸਲੇਟ** ਦੇ ਉਮੀਦਵਾਰ **ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ਖਾਲਸਾ ਬੱਸਾ ਵਾਲੇ, ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ** ਆਉਣ ਵਾਲੀ **14 ਮਾਰਚ,2010** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਹੋਣ ਜਾ ਰਹੀ ਚੋਣ ਲਈ ਆਪਜੀ ਦੇ ਆਪਣੇ ਸਿੱਖੀ ਸਿਧਾਂਤਾ ਵਾਲੇ ਉਮੀਦਵਾਰ ਹਨ। ਆਪ ਸਮੁੱਚੀ ਸੰਗਤ ਬੇਨਤੀ ਹੈ ਕਿ **14 ਮਾਰਚ,2010** ਦਿਨ ਐਤਵਾਰ ਵੱਧ ਵੱਧ ਤੋ ਗੁਰਦੁਆਰਾ ਸਾਹਿਬ ਪਹੁੰਚ ਕੇ ਇਹਨਾਂ ਪੰਜ ਉਮੀਦਵਾਰਾ ਕਾਮਯਾਬ ਕਰੋ ਜੀ। ਤਾਂ ਕਿ ਗੁਰਦਆਰਾ ਸਾਹਿਬ ਦੀ ਮਰਿਯਾਦਾ ਬਹਾਲ ਕੀਤਾ ਜਾ ਸਕੇ ਆਪਜੀ ਨੂੰ ਮਿਲਿਆ ਵੋਟਾ ਦਾ ਹੱਕ ਬੱਚਿਆ ਰਹਿ ਸਕੇ। ਬੱਚਿਆ ਦੇ ਖਾਲਸਾ ਸਕੂਲ ਮੁੜ ਤੋਂ ਸੁਰਜੀਤ ਕੀਤਾ ਜਾ ਸਕੇ ਤੇ ਕਮਿਊਨਟੀ ਆ ਰਹੀ ਪਾਰਕਿੰਗ ਦੀ ਸਮੱਸਿਆ ਦਾ ਆਰਜੀ ਅਤੇ ਪੱਕਾ ਪ੍ਰਬੰਧ ਕੀਤਾ ਜਾ ਸਕੇ।

ਗੁਰ ਪੰਥ ਦੇ ਦਾਸ

**ਆਪਣਾ ਪੰਜਾਬ ਐਸੋਸੀਏਸ਼ਨ ,ਬੇ-ਏਰੀਆ**

**ਕਸ਼ਮੀਰ ਸਿੰਘ ਧੁੱਗਾ, ਮਨਜੀਤ ਸਿੰਘ ਵਿਰਕ, ਮਨਜੀਤ ਸਿੰਘ ਗਿੱਲ ,ਦਰਸ਼ਨ ਔਜਲਾ, ਸੰਤੋਖ ਤੱਖਰ**

# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾ ਦੇ ਹੱਕਦਾਰ







ਭਾਈ ਗੁਰਮੀਤ ਸਿੰਘ ਖਾਲਸਾ | ਭਾਈ ਗੁਰਚਰਨ ਸਿੰਘ ਮਾਨ | ਭਾਈ ਗੁਰਮੇਲ ਸਿੰਘ ਖਾਲਸਾ | ਭਾਈ ਤਾਰਾ ਸਿੰਘ ਗਿੱਲ | ਭਾਈ ਤਰਸੇਮ ਸਿੰਘ

ਗੁਰੂ ਪਿਆਰੀ ਸਾਧ ਸੰਗਤ ਜੀ,

ਆਉਣ ਵਾਲੀ 14 ਮਾਰਚ 2010 ਨੂੰ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੋਂਸਲ ਦੀ ਚੋਣ ਵਿਚ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਚਰਨ ਸਿੰਘ ਮਾਨ, ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ, ਭਾਈ ਤਰਸੇਮ ਸਿੰਘ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਿਖਿਆ ਪੱਖੋ ਉੱਚਾ ਚੁੱਕਿਆ ਜਾ ਸਕੇ ਅਤੇ ਨਵੀ ਪੀੜ੍ਹੀ ਨੂੰ ਗੁਰਬਾਣੀ ਨਾਲ ਅਤੇ ਪੰਜਾਬੀ ਬੋਲੀ ਨਾਲ ਜੋੜਿਆ ਜਾ ਸਕੇ। ਇਹਨਾਂ ਪੰਥਕ ਉਮੀਦਵਾਰਾਂ ਦਾ ਵੱਡਾ ਯੋਗਦਾਨ ਹੈ ਕਿ ਅੱਜ ਅਸੀ ਮਰਜੀ ਨਾਲ ਉਹ ਪ੍ਰਬੰਧਕ ਚੁਣ ਸਕਦੇ ਹਾਂ ਜਿਹਨਾਂ ਕੋਲੇ ਸਾਡੇ ਬੱਚਿਆ ਲਈ , ਸਾਡੇ ਬਜੁਰਗਾ ਲਈ , ਸਾਡੀ ਸਾਰੀ ਸਿੱਖ ਕਮਿਊਨਟੀ ਲਈ ਉਹ ਕੁਝ ਕਰ ਸਕਣ ਦੀ ਸਮਰਥਾ ਹੈ ਜੋ ਕਿ ਬਾਕੀ ਦੇ ਰਹਿੰਦੇ ਉਮੀਦਵਾਰਾ ਵਿਚ ਬਿਲਕੁਲ ਵੀ ਨਹੀ ਹੈ। ਸੋ ਇਸ ਲਈ 14 ਮਾਰਚ ਨੂੰ ਵਹੀਰਾਂ ਘੱਤ ਕੇ ਆਉ ਅਤੇ ਇਹਨਾਂ ਗੁਰੂ ਪਿਆਰਿਆਂ ਨੂੰ ਵੋਟਾ ਪਾਕੇ ਕਾਮਯਾਬ ਕਰੋ।

ਗੁਰੂ ਪੰਥ ਦੇ ਦਾਸ

**ਜੈਨਕੋ ਬੇ ਏਰੀਆ ( ਗੁਰੂ ਨਾਨਕ ਇੰਜਨੀਰਿੰਗ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸਾਬਕਾ ਜੱਥੇਬੰਦੀਆਂ)**

ਹਰਪ੍ਰਕਾਸ਼ ਸਿੰਘ ਢਿੱਲੋਂ, ਗੁਰਜੰਟ ਸਿੰਘ ਸੰਘਾ, ਕ੍ਰਿਪਾਲ ਸਿੰਘ ਅਟਵਾਲ, ਸੁਰਜੀਤ ਸਿੰਘ ਬੈਂਸ,ਨੀਤੂ ਸਿੰਘ ਕਾਹਲੋਂ, ਸੁਰਿੰਦਰ ਸਿੰਘ ਢੀਡਸਾ, ਮੇਅਰ ਮਾਹਲ, ਟੋਨੀ ਗਰੇਵਾਲ, ਅਮਰਜੀਤ ਬਰਾੜ, ਭੁਪਿੰਦਰ ਸਿੰਘ ਗਿੱਲ,,ਅਮਰਿੰਦਰ ਸਿੰਘ ਝੱਜ


# ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਤਾਰਾ ਸਿੰਘ ਗਿੱਲ , ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ਬੱਸਾ ਵਾਲੇ, ਭਾਈ ਗੁਰਮੇਲ ਸਿੰਘ ਖਾਲਸਾ ਆਪਜੀ ਦੀਆਂ ਵੋਟਾ ਦੇ ਹੱਕਦਾਰ ਕਿਉ



ਭਾਈ ਗੁਰਮੀਤ ਸਿੰਘ ਖਾਲਸਾ



ਭਾਈ ਗੁਰਚਰਨ ਸਿੰਘ ਮਾਨ



ਭਾਈ ਗੁਰਮੇਲ ਸਿੰਘ ਬਾਠ



ਭਾਈ ਤਾਰਾ ਸਿੰਘ ਗਿੱਲ



ਭਾਈ ਤਰਸੇਮ ਸਿੰਘ

**ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਤਾਰਾ ਸਿੰਘ ਗਿੱਲ , ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ਬੱਸਾ ਵਾਲੇ, ਭਾਈ ਗੁਰਮੇਲ ਸਿੰਘ ਖਾਲਸਾ ਆਪਜੀ ਦੀਆਂ ਵੋਟਾ ਦੇ ਹੱਕਦਾਰ ਕਿਉ**

1) ਪੰਥਕ ਸਲੇਟ ਦੇ ਉਮੀਦਵਾਰਾ ਨੇ ਆਪਣੇ ਕੋਲੋਂ ਡੇਢ ਲੱਖ ਡਾਲਰ ਦੇ ਕਰੀਬ ਆਪਣੀ ਜੇਬ ਵਿਚੋ ਪੈਸੇ ਖਰਚ ਕੇ ਅਤੇ ਸੰਗਤਾ ਦੇ ਸਹਿਯੋਗ ਨਾਲ ਆਪ ਸਭ ਨੂੰ ਵੋਟ ਦਾ ਹੱਕ ਦੁਆਇਆ ਅਤੇ ਤੁਹਾਨੂੰ ਆਪਣੀ ਮਨ ਮਰਜੀ ਦੇ ਪ੍ਰਬੰਧਕ ਚੁਣਨ ਦਾ ਹੱਕ ਦੁਆਇਆ। ਅਤੇ ਸੰਗਤ ਹੀ ਸਪਰੀਮ ਦੇ ਸਿਧਾਂਤ ਨੂੰ ਲਾਗੂ ਕੀਤਾ ਗਿਆ।
2) ਸਾਡੀ ਆਉਣ ਵਾਲੀ ਪੀੜੀ ਨੂੰ ਗੁਰੂ ਘਰ ,ਗੁਰਬਾਣੀ ਨਾਲ ਅਤੇ ਪੰਜਾਬੀ ਜੁਬਾਨ ਨਾਲ ਜੋੜਣ ਲਈ ਖਾਲਸਾ ਸਕੂਲ ਅਤੇ ਗੁਰਮਤਿ ਸਮਰ ਕੈਂਪਾਂ ਦੀ ਸ਼ੁਰੂਆਤ ਕੀਤੀ
3) ਗੁਰੂ ਘਰ ਪਹੁੰਚਣ ਲਈ ਬਜੁਰਗਾਂ ਅਤੇ ਲੋੜਵੰਦ (ਜਿਹਨਾਂ ਕੋਲ ਗੁਰਦੁਆਰਾ ਸਾਹਿਬ ਆਉਣ ਲਈ ਰਾਈਡ ਨਹੀਂ ਸੀ) ਲਈ ਤਿੰਨ ਬੱਸਾਂ ( ਯੂਨਿਅਨ ਸਿਟੀ ਟਰਾਂਸਿਟ, ਬਾਰਟ ਟਰਾਸਿਟ ਜੋ ਕਿ ਬਾਰਟ ਤੋ ਚਲਦੀ ਸੀ, ਏ-ਸੀ- ਟਰਾਸਿਟ) ਦਾ ਪ੍ਰਬੰਧ ਕੀਤਾ ।
4) ਮਿਸ਼ਨ ਤੇ ਗੁਰਦੁਆਰਾ ਰੋਡ ਦੇ ਉੱਤੇ ਜਿੱਥੇ ਕਿ ਭਾਰੀ ਟਰੈਫਿਕ ਦੇ ਕਾਰਣ ਹਾਦਸੇ ਹੋਏ ਅਤੇ ਕਈ ਹਾਦਸੇ ਹੋਣ ਦਾ ਖਦਸ਼ਾ ਹਮੇਸ਼ਾ ਰਹਿੰਦਾ ਹੈ ਉੱਤੇ ਟਰੈਫਿਕ ਲਾਈਟ (ਐਲਨ ਕੋਰਵਿਟ - ਸੈਨੇਟਰ ਦੀ ਮਦਦ ਨਾਲ ) 2007 'ਚ ਮਨਜੂਰ ਕਰਾਈ।
5) ਸਿੱਖ ਕਮਿਊਨਟੀ ਦੀ ਅਵਾਜ਼ ਅਤੇ ਸਾਡੀਆਂ ਹੱਕੀ ਮੰਗਾ ਨੂੰ ਸਿਟੀ ਦੇ ਵਿਚ ਪਚਾਉਣ ਲਈ ਮਿਲਪੀਟਸ, ਫਰੀਮਾਂਟ,ਯੂਨਿਅਨ ਸਿਟੀ,ਹੇਵਰਡ ਵਰਗੇ ਕਈ ਸ਼ਹਿਰਾ 'ਚ ਦਰਜਨ ਦੇ ਕਰੀਬ ਕਮਿਸ਼ਨਰ ਨਿਯੁਕਤ ਕਰਵਾਏ ਤਾਂ ਕਿ ਕਮਿਊਨਟੀ ਨੂੰ ਆ ਰਹੀਆਂ ਮੁਸ਼ਕਲਾ ਨੂੰ ਹੱਲ ਕਰਨ ਵਿਚ ਸਹਾਈ ਹੋ ਸਕਣ। ਅਤੇ ਸਿੱਖ ਕਮਿਊਨਟੀ ਦੀ ਨੁਮਾਇੰਦਗੀ ਕਰ ਸਕਣ।
6) ਜਿਵੇ ਸਾਧ ਸੰਗਤ ਨੂੰ ਪਤਾ ਹੈ ਕਿ ਕਿਵੇਂ ਪਿਛਲੀ ਕਮੇਟੀ ਨੇ ਭਾਈ ਰਾਮ ਸਿੰਘ ਦੀ ਅਗਵਾਈ 'ਚ ਕੈਲੀਫੋਰਨੀਆ ਸਕੂਲ ਬੋਰਡ ਦੀਆਂ ਮੀਟਿੰਗਾ ਵਿਚ ਜਾ ਜਾ ਕੇ ਪੂਰੀ ਜਦੋ ਜਹਿਦ ਤੋ ਬਾਅਦ ਸਕੂਲ ਦੀਆਂ ਹਿਸਟਰੀ ਦੀਆਂ ਕਿਤਾਬਾ ਵਿਚ ਸਿੱਖ ਹਿਸਟਰੀ ਨੂੰ ਬਣਦਾ ਹੱਕ ਦੁਆਇਆ ਤਾਂ ਕਿ ਦੂਸਰੀਆਂ ਨਸਲਾ ਦੇ ਬੱਚੇ ਸਿੱਖ ਇਤਹਾਸ ਤੋ ਜਾਣੂ ਹੋ ਸਕਣ ਅਤੇ ਸਾਡੇ ਬੱਚਿਆ ਪ੍ਰਤੀ ਹੋਰਨਾਂ ਨਸਲਾ ਦੇ ਬੱਚੇ ਅਨਜਾਣੇਪਣ ਵਿਚ ਕੋਈ ਮਾੜਾ ਰਵੱਈਆ ਨਾ ਰਖਣ।
7) ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸਰਬਤ ਦੇ ਭਲੇ ਲਈ ਬਿਨਾ ਕਿਸੇ ਰੰਗ ਭੇਦ ਤੋ 'ਵੰਡ ਛਕਣ ਦੀ ਪ੍ਰਥਾ' ਨੂੰ ਮੁੱਖ ਰੱਖਦੇ ਹੋਏ ਬੇਘਰ ਅਤੇ ਢਿੱਡੋਂ ਭੁੱਖੇ (ਹੋਮਲੈਸ) ਲੋਕਾ ਲਈ ਗੁਰਦੁਆਰਾ ਸਾਹਿਬ ਤੋ ਲੰਗਰ ਭੇਜਣ ਦੀ ਸ਼ੁਰੂਆਤ ਕੀਤੀ। ਤਾਂ ਕਿ ਸਿੱਖਾ ਦੇ ਵੰਡ ਛਕਣ ਦੇ ਸਿਧਾਂਤ ਨੂੰ ਦੂਜੀਆਂ ਕੌਮਾਂ ਵਿਚ ਪ੍ਰਚਾਰਿਆ ਜਾ ਸਕੇ।
8) ਸਾਡੀ ਪਿਛਲੀ ਕਮੇਟੀ ਨੇ ਗੁਰਦੁਆਰਾ ਸਾਹਿਬ ਦੇ ਅਕਾਊਂਟ ਨੂੰ ਬਿਲਕੁਲ ਸ਼ੀਸ਼ੇ ਦੀ ਤਰਾਂ ਪਾਰਦਰਸ਼ੀ ਰਖਿਆ ਅਤੇ ਸਮੇ ਸਮੇ ਸਿਰ ਸਾਧ ਸੰਗਤ ਨੂੰ ਸਟੇਜ ਰਾਂਹੀ ਅਤੇ ਗੁਰਘਰ ਦੀ ਵੈਬਸਾਈਟ ਰਾਹੀ ਜਾਣੂ ਕਰਵਾਉਂਦੇ ਰਹੇ ਅਤੇ ਗੁਰਦੁਆਰਾ ਸਾਹਿਬ ਦੀ ਹਿਸਟਰੀ ਵਿਚ ਪਹਿਲੀ ਵਾਰੀ 100% ਪ੍ਰਤੀਸ਼ਤ ਪੈਸੇ ਦਾ ਅਦਾਨ ਪ੍ਰਦਾਨ ਚੈਕਾਂ ਦੁਆਰਾ ਕੀਤਾ ਗਿਆ।
9) ਗੁਰੂ ਘਰ ਵਿਚ ਸੰਗਤਾਂ ਨੂੰ ਵਿਆਹ ਸ਼ਾਦੀ ਦੇ ਸਮੇਂ ਆ ਰਹੀ ਦਿੱਕਤ ਨੂੰ ਮੁੱਖ ਰਖਦੇ ਹੋਏ ਲੰਗਰ ਹਾਲ ਤੇ ਦੀਵਾਨ ਹਾਲ ਦੇ ਵਿਚਾਲੇ ਵਾਲੀ ਜਗਹ ਤੇ ਕੈਨਪੀ ਦੀ ਉਸਾਰੀ ਕਰਵਾਉਣਾ ਤਾਂ ਕਿ ਸੰਗਤ ਨੂੰ ਜਗਹ ਦੀ ਦਿੱਕਤ ਨਾ ਆਵੇ ਅਤੇ ਉਹਨਾਂ ਨੂੰ ਟੈਂਟ ਲਗਵਾਉਣ ਲਈ ਜੋ ਭਾਰੀ ਖਰਚਾ ਆਉਂਦਾ ਸੀ ਉਹ ਨਾ ਕਰਨਾ ਪਵੇ
10) ਬੱਚਿਆਂ ਲਈ ਸਕੂਲ ਦੇ ਕਮਰਿਆਂ ਦਾ ਪ੍ਰਬੰਧ ਕਰਨ ਲਈ ਲੰਗਰ ਨੂੰ ਡਬਲ ਕਰਕੇ ਬੱਚਿਆ ਦੀ ਵੱਧ ਰਹੀ ਗਿਣਤੀ ਨੂੰ ਮੁੱਖ ਰਖਦਿਆ ਉਹਨਾਂ ਲਈ ਕਲਾਸਾ ਲਾਉਣ ਲਈ ਕਮਰਿਆਂ ਦੀ ਉਸਾਰੀ ਲਈ ਬੜੀ ਹੀ ਜੱਦੋ ਜਹਿਦ ਤੋ ਬਾਅਦ ਫਰੀਮਾਂਟ ਸਿਟੀ ਤੋ ਪਰਮਿਟ ਪ੍ਰਾਪਤ ਕੀਤੇ ਗਏ।
11) ਰਸੋਈ ਘਰ ਦਾ ਵਿਸਥਾਰ ਕੀਤਾ ਗਿਆ ਅਤੇ ਲੰਗਰਹਾਲ ਦੀ ਸੁਰੱਖਿਆ ਨੂੰ ਮੁੱਖ ਰਖਦੇ ਹੋਏ ਫਰੀਮਾਂਟ ਸਿਟੀ ਫਾਇਰ ਡਿਪਾਰਮੈਂਟ ਦੀ ਹਦਾਇਤ ਅਨੁਸਾਰ ਛੱਤ ਵਿਚ ਸਪਰਿਕਨਲਰ ਲਾਏ ਗਏ।
ਅਤੇ ਅਨੇਕਾ ਹੋਰ ਸੰਗਤ ਅਤੇ ਕੌਮੀ ਲੈਵਲ ਦੇ ਕੀਤੇ ਹੋਏ ਭਲਾਈ ਦੇ ਕੰਮਾ ਨੂੰ ਮੁੱਖ ਰਖਦੇ ਹੋਏ ਅਸੀ ਆਪਜੀ ਨੂੰ ਬੇਨਤੀ ਕਰਦੇ ਹਾਂ ਕਿ ਅਸੀਂ ਆਪਜੀ ਦੀ ਵੋਟ ਦੇ ਸਹੀ ਹੱਕਦਾਰ ਹਾਂ ਕ੍ਰਿਪਾ ਕਰਕੇ ਸਾਨੂੰ ਵੋਟ ਪਾ ਕੇ ਕਾਮਯਾਬ ਕਰੋ ਤਾਂ ਕਿ ਅਸੀ ਆਉਣ ਵਾਲੇ ਸਮੇਂ ਵਿਚ ਸੰਗਤ ਦੀ ਸੇਵਾ ਕਰ ਸਕੀਏ ਅਤੇ ਸੰਗਤਾਂ ਨੂੰ ਆ ਰਹੀਆ ਕਿਸੇ ਵੀ ਤਰਾਂ ਦੀਆ ਮੁਸ਼ਕਿਲਾਂ ਨੂੰ ਹੱਲ ਕਰ ਸਕੀਏ।

# ਸਰਦਾਰ ਜੰਡੀ ਅਤੇ ਸਰਦਾਰ ਹਰਜੋਤ ਸਿੰਘ ਦੀ

# ਸਾਧ ਸੰਗਤ ਸਲੇਟ ਦੇ ਪੰਜੇ ਉਮੀਦਵਾਰ ਆਪਜੀ ਦੀ ਵੋਟ ਦੇ ਬਿਲਕੁਲ ਹੱਕਦਾਰ ਨਹੀ ਹਨ ਕਿਉਕਿ

1) 2002 'ਚ ਇਹਨਾਂ ਹੀ ਬੰਦਿਆ ਨੇ ਗੁਰਦੁਆਰੇ ਪ੍ਰਬੰਧ ਉੱਤੇ ਸਦਾ ਲਈ ਕਾਬਜ ਰਹਿਣ ਲਈ ਅਤੇ ਸੰਗਤਾਂ ਨੂੰ ਪ੍ਰਬੰਧ ਤੋ ਬਾਹਰ ਰਖਣ ਲਈ ਤਕਰੀਬਨ ਪੰਜ ਲੱਖ ਡਾਲਰ ਆਪਣੇ ਵਕੀਲ ਨੂੰ ਅਤੇ ਰਸੀਵਰ ਨੂੰ ਸੰਗਤਾਂ ਦੇ ਪੈਸੇ ਗੁਰੂ ਕੀ ਗੋਲਕ ਵਿਚੋ ਦਿੱਤੇ ਤਾਂ ਕਿ ਇਹ ਲੋਕ ਪ੍ਰਬੰਧ ਤੇ ਚਿਮੜੇ ਰਹਿਣ ਅਤੇ ਸੰਗਤਾਂ ਵੋਟਾ ਰਾਹੀ ਇਹਨਾਂ ਨੂੰ ਬਦਲ ਨਾ ਸਕੇ।
2) ਇਕ ਪਾਸੇ ਵਾਰ ਵਾਰ ਇਹਨਾਂ ਦੁਆਰਾ ਕਹਿਣਾ ਕਿ ਸੈਨਹੋਜੇ ਅਤੇ ਆਸਪਾਸ ਦੇ ਸ਼ਹਿਰਾ ਨੂੰ ਫਰੀਮਾਂਟ ਦੀ ਵੋਟਰ ਲਿਸਟ ਵਿਚੋ ਕੱਟ ਦਿੱਤਾ ਜਾਵੇ ਭਾਵ ਉਹਨਾਂ ਦੀਆਂ ਵੋਟਾ ਦਾ ਹੱਕ ਖਤਮ ਕਰ ਦਿੱਤਾ ਜਾਵੇ। ਪਰ ਦੂਜੇ ਪਾਸੇ ਇਹ ਲੋਕ ਇਹਨਾਂ ਸ਼ਹਿਰਾ ਦੇ ਵਸਨੀਕਾ ਤੋਂ ਵੋਟਾ ਮੰਗਦੇ ਹਨ ਜੋ ਬਿਲਕੁਲ ਗੈਰ ਇਖਲਾਕੀ ਹੈ।
3) ਖਾਲਸਾ ਸਕੂਲ ਵਿਚ ਸੋਝੀ ਸਲੇਬਸ ਨੂੰ ਜਬਰੀ ਲਾਗੂ ਕਰਾਕੇ ਚੱਲ ਰਹੇ ਖਾਲਸਾ ਸਕੂਲ ਦਾ ਭੱਠਾ ਬਠਾਉਣਾ ਅਤੇ ਬੱਚਿਆਂ ਨੂੰ ਗੁਰ ਮਰਿਯਾਦਾ ਅਤੇ ਗੁਰਬਾਣੀ ਦੇ ਵਿਰੁੱਧ ਭਰਿਆ ਹੋਇਆ ਸਲੇਬਸ ਪੜਾਉਣਾ ਜਿਸ ਦੀ ਬਦੌਲਤ ਸਕੂਲ ਟੀਚਰ ਵੱਲੋਂ ਵਿਰੋਧ ਕਰਨਾ ਅਤੇ ਇਹਨਾਂ ਦਾ ਉਸ ਵਿਰੋਧ ਨੂੰ ਟਿੱਚ ਜਾਨਣਾ ਅਤੇ ਬੱਚਿਆ ਦਾ ਸਕੂਲ ਚੋ ਹੱਟ ਕੇ ਘਰੇ ਬੈਠਣਾ ਜਾਂ ਕਿਸੇ ਹੋਰ ਸਕੂਲ ਵਿਚ ਜਾ ਲੱਗਣਾ।
4) ਬਜੁਰਗਾ ਅਤੇ ਲੋੜਵੰਦ ਸਜਣਾਂ ਲਈ ਪਿਛਲੀ ਕਮੇਟੀ ਵੱਲੋਂ ਚਲਾਈਆ ਗਈਆ ਤਿੰਨ ਬੱਸਾ ਵਿਚੋ ਦੋ ਬੱਸਾ ਨੂੰ ਇਹਨਾਂ ਦੀ ਘਟੀਆ ਸੋਚ ਅਤੇ ਪੈਰਵੀ ਨਾ ਕਰਨ ਕਾਰਣ ਬੰਦ ਕੀਤਾ ਗਿਆ। ਜਿਸ ਕਾਰਣ ਹੁਣ ਬਜੁਰਗਾ ਅਤੇ ਲੋੜਵੰਦਾ ਨੂੰ ਬਹੁਤ ਦਿੱਕਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
5 ਵਿਆਹ ਸਮੇਂ ਸੰਗਤਾਂ ਨੂੰ ਟੈਂਟ ਲਾਉਣਾ ਪੈਂਦਾ ਸੀ ਜਿਸ ਨਾਲ ਸੰਗਤਾਂ ਦਾ ਬਹੁਤ ਜਿਆਦਾ ਖਰਚਾ ਆਉਂਦਾ ਸੀ ਜਿਸਨੂੰ ਬਚਾਉਣ ਲਈ ਹੀ ਕੈਨਪੀ ਤਿਆਰ ਕਰਵਾਈ ਗਈ ਸੀ ਪਰ ਇਹਨਾਂ ਨੇ ਕੈਨਪੀ ਉੱਤੇ ਜਬਰੀ 1100 ਡਾਲਰ ਵਸੂਲ ਕਰਨਾ ਸ਼ੁਰੂ ਕਰ ਦਿੱਤਾ।
6) ਇਸ ਕਮੇਟੀ ਵੱਲੋ ਜਬਰੀ ਹੋਮਲੈਸਾ ਲਈ ਜਾਂਦਾ ਲੰਗਰ ਬੰਦ ਕਰਵਾ ਦਿੱਤਾ ਗਿਆ। ਅਤੇ ਕਿਹਾ ਗਿਆ ਕਿ ਉਹ ਲੋਕ ਸ਼ਰਾਬ ਤੇ ਸਿਗਰਟਾ ਪੀਂਦੇ ਹਨ।
7) ਗੁਰਦੁਆਰਾ ਸਾਹਿਬ ਦੇ ਪਿਛਲੇ ਦੋ ਸਾਲਾ ਦੇ ਹਿਸਾਬ ਦੀ ਬੈਂਲਸ ਸ਼ੀਟ ਕਦੇ ਵੀ ਸੰਗਤਾਂ ਨਾਲ ਸਾਂਝੀ ਨਹੀ ਕੀਤੀ ਗਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਦੋ ਜਿੰਮੇਵਾਰ ਮੈਂਬਰ ਅਸਤੀਫਾ ਦੇ ਕੇ ਚਲੇ ਗਏ ਸਨ। ਜਿਸ ਦਾ ਕਾਰਣ ਹਿਸਾਬ ਕਿਤਾਬ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਦੇ ਮੈਬਰਾਂ ਨਾਲ ਨਾ ਸਾਂਝਾ ਕਰਨਾ ਹੀ ਸੀ।
8) ਪ੍ਰਬੰਧ ਤੇ ਕਾਬਜ ਰਹਿਣ ਦੀ ਖਾਤਿਰ ਸਾਰੇ ਕਾਨੂੰਨਾ ਨੂੰ ਛਿੱਕੇ ਟੰਗਦੇ ਹੋਇਆ ਜਾਹਲੀ ਵੋਟਾਂ ਬਣਾਉਣ ਦੀ ਵੱਡੀ ਪੱਧਰ ਤੇ ਧਾਂਦਲੀ ਕੀਤੀ ਗਈ।
9) ਗੋਲਕ ਚੋਰ ਸੰਗਤਾਂ ਦੇ ਸਾਹਮਣੇ ਪੇਸ਼ ਨਾ ਕਰਨਾ ਅਤੇ ਲੰਗਰ ਮਸਤਾਨਾ ਕਰਨ ਦੀ ਗਲਤ ਅਫਵਾਹ ਫਲਾਉਣਾ ਜਦਕਿ ਲੰਗਰ ਦੀ ਸਾਰੀ ਸੁੱਕੀ ਰਸਦ ਚੁੱਕ ਕੇ ਗੁਰਦੁਆਰੇ ਦੇ ਦੂਸਰੇ ਸਟੋਰ ਵਿਚ ਰਖ ਦਿੱਤੀ ਗਈ ਜਿਸਦਾ ਪਰਦਾਫਾਸ਼ ਇਹਨਾਂ ਦੇ ਹੀ ਰੱਖੇ ਗਏ ਪਹਿਰੇਦਾਰ ਨੇ ਕੀਤਾ। ਜਿਸਨੂੰ ਧਮਕੀ ਦੇਕੇ ਕੰਮ ਤੋ ਹਟਾ ਦਿੱਤਾ ਗਿਆ।
10) ਇਸ ਖਰੂਦੀ ਟੋਲੇ ਦਾ ਰਿਕਾਰਡ ਸੰਗਤਾਂ ਚੰਗੀ ਤਰਾਂ ਜਾਣਦੀਆਂ ਹਨ ਅਤੇ ਸਿਟੀ ਆਫ ਫਰੀਮਾਂਟ ਦੀ ਪੁਲੀਸ ਤੋ ਲੈ ਸਕਦੀਆਂ ਹਨ ਕਿ 1995 ਤੋ ਲੈਕੇ 2005 ਤੱਕ ਅਤੇ 2008-2010 ਤੋ ਲੈਕੇ ਕਿੰਨੀ ਵਾਰੀ ਪੁਲੀਸ ਗੁਰਦੁਆਰਾ ਸਾਹਿਬ ਆਈ । ਕਿਹੋ ਜਿਹਾ ਇਸ ਟੋਲੇ ਨੇ ਸੰਗਤਾਂ ਨਾਲ ਵਿਹਾਰ ਕੀਤਾ ਕਿਵੇਂ ਗੁਰੂ ਮਹਾਰਾਜ ਦੀ ਹਜੂਰੀ 'ਚ ਸੁਖਦੇਵ ਸਿੰਘ ਦੀ ਪੱਗ ਲਾਹੀ ਅਤੇ ਬੀਬੀਆਂ ਨੂੰ ਧੱਕੇ ਮਾਰੇ ਅਤੇ ਇੱਕ ਤਰਾਂ ਨਾਲ ਗੁਰਦੁਆਰਾ ਸਾਹਿਬ ਨੂੰ ਆਪਣੇ ਟੋਲੇ ਦੀ ਜਗੀਰ ਸਮਝਿਆ।
11) ਕਿਵੇਂ ਗੁਰਦੁਆਰਾ ਸਾਹਿਬ ਦੀ ਗੋਲਕ ਵਿਚੋਂ ਆਪਣੇ ਨਿਜੀ ਫੋਨਾ ਦੇ ਬਿੱਲ ਦਿੱਤੇ । ਫੋਨ ਇਹਨਾਂ ਲੋਕਾ ਨੇ ਕੀਤੇ ਤੇ ਹਜਾਰਾ ਡਾਲਰ ਦੇ ਬਿੱਲ ਗੁਰਦੁਆਰੇ ਅਤੇ ਸੰਗਤਾਂ ਨੇ ਭਰੇ। ਕਿਵੇਂ ਗੁਰੂ ਦੀ ਗੋਲਕ ਦੇ ਪੈਸੇ ਦੀਆਂ ਧੱਜੀਆਂ ਉਡਾਈਆ । 'ਲੱਖ ਖੁਸ਼ੀਆਂ ਪਾਤਸ਼ਾਹੀਆਂ' ਦੇ ਨਾਂ ਤੇ ਗੁਰਦੁਆਰਾ ਸਾਹਿਬ ਦੇ ਚੈਕ ਵਰਤੇ ਜਿਹਨਾਂ ਦੀਆਂ ਕਾਪੀਆਂ ਅਸੀ ਸਬੂਤ ਵਜੋ ਅਗਲੇ ਪੇਜ ਤੇ ਛਾਪ ਰਹੇ ਹਾ । ਕੀ ਇਸ ਤਰਾਂ ਦੀਆਂ ਹਰਕਤਾਂ ਕਰਨ ਵਾਲੇ, ਗੁਰੂ ਦੀ ਗੋਲਕ ਨੂੰ ਨਿੱਜੀ ਹਿੱਤਾ ਲਈ ਵਰਤਣ ਵਾਲੇ ਆਪਦੀ ਵੋਟ ਦੇ ਹੱਕਦਾਰ ਹਨ। ਬਿਲਕੁਲ ਨਹੀਂ।
12) ਅੰਤ ਵਿਚ ਅਸੀਂ ਆਪ ਸੰਗਤ ਨੂੰ ਇਹ ਪੁਰਜੋਰ ਬੇਨਤੀ ਕਰਦੇ ਹਾਂ ਕਿ ਇਹ ਲੋਕ ਆਪਜੀ ਦੀਆਂ ਵੋਟਾ ਦੇ ਬਿਲਕੁਲ ਹੀ ਹੱਕਦਾਰ ਨਹੀ। ਸਗੋ ਜਦੋ ਇਹ ਲੋਕ ਤੁਹਾਨੂੰ ਵੋਟਾ ਮੰਗਣ ਆਉਂਦੇ ਹਨ ਜਾਂ ਕਾਲਾ ਕਰਦੇ ਹਨ ਤਾਂ ਇਹਨਾਂ ਨੂੰ ਪੁਛੋ ਕਿ ਤੁਸੀ ਗੁਰੂਘਰ ਦਾ ਪੈਸਾ ਕਦੋ ਵਾਪਿਸ ਕਰੋਗੇ ਅਤੇ 1996 ਤੋ ਲੈਕੇ 2002 ਤੱਕ ਦਾ ਹਿਸਾਬ ਕਿਤਾਬ ਕਦੋਂ ਦਿਉਗੇ ਜੋ ਕਿ ਰਸੀਵਰ ਦੀ ਲਿਖਤ ਮੁਤਾਬਕ ਤੁਸੀ ਬਿਲਕੁਲ ਛੱਡ ਕੇ ਨਹੀ ਗਏ।

# ਫਿਰ ਇਹੋ ਜਿਹੇ ਦਿਨ ਨਾ ਵਿਖਾਈਂ ਬਾਬਾ ਨਾਨਕਾ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

***ਰਾਹ ਨਹੀਂ ਵੀ ਪਤਾ ਤੁਰ ਜ਼ਰੂਰ ਪਵੋ ਵਰਨਾ ਖੜ੍ਹੀ ਜ਼ਿੰਦਗੀ ਅੱਕ ਕੇ ਤੁਹਾਡੇ ਤੋਂ ਹੀ ਬਦਬੂ ਆਉਣ ਦੀ ਫਿਟਕਾਰ ਪਾਉਣ ਲੱਗ ਪਵੇਗੀ। ਅੱਜ ਦੇ ਯੁੱਗ ਵਿਚ ਇਸ ਮੁਹਾਵਰੇ ਦੇ ਅਰਥ ਬਦਲਣ ਦੀ ਲੋੜ ਹੈ ਕਿ 'ਸਾਧਾਂ ਨੂੰ ਸੁਆਦਾਂ ਨਾਲ ਕੀ।' ਕਿਉਂਕਿ ਜ਼ਿੰਦਗੀ ਦੇ ਜਿੰਨੇ ਸੁਆਦ ਅੱਜ ਕੱਲ ਇਹ ਲੋਕ ਲੈ ਰਹੇ ਹਨ ਕਿਸੇ ਨੂੰ ਵੀ, ਜੇ ਚੁਰਾਸੀ ਲੱਖ ਜੂਨ ਹੈ ਤਾਂ ਸ਼ਾਇਦ ਕਿਸੇ ਵੀ ਜਾਮੇ ਨਾ ਮਿਲਣ। ਜਦੋਂ ਦੇ ਪੜ੍ਹੇ-ਲਿਖੇ ਸਾਧ ਬਣ ਗਏ ਹਨ, ਐਮ.ਡੀ.ਐਚ ਦੇ ਮਸਾਲਿਆਂ ਵਾਂਗ ਇਨ੍ਹਾਂ ਦੀ ਜੀਭ ਹੋਰ ਚੁਸਕੀਆਂ ਲੈਣ ਲੱਗ ਪਈ ਹੈ। ਅਸਲ ਵਿਚ ਚੁੰਨੀਆਂ ਅੱਖਾਂ ਨਾਲ ਵਿਸ਼ਾਲ ਦੁਨੀਆਂ ਦੇਖਣ ਦਾ ਭਰਮ ਹੀ ਹੋ ਸਕਦਾ ਹੈ। ਸਾਧਾਂ ਦੇ ਵਿਗੜੇ ਸੁਆਦਾਂ ਦੀ ਜੇ ਵੰਨਗੀ ਵੇਖਣੀ ਹੈ ਤਾਂ ਇਹ ਲੋਕ ਅਧਰੰਗ ਦੇ ਮਾਰੇ ਗਰੀਬ ਨੂੰ ਵੀ ਕਹਿੰਦੇ ਨੇ 'ਜੇਜੋਂ ਦੇ ਪਹਾੜਾਂ ਵਰਗੀ ਐ ਐਵਰੈਸਟ ਦੀ ਚੋਟੀ ਚੜ੍ਹਜਾ ਛਾਲ ਮਾਰ ਕੇ।' ਜਦੋਂਕਿ ਉਹ ਵਿਚਾਰਾ ਗੁਸਲਖਾਨੇ ਨੂੰ ਵੀ ਗੰਗਾ ਨਹਾਉਣ ਵਰਗਾ ਸਮਝਦਾ ਹੁੰਦਾ ਹੈ। ਕਾਂ ਨੂੰ ਸ਼ੈਤਾਨ ਤੇ ਚਲਾਕ ਸਾਰੇ ਕਹਿੰਦੇ ਨੇ ਪਰ ਸ਼ੈਤਾਨੀ ਦੀ ਸਿਖਰ ਇਹਨੂੰ ਕਹਿੰਦੇ ਨੇ ਜਦੋਂ ਕਾਉਣੀ ਆਖਦੀ ਐ 'ਅੱਜ ਪ੍ਰਸੂਤਾ ਪੀੜਾ ਹੁੰਦੀ ਐ'। ਤੇ ਉਹ ਦੋਵੇਂ ਜਣੇ ਕੋਇਲ ਦੇ ਆਲ੍ਹਣੇ 'ਚੋਂ ਉਹਦੇ ਆਂਡੇ ਪੀਣ ਤੁਰ ਪੈਂਦੇ ਹਨ, ਆਂਡੇ ਪੀ ਕੇ ਕਾਉਣੀ ਪੀੜ੍ਹਾਂ ਦਾ ਭਾਰ ਉਥੇ ਛੱਡ ਆਉਂਦੀ ਐ। ਤੇ ਕੋਇਲ ਵਿਚਾਰੀ ਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਚੋਗਾ ਚੁਗਾਉਂਦੀ ਨੀਂ ਥੱਕਦੀ, ਉਡਣਾ ਸਿਖਾਉਂਦੀ ਐ ਤੇ ਜਿਨ੍ਹਾਂ ਨੂੰ ਉਹ ਢਿੱਡੋਂ ਜਾਏ ਸਮਝਦੀ ਹੈ ਉਹ ਕਾਵਾਂ 'ਚ ਕਾਵਾਂ ਰੌਲੀ ਹੋ ਜਾਂਦੇ ਨੇ ਤੇ ਉਹ ਭੋਲੀ ਫੇਰ ਸੋਚਦੀ ਐ, 'ਬੀਜੀ ਤਾਂ ਕਣਕ ਸੀ ਕਰੁੰਡ ਪਤਾ ਨਹੀਂ ਕਿਵੇਂ ਉੱਗ ਪਈ?' ਤੇ ਬੰਦਾ ਜਦੋਂ ਸ਼ੈਤਾਨ ਬਣਦਾ ਹੈ ਤਾਂ ਹੈਵਾਨੀਅਤ ਦਾ ਬੁਰਕਾ ਪਹਿਨਦਾ ਹੈ। ਉਹਨੂੰ ਚੇਤਾ ਨਹੀਂ ਰਹਿੰਦਾ ਕਿ 'ਮਜ਼ਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਨਾ।' ਜਦੋਂ ਅੱਖਾਂ ਵਾਲੇ ਜੁਲਮ ਕਰਨ ਤਾਂ ਖਰਾ-ਖੋਟਾ ਕਿਥੇ ਪਰਖਿਆ ਜਾਵੇਗਾ? ਪੰਜਾਬ ਦੇ ਜ਼ਖ਼ਮਾਂ ਬਾਰੇ ਇਕ ਸ਼ਾਇਰ ਦੀਆਂ ਦੋ ਸਤਰਾਂ ਨਹੀਂ ਭੁੱਲਦੀਆਂ:***

***ਮੰਦਰ 'ਚ ਘੜਿਆਲ ਸੰਖ ਰੋਂਦੇ ਸੀ, ਗੁਰਦੁਆਰਿਆਂ 'ਚ ਚਿਮਟਾ ਰੋ ਰਿਹਾ ਸੀ।***
***ਅਜਲਾਂ ਦਾ ਪਿਆਰ ਸਾਡਾ ਏਦਾਂ ਹੀ ਮੁੱਕ ਜਊ ਸਾਰਾ, ਨਾਨਕ ਦੇ ਗਲ ਲੱਗ ਕੇ ਰਾਮ ਰੋ ਰਿਹਾ ਸੀ।***
***ਮੁਆਫੀ ਚਾਹਾਂਗੇ ਜੇ ਪਾਟੇ ਕੋਟ ਨੂੰ ਸਾਬਤ-ਸਬੂਤ ਬਟਨ ਲੱਗ ਗਿਆ ਹੋਵੇ।***

ਜ਼ਿੰਦਗੀ ਵਿਚ ਕਈ ਘਟਨਾਵਾਂ ਬੰਦਾ ਕਿੰਨਾ ਵੀ ਚੁਕੰਨਾ ਤੇ ਸੁਚੇਤ ਹੋਵੇ ਵਾਪਰ ਹੀ ਜਾਂਦੀਆਂ ਹਨ। ਇਹ ਘਟਨਾਵਾਂ ਲਹੂ-ਲੁਹਾਨ ਹੀ ਵੱਧ ਨਹੀਂ ਕਰਦੀਆਂ ਸਗੋਂ ਉਖੜੇ ਹੋਏ ਤੰਬੂ ਵਰਗੀ ਹਾਲਤ ਬਣਾ ਦੇਂਦੀਆਂ ਹਨ। ਜੇ ਕਦੇ ਦਰਦ ਦੀ ਵੰਨਗੀ ਦਾ ਅਹਿਸਾਸ ਕਰਨਾ ਹੈ ਤਾਂ ਮਹਿਸੂਸ ਕਰੋ ਉਸ ਭਲੇ ਮਾਣਸ ਨਾਲ ਕੀ ਬੀਤਦੀ ਹੋਵੇਗੀ ਜਿਹਦੀਆਂ ਦੋਵੇਂ ਲੱਤਾਂ ਸੜਕ 'ਤੇ ਬੱਸ ਜਾਂ ਟਰੱਕ ਹੇਠ ਆ ਕੇ ਚੂਰਾ ਹੋ ਗਈਆਂ ਹੋਣ ਤੇ ਕੋਲੋਂ ਦੀ ਕੋਈ ਇਨਸਾਨ ਤਾਂ ਕੀ 'ਵਾ ਦਾ ਬੁੱਲਾ ਵੀ ਨਾ ਗੁਜਰਦਾ ਹੋਵੇ। ਅਸਲ ਵਿਚ ਕਿੰਨੀਆਂ ਵੀ ਦਲੀਲਾਂ ਦਿਓ ਕਿੰਨੀ ਵੀ ਫਿਲਾਸਫੀ ਘੋਟੋ ਜ਼ਿੰਦਗੀ ਨਾਲੋਂ ਮੌਤ ਦਾ ਵਰ ਕੱਪੜੇ ਵਾਂਗ ਵੱਡਾ ਹੀ ਹੁੰਦਾ ਹੈ। ਕਈ ਘਟਨਾਵਾਂ ਤੁਹਾਡੇ ਚੇਤੇ ਵਿਚ ਏਨੀਆਂ ਗਹਿਗੱਚ ਹੁੰਦੀਆਂ ਨੇ ਕਿ ਲੱਖ ਯਤਨ ਕਰੋ ਸਥਿਤੀ ਉਹੀ ਰਹਿੰਦੀ ਹੈ ਜਿਵੇਂ ਕੋਈ ਸ਼ਰੀਫ ਮਰੀਜ਼ ਭੈੜੇ ਡਾਕਟਰ ਕੋਲ ਫਸ ਗਿਆ ਹੋਵੇ ਤੇ ਮਰੀਜ ਦਾ ਤੰਦਰੁਸਤ ਹੋਣ ਦਾ ਝੂਠਾ ਬਹਾਨਾ ਲਾ ਕੇ ਵੀ ਖਹਿੜਾ ਨਾ ਛੁੱਟੇ। ਆਪਣੇ ਫੋੜੇ ਨੂੰ ਨਹੁੰਦਰ ਮਾਰ ਕੇ ਛਿੱਲਣਾ ਬਹੁਤ ਔਖਾ ਹੈ। ਆ ਫਿਰ ਵੀ ਨਸਤਰ ਫੇਰਨ ਲੱਗਾ ਹਾਂ।

ਸਮਾਂ ਗੁਜਰਦਾ ਰਹਿੰਦਾ ਹੈ, ਦੁਨੀਆਂ ਕੁਝ ਸਾਲਾਂ ਲਈ ਚਿੱਟੀ ਚਾਦਰ 'ਤੇ ਬਹਿ ਕੇ ਹਾਅ ਦਾ ਨਾਅਰਾ ਮਾਰਦੀ ਹੈ ਫਿਰ ਆਪਣੇ-ਆਪ ਵਿਚ ਗੁਆਚ ਜਾਂਦੀ ਹੈ। ਦਰਦ ਦਾ ਨਾਸੂਰ ਉਨ੍ਹਾਂ ਦਾ ਰਿਸਦਾ ਰਹਿੰਦਾ ਹੈ, ਜੀਹਦਾ ਇਲਾਜ ਕਰਨ ਤੋਂ ਡਾਕਟਰ ਵੀ ਦੋਵੇਂ ਬਾਹਾਂ ਖੜ੍ਹੀਆਂ ਕਰ ਗਏ ਹੋਣ।

ਸੱਚੀ ਤੇ ਅੱਖੀਂ ਵੇਖੀ ਇਨਸਾਨ ਹੱਥੋਂ ਇਨਸਾਨ ਦੇ ਘਾਣ ਦੀ ਕਹਾਣੀ ਹੈ। ਜਦੋਂ ਬੇਕਸੂਰ ਜ਼ਿੰਦਗੀਆਂ ਨੂੰ ਮੌਤ ਦਾ ਕੜਾਹ ਪ੍ਰਸਾਦ ਦੋ ਦੋ ਵਾਰੀ ਵੰਡਿਆ ਗਿਆ ਹੋਵੇ। ਤੁਹਾਨੂੰ ਲੱਗੇਗਾ ਕਿ ਇਹ ਦੁਰਘਟਨਾ ਜਲ੍ਹਿਆਂਵਾਲੇ ਬਾਗ ਤੋਂ ਘੱਟ ਨਹੀਂ ਸੀ। ਫਰਕ ਸਿਰਫ ਏਨਾ ਹੈ ਕਿ ਉਸ ਇਨਸਾਨੀ ਘਾਣ ਦਾ ਬਦਲਾ ਊਧਮ ਸਿੰਘ ਨੇ ਲੈ ਲਿਆ ਸੀ ਤੇ ਇਹਦੇ ਵਿਚ ਜਨਰਲ ਅਡਵਾਇਰਾਂ ਦੀ ਪਛਾਣ ਸ਼ਾਇਦ ਹਾਲੇ ਤੀਕਰ ਵੀ ਨਾ ਹੋਈ ਹੋਵੇ।

ਬਹੁਤ ਸਾਰੇ ਬੇਕਸੂਰ ਮੌਤ ਦੀ ਬੁੱਕਲ ਵਿਚ ਰਾਤ ਦੇ ਹਨੇਰੇ ਵਿਚ ਹੋਈ ਅੰਨ੍ਹੇਵਾਹ ਫਾਇਰਿੰਗ 'ਚ ਜਾ ਵੜੇ ਸਨ ਪਰ ਬਚਨੀ ਦਾ ਚੀਕ-ਚਹਾੜਾ ਦੋ ਦਹਾਕੇ ਬੀਤਣ 'ਤੇ ਵੀ ਬੰਦ ਨਹੀਂ ਹੋਇਆ। ਇਹ ਬਚਨੀ ਹੈ ਕੌਣ ਤੇ ਇਹਦੇ ਨਾਲ ਹੋਇਆ ਕੀ?

ਦੁਆਬੇ ਦੀ ਇਕ ਪਿੰਡ 'ਚ ਬਰਸਾਤ ਦੇ ਦਿਨਾਂ 'ਚ ਕੱਚੀ ਛੱਤ ਡਿਗਣ ਕਾਰਨ ਪਤੀ-ਪਤਨੀ ਮਾਰੇ ਗਏ ਪਰ ਰੱਬ ਦੇ ਰੰਗ ਕਿ ਉਨ੍ਹਾਂ ਦਾ ਇਕਲੌਤਾ ਅੱਠ ਵਰ੍ਹਿਆਂ ਦਾ ਪੁੱਤਰ ਮਹਾਂ ਸਿੰਘ ਜਿਉਂਦਾ ਹੇਠੋਂ ਕੱਢ ਲਿਆ ਗਿਆ। ਪਿੰਡ ਦੇ ਇਕ ਧਰਮੀ ਇਨਸਾਨ ਪਿਆਰਾ ਦਿੱਤਾ ਨੇ ਉਹਨੂੰ ਪਾਲਿਆ-ਪੋਸਿਆ ਜੁਆਨ ਕੀਤਾ। ਨਾਂ ਤਾਂ ਪਿਆਰੇ ਦਿੱਤੇ ਦਾ ਪਿਆਰਾ ਸਿੰਘ ਸੀ ਪਰ ਉਹ ਇਕ ਮੁਸਲਮਾਨ ਫਕੀਰ ਦੀ ਦਰਗਾਹ 'ਤੇ ਬੈਠਾ ਹੋਣ ਕਰਕੇ ਲੋਕ ਉਹਨੂੰ ਸਾਈਂ ਵੀ ਆਖਦੇ। ਉਹ ਸਵੇਰੇ ਉੱਠ ਕੇ ਪਹਿਲਾਂ ਗੁਰਦੁਆਰੇ ਜਾ ਕੇ ਸੰਖ ਤੇ ਘੜਿਆਲ ਵਜਾਉਂਦਾ ਫਿਰ ਪ੍ਰਸਾਦ ਦਰਗਾਹ ਤੇ ਰੱਖ ਕੇ ਮੰਦਿਰ 'ਚ ਭਗਵਾਨ ਸ਼ਿਵ ਦੀ ਮੂਰਤੀ ਨੂੰ ਕੱਚੀ ਲੱਸੀ ਨਾਲ ਨੁਹਾ ਕੇ ਫੁੱਲੀਆਂ ਤੇ ਮਖਾਣਿਆਂ ਦਾ ਪ੍ਰਸਾਦ ਲੈ ਕੇ ਦਰਗਾਹ 'ਤੇ ਆ ਬੈਠਦਾ। ਫਿਰ ਉਹ ਸਾਰਾ ਦਿਨ ਇਹ ਪ੍ਰਸਾਦ ਵਿਚ ਚੌਲਾਂ ਦੀ ਦੇਗ, ਕੜਾਹ ਮਿਲਾ ਕੇ ਸਕੂਲੋਂ ਆਉਂਦੇ ਬੱਚਿਆਂ ਤੇ ਰਾਹਗੀਰਾਂ ਨੂੰ 'ਵਾਜਾਂ ਮਾਰ ਮਾਰ ਵੰਡਦਾ। ਅਸਲ ਵਿਚ ਸਾਰੇ ਧਰਮਾਂ 'ਚ ਉਹਦਾ ਰੱਜ ਕੇ ਸਤਿਕਾਰ ਸੀ ਤੇ ਇਸੇ ਕਰਕੇ ਉਹ ਪਿਆਰਾ ਸਿੰਘ ਤੋਂ ਪਿਆਰਾ ਦਿੱਤਾ ਬਣ ਗਿਆ ਸੀ।

ਪਿਆਰਾ ਦਿੱਤਾ ਨੇ ਮਹਾਂ ਸਿੰਘ ਨੂੰ ਬਹੁਤ ਕੋਸ਼ਿਸ਼ ਕੀਤੀ ਕਿ ਚਾਰ ਅੱਖਰ ਪੜ੍ਹ ਲਵੇ ਪਰ ਉਹ ਊੜਾ ਊਠ ਕਹਿਣ ਤੋਂ ਅੱਗੇ ਨਾ ਤੁਰ ਸਕਿਆ। ਵੱਡਾ ਹੋਇਆ ਤਾਂ ਟਰੱਕ ਚਲਾਉਣ ਲੱਗ ਪਿਆ। ਯਤੀਮ ਜਿਹਾ ਹੋਣ ਕਰਕੇ ਕਿਸੇ ਨੇ ਮਹਾਂ ਸਿੰਘ ਨੂੰ ਵਿਆਹ ਤਾਂ ਕੀ ਕਰੇਵਾ ਵੀ ਨਾ ਕਰਵਾਇਆ। ਲੋਕ ਉਹਨੂੰ ਛੜਾ ਕਹਿ ਕੇ ਛੇੜਨ ਲੱਗ ਪਏ। ਇਤਫਾਕ ਇਹ ਹੋਇਆ ਕਿ ਮਹਾਂ ਸਿੰਘ ਕਿਤੇ ਕਰਨਾਟਕ ਨੂੰ ਲੰਬੇ ਗੇੜੇ 'ਤੇ ਗਿਆ ਤਾਂ ਉਧਰੋਂ ਇਕ ਅੱਧਖੜ ਜਿਹੀ ਤੀਵੀਂ ਭਜਾ ਕੇ ਲੈ ਆਇਆ।



ਇਧਰ ਆ ਕੇ ਟਰੱਕ ਦੀਆਂ ਚਾਬੀਆਂ ਮਾਲਕ ਦੇ ਹਵਾਲੇ ਕੀਤੀਆਂ ਤੇ ਆਪ ਪਿੰਡ 'ਚ ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਜਦੋਂ ਵੀਹ ਸਾਲਾਂ ਤੀਕਰ ਕੋਈ ਔਲਾਦ ਨਾ ਹੋਈ ਤਾਂ ਦੋਹਾਂ ਦੀ ਜ਼ਿੰਦਗੀ ਤੁਫਾਨ 'ਚ ਭੰਨੇ ਦਰਖ਼ਤਾਂ ਵਰਗੀ ਹੋ ਗਈ। ਫਿਰ ਬੁੱਢੇ ਵਾਰੇ ਰੱਬ ਪਤਾ ਨਹੀਂ ਕਿਵੇਂ ਮਿਹਰਬਾਨ ਹੋ ਗਿਆ ਮਹਾਂ ਸਿੰਘ ਦੀ ਮੋਹਸਿਨਾ ਤੋਂ ਬਚਨੀ ਬਣੀ ਪਤਨੀ ਨੇ ਇਕ ਬੇਟੇ ਨੂੰ ਜਨਮ ਦਿੱਤਾ। ਪਰ ਨਾਲ ਹੀ ਰੱਬ ਨੇ ਬਚਨੀ ਦੀ ਵੱਖੀ ਕੋਹਣੀ ਮਾਰ ਕੇ ਭੰਨ ਦਿੱਤੀ। ਪੁੱਤਰ ਨੇ ਤਾਂ ਜਨਮ ਲੈ ਲਿਆ ਪਰ ਮਹਾਂ ਸਿੰਘ ਲੋਹੜੀ ਵੰਡਣ ਦੇ ਚਾਅ ਵਿਚ ਭੁੱਕੀ ਦੇ ਛੰਨੇ ਨਾਲ ਗਟਾਗਟ ਸ਼ਰਾਬ ਵੀ ਅੰਦਰ ਸੁੱਟਦਾ ਗਿਆ। ਸਵੇਰੇ ਹੀ ਪਤਾ ਲੱਗਾ ਜਦੋਂ ਤੂੜੀ ਆਲੇ ਕੋਠੇ 'ਚ ਮਹਾਂ ਸਿੰਘ ਮਰਿਆ ਪਿਆ ਵੇਖਿਆ। ਪ੍ਰਦੇਸਣ ਬਚਨੀ ਲਈ ਦਿਨ ਕਟੀ ਔਖੀ ਹੋ ਗਈ ਪਰ ਪਿਆਰਾ ਦਿੱਤਾ ਫਿਰ ਦੋਹਾਂ ਨੂੰ ਦੋ ਡੰਗ ਦੀ ਰੋਟੀ ਦੇਂਦਾ ਰਿਹਾ। ਤੇ ਧਰਤੀ 'ਤੇ ਅਨਰਥ ਉਸ ਦਿਨ ਵੱਡਾ ਹੋਇਆ ਜਦੋਂ ਬਚਨੀ ਦਾ ਚਾਰ ਸਾਲਾਂ ਦਾ ਪੁੱਤਰ ਗੌਤਮ ਕਪਾਲ 'ਚ ਗੋਲੀ ਲੱਗਣ ਨਾਲ ਥਾਏਂ ਢੇਰੀ ਹੋ ਗਿਆ। ਕੁਦਰਤ ਦੀ ਸਿਤਮਜ਼ਰੀਫੀ ਇਹ ਵੀ ਸੀ ਕਿ ਇਸੇ ਗੋਲੀਬਾਰੀ 'ਚ ਪਿਆਰਾ ਦਿੱਤਾ ਵੀ ਛਾਤੀ 'ਚ ਗੋਲੀ ਲੱਗਣ ਨਾਲ ਜਹਾਨੋਂ ਕੂਚ ਕਰ ਗਿਆ ਸੀ ਤੇ ਦਰਜਨਾਂ ਮੌਤਾਂ 'ਚ ਇਹ ਦੋ ਜਾਨਾਂ ਅਜਾਈਂ ਚਲੇ ਜਾਣ ਨਾਲ ਹਰ ਚਿਹਰਾ ਉਦਾਸ ਸੀ, ਹਰ ਹਿਰਦੇ 'ਚ ਹੂਕ ਸੀ ਤੇ ਇਉਂ ਲੱਗਦਾ ਸੀ ਕਿ ਏਨਾ ਜ਼ੁਲਮ ਵੇਖ ਕੇ ਚੰਨ ਵੀ ਬੱਦਲਾਂ ਓਹਲੇ ਹੋ ਗਿਆ ਹੋਵੇ, ਤਾਰੇ ਸ਼ਰਮ ਨਾਲ ਛਿਪ ਗਏ ਹੋਣ। ਬਚਨੀ ਦੀ ਸੁੰਨੀ ਕੁੱਖ ਤੇ ਤਿੰਨ ਧਰਮਾਂ ਦੀ ਇਕ ਮੂਰਤ ਪਿਆਰਾ ਦਿੱਤਾ ਹਰ ਇਕ ਦੀਆਂ ਨਜ਼ਰਾਂ 'ਚ ਸੱਲ੍ਹ ਬਣ ਗਿਆ ਸੀ।

ਪੰਜਾਬ ਦੇ ਉਹ ਮਾੜੇ ਦਿਨ ਜਾਂ ਉਹ ਕਾਲਾ ਅਤੀਤ ਚੇਤੇ ਕਰਨ ਨੂੰ ਜੀਅ ਤਾਂ ਨਹੀਂ ਕਰਦਾ ਪਰ ਇਹ ਦੁਰਘਟਨਾ ਉਨ੍ਹਾਂ ਦਿਨਾਂ ਦੀ ਹੀ ਹੈ। ਜਦੋਂ ਹੁਸ਼ਿਆਰਪੁਰ ਦੇ ਜਲੰਧਰ ਦੀ ਹੱਦ ਨਾਲ ਲਗਦੇ ਦੋ ਜੁੜਵੇਂ ਨਾਵਾਂ ਵਾਲੇ ਪਿੰਡ 'ਚ ਇਕ ਧਾਰਮਿਕ ਅਸਥਾਨ 'ਤੇ ਜਦੋਂ ਰਾਤ ਦੀ ਚੁੱਪ 'ਚ ਇਕ ਧਾਰਮਿਕ ਨਾਟਕ ਖੇਡਿਆ ਜਾ ਰਿਹਾ ਸੀ ਤੇ ਪਤਾ ਨਹੀਂ ਕਿਸ ਪਾਸਿਓਂ ਗੋਲੀਆਂ ਦੀ ਅਚਾਨਕ ਵਾਛੜ ਹੋਈ ਤੇ ਦਰਜਨਾਂ ਬੇਕਸੂਰ ਹੋਣੀ ਨਾਲ ਹੱਥ ਮਿਲਾ ਗਏ। ਇਸੇ ਹੀ ਖੂਨ ਦੀ ਹੋਲੀ 'ਚ ਬਚਨੋ ਦਾ ਲਾਲ ਗੌਤਮ ਬਚਪਨ 'ਚ ਮੌਤ ਦੇ ਵਾ-ਵਰੋਲੇ 'ਚ ਗੁਆਚਿਆ ਤੇ ਇਥੇ ਹੀ ਪਿਆਰਾ ਦਿੱਤੇ ਦੀ ਛਾਤੀ ਗੋਲੀਆਂ ਨਾਲ ਛਲਣੀ ਹੋਈ।

ਇਸ ਦੁਰਘਟਨਾ ਨੂੰ ਅੱਖੀਂ ਦੇਖਣ ਦਾ ਸਬੱਬ ਇਹ ਸੀ ਕਿ ਪਿਛਲੀ ਪੀੜ੍ਹੀ ਜਾਣਦੀ ਹੋਵੇਗੇ ਕਿ ਦੁਆਬੇ 'ਚ ਖਾਸ ਤੌਰ 'ਤੇ ਅਧੇ ਮਾਲਵੇ ਦੇ ਕੁਝ ਹਿੱਸਿਆਂ ਵਿਚ ਨਕਲੀਆਂ ਤੇ ਰਾਮ ਲੀਲਾ ਜਾਂ ਡਰਾਮੇ ਖੇਡਣ ਵਾਲਿਆਂ ਦੀ ਬੜੀ ਚੜ੍ਹਤ ਰਹੀ ਹੈ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਫਿਲਮ ਜਗਤ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਇਆ ਸੀ ਤੇ ਟੈਲੀਵੀਜ਼ਨ ਪਿੰਡਾਂ ਤੱਕ ਨਹੀਂ ਪੁੱਜਿਆ ਸੀ। ਲੋਕੀਂ ਗੁਰਦਾਸ ਮਾਨ ਵੇਖਣ ਵਾਂਗ ਸਾਰੀ ਸਾਰੀ ਰਾਤ ਇਨ੍ਹਾਂ ਦਾ ਆਨੰਦ ਮਾਣਦੇ ਸਨ। ਸ਼ਾਇਦ ਤੁਹਾਨੂੰ ਚੇਤੇ ਹੋਵੇ ਤਾਂ ਜਾਡਲੇ ਦਾ ਮਲੂਕ ਚੰਦ, ਸਿੰਬਲ ਮਜ਼ਾਰੇ ਦਾ ਗਿਆਨੀ ਮਹਿੰਗਾ ਸਿੰਘ, ਮਹਿੰਦਰ ਸਿੰਘ ਪ੍ਰਦੇਸੀ, ਸੱਲ੍ਹਾਂ ਦਾ ਸਾਧੂ, ਢਾਹਾਂ ਦਾ ਪੰਡਿਤ ਮੋਹਣ ਲਾਲ ਕਿਸੇ ਵੇਲੇ ਸਥਾਪਿਤ ਨਾਂ ਸਨ। ਇਨ੍ਹਾਂ ਡਰਾਮਿਆਂ ਵਿਚਲੇ ਹਾਸਰਸੀ ਪਾਤਰ ਟਿੱਡੀ ਮੁੱਛੇ ਨੇ ਹੀ ਪਹਿਲਾਂ ਗਾਉਣ ਵਾਲਿਆਂ ਨੂੰ ਕਾਮੇਡੀ ਕਲਾਕਾਰ ਰੱਖਣ ਦੀ ਆਦਤ ਪਾਈ ਤੇ ਇਸੇ ਹੀ ਤਰਜ 'ਤੇ ਫਿਰ ਭਗਵੰਤ ਮਾਨ, ਘੁੱਗੀ, ਭਜਨਾ ਅਮਲੀ ਤੇ ਬਾਲੇ-ਭੱਲੇ ਤੇ ਅਤਰੋ-ਚਤਰੋ ਨੇ ਪ੍ਰਵੇਸ਼ ਕੀਤਾ। ਪੁਰਾਣੇ ਬਜ਼ੁਰਗਾਂ ਨੂੰ ਡਰਾਮਿਆਂ ਵਿਚ ਟਿੱਡੀ ਮੁੱਛੇ ਦਾ ਕਿਰਦਾਰ ਨਿਭਾਉਣ ਵਾਲਾ ਨਾਮਾ ਰਾਮ ਕਦੇ ਨਹੀਂ ਭੁਲੇਗਾ। ਜਿਵੇਂ ਅਲਫਾ ਟੀ.ਵੀ. 'ਤੇ ਚਲਦੇ ਹਾਸਰਸ ਸੀਰੀਅਲ 'ਤੋਤੀ ਟਾਂਗੇ ਵਾਲੇ' ਦਾ ਨਿਰਮਾਣ ਕਰਨ ਵਾਲੇ ਰਾਹੋਂ ਦੇ ਸੁੱਖਾਂ ਰਾਮ ਸਰੋਆ ਦੀ ਇਸ ਵੇਲੇ ਆਧੁਨਿਕ ਡਰਾਮਾ ਤਕਨੀਕ ਵਿਚ ਪੂਰੀ ਚੜ੍ਹਤ ਹੈ ਇਵੇਂ ਮਾੜੀ ਕਿਸਮਤ ਨੂੰ ਸਾਡੇ ਲਾਗਲੇ ਪਿੰਡ ਐਮਾਂ ਜੱਟਾਂ ਦੇ ਮਹਿੰਦਰ ਪਾਲ ਨੇ ਡਰਾਮਾ ਮੰਡਲੀ ਬਣਾ ਲਈ। ਇਹ ਪਿੰਡ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੇ ਪਿੰਡ ਧੂਨੀ ਦੇ ਬਿਲਕੁਲ ਨਾਲ ਹੈ। ਮਹਿੰਦਰ ਪਾਲ ਨੇ ਮੀਡੀਏ 'ਚ ਚਰਚਾ ਕਰਵਾਉਣ ਦੇ ਚੱਕਰ ਵਿਚ ਪਹਿਲਾਂ ਗੁਲਜਾਰ ਸੰਧੂ ਤੱਕ ਗੁਆਂਢੀ ਹੋਣ ਕਰਕੇ ਪਹੁੰਚ ਕੀਤੀ ਪਰ ਇਕ ਦਿਨ ਉਹ ਮੇਰੇ ਘਰੇ ਆ ਗਿਆ। ਲੋਕ-ਰੰਗ ਨਾਲ ਵਾਹ-ਵਾਸਤਾ ਰੱਖਣ ਕਰਕੇ ਮੈਂ ਉਸ ਦਾ ਉਕਤ ਘਟਨਾ ਸਥਾਨ ਤੇ ਅੱਖੀਂ ਡਰਾਮਾ ਵੇਖਣ ਦੀ ਹਾਮੀ ਭਰ ਦਿੱਤੀ। ਸ਼ਾਮ ਚੁਰਾਸੀ ਦੇ ਲਾਗਲੇ ਪਿੰਡ ਤਲਵੰਡੀ ਕਾਨੂੰਗੋ 'ਚ ਮੇਰੀ ਮਾਸੀ ਸੀ ਤੇ ਇਕ ਦਿਨ ਪਹਿਲਾਂ ਮੈਂ ਉਥੇ ਪੁੱਜ ਗਿਆ। ਮੇਰੀ ਮਾਸੀ ਦਾ ਪੁੱਤ ਪੱਤੇ-ਪੁੱਤੇ ਪੀਣ ਦਾ ਸ਼ੌਕੀਨ ਸੀ ਤੇ ਲੀਟਰ ਤੇਲ ਵਾਲੇ ਡੱਬੇ 'ਚ ਇਨ੍ਹਾਂ ਰਸ ਘੋਲਿਆ ਤੇ ਅਮਲੀਆਂ ਵਾਂਗ ਸਾਈਕਲ ਦਾ ਬਣਾ ਤਾ ਬੰਬੂ ਕਾਟ। ਇਕ ਤਾਂ ਧਾਰਮਿਕ ਅਸਥਾਨ ਵਾਲੇ ਬਾਬੇ ਮੈਨੂੰ ਜਾਣਦੇ ਸਨ ਤੇ ਦੂਜਾ ਡਰਾਮੇ ਵਾਲੇ। ਪਤਵੰਤੇ ਸੱਜਣਾਂ ਨਾਲ ਮੇਰੀ ਕੁਰਸੀ ਪਹਿਲੀ ਕਤਾਰ ਵਿਚ ਲਗਾ ਦਿੱਤੀ ਗਈ। ਕੋਠੇ ਬਨੇਰੇ ਸਭ ਆਲਾ-ਦੁਆਲਾ ਭਰਿਆ ਪਿਆ ਸੀ। ਡਰਾਮਾ ਸ਼ੁਰੂ ਹੋਏ ਨੂੰ ਹਾਲੇ ਦੋ ਕੁ ਘੰਟੇ ਹੋਏ ਹੋਣਗੇ ਕਿ ਮੇਰੀ ਮਾਸੀ ਦੇ ਪੁੱਤ ਦਾ ਫਿਰ ਅਮਲ ਟੁੱਟ ਗਿਆ। ਉਹ ਮੇਰੇ ਕੰਨ 'ਚ ਕਹਿਣ ਲੱਗਾ ਕਿ ਆਜਾ ਤੂੰ ਪੈੱਗ ਲਾ ਲਈਂ ਤੇ ਮੈਂ ਆਪਣਾ ਏਥੇ ਇਕ ਅਮਲੀ ਭਰਾ ਆ, ਘੁੱਟ ਸ਼ਰਬਤ ਪੀ ਲਵਾਂਗਾ। ਤੇ ਅਸੀਂ ਦੋਵੇਂ ਜਣੇ ਡਰਾਮੇ ਤੋਂ ਨੇੜੇ ਹੀ ਇਕ ਪਸ਼ੂਆਂ ਵਾਲੀ ਹਵੇਲੀ 'ਚ ਅਮਲੀ ਕੋਲ ਜਾ ਬੈਠੇ। ਉਨ੍ਹਾਂ ਦੋਹਾਂ ਨੇ ਹਾਲੇ ਪੱਤਿਆਂ ਦੇ ਸ਼ਰਬਤ ਦਾ ਚਸਕਾ ਲਿਆ ਹੀ ਹੋਣੈ ਕਿ ਠਾਹ-ਠਾਹ ਹੋਣ ਲੱਗ ਪਈ।

ਅਮਲੀ ਕਹਿਣ ਲੱਗਾ 'ਪਤੰਦਰ ਡਰਾਮੇ 'ਚ ਪਟਾਕੇ ਚਲਾਉਣ ਲੱਗ ਪਏ। ਕਮਲਿਓ ਅੱਜ ਭਲਾ ਦੀਵਾਲੀ ਐ?'

ਮੈਂ ਪੁੱਛਿਆ, 'ਤੂੰ ਨ੍ਹੀ ਗਿਆ?'

'ਆਦਮਪੁਰ ਵਾਲਾ ਥਾਣੇਦਾਰ ਬੜਾ ਕੱਬਾ ਮਹੀਨਾ ਨ੍ਹੀ ਹੋਇਆ ਹੱਡ ਛਲਾ ਕੇ ਆਏ ਨੂੰ। ਉਥੇ ਉਹੀ ਮੁਨਸ਼ੀ ਸਰਦਾਰਾ ਰਾਮ ਤੇ ਹੌਲਦਾਰ ਮੁਲਖ ਸਿੰਘ ਹੋਣੇ ਸਾਲੇ। ਫੇਰ ਨਾ ਢਾਹ ਲੈਣ, ਡਰਦਾ ਨ੍ਹੀ ਗਿਆ।'

ਅਸੀਂ ਸੋਚਿਆ ਡਰਾਮੇ 'ਚ ਕੋਈ ਸੀਨ ਨਾ ਹੋਵੇ ਪਟਾਕਿਆਂ ਦਾ ਤੇ ਅਸੀਂ ਵਾਹੋ-ਦਾਹੀ ਆਤਿਸ਼ਬਾਜ਼ੀ ਸ਼ੋਅ ਵੇਖਣ ਲਈ ਭੱਜੇ ਹੀ ਸਾਂ ਕਿ ਹਫੜਾ-ਦਫੜੀ ਮਚੀ ਹੋਈ ਸੀ। ਗੋਲੀਆਂ ਚਹੁੰਆਂ ਪਾਸਿਆਂ ਤੋਂ ਸਰਹੱਦ ਤੇ ਲੱਗੀ ਲੜਾਈ ਵਾਂਗ ਚੱਲ ਰਹੀਆਂ ਸਨ। ਮੌਤ ਸਾਨੂੰ ਵੀ ਦੋਹਾਂ ਨੂੰ ਨਾਲ ਹੀ ਖੜ੍ਹੀ ਜਾਪ ਰਹੀ ਸੀ। ਇਕ ਕੱਚੇ ਢਾਰੇ ਦਾ ਸਹਾਰਾ ਲੈ ਕੇ ਦੋਵੇਂ ਜਣੇ ਖੜ੍ਹ ਗਏ ਕਿਉਂਕਿ ਬਚਣ ਦਾ ਕੋਈ ਹੀਲਾ ਹੀ ਨਹੀਂ ਸੀ। ਨਾਲ ਹੀ ਇਕ ਛੋਟੀ ਜਿਹੀ ਖੂਹੀ ਵਿਚ ਲੋਕ ਛਾਲਾਂ ਮਾਰ ਰਹੇ ਸਨ ਜਿਵੇਂ ਇਨ੍ਹਾਂ ਨੇ ਕਿਤੇ ਫ਼ਿਲਮਾਂ 'ਚ ਜ਼ਲਿਆਂਵਾਲੇ ਬਾਗ ਦਾ ਸਾਕਾ ਵੇਖ ਲਿਆ ਹੋਵੇ। ਮਰ ਗਏ ਓਏ, ਮਾਰ ਤੇ ਓਏ, ਬਚਾ ਲੋ ਓਏ...ਦੀਆਂ ਚੀਖਾਂ ਨਾਲ ਮਾਹੌਲ ਦਰਦਨਾਕ ਸੀ ਜਿਥੇ ਕੁਝ ਦੇਰ ਪਹਿਲਾਂ ਗੀਤਾਂ ਦੀ ਫੁਹਾਰ ਤੇ ਹਾਸੇ ਦੀਆਂ ਕਿਲਕਾਰੀਆਂ ਵੱਜ ਰਹੀਆਂ ਸਨ। ਡਰਾਮੇ ਵਿਚਾਲੇ ਦੋ ਪਾਤਰ ਸਟੇਜ 'ਤੇ ਮਾਰੇ ਗਏ ਸਨ ਤੇ ਮੂਹਰਲੀਆਂ ਕੁਰਸੀਆਂ 'ਤੇ ਪਤਵੰਤਿਆਂ ਦੀਆਂ ਲਾਸ਼ਾਂ ਕੁਰਸੀਆਂ 'ਤੇ ਲਟਕ ਰਹੀਆਂ ਸਨ। ਸਾਡਾ ਉਸ ਥਾਂ ਤੋਂ ਹਿਲਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ ਤੇ ਰੱਬ ਦੇ ਆਸਰੇ ਦਿਲ 'ਤੇ ਪੱਥਰ ਰੱਖ ਕੇ ਜਾਨਾਂ ਨੂੰ ਲਾਸ਼ਾਂ 'ਚ ਬਦਲਦਿਆਂ ਵੇਖਦੇ ਰਹੇ। ਕੁਝ ਹੀ ਪਲਾਂ 'ਚ ਸ਼ਾਂਤੀ ਹੋ ਗਈ। ਜਿਹੜੇ ਬਚ ਗਏ ਸਨ ਉਹ ਘਰਾਂ 'ਚ ਜਾ ਲੁਕੇ ਸਨ। ਤੇ ਫਿਰ ਪੁਲਿਸ ਦੀਆਂ ਗੱਡੀਆਂ ਦੇ ਹੂਟਰ ਵੱਜਣ ਲੱਗ ਪਏ। ਇਹ ਪਤਾ ਹੀ ਨਹੀਂ ਲੱਗਾ ਸੀ ਕਿ ਜਨਰਲ ਅਡਵਾਇਰ ਦੇ ਰਿਸ਼ਤੇਦਾਰ ਗੋਲੀਆਂ ਦਾ ਮੀਂਹ ਕਿਸ ਮਕਸਦ ਲਈ ਵਰਾ ਕੇ ਰਫੂਚੱਕਰ ਹੋ ਚੁੱਕੇ ਸਨ।

ਪੰਜਾਬ ਪੁਲਿਸ ਤੇ ਸੀ.ਆਰ.ਪੀ. ਦੀਆਂ ਟੁਕੜੀਆਂ ਆਉਣ ਦੇ ਨਾਲ ਲੋਕ ਘਰਾਂ 'ਚੋਂ ਬਾਹਰ ਰੋਂਦੇ ਕੁਰਲਾਉਂਦੇ ਆਪਣਿਆਂ ਨੂੰ ਪਛਾਨਣ ਦੇ ਚੱਕਰ ਵਿਚ ਵਿਰਲਾਪ ਨਾਲ ਧਰਤੀ ਨੂੰ ਕੰਬਣੀ ਛੇੜ ਰਹੇ ਸਨ। ਮੈਂ ਆਪਣੇ ਨਾਲ ਕੁਰਸੀਆਂ 'ਤੇ ਬੈਠੇ ਹੱਸਦੇ ਚਿਹਰਿਆਂ ਨੂੰ ਮੌਤ ਦੇ ਗਲ ਲੱਗਿਆ ਵੇਖ ਕੇ ਸੋਚਦਾ ਸੀ ਕਾਸ਼! ਮੇਰੀ ਮਾਸੀ ਦਾ ਪੁੱਤ ਪੱਤੇ ਨਾ ਪੀਂਦਾ ਹੁੰਦਾ।

ਸਵੇਰੇ ਖਬਰ ਸੀ ਕਿ ਬਚਨੀ ਦਾ ਚਾਰ ਸਾਲਾਂ ਦਾ ਇਕਲੌਤਾ ਪੁੱਤਰ ਗੌਤਮ ਵੀ ਮਾਰਿਆ ਗਿਆ ਤੇ ਪਿਆਰਾ ਦਿੱਤਾ ਵੀ ਜੋ ਪਤਵੰਤਿਆਂ ਨੂੰ ਚਾਹ ਨਾਲ ਪਕੌੜੇ ਤੇ ਬਦਾਨਾ ਖੁਆ ਰਿਹਾ ਸੀ। ਬਚਨੀ ਉਸ ਥਾਂ ਤੋਂ ਗਈ ਨਹੀਂ ਸੀ ਤੇ ਵਰ੍ਹਦੀਆਂ ਗੋਲੀਆਂ 'ਚ ਇਸ ਕਰਕੇ ਬੈਠੀ ਰਹੀ ਕਿ ਕਿਤੇ ਇਕ ਗੋਲੀ ਉਹਦੇ ਵੀ ਲੱਗ ਜਾਵੇ। ਪਿਆਰਾ ਦਿਤੇ ਦੀ ਛਾਤੀ 'ਤੇ ਮਾਲਾ 'ਚ ਲਟਕਦੇ ਇਕ ਓਂਕਾਰ, ਓਮ ਤੇ 786 ਦੇ ਧਰਮ ਚਿੰਨ ਵੇਖ ਕੇ ਬਚਨੀ ਨੇ ਇਕ ਦੁਹੱਥੜ ਹੋਰ ਮਾਰੀ, 'ਪਾਪੀਓ ਆਹ ਧਰਮੀ ਵੀ ਮਾਰ'ਤਾ।'

ਪੰਜਾਬ 'ਤੇ ਉਹ ਦਿਨ ਨਹੀਂ ਰਹੇ, ਮਰਨ ਵਾਲਿਆਂ ਦੇ ਸਾਕ ਸਬੰਧੀਆਂ, ਘਰਦਿਆਂ ਦੇ ਜ਼ਖਮ ਸ਼ਾਇਦ ਭਰ ਗਏ ਹੋਣ ਪਰ ਬਚਨੀ ਅਗਲੇ ਸਾਲ ਕੂਚ ਕਰ ਗਈ ਤੇ ਗੋਲੀਆਂ ਚਲਾਉਣ ਵਾਲੇ ਅੱਜ ਕੱਲ ਕਿਥੇ ਰਹਿੰਦੇ ਨੇ ਇਹਦਾ ਪਤਾ ਸ਼ਾਇਦ ਕਿਸੇ ਨੂੰ ਵੀ ਨਾ ਹੋਵੇ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ***ਖਰੀ ਗੱਲ!***

ਬੰਦੇ ਧਰਤੀ 'ਤੇ ਬੋਝ ਨੇ ਬੜੇ ਦੇਖੇ, ਜਿਉਂਦੇ ਪਏ ਨੇ ਐਵੇਂ ਨਿਹੱਕ ਜਿਹੜੇ।
ਫੁੱਟੀ ਕੌਡੀ ਨੂੰ ਬਾਹਰ ਕੋਈ ਪੁੱਛਦਾ ਨ੍ਹੀਂ, ਘਰੇ ਉਂਗਲਾਂ 'ਤੇ ਗਿਣਦੇ ਨੇ ਲੱਖ ਜਿਹੜੇ।
ਖਰੇ-ਘੋਟੇ ਦਾ ਨਹੀਂ ਰੱਖਦੇ ਫਰਕ ਕੋਈ, ਖਿੱਚੀ ਜਾਣ ਬੇਸ਼ਰਮੀ ਦਾ ਰੱਥ ਜਿਹੜੇ।
ਬੰਦੇ ਧਰਮੀ ਨੇ ਬੜੇ ਸਮਾਜ ਅੰਦਰ, ਲਾਉਂਦੇ ਬਿੰਦ ਨਹੀਂ ਪਾਉਣ ਨੂੰ ਨੱਥ ਜਿਹੜੇ।
ਸੱਚ ਕਿਹਾ ਏ ਤਾਹੀਓਂ ਸਿਆਣਿਆਂ ਨੇ, ਛੜੇ ਰਹਿੰਦੇ ਨੇ, ਹੁੰਦੇ ਉਲੱਥ ਜਿਹੜੇ।
ਤੇ ਲੱਖ ਲਾਹਣਤਾਂ ਯਾਰ ਕਮੀਨਿਆਂ ਦੇ, ਵਹੁਟੀ ਯਾਰ ਦੀ 'ਤੇ ਰੱਖਦੇ ਅੱਖ ਜਿਹੜੇ।

# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ







ਭਾਈ ਗੁਰਮੀਤ ਸਿੰਘ ਖਾਲਸਾ | ਭਾਈ ਗੁਰਚਰਨ ਸਿੰਘ ਮਾਨ | ਭਾਈ ਗੁਰਮੇਲ ਸਿੰਘ ਬਾਠ | ਭਾਈ ਤਾਰਾ ਸਿੰਘ ਗਿੱਲ | ਭਾਈ ਤਰਸੇਮ ਸਿੰਘ

ਗਰੂ ਪਿਆਰੀ ਸਾਧ ਸੰਗਤ ,

*ਗੁਰੂ ਘਰ ਫਰੀਮਾਂਟ ਦੇ ਪ੍ਰਬੰਧ ਮੁੜ ਤੋ ਸੁਚੱਜੇ ਢੰਗ ਨਾਲ ਚਲਾਉਣ ਲਈ ਗੁਰੂਘਰ ਦੇ ਹਿਸਾਬ ਨੂੰ ਮੁੜ ਤੋ ਪਾਰਦਰਸ਼ੀ ਕਰਨ ਲਈ ਅਤੇ ਸਾਡੀ ਆਉਣ ਵਾਲੀ ਪੀੜੀ ਨੂੰ ਸਾਂਭਣ ਲਈ ਲਗਭਗ ਬੰਦ ਪਏ ਖਾਲਸਾ ਸਕੂਲ ਨੂੰ ਮੁੜ ਤੋ ਸਹੀ ਅਰਥਾਂ ਵਿਚ ਖਾਲਸਾ ਸਕੂਲ ਬਣਾਉਣ ਲਈ ਭਾਈ ਗੁਰਮੀਤ ਸਿੰਘ ਖਾਲਸਾ ,ਭਾਈ ਗੁਰਚਰਨ ਸਿੰਘ ਮਾਨ,ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ, ਭਾਈ ਤਰਸੇਮ ਸਿੰਘ ਬੱਸਾ ਵਾਲੀਆਂ ਨੂੰ ਆਪਣਾ ਕੀਮਤੀ ਵੋਟ ਪਾਕੇ ਕਾਮਯਾਬ ਕਰੋ ਜਿਸ ਵੀ ਕਿਸੇ ਨੂੰ ਪੰਥਕ ਸਲੇਟ ਦੇ ਉਮੀਦਵਾਰ ਨੂੰ ਵੋਟ ਪਾਉਣ ਜਾਣ ਲਈ ਫਰੀ ਰਾਈਡ ਦੀ ਲੋੜ ਹੈ ਤਾਂ ਹੇਠ ਲਿਖੇ ਨੰਬਰ ਫੋਨ ਕਰ ਸਕਦੇ ਹੋ ਅਤੇ ਅਡਵਾਂਸ ਵਿਚ ਬੁੱਕਿੰਗ ਵੀ ਕਰ ਸਕਦੇ ਹੋ।*

*ਗੁਰੂ ਪੰਥ ਦੇ ਦਾਸ*


## ਅਵੀਵਾ ਲਿਮੋਜੀਨ ਅਤੇ ਮੈਟਰੋ ਕੈਬ ਕੰਪਨੀ


**ਪ੍ਰਮਿਦਰ ਸਿੰਘ ਪਵਾਰ ਫੋਨ–408 I 937 I 9000**




ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਚਰਨ ਸਿੰਘ ਮਾਨ


ਭਾਈ ਗੁਰਮੇਲ ਸਿੰਘ ਬਾਠ


ਭਾਈ ਤਾਰਾ ਸਿੰਘ ਗਿੱਲ


ਭਾਈ ਤਰਸੇਮ ਸਿੰਘ


# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ

## ਸਨਿਮਰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀ।
ਵਾਹਿਗੁਰੂ ਜੀ ਕਾ ਖਾਲਸਾ। ਵਹਿਗੁਰੂ ਜੀ ਕੀ ਫਤਹ।

ਦਾਸ ਆਪ ਸਮੂਹ ਸੰਗਤਾਂ ਦਾ ਤਹਿ ਦਿਲੋਂ ਧਨਵਾਦੀ ਹੈ ਕਿ ਆਪ ਜੀ ਨੇ ਮੈਨੂੰ ਸਾਧ ਸੰਗਤ ਦੀ ਸੇਵਾ ਦਾ ਮੌਕਾ ਬਖਸ਼ਿਆ। ਵਾਹਿਗੁਰੂ ਜੀ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਅਸੀਂ ਸੰਗਤਾਂ ਲਈ ਜੋ ਕੁਝ ਵੀ ਕਰ ਸਕੇ ਉਹ ਆਪ ਜੀ ਦੇ ਸਾਹਮਣੇ ਹੈ। 2006 ਵਿਚ ਕੀਤੀ ਗਈ ਸੰਵਿਧਾਨ ਦੀ ਸੋਧ ਮੁਤਾਬਿਕ ਦਾਸ ਦੋ ਟਰਮਾਂ ਹੀ ਸੇਵਾ ਕਰ ਸਕਦਾ ਹੈ। ਇਸ ਲਈ ਦਾਸ ਇਸ ਵਾਰ ਚੋਣ ਨਹੀਂ ਲੜ ਰਿਹਾ। ਪਹਿਲੀ ਕਮੇਟੀ ਵਲੋਂ ਆਰੰਭੇ ਕਈ ਪ੍ਰੋਜੈਕਟ ਅਜੇ ਅਧੂਰੇ ਹਨ ਜਿਵੇਂ ਕਿ ਲੰਗਰ ਹਾਲ ਵਿਚ ਛੱਤ ਪਾ ਕੇ ਖਾਲਸਾ ਸਕੂਲ ਦੇ ਬੱਚਿਆਂ ਲਈ ਕਮਰੇ ਬਣਾਉਣੇ, ਪਾਰਕਿੰਗ ਦਾ ਪ੍ਰਬੰਧ ਕਰਨਾ ਅਤੇ ਸਿੱਖ ਬੱਚਿਆਂ ਦੇ ਭਵਿੱਖ ਲਈ ਨਵੇਂ ਪ੍ਰੋਜੈਕਟ ਉਲੀਕਣੇ ਆਦਿ। ਇਸ ਲਈ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ 14 ਮਾਰਚ, 2010 ਨੂੰ ਹੋ ਰਹੀਆਂ ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਆਪਣਾ ਕੀਮਤੀ ਵੋਟ ਪੰਥਕ ਸਲੇਟ ਦੇ ਉਮੀਦਵਾਰਾਂ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਮੇਲ ਸਿੰਘ ਬਾਂਠ, ਭਾਈ ਗੁਰਚਰਨ ਸਿੰਘ ਮਾਨ, ਭਾਈ ਤਾਰਾ ਸਿੰਘ ਗਿੱਲ ਅਤੇ ਭਾਈ ਤਰਸੇਮ ਸਿੰਘ ਬੱਸਾਂਵਾਲੇ ਨੂੰ ਪਾ ਕੇ ਕਾਮਯਾਬ ਬਣਾਓ ਜੀ।

ਆਪ ਜੀ ਦੇ ਧਨਵਾਦੀ ਹੋਵਾਂਗੇ ।


ਭਾਈ ਰਾਮ ਸਿੰਘ ਜੀ

**ਵੱਲੋਂ -**
**ਭਾਈ ਰਾਮ ਸਿੰਘ**
**(ਮੌਜੂਦਾ ਸੁਪਰੀਮ ਕੌਸਲ ਮੈਂਬਰ)**

# ਸੰਸਾਰ ਦੇ ਸਿਆਸੀ ਵਰਤਾਰਿਆਂ ਦਾ ਸਾਰ

**ਵਿਚਾਰ-ਚਰਚਾ**

**ਦਲਬੀਰ ਸਿੰਘ ਪੱਤਰਕਾਰ**



***ਇਹ ਸੱਚਾਈ ਤਾਂ ਹੁਣ ਹਰ ਸਿੱਖ ਬੱਚਾ ਅਤੇ ਪੰਜਾਬ ਵਾਸੀ ਜਾਣਦਾ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਉਪਰ ਹੋਈ ਫੌਜੀ ਚੜ੍ਹਾਈ ਅਕਾਲੀ ਲੀਡਰਾਂ ਬਾਦਲ, ਟੌਹੜਾ ਅਤੇ ਲੌਂਗੋਵਾਲ ਦੀ ਪੂਰੀ ਮਨਸ਼ਾ ਨਾਲ ਇੰਦਰਾ ਗਾਂਧੀ ਵਲੋਂ ਕਰਵਾਈ ਗਈ ਸੀ ਪਰ ਉਸ ਪਿਛੋਂ ਗੱਲ ਏਨੀ ਵਧ ਗਈ ਕਿ ਉਸ ਮਾਰ-ਮਰਾਈ ਪਿਛੋਂ ਸਿੱਖਾਂ ਦੀ ਕੁੱਲਨਾਸ ਦੇ ਪੈਂਤੜੇ ਵਿਚ ਬਾਦਲਕੇ ਪੂਰੀ ਤਰ੍ਹਾਂ ਸ਼ਾਮਲ ਸਨ।***

ਸਿੱਖ ਅਰਦਾਸ ਵਿਚ ਨਾਨਕ-ਗੋਬਿੰਦ ਵਿਚਾਰਧਾਰਾ ਦੀ ਸੇਧ ਅਨੁਸਾਰ ਫੁਰਮਾਨ ਹੈ ਸਿੱਖਾਂ ਦਾ 'ਮਨ ਨੀਵਾਂ, ਮਤਿ ਉਚੀ' ਪਰ ਅੱਜ ਕੱਲ੍ਹ ਜੋ ਵੇਖਣ ਨੂੰ ਮਿਲਦਾ ਹੈ, ਉਸ ਅਨੁਸਾਰ ਮਤਿ ਨੀਵੀਂ ਅਤੇ ਮਨ ਉਚੇ ਦਾ ਵਰਤਾਰਾ ਵੱਡੀ ਪੱਧਰ 'ਤੇ ਚੱਲ ਰਿਹਾ ਹੈ। ਹਾਕਮ ਲੋਕ ਤਾਂ ਪੂਰਨ ਰੂਪ ਵਿਚ ਇਸੇ ਲੜੀ ਵਿਚ ਬੱਝ ਗਏ ਹਨ। ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ। ਇਸ ਲੜੀ ਵਿਚ ਰਾਜਨੀਤਕ ਤੇ ਧਾਰਮਕ ਆਗੂ ਆਪਣੀ-ਆਪਣੀ ਲੋੜ (ਭਾਵ ਮਾਇਆ ਤੇ ਚੌਧਰ) ਅਨੁਸਾਰ ਆਮ ਲੋਕਾਂ ਵਿਚ ਵੱਖਰੀ-ਵੱਖਰੀ ਸੁਰ ਬੰਨ੍ਹਦੇ ਹਨ। ਰਾਜਨੀਤਕ ਤਾਂ ਆਪਣੀਆਂ ਲੋੜਾਂ ਲਈ 'ਪਰਿਵਾਰਵਾਦ' ਅਤੇ ਧੜੇ ਦੀ ਸੁਰ ਅਲਾਪਦੇ ਹਨ ਅਤੇ ਧਾਰਮਕ ਭਾਵ ਬਾਬੇ ਆਦਿ 'ਪਰਮਾਤਮਾ' ਨਾਲ ਮਿਲਾਪ ਦੀ ਗੱਲ ਕਰਦੇ ਹਨ। ਇਨ੍ਹਾਂ ਦੋਵਾਂ ਦੇ ਅੰਤਿਮ ਨਿਸ਼ਾਨੇ ਲਗਭਗ ਇਕੋ (ਨਿੱਜੀ) ਨੇ। ਨਹਿਰੂ, ਇੰਦਰਾ, ਸੋਨੀਆ-ਰਾਹੁਲ, ਬਾਦਲ-ਸੁਖਬੀਰ, ਸੁਰਿੰਦਰ ਕੌਰ-ਹਰਸਿਮਰਤ, ਲਾਲੂ-ਰਾਬੜੀ ਦੇਵੀ, ਕਰੁਣਾਨਿਧੀ, ਮੁਲਾਇਮ ਸਿੰਘ, ਚੌਟਾਲਾ ਆਦਿ ਹੋਣ ਜਾਂ ਅਨੇਕ ਵੰਨ-ਸੁਵੰਨੇ ਬਾਬੇ, ਸਾਰਿਆਂ ਦੇ ਅੰਤਿਮ ਨਿਸ਼ਾਨੇ ਆਪਣੇ ਨਿੱਜਵਾਦ ਗਿਰਦ ਘੁੰਮਦੇ ਨੇ। ਕਿਸੇ ਨੂੰ ਹਾਕਮ ਮੰਨ ਕਿ ਉਸ ਦੀ ਗੁਲਾਮੀ ਕਰਨੀ ਇਕ ਨਖਿੱਧ ਵਰਤਾਰਾ ਹੈ, ਜਿਸ ਵਿਚ ਅਜੋਕੇ ਕਰੋੜਾਂ ਮਨੁੱਖ ਫਸੇ ਹੋਏ ਹਨ। ਇਸ ਦਾ ਅਰੰਭ ਇਕ ਰੱਬ ਮਿਥ ਕੇ ਉਸ ਅੱਗੇ ਮੱਥੇ ਟੇਕਣ ਤੋਂ ਹੋਇਆ ਤੇ ਫਿਰ ਉਹ ਬਾਬਿਆਂ ਤੇ ਹਾਕਮਾਂ ਤਾਈਂ ਪਸਰ ਗਿਆ। ਲੋੜ ਹੈ ਰਚਨਾਤਮਕ ਸੋਝੀ ਅਧੀਨ ਸਿਰਜਣਾਤਮਕ ਵਰਤਾਰੇ ਨੂੰ ਸਮਝਣ ਦੀ। ਹਉਮੈ ਤੇ ਲਾਲਚ ਅਜੋਕੇ ਸਿੱਖ ਸੰਕਟ ਦਾ ਕਾਰਨ ਹੈ।

ਧਰਮ ਦੇ ਖੇਤਰ ਵਿਚ 'ਪਰਮਾਤਮਾ' ਦੇ ਏਜੰਟਾਂ (ਬਾਬਿਆਂ ਆਦਿ) ਨੇ ਇਕ ਸਿਰਜਣਹਾਰ ਮਿਥ ਕੇ ਇਕ ਬ੍ਰਹਿਮੰਡ ਦੀ ਸਾਰੀ ਉਪਜ ਉਸ ਦੇ ਪੇਟੇ ਪਾਈ ਹੈ। ਵਿਗਿਆਨੀ ਅਤੇ ਬਾਬਿਆਂ ਦੇ ਧਰਮ ਗੁਰੂ ਇਹ ਗੱਲ ਕਹਿੰਦੇ ਹਨ ਕਿ ਸਮੁੱਚੀ ਬ੍ਰਹਿਮੰਡੀ ਉਪਜ ਇਕ ਧਮਾਕੇ ਜਾਂ ਇਕ ਵਾਕ ਤੋਂ ਹੋਈ ਹੈ। ਭਾਵੇਂ ਇਸ ਗੱਲ ਦਾ ਅੱਜ ਤਾਈਂ ਵੀ ਉਨ੍ਹਾਂ ਪਾਸ ਕੋਈ ਸਬੂਤ ਨਹੀਂ। ਹਾਂ ਇਹ ਗੱਲ ਠੀਕ ਹੈ ਕਿ ਸਮੁੱਚੀ ਬ੍ਰਹਿਮੰਡੀ ਉਪਜ ਜਾਂ ਕੁਦਰਤ ਦਾ ਵਰਤਾਰਾ ਅੱਜ ਸਾਡੇ ਸਾਹਮਣੇ ਪ੍ਰਤੱਖ ਹੈ। ਥੋੜ੍ਹੀ ਵਿੱਦਿਆ ਪ੍ਰਾਪਤ ਸਧਾਰਨ ਵਿਅਕਤੀਆਂ ਨੂੰ ਇਹ ਸਬਕ ਪੜ੍ਹਾਉਣਾ ਕਿ ਬ੍ਰਹਿਮੰਡੀ ਉਪਜ ਹੋਈ ਕਿੱਦਾਂ ਸੀ ਜਾਂ ਕਿਸ ਨੇ ਕੀਤੀ ਸੀ, ਇਹ ਉਨ੍ਹਾਂ ਨਾਲ ਵਧੀਕੀ ਕਰਨ ਬਰਾਬਰ ਹੈ। ਇਹ ਗੱਲ ਤਾਂ ਦੱਸਣੀ ਜਾਂ ਸਮਝਾਉਣੀ ਸੌਖੀ ਹੈ ਕਿ ਜੋ ਕੁਝ ਸਾਡੇ ਸਾਹਮਣੇ ਕੁਦਰਤ ਦਾ ਵਰਤਾਰਾ ਹੈ ਉਹ ਕੀ ਹੈ? ਉਹ ਕਿਉਂ ਹੈ, ਇਹ ਇਕ ਟੇਡਾ ਸੁਆਲ ਹੈ। ਜਿਸ ਨੂੰ ਸਮਝਾਉਣ ਲਈ ਧਾਰਮਕ ਵਿਅਕਤੀਆਂ ਨੂੰ ਸਾਦਾ ਜਿਹੀ ਸੰਗਤ ਨੂੰ ਗਧੀਗੇੜ ਪਾਉਣ ਦਾ ਉਪਰਾਲਾ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਸੁਆਲ ਦਾ ਜੁਆਬ ਤਾਂ ਉਨ੍ਹਾਂ ਦੇ ਆਪਣੇ ਪਾਸ ਵੀ ਨਹੀਂ ਹੈ। ਲੋੜ ਇਹ ਹੈ ਕਿ ਹਰ ਵਿਆਕਤੀ ਆਪਣੇ ਸੰਖੇਪ ਜੀਵਨ ਵਿਚ ਸਮਾਜ ਅੰਦਰ ਕੋਈ 'ਸ਼ੁਭ ਕੰਮ' ਕਰ ਜਾਏ ਤਾਂ ਉਸ ਦਾ ਜੀਵਨ ਸਫਲ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਹੋਈ ਮੁਲਾਕਾਤ ਸਮੇਂ ਉਨ੍ਹਾਂ ਨੂੰ ਸਮਾਜ ਵਿਚ ਵਿਚਰਨ ਦੀ ਸਿੱਖਿਆ ਦਿੱਤੀ ਅਤੇ ਬਗਦਾਦ ਫੇਰੀ ਸਮੇਂ ਸ਼ੁਭ ਕਰਮਨ ਬਾਝੋਂ ਦੋਨੋਂ ਰੋਈ ਕਿਹਾ। ਗੁਰੂ ਗੋਬਿੰਦ ਸਿੰਘ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੂੰ' ਆਖ ਕੇ ਇਸ ਲੜੀ ਵਿਚ ਸੇਧ ਦਿੰਦੇ ਹਨ। ਇਸ ਤੋਂ ਅੱਗੇ ਗੱਲ ਕਰਦੇ ਹਾਂ ਅਜੋਕੇ ਵਰਤਾਰਿਆਂ ਦੀ, ਇਹ ਵੇਖਣ ਲਈ ਕਿ ਮਨੁੱਖ ਦੀ ਮਤਿ ਉਚੀ ਹੈ ਜਾਂ ਮਨ?

21ਵੀਂ ਸਦੀ ਦੇ ਅਰੰਭ ਤੋਂ ਪਹਿਲਾਂ ਹੀ ਸੰਚਾਰ ਸਾਧਨਾਂ-ਖਾਸ ਕਰ ਕੰਪਿਊਟਰ, ਮੋਬਾਈਲ ਅਤੇ ਹਵਾਈ ਜਹਾਜ਼ਾਂ ਦੀ ਵਧ ਰਹੀ ਗਿਣਤੀ ਨੇ ਧਰਤੀ 'ਤੇ ਵਸਦੇ ਲੋਕਾਂ ਦਾ ਮੇਲ-ਜੋਲ ਬਹੁਤ ਸੁਖਾਲਾ ਕਰ ਦਿਤਾ ਹੈ। ਮਾਰਕਸਵਾਦੀ ਵਿਚਾਰਧਾਰਾ ਅਨੁਸਾਰ "ਪੈਦਾਵਾਰੀ ਸਾਧਨ ਮਨੁੱਖ ਦੀ ਸੋਝੀ ਦਾ ਫੈਸਲਾ ਕਰਦੇ ਹਨ।" ਜਾਪਦਾ ਇਹ ਹੈ ਕਿ ਨਾ ਕੇਵਲ ਰਾਜ ਪ੍ਰਬੰਧ ਦੇ ਖੇਤਰ ਵਿਚ ਸਗੋਂ ਸਮਾਜੀ ਰਿਸ਼ਤਿਆਂ ਵਿਚ ਵੀ ਵਿਗਿਆਨਕ ਉਨਤੀ ਨੇ 21ਵੀਂ ਸਦੀ ਚੜ੍ਹਦਿਆਂ ਹੀ ਵੱਡੀ ਅਦਲਾ-ਬਦਲੀ ਕਰ ਦਿੱਤੀ ਹੈ। ਆਬਾਦੀ ਦੇ ਵੱਡੇ ਹਿੱਸੇ ਆਪਣੇ ਘਰ-ਘਾਟ ਛੱਡ ਕੇ ਦੂਜੇ ਟਿਕਾਣਿਆਂ ਵਲ ਉਲਰੇ ਪਏ ਨੇ ਅਤੇ ਦੇਸ਼ਾਂ ਦੀਆਂ ਹੱਦਾਂ, ਨਸਲੀ ਰਿਸ਼ਤੇ, ਬੋਲੀਆਂ, ਧਰਮਾਂ, ਖਾਣ-ਪੀਣ, ਪਹਿਰਾਵੇ, ਕਿਰਤ ਆਦਿ ਵਿਚ ਇਨਕਲਾਬੀ ਤਬਦੀਲੀਆਂ ਹੋ ਰਹੀਆਂ ਹਨ। ਇਕ ਪਾਸੇ ਰੱਜੇ-ਪੁੱਜਿਆਂ ਪਾਸ ਮਾਇਆ ਸਾਂਭਣੀ ਔਖੀ ਹੋ ਰਹੀ ਹੈ ਅਤੇ ਦੂਜੇ ਬੰਨੇ ਭੁੱਖਮਰੀ ਵਿਚ ਫਸੇ ਲੋਕ ਬਗਾਵਤਾਂ ਕਰ ਰਹੇ ਹਨ (ਅਜੋਕੇ ਭਾਰਤੀ ਸਰਵੇ ਅਨੁਸਾਰ ਇਥੋਂ ਦੇ 100 ਵਿਚੋਂ 70 ਵਿਅਕਤੀਆਂ ਕੋਲ ਇਕ ਦਿਨ ਵਿਚ ਕੇਵਲ 20 ਰੁਪਏ ਖਰਚਣ ਲਈ ਹਨ)। ਲਗਭਗ ਸਾਰੀ ਧਰਤੀ ਹੀ ਕੁਰੂਕਸ਼ੇਤਰ ਬਣਦੀ ਜਾ ਰਹੀ ਹੈ। 'ਜੇਹਾਦੀ' ਤੇ 'ਮਾਓਵਾਦੀ' ਆਪਣੇ ਜੌਹਰ ਦਿਖਾ ਰਹੇ ਹਨ ਅਤੇ ਧ੍ਰਿਤਰਾਸ਼ਟਰ ਬਣੇ ਰਾਜਨੀਤਕ ਆਏ ਦਿਨ ਆਪਣੀਆਂ ਕੁਟਲ ਨੀਤੀਆਂ ਦੇ ਕਰਤਵ ਵਿਖਾ ਰਹੇ ਹਨ। ਰਹਿ ਚੁੱਕੇ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਅਤੇ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਵਲੋਂ ਚੱਲੀਆਂ ਗਈਆਂ ਚਾਲਾਂ ਇਤਿਹਾਸਕ ਪੱਖੋਂ ਅਸਫਲਤਾ ਦੇ ਡੂੰਘੇ ਘਾਓ ਸਨ। ਸਾਰੀ ਦੁਨੀਆਂ ਵਿਚ ਇਹ ਗੱਲ ਸਪਸ਼ਟ ਨਿੱਖਰ ਕੇ ਆਈ ਹੈ ਕਿ ਇਰਾਕ ਵਿਚ "ਆਮ ਤਬਾਹੀ ਦੇ ਹਥਿਆਰ" ਕਿਧਰੇ ਵੀ ਨਹੀਂ ਸਨ, ਜਿਵੇਂ ਬੁਸ਼-ਬਲੇਅਰ ਜੋੜੀ ਨੇ ਉਥੇ ਜੰਗ ਛੇੜਨ ਲਈ ਇਸ ਦਾ ਪ੍ਰਚਾਰ ਕੀਤਾ ਸੀ। ਅੱਜ ਕਲ੍ਹ ਬਰਤਾਨੀਆ ਵਿਚ ਇਕ ਵੱਡੇ ਕਮਿਸ਼ਨ ਰਾਹੀਂ ਪੜਤਾਲ ਚੱਲ ਰਹੀ ਹੈ ਕਿ ਕੀ ਉਥੇ ਯੂਰਪੀ ਫੌਜਾਂ ਭੇਜਣੀਆਂ ਕਾਨੂੰਨ ਅਧੀਨ ਵਾਜਬ ਸਨ? ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਸੰਯੁਕਤ ਰਾਸ਼ਟਰ ਸੰਘ ਅਤੇ ਆਪਣੇ ਦੇਸ਼ਾਂ ਦੇ ਅਸੂਲਾਂ ਤੇ ਕਾਨੂੰਨ ਦੀ ਉਲੰਘਣਾ ਸੀ। ਕਾਨੂੰਨ ਦੀ ਪਾਲਣਾ ਸਾਰੀ ਧਰਤੀ 'ਤੇ ਅੱਜ ਦਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ।









ਕੁਝ ਇਸੇ ਕਿਸਮ ਦਾ ਵਰਤਾਰਾ ਹੋਇਆ ਸੀ ਜੂਨ 1984 ਵਿਚ ਇੰਦਰਾ ਗਾਂਧੀ ਵਲੋਂ ਹਰਿਮੰਦਰ ਸਾਹਿਬ ਸਮੂਹ ਉਪਰ ਚਾੜ੍ਹੀ ਗਈ ਫੌਜ ਦਾ। ਉਸ ਨੇ ਵੀ ਆਪਣੀ ਵਜ਼ੀਰ ਮੰਡਲੀ ਕੋਲੋਂ ਇਸ ਕਾਰਵਾਈ ਲਈ ਮੋਹਰ ਲੁਆਈ ਸੀ ਜਾਂ ਨਹੀਂ, ਇਹ ਅੱਜ ਵੀ ਪੜਤਾਲਣਯੋਗ ਹੈ।

ਅੱਜ ਦੇ ਸੁਆਲਾਂ ਦਾ ਸੁਆਲ ਇਹ ਹੈ ਕਿ ਕੀ ਅਮਰੀਕਾ ਦੀ ਅਗਵਾਈ ਹੇਠ ਨਾਟੋ ਫੌਜਾਂ ਅਫਗਾਨਿਸਤਾਨ ਵਿਚ ਤਾਲਿਬਾਨ ਨੂੰ ਹਰਾ ਸਕਣਗੀਆਂ? ਅਤੇ ਕੀ ਇਰਾਕ ਵਿਚ ਹੋਏ ਘਮਸਾਨ ਦੇ ਯੁੱਧ ਅਤੇ ਭਿਆਨਕ ਕਤਲੇਆਮ ਪਿਛੋਂ ਅਮਰੀਕਾ ਜੰਗ ਜਿੱਤ ਸਕਿਆ? ਕੀ ਅਮਰੀਕੀ ਉਥੋਂ ਸੁਰਖਰੂ ਹੋ ਕੇ ਅਫਗਾਨਿਸਤਾਨ 'ਤੇ ਭਾਰੂ ਹੋਇਆ? ਸਿਆਣੇ ਲੋਕ ਇਰਾਕ ਵਿਚ ਵੀ ਅਮਰੀਕਾ ਦੀ ਹਾਰ ਹੁੰਦੀ ਵੇਂਹਦੇ ਹਨ ਅਤੇ ਅਫਗਾਨਿਸਤਾਨ ਵਿਚ ਉਸ ਨੂੰ ਫਸਿਆ ਹੋਇਆ ਵੇਖਦੇ ਹਨ। ਸਤਾਈ ਪੱਛਮੀ ਦੇਸਾਂ ਦੀਆਂ ਫੌਜਾਂ ਅਤੇ ਸਮੁੱਚੇ ਰੂਪ ਵਿਚ 44 ਦੇਸ਼ਾਂ (ਭਾਰਤ ਸਮੇਤ) ਦੀ ਸਹਿਮਤੀ ਨਾਲ ਇਰਾਕ ਦੇ ਤਾਲਿਬਾਨ ਖਿਲਾਫ ਲੜੀ ਜਾ ਰਹੀ ਜੰਗ ਪ੍ਰਤੀ ਅਮਰੀਕਨ ਜਰਨੈਲਾਂ ਨੇ ਸਾਫ-ਸਾਫ ਖੁੱਲ੍ਹੇ ਰੂਪ ਵਿਚ ਇਹ ਗੱਲ ਕਹਿ ਦਿਤੀ ਹੈ ਕਿ ਜਦ ਤਾਈਂ ਉਸਾਮਾ ਬਿਨ ਲਾਦਿਨ ਫੜਿਆ ਜਾਂ ਮਾਰਿਆ ਨਹੀਂ ਜਾਂਦਾ, ਇਹ ਲੜਾਈ ਜਿੱਤੀ ਨਹੀਂ ਜਾ ਸਕਦੀ। ਇਸੇ ਸਥਿਤੀ ਨੂੰ ਮੁੱਖ ਰੱਖ ਕੇ ਭਾਵੇਂ ਫੌਜੀ ਪੱਖੋਂ ਤਾਂ ਅਫਗਾਨਿਸਤਾਨ ਵਿਚ ਪੱਛਮੀ ਤਾਕਤਾਂ, ਅਮਰੀਕਾ ਅਤੇ ਨਾਟੋ ਦੇ ਨਾਂ 'ਤੇ ਆਪਣੀਆਂ ਫੌਜਾਂ ਦੀ ਗਿਣਤੀ ਇਕ ਲੱਖ ਕਰ ਦਿੱਤੀ ਗਈ ਹੈ ਪਰ ਨਾਲ ਦੀ ਨਾਲ ਰਾਜਨੀਤਕ ਸਾਜ਼ਿਸ਼ੀ ਪੈਂਤੜਾ ਇਹ ਵਰਤਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ "ਚੰਗੇ ਤਾਲਿਬਾਨ" ਜਿੱਤ ਕੇ ਆਪਣੇ ਨਾਲ ਜੋੜਨੇ ਹਨ ਅਤੇ "ਮਾੜੇ ਤਾਲਿਬਾਨ" ਅਤੇ "ਅਲਕਾਇਦਾ" ਸਮਰਥਕਾਂ ਨਾਲ ਫੈਸਲਾਕੁੰਨ ਆਖਰੀ ਲੜਾਈ ਲੜਨੀ ਹੈ। ਚਾਣਕਯਾ ਨੀਤੀ ਅਧੀਨ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਫਗਾਨਿਸਤਾਨ ਵਿਚ ਆਮ ਲੋਕਾਂ ਦੀ "ਖੁਸ਼ਹਾਲੀ ਅਤੇ ਰਾਖੀ" ਲਈ ਆਏ ਹਨ। ਤਾਲਿਬਾਨ ਦੇ ਇਕ ਕਮਾਂਡਰ ਨੂੰ ਕਰਾਚੀ ਵਿਚੋਂ ਪਾਕਿਸਤਾਨੀ ਫੌਜਾਂ ਵਲੋਂ ਗ੍ਰਿਫਤਾਰ ਕਰਨ ਪਿੱਛੋਂ ਅਮਰੀਕੀਆਂ ਦੀ ਕੋਸ਼ਿਸ਼ ਹੈ ਕਿ ਉਸ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮੁਖੀ ਮੁੱਲਾਂ ਉਮਰ ਨਾਲ ਗੱਲ ਛੇੜੀ ਜਾਏ ਅਤੇ ਇਸ ਲੜਾਈ ਤੋਂ ਕਿਸੇ ਤਰ੍ਹਾਂ "ਸਤਿਕਾਰ" ਨਾਲ ਪੱਲਾ ਛੁਡਾਇਆ ਜਾਏ। ਦੂਜੇ ਪਾਸੇ ਅਲਕਾਇਦਾ ਦੀ ਗੱਲ ਤਾਂ ਛੱਡੋ ਆਮ ਤਾਲਿਬਾਨ ਵੀ ਇਹ ਸੁਣਨ ਲਈ ਤਿਆਰ ਨਹੀਂ। ਉਨ੍ਹਾਂ ਦੀ ਇਕੋ ਮੰਗ ਹੈ ਕਿ ਦੂਜੇ ਦੇਸ਼ਾਂ ਦੀਆਂ ਫੌਜਾਂ ਅਫਗਾਨਿਸਤਾਨ ਵਿਚੋਂ ਨਿਕਲ ਜਾਣ। ਅਸਲ ਵਿਚ ਇਹ ਲੜਾਈ ਮੁਸਲਮਾਨ ਭਾਈਚਾਰੇ ਦੇ ਵੱਡੇ ਹਿੱਸੇ ਦੀ ਬਣ ਗਈ ਹੈ ਜਿਸ ਦੀ ਮਾਨਸਿਕ ਧੜਕਣ ਉਸਾਮਾ ਬਿਨ ਲਾਦਿਨ ਦੀ ਅਗਵਾਈ ਨਾਲ ਜੁੜੀ ਹੋਈ ਹੈ। ਹਾਲਤ ਇਹ ਹੈ ਪੱਛਮੀ ਦੇਸ਼ਾਂ ਦੇ ਲੋਕ ਵੀ ਆਪਣੀਆਂ ਫੌਜਾਂ ਨੂੰ ਅਫਗਾਨਿਸਤਾਨ ਵਿਚ ਭੇਜਣ ਦੇ ਹੱਕ ਵਿਚ ਨਹੀਂ। ਇਸੇ ਲੜੀ ਵਿਚ ਬੈਲਜ਼ੀਅਮ ਦੀ ਸਰਕਾਰ ਨੂੰ ਆਪਣੀ ਪਾਰਲੀਮੈਂਟ ਵਿਚ ਹਾਰ ਖਾਣੀ ਪਈ। ਫਰਾਂਸ, ਜਰਮਨੀ, ਕੈਨੇਡਾ, ਆਸਟਰੇਲੀਆ ਆਦਿ ਨੂੰ ਤਾਂ ਛੱਡੋ ਅਮਰੀਕੀ ਲੋਕ ਵੀ ਇਨ੍ਹਾਂ ਖਿੱਤਿਆਂ ਵਿਚੋਂ ਆਪਣੀਆਂ ਫੌਜਾਂ ਕੱਢਣ ਲਈ ਉਤਾਵਲੇ ਹਨ।

ਅਸਲ ਵਿਚ ਇਸ ਲੜੀ ਦੇ ਇਕ ਚਿੰਨ੍ਹ ਵਜੋਂ ਲਿਆ ਜਾਵੇ ਤਾਂ ਅਫਗਾਨਿਸਤਾਨ ਵਿਚ ਭਾਰਤੀ ਦਖਲ ਨੀਵੀਂ ਮਤਿ ਦਾ ਚਿੰਨ੍ਹ ਹੈ। ਕਰਜ਼ਾਈ ਪੰਜਾਬ ਵਾਂਗ ਸਰਮਾਏਦਾਰ ਦੇਸ਼ਾਂ ਵਿਚ ਆਰਥਕ ਸੰਕਟ ਦਾ ਵਰਤਾਰਾ, ਇਸ ਦੇ ਹੋਰ ਜੋ ਵੀ ਕਾਰਨ ਹੋਣ, ਉਸਾਮਾ ਬਿਨ ਲਾਦਿਨ ਵਲੋਂ ਕਹੀ ਗਈ ਇਹ ਗੱਲ ਠੀਕ ਜਾਪਦੀ ਹੈ ਕਿ "ਅਸੀਂ ਤੁਹਾਨੂੰ ਨਿਚੋੜ ਦਿਆਂਗੇ" ਭਾਵ ਜੰਗ ਦੀ ਲੜੀ ਵਿਚ ਕੀਤੇ ਗਏ ਖਰਚੇ ਰਾਹੀਂ ਤੁਹਾਨੂੰ ਉਜਾੜ ਦਿਆਂਗੇ। ਇਰਾਕ ਤੇ ਅਫਗਾਨਿਸਤਾਨ ਵਿਚੋਂ ਪੱਛਮੀ ਦੇਸਾਂ ਵਿਚ ਪਹੁੰਚੇ ਲਾਸ਼ਾਂ ਦੇ ਤਾਬੂਤਾਂ ਨੇ ਉਥੋਂ ਦੇ ਲੋਕਾਂ ਦੀ ਸੋਝੀ ਨੂੰ ਨਿਖਾਰਿਆ ਅਤੇ ਉਹ ਜੰਗ ਵਿਰੁਧ ਬੋਲੇ। 27 ਫਰਵਰੀ 2010 ਨੂੰ ਕਾਬੁਲ ਵਿਚ ਹੋਏ ਧਮਾਕੇ ਪਿਛੋਂ ਭਾਰਤ ਪਹੁੰਚ ਰਹੇ ਲਾਸ਼ਾਂ ਦੇ ਤਾਬੂਤ ਇਥੋਂ ਦੇ ਬਾਣੀਆਂ ਦੀ ਸੋਝੀ ਨੂੰ ਨਿਖਾਰਨਗੇ ਅਤੇ ਆਸ ਹੈ ਕਿ ਉਹ ਖੁੱਲ੍ਹ ਕੇ ਜੰਗ ਵਿਰੁਧ ਬੋਲਣਗੇ।

ਗੁਰੂ ਨਾਨਕ ਦੀ ਬਗਦਾਦ ਯਾਤਰਾ ਇਤਿਹਾਸਕ ਸੀ ਅਤੇ ਸ਼ਾਇਦ ਉਸੇ ਪਰੰਪਰਾ ਅਧੀਨ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ 28 ਫਰਵਰੀ 2010 ਨੂੰ ਸਾਊਦੀ ਅਰਬ ਭਾਵ ਮੱਕੇ ਦੀ ਯਾਤਰਾ 'ਤੇ ਗਏ ਹਨ। ਆਸ ਕਰਨੀ ਚਾਹੀਦੀ ਹੈ ਉਥੋਂ ਕੋਈ ਚੰਗਾ ਸੰਦੇਸ਼ਾ ਲੈ ਕੇ ਆਏ ਹੋਣਗੇ ਅਤੇ ਮਨ ਨੀਵਾਂ ਤੇ ਮਤਿ ਉਚੀ 'ਤੇ ਪਹਿਰਾ ਦੇਣਗੇ।

ਹੁਣ ਗੱਲ ਕਰਦੇ ਹਾਂ ਮਾਓਵਾਦੀਆਂ ਦੀ। ਭਾਰਤ ਦੇ ਗ੍ਰਹਿ ਮੰਤਰੀ ਚਿੰਦਬਰਮ ਨੇ ਬੜੇ ਦਮਗਜੇ ਨਾਲ ਇਹ ਗੱਲ ਕਹੀ ਕਿ ਭਾਰਤ ਦੇ ਆਦਿਵਾਸੀ ਖੇਤਰਾਂ ਵਿਚ ਮਾਓਵਾਦੀਆਂ ਨੂੰ ਜ਼ਬਰਦਸਤ ਕੇਂਦਰੀ ਅਰਧ ਸੈਨਿਕ ਬਲਾਂ ਰਾਹੀਂ ਕੁਚਲ ਦਿੱਤਾ ਜਾਏਗਾ। ਪਰ ਜਦ ਉਨ੍ਹਾਂ ਦੀ ਇਸ ਪਹੁੰਚ ਨੂੰ ਅਨੇਕ ਰਾਜਨੀਤਕ ਪੱਖਾਂ ਵਲੋਂ ਹਮਾਇਤ ਨਾ ਮਿਲੀ ਤਾਂ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਵਾਂਗੂੰ ਉਨ੍ਹਾਂ ਵੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਰੇ ਆਦਿਵਾਸੀ ਮਾਓਵਾਦੀਆਂ ਦੇ ਹਾਮੀ ਨਹੀਂ ਤੇ ਅਸੀਂ 'ਚੰਗੇ ਆਦਿਵਾਸੀਆਂ' ਨੂੰ ਵਿਕਾਸ ਦੇ ਕੰਮਾਂ ਰਾਹੀਂ ਸਰਕਾਰੀ ਪੱਖ ਵਿਚ ਕਰ ਲਵਾਂਗੇ। ਪਰ ਛੱਤੀਸਗੜ੍ਹ ਪ੍ਰਾਂਤ ਵਿਚ ਸਰਕਾਰ ਵਲੋਂ ਵੱਡੀ ਪੱਧਰ 'ਤੇ ਆਮ ਲੋਕਾਂ ਦਾ ਉਜਾੜਾ ਅਤੇ "ਸਲਵਾ ਜੂਡਮ" ਰਾਹੀਂ ਉਨ੍ਹਾਂ ਲੋਕਾਂ 'ਤੇ ਢਾਹੇ ਗਏ ਜ਼ੁਲਮ ਕਾਰਨ ਚਿਦੰਬਰਮ ਨੂੰ ਆਪਣੀ ਸੋਚ ਵਿਚ ਸੁਧਾਰ ਕਰਨਾ ਪਿਆ। ਨਾਲ ਦੀ ਨਾਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਝਾਰਖੰਡ ਦੇ ਮੁੱਖ ਮੰਤਰੀ ਸ਼ਿਬੂ ਸੋਰੇਨ ਅਤੇ ਕੇਂਦਰ ਵਿਚ ਪਹਿਲੇ ਨੰਬਰ ਦੀ ਕਾਂਗਰਸ ਸਮਰਥਕ ਪਾਰਟੀ ਦੀ ਮੁਖੀ ਮਮਤਾ ਬੈਨਰਜੀ ਵਲੋਂ ਆਦਿਵਾਸੀਆਂ ਵਿਰੁਧ ਵੱਡਾ ਯੁੱਧ ਛੇੜਨ ਤੋਂ ਪਾਸਾ ਵੱਟਣ ਕਾਰਨ ਚਿਦੰਬਰਮ ਦੀ ਇਹ ਨੀਤੀ ਫੇਲ੍ਹ ਹੁੰਦੀ ਜਾਪਦੀ ਹੈ। ਮਾਰਕਸਵਾਦੀ ਕਮਿਊਨਿਸਟ ਪਾਰਟੀ ਅਤੇ ਉਨ੍ਹਾਂ ਦੇ ਬੰਗਾਲ ਆਦਿ ਪ੍ਰਾਂਤਾਂ ਵਿਚ ਬਣੀਆਂ ਹੋਈਆਂ ਸਰਕਾਰਾਂ ਵੀ ਚਿਦੰਬਰਮ ਦੇ ਇਸ ਫਾਸ਼ੀ ਪੈਂਤੜੇ ਦੀਆਂ ਹਾਮੀ ਬਣਨ ਲਈ ਤਿਆਰ ਨਹੀਂ। ਮਾਓਵਾਦੀਆਂ ਵਲੋਂ 72 ਦਿਨਾ ਯੁੱਧਬੰਦੀ ਦੇ ਐਲਾਨ ਨੇ ਚਿਦੰਬਰਮ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ।

ਗੱਲ ਕਰਦੇ ਹਾਂ ਪੰਜਾਬ ਦੀ। ਇਹ ਸੱਚਾਈ ਤਾਂ ਹੁਣ ਹਰ ਸਿੱਖ ਬੱਚਾ ਅਤੇ ਪੰਜਾਬ ਵਾਸੀ ਜਾਣਦਾ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਉਪਰ ਹੋਈ ਫੌਜੀ ਚੜ੍ਹਾਈ ਅਕਾਲੀ ਲੀਡਰਾਂ ਬਾਦਲ, ਟੌਹੜਾ ਅਤੇ ਲੌਂਗੋਵਾਲ ਦੀ ਪੂਰੀ ਮਨਸ਼ਾ ਨਾਲ ਇੰਦਰਾ ਗਾਂਧੀ ਵਲੋਂ ਕਰਵਾਈ ਗਈ ਸੀ ਪਰ ਉਸ ਪਿਛੋਂ ਗੱਲ ਏਨੀ ਵਧ ਗਈ ਕਿ ਉਸ ਮਾਰ-ਮਰਾਈ ਪਿਛੋਂ ਸਿੱਖਾਂ ਦੀ ਕੁੱਲਨਾਸ ਦੇ ਪੈਂਤੜੇ ਵਿਚ ਬਾਦਲਕੇ ਪੂਰੀ ਤਰ੍ਹਾਂ ਸ਼ਾਮਲ ਸਨ। ਸਿੱਖ ਪੁਲਸੀਆਂ ਨੇ ਵੀ ਸਿੱਖ ਜੁਆਨੀ ਨੂੰ ਜੋ ਤਸੀਹੇ ਦਿੱਤੇ ਅਤੇ ਉਨ੍ਹਾਂ ਦੀਆਂ ਜੋ ਲੁੱਟਾਂ ਕੀਤੀਆਂ ਅਤੇ ਅਣਖਾਂ ਰੋਲੀਆਂ ਉਹ ਪੱਗੜੀਆਂ, ਦਾਹੜੀਆਂ ਵਾਲੇ ਵਹਿਸ਼ੀ ਮਨੁੱਖਾਂ ਲਈ ਸਿਖਰ ਦੀ ਬੇਸ਼ਰਮੀ ਸੀ। ਸਿੱਖ ਸਦਵਾਉਣ ਵਾਲੇ ਇਹ ਲੋਕ ਏਨੇ ਜ਼ਾਲਮ ਕਿਵੇਂ ਹੋ ਗਏ ਅਤੇ ਕਿਉਂ ਹੋ ਗਏ? ਅੱਜ ਵੀ ਬਾਦਲ ਦੇ ਬੇਟੇ ਸੁਖਬੀਰ ਦੀ ਅਗਵਾਈ ਹੇਠ ਇਨ੍ਹਾਂ ਲੋਕਾਂ ਨੂੰ ਜੋ ਸਿਖਲਾਈ ਦਿੱਤੀ ਜਾ ਰਹੀ ਹੈ, ਉਸ ਵਿਚ ਇਜ਼ਰਾਈਲੀ ਖੁਫੀਆ ਏਜੰਸੀ "ਮੁਸਾਦ" ਦੀ ਭਾਈਵਾਲੀ ਦੀ ਸਪਸ਼ਟ ਝਲਕ ਮਿਲਦੀ ਹੈ। ਸਿੱਖ ਸਮਾਜ ਨੂੰ ਇਹ ਪਹੁੰਚ ਕਿੱਥੇ ਲੈ ਜਾਏਗੀ?


"ਮੁਸਾਦ" ਨੇ ਹੁਣੇ-ਹੁਣੇ ਦੁਬਈ ਵਿਚ ਫਿਲਸਤੀਨੀ ਲੋਕਾਂ ਦੇ ਕਮਾਂਡਰ ਨੂੰ ਜਿਸ ਡਰਾਮੇਬਾਜ਼ ਢੰਗ ਨਾਲ ਮਾਰਿਆ ਹੈ ਉਸ ਤੋਂ ਦੁਨੀਆਂ ਭਰ ਦੇ ਸੁਹਿਰਦ ਲੋਕ ਬਹੁਤ ਤ੍ਰਬਕ ਗਏ ਹਨ।

ਜਾਪਦਾ ਇਹ ਹੈ ਕਿ ਪਿਛਲੇ ਦਿਨੀਂ ਲੁਧਿਆਣੇ ਵਿਚ ਆਸ਼ੂਤੋਸ਼ ਵਰਗਿਆਂ ਵਿਰੁਧ ਰੋਸ ਮਾਰਚ ਕਰਨ ਵਾਲੇ ਲੋਕਾਂ 'ਤੇ ਚੱਲੀ ਗੋਲੀ ਅਤੇ ਉਥੇ ਸ. ਦਰਸ਼ਨ ਸਿੰਘ ਦੀ ਹੋਈ ਸ਼ਹੀਦੀ ਅਤੇ ਫਿਰ ਅੰਮ੍ਰਿਤਸਰ ਦੇ ਪਿੰਡ ਔਲਖ ਭਿੰਡੀਆਂ ਵਿਚ ਕਿਸਾਨਾਂ 'ਤੇ ਹੋਏ ਗੁੰਡਿਆਂ ਦੇ ਹਮਲੇ ਜਿਸ ਵਿਚ ਸਾਧੂ ਸਿੰਘ ਤਖਤੂਪੁਰਾ ਦੀ ਮੌਤ ਹੋਈ ਅਤੇ ਉਸ ਦੇ ਚਾਰ ਸਾਥੀ ਭਿਆਨਕ ਰੂਪ ਵਿਚ ਜ਼ਖਮੀ ਹੋ ਗਏ, ਇਹ ਵੀ "ਮੁਸਾਦ" ਵਲੋਂ ਬਾਦਲਕਿਆਂ ਨੂੰ ਦਿੱਤੀਆਂ ਹੋਈਆਂ ਸੇਧਾਂ ਦੇ ਚਿੰਨ੍ਹ ਸਨ। ਸੁਖਬੀਰ ਦੇ ਅਜੋਕੇ ਪੈਂਤੜੇ ਫਾਸ਼ੀਵਾਦੀ ਹਨ ਅਤੇ ਇਨ੍ਹਾਂ ਦਾ ਬਾਣੀ ਨਾਲ ਕੋਈ ਸੰਬੰਧ ਨਹੀਂ।

1971 ਤੋਂ ਲੈ ਕੇ ਬਾਦਲ ਨੇ ਪੰਜਾਬ ਵਿਚ ਜੋ ਰਾਜ ਪ੍ਰਬੰਧ ਚਲਾਇਆ ਹੈ ਉਸ ਦੇ ਸਪਸ਼ਟ ਦੋ ਪੱਖ ਸਨ। ਇਕ ਨਿੱਜੀ ਪੱਧਰ 'ਤੇ ਵਧ ਤੋਂ ਵਧ ਆਰਥਕ ਲੁੱਟ, ਭਾਵੇਂ ਉਸ ਦੀ ਮਾਰ ਥੱਲ੍ਹੇ ਸਰਕਾਰੀ ਖ਼ਜ਼ਾਨਾ ਆਵੇ ਤੇ ਭਾਵੇਂ ਗੋਲਕ ਜਾਂ ਜਨਤਕ ਸਾਧਨ। ਅਤੇ ਦੂਜਾ ਜਿਹੜਾ ਵੀ ਕੋਈ ਇਨ੍ਹਾਂ ਕਰਤੂਤਾਂ ਅੱਗੇ ਰੋੜਾ ਬਣੇ ਉਸ ਨੂੰ ਜਾਨੋਂ ਖਤਮ ਕਰਨਾ ਪਵੇ ਤਾਂ ਉਹ ਵੀ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ।

ਏਸੇ ਲੜੀ ਵਿਚ ਬਾਦਲ ਨੇ ਦਰਜਨਾਂ ਨਕਸਲੀ ਜੁਆਨ ਜੋ ਮੁੱਖ ਰੂਪ ਵਿਚ ਸਿੱਖ ਸਨ, ਮੋਗਾ ਕਾਂਡ ਤੋਂ ਅਰੰਭ ਕੇ ਮਾਰੇ ਤੇ ਮਰਵਾਏ। ਸਤਲੁਜ ਦਰਿਆ ਦੇ ਛੰਬ ਉਨ੍ਹਾਂ ਦੀਆਂ ਲਾਸ਼ਾਂ ਦੇ ਚਿੰਨ੍ਹ ਬਣੇ ਰਹੇ। ਏਹੋ ਹੀ ਵਰਤਾਰਾ ਸਾਕਾ ਨੀਲਾ ਤਾਰਾ ਤੋਂ ਬਾਅਦ ਇੰਦਰਾ-ਰਾਜੀਵ ਵਲੋਂ ਸਿਰਜੀਆਂ ਸਰਕਾਰੀ ਏਜੰਸੀਆਂ ਨੇ ਵਰਤਾਇਆ ਜਿਸ ਉਤੇ ਬਾਦਲ ਪਰਿਵਾਰ ਨੇ ਅੱਜ ਤਾਈਂ ਪਰਦੇ ਪਾਏ ਅਤੇ ਆਪਣੀ ਲੁੱਟ ਅਤੇ ਚੌਧਰ ਦੀ ਕਾਰਵਾਈ ਜਾਰੀ ਰੱਖੀ। ਇਨ੍ਹਾਂ ਵਰਤਾਰਿਆਂ ਪਿਛੋਂ ਪੰਜਾਬ ਤੇ ਸਿੱਖ ਭਾਈਚਾਰੇ ਨੂੰ ਕਿਸੇ ਅਜਿਹੀ ਸੇਧ ਦੀ ਆਸ ਨਹੀਂ ਬੱਝਦੀ ਕਿ ਇਥੇ ਦੇ ਹਾਕਮਾਂ ਦਾ ਮਨ ਨੀਵਾਂ ਤੇ ਮਤਿ ਉਚੀ ਹੋ ਸਕੇਗੀ।

# ਪੰਥਕ ਸਲੇਟ ਦੇ ਉਮੀਦਵਾਰਾ ਨੂੰ ਵੋਟ ਪਾਉਣ ਦੀ ਬੇਨਤੀ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

ਗੁਰੂ ਪਿਆਰੀ ਸਾਧ ਸੰਗਤ ਜੀ,

ਜਿਵੇ ਕਿ ਆਪ ਜਾਣਦੇ ਹੋ ਕਿ ਮਾਰਚ 14,2010 ਨੂੰ ਗੁਰਦੁਆਰਾ ਫਰੀਮਾਂਟ ਵਿਖੇ ਸੁਪਰੀਮ ਕੌਸਲ ਦੀ ਚੋਣ ਹੋਣ ਜਾ ਰਹੀ ਹੈ। ਜਿਸ ਵਿਚ ਪੰਥਕ ਸਲੇਟ ਵੱਲੋ ਸੱਚੇ ਸੁੱਚੇ, ਇਮਾਨਦਾਰ, ਕਮਿਊਨਟੀ ਦੇ ਨਿਧੜਕ ਸੇਵਾਦਾਰ ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ,ਭਾਈ ਗੁਰਮੇਲ ਸਿੰਘ ਤੇ ਭਾਈ ਤਾਰਾ ਸਿੰਘ ਗਿੱਲ ਨੂੰ ਆਪਣੀ ਇੱਕ ਇੱਕ ਵੋਟ ਪਾਕੇ ਕਾਮਯਾਬ ਕਰੋ ਤਾਂ ਕਿ ਗੁਰਦੁਆਰੇ ਦਾ ਪ੍ਰਬੰਧ ਸਹੀ ਹੱਥਾ ਵਿਚ ਜਾਵੇ ਅਤੇ ਗੁਰ ਮਰਿਯਾਦਾ ਬਹਾਲ ਹੋਵੇ,ਖਾਲਸਾ ਸਕੂਲ ਨੂੰ ਮੁੜ ਤੋ ਪੈਰਾ ਤੇ ਖੜਾ ਕੀਤਾ ਜਾਵੇ ,ਬੱਚਿਆ ਦੇ ਪਹਿਲਾ ਦੀ ਤਰਾਂ ਫਿਰ ਤੋ ਗੁਰਮਤਿ ਸਮਰ ਕੈਂਪਾਂ ਦਾ ਪ੍ਰਬੰਧ ਕੀਤਾ ਜਾਵੇ, ਮੁੜ ਤੋ ਕੀਰਤਨ ਦੀਆ ਕਲਾਸਾ ਸ਼ੁਰੂ ਕੀਤੀਆਂ ਜਾ ਸਕਣ ਤਾਂ ਕਿ ਆਉਣ ਵਾਲੀ ਪੀੜੀ ਨੂੰ ਧਾਰਮਿਕ ,ਸੰਗੀਤਕ ,ਅਤੇ ਗੁਰਬਾਣੀ ਨਾਲ ਜੋੜਿਆ ਜਾ ਸਕੇ। ਯਾਦ ਰਹੇ ਕਿ ਪੰਥਕ ਸਲੇਟ ਦੇ ਇਹ ਆਗੁ ਹੀ ਹਨ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਸੰਗਤ ਨੂੰ ਵੋਟ ਪਾਉਣ ਦਾ ਅਧਿਕਾਰ ਆਪਣੇ ਕੋਲੋ ਪੈਸੇ ਖਰਚ ਕੇ ਲੰਮੀ ਕਾਨੂੰਨੀ ਲੜਾਈ ਤੋ ਬਾਅਦ ਦੁਆਇਆ। ਜਦੋ ਕਿ ਮਜੂਦਾ ਪ੍ਰਬੰਧਕਾਂ ਨੇ ਸੰਗਤਾਂ ਨੂੰ ਵੋਟਾ ਦੇ ਹੱਕ ਤੋ ਪਰੇ ਰੱਖਣ ਲਈ ਲੱਖਾ ਡਾਲਰ ਗੁਰਦੁਆਰੇ ਦੀ ਗੋਲਕ ਦੇ ਖਰਚੇ ਅਤੇ 9 ਲੱਖ ਡਾਲਰ ਦੀ ਕੋਰਟ ਵਿਚ ਜਮਾਨਤ ਭਰੀ ਤਾਂ ਕਿ ਸੰਗਤ ਨੂੰ ਵੋਟ ਦਾ ਹੱਕ ਨਾ ਮਿਲ ਸਕੇ। ਪਰ ਗੁਰੂ ਦੀ ਕ੍ਰਿਪਾ ਨਾਲ ਕੋਰਟ ਦੇ ਹੁਕਮਾਂ ਨਾਲ ਅਤੇ ਆਪਜੀ ਦੇ ਸਹਿਯੋਗ ਨਾਲ ਅੱਜ ਤੁਸੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਆਪ ਚੁਣ ਸਕਦੇ ਹੋ। ਗੁਰੂ ਦੇ ਭਰੋਸੇ ਨਾਲ ਤੇ ਸੰਗਤ ਤੋ ਮਿਲ ਰਹੇ ਪੂਰਨ ਸਹਿਯੋਗ ਦੇ ਸਦਕਾ ਬੜੀ ਜਿੱਤ ਦੀ ਆਸ ਰਖਦੇ ਹੋਏ।

ਗੁਰੂ ਪੰਥ ਦੇ ਦਾਸ

## ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸੈਨਹੋਜੇ

ਭਾਈ ਹਰਦੇਵ ਸਿੰਘ ਤੱਖਰ (ਪ੍ਰਧਾਨ), ਭੁਪਿੰਦਰ ਸਿੰਘ ਢਿੱਲੋ (ਸਕੱਤਰ), ਮਹਿੰਦਰ ਸਿੰਘ ਤੱਖਰ (ਮੀਤ ਪ੍ਰਧਾਨ),ਸੁਖਦੇਵ ਸਿੰਘ ਬੈਣੀਵਾਲ,ਪ੍ਰੀਤਮ ਸਿੰਘ ਗਰੇਵਾਲ,ਰਜਿੰਦਰ ਸਿੰਘ ਮੰਗਰ, ਸਰਬਜੋਤ ਸਿੰਘ ਸਵੱਦੀ, ਕ੍ਰਿਪਾਲ ਸਿੰਘ ਅਟਵਾਲ, ਨੀਤੂ ਸਿੰਘ ਕਾਹਲੋ,ਸੋਹਣ ਸਿੰਘ ਧਨੋਤਾ, ਮਹਿੰਗਾ ਸਿੰਘ ਰਾਜਾ ਸਾਂਸੀ, ਗੁਰਦੇਵ ਸਿੰਘ ਕਲਸੀ, ਮਿਲਾਪ ਸਿੰਘ ਉਬੀ, ਹਰਭਜਨ ਸਿੰਘ ਜੋਹਲ, ਗੁਰਦੇਵ ਸਿੰਘ ਤੀਰ, ਸੁਰਿੰਦਰ ਸਿੰਘ ਪੁਰੇਵਾਲ, ਕੁਲਵੰਤ ਸਿੰਘ ਸਿੱਧੂ,ਸੁਰਜੀਤ ਸਿੰਘ ਬੈਂਸ



# ਪੰਥਕ ਸਲੇਟ ਦੇ ਉਮੀਦਵਾਰ ਆਪਜੀ ਦੀਆਂ ਵੋਟਾਂ ਦੇ ਹੱਕਦਾਰ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਚਰਨ ਸਿੰਘ ਮਾਨ


ਭਾਈ ਗੁਰਮੇਲ ਸਿੰਘ ਬਾਠ


ਭਾਈ ਤਾਰਾ ਸਿੰਘ ਗਿੱਲ


ਭਾਈ ਤਰਸੇਮ ਸਿੰਘ

ਗੁਰੂ ਪਿਆਰੀ ਸਾਧ ਸੰਗਤ ਜੀ,

ਆਪਜੀ ਨੂੰ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਆਪਜੀ ਨੂੰ ਪਤਾ ਹੈ ਕਿ 14 ਮਾਰਚ,2010 ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਆਪ ਸੰਗਤਾਂ ਕਰਣ ਜਾ ਰਹੀਆ ਹਨ। ਇੱਕ ਪਾਸੇ ਭਾਈ ਗੁਰਮੀਤ ਸਿੰਘ ਖਾਲਸਾ ਦੀ ਪੰਥਕ ਸਲੇਟ ਜਿਹਨਾਂ ਨੇ ਮੌਜੂਦਾ ਪ੍ਰਬੰਧਕਾਂ ਦਾ ਦੱਸ ਸਾਲ ਤੋ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਤੇ ਕਬਜ਼ਾ (1995-2005) ਜੋ ਧੱਕੇ ਨਾਲ ਗੁਰਦੁਆਰੇ ਤੇ ਕੀਤਾ ਹੋਇਆ ਸੀ ਨੂੰ ਛੁਡਾਇਆ ਅਤੇ ਸੰਗਤ ਨੂੰ ਆਪਦੀ ਮਰਜੀ ਦੇ ਪ੍ਰਬੰਧਕ ਚੁਣਨ ਦਾ ਹੱਕ ਦਿਵਾਇਆ। ਦੂਜੇ ਪਾਸੇ ਉਹ ਬੰਦੇ ਹਨ ਜਿਹਨਾਂ ਦਾ ਪਿਛਲੇ 20 ਸਾਲ ਦਾ ਕਿਰਦਾਰ ਸੰਗਤਾਂ ਭਲੀ ਭਾਂਤ ਜਾਣਦਿਆ ਹਨ ਕਿ ਇਸ ਗਰੁੱਪ ਨੇ ਇੱਕਲੇ ਫਰੀਮਾਂਟ ਜਾਂ ਇੱਕਲੇ ਕੈਲੀਫੋਰਨੀਆ ਦੇ ਗੁਰਦੁਆਰਿਆ ਵਿਚ ਹੀ ਨਹੀ ਸਗੋ ਅਮਰੀਕਾ ਦੇ ਵੱਖ ਵੱਖ ਗੁਰਦੁਆਰਿਆਂ ਵਿਚ ਸੰਗਤ ਨੂੰ ਜਲੀਲ ਕੀਤਾ ਹੈ , ਸਿੱਖੀ ਨੂੰ ਰੋਲਿਆਂ ਹੈ, ਸੰਗਤਾਂ ਦੀ ਮਾਰ ਕੁਟਾਈ ਕੀਤੀ ਹੈ । ਅਸੀ ਆਪਣੀ ਉਦਾਹਰਣ ਦਸਣਾ ਚਾਹੁੰਦੇ ਹਾਂ ਕਿ ਕਿਵੇ ਇਹਨਾਂ ਦੇ ਗਰੁੱਪ (ਜਥੇਬੰਦੀ) ਦੇ ਖਾਸ ਬੰਦਿਆ ਨੇ ਗੁਰਦੁਆਰਾ ਸਾਹਿਬ ਗਲੈਨਰੋਕ (ਨਿਊਜਰਸੀ) ਵਿਚ ਸੰਗਤਾਂ ਨਾਲ ਮਾਰ ਕੁੱਟ ਕੀਤੀ, ਇਹਨਾਂ ਨੇ ਕਈ ਤਰਾਂ ਗੁਰਦੁਆਰੇ 'ਚ ਹਿਸਾਬ ਕਿਤਾਬ ਵਿਚ ਘਪਲੇ ਕੀਤੇ, ਗੁਰਦੁਆਰੇ ਦੀ ਗੋਲਕ ਨੂੰ ਆਪਣੇ ਨਿਜੀ ਹਿੱਤਾ ਲਈ ਵਰਤ ਰਹੇ ਹਨ। ਅਤੇ ਸੰਗਤ ਨੂੰ ਵਾਰ ਵਾਰ ਪੁਛਣ ਤੇ ਕੁਝ ਵੀ ਨਹੀ ਦੱਸ ਰਹੇ। ਜਿਸ ਦਾ ਨਤੀਜਾ ਇਹ ਹੋਇਆ ਕਿ ਜਿਸ ਤਰਾਂ ਤੁਸੀ ਸਾਰੀ ਸੰਗਤ ਨੇ ਫਰੀਮਾਂਟ ਗੁਰਦੁਆਰੇ ਤੋ ਇਹਨਾਂ ਦਾ ਪੱਕਾ ਕਬਜ਼ਾ ਹਟਾਇਆ ਉਸੇ ਤਰਾਂ ਹੁਣ ਗੁਰਦੁਆਰਾ ਸਾਹਿਬ ਗਲੈਨਰੋਕ ਦੀ ਸੰਗਤ ਵੀ ਇਹਨਾਂ ਲੱਠ ਮਾਰਾ ਨਾਲ ਹੱਕ ਸੱਚ ਲਈ ਜੂਝ ਰਹੀ ਹੈ। ਅਸੀ ਆਪਜੀ ਨੂੰ ਬੇਨਤੀ ਕਰਦੇ ਹਾਂ ਕਿ ਗੁਰਦੁਆਰਾ ਫਰੀਮਾਂਟ ਵਿਖੇ ਮੁੜ ਤੋ ਸਾਂਤੀ ਸਥਾਪਤ ਕਰਨ , ਗੁਰਦੁਆਰੇ ਦੇ ਪੈਸੇ ਇਸ ਟੋਲੇ ਤੋ ਬਚਾਉਣ ਅਤੇ ਵੋਟ ਦੇ ਹੱਕ ਨੂੰ ਬਣਾਈ ਰਖਣ ਅਤੇ ਕਮਿਊਨਟੀ ਦੀ ਲੋੜਾ ਨੂੰ ਮੁੱਖ ਰਖਦੇ ਹੋਏ ਵੱਖ ਵੱਖ ਪ੍ਰਾਜੈਕਟਾ ਨੂੰ ਸ਼ੁਰੂ ਕਰਨ ਲਈ

ਭਾਈ ਗੁਰਮੀਤ ਸਿੰਘ ਦੀ ਪੰਥਕ ਸਲੇਟ ਨੂੰ ਆਪਣੀ ਕੀਮਤੀ ਵੋਟ ਪਾਕੇ ਕਾਮਯਾਬ ਕਰੋ ਜੀ

ਗੁਰੂ ਪੰਥ ਦੇ ਦਾਸ- ਕਮਿੱਕਰ ਸਿੰਘ ਗਰੇਵਾਲ, ਦਵਿੰਦਰ ਸਿੰਘ ਬੈਨੀਵਾਲ, ਸਚਦੇਵ ਸਿੰਘ ਬਰਾੜ, ਇੰਦਰਜੀਤ ਬਿੰਘ ਬਸੂਟਾ, ਚਰਨ ਸਿੰਘ ਕਲਸੀ, ਜੋਗਿੰਦਰ ਸਿੰਘ ਜੋਗੀ, ਆਤਮਾ ਸਿੰਘ ਜਰਸੀ ਸਿਟੀ, ਜਬਰ ਸਿੰਘ ਗਰੇਵਾਲ ਤੇ ਸਾਧ ਸੰਗਤ ਗਲੈਨਰੋ ਨਿਊਜਰਸੀ,ਪਦਮ ਸਿੰਘ,ਅਵਤਾਰ ਸਿੰਘ ਚੀਮਾ,ਮਾਤਾ ਹਰਭਜਨ ਕੋਰ ਗਿੱਲ,ਬੀਬੀ ਕਿਰਜੀਤ ਸਿੰਘ ਬਰਾੜ,ਅਮਰਜੀਤ ਸਿੰਘ ਬਰਾੜ,ਬੀਬੀ ਕੁਲਵੰਤ ਕੌਰ ਟਰਸਟੀ,ਗੁਰੂਘਰ,ਤਰਲੋਚਨ ਸਿੰਘ,ਸੁਰਿੰਦਰ ਸਿੰਘ ,ਸੁਰਜੀਤ ਸਿੰਘ

## ਗਲੈਨਰੌਕ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ,ਨਿਊਜਰਸੀ

# ਪੰਜਾਬੀ ਪ੍ਰਤੀ ਪੰਜਾਬੀਆਂ ਦੀ ਹੀਣ ਭਾਵਨਾ

## ਸਿਰ ਖੜ੍ਹੀ ਚੁਣੌਤੀ

**ਤਲਵਿੰਦਰ ਸਿੰਘ**

ਮੈਨੂੰ ਕੁਝ ਪੂਰਬੀ ਪ੍ਰਾਂਤਾਂ ਦਾ ਦੌਰਾ ਕਰਨ ਦਾ ਮੌਕਾ ਮਿਲਿਆ। ਹਿਮਾਲੀਆ ਪੱਟੀ ਨਾਲ ਲਗਦੇ ਇਸ ਇਲਾਕੇ ਦੀ ਕੁਦਰਤੀ ਸੁੰਦਰਤਾ ਬੇਮਿਸਾਲ ਹੈ। ਬਿਹਾਰ, ਬੰਗਾਲ ਤੇ ਅਸਾਮ ਦੇ ਉੱਤਰੀ ਹਿੱਸੇ ਤੇ ਸਿੱਕਮ ਦੀ ਪੂਰੀ ਸਟੇਟ। ਵਲ-ਵਲੇਵੇਂ ਖਾਂਦੀਆਂ ਸੜਕਾਂ, ਕਲ-ਕਲ ਵਹਿੰਦੀਆਂ ਨਦੀਆਂ ਤੇ ਅਸਮਾਨ ਛੂੰਹਦੀਆਂ ਪਰਬਤਾਂ ਦੀਆਂ ਸਿਖਰਾਂ ਮਨ ਨੂੰ ਮੋਹੰਦੀਆਂ ਹਨ। ਹਰੀਆਂ-ਭਰੀਆਂ ਵਾਦੀਆਂ, ਮੀਲਾਂ ਤੱਕ ਫੈਲੇ ਚਾਹ ਦੇ ਖੇਤ, ਖਹਿ-ਖਹਿ ਲੰਘਦੀਆਂ ਬਦਲੋਟੀਆਂ ਦਾ ਆਪਣਾ ਇਕ ਹੁਸਨ ਹੈ। ਸਾਦ ਮੁਰਾਦੇ ਪਿੰਡਾਂ ਦੀਆਂ ਗਲੀਆਂ ਤੇ ਆਧੁਨਿਕ ਦਿੱਖ ਵਾਲੇ ਸ਼ਹਿਰਾਂ ਦੀਆਂ ਸੜਕਾਂ 'ਤੇ ਸੈਰ ਕਰਦਿਆਂ ਮੇਰੀਆਂ ਨਜ਼ਰਾਂ ਮੁਸਲਸਲ ਘਰਾਂ, ਦੁਕਾਨਾਂ, ਦਫਤਰਾਂ ਦੇ ਬਾਹਰ ਲੱਗੀਆਂ ਨਾਂ-ਪੱਟੀਆਂ, ਲੋਕਾਂ ਦੇ ਹੱਥੀਂ ਫੜੀਆਂ ਅਖ਼ਬਾਰਾਂ ਤੇ ਉਨ੍ਹਾਂ ਦੀ ਗੱਲ ਕੱਥ ਦੇ ਅੰਦਾਜ਼ 'ਤੇ ਕੇਂਦਰਤ ਰਹੀਆਂ। ਪੱਛਮੀ ਬੰਗਾਲ ਦੇ ਮਰਕਜ਼ੀ ਖਿੱਤੇ ਕਲਕੱਤੇ ਤੋਂ ਸਾਢੇ ਪੰਜ ਸੌ ਕਿਲੋਮੀਟਰ ਤੋਂ ਵਧ ਦੂਰੀ 'ਤੇ ਵਾਕਿਆ ਇਹ ਖਿੱਤਾ ਇਕ ਪਾਸਿਓਂ ਨੇਪਾਲ ਤੇ ਭੁਟਾਨ ਨਾਲ ਲਗਦਾ ਹੈ ਤੇ ਦੂਜੇ ਪਾਸਿਓਂ ਚੀਨ ਨਾਲ। ਇਸ ਦੀ ਸੰਸਕ੍ਰਿਤੀ ਨੇਪਾਲੀ-ਭੂਟਾਨੀ-ਚੀਨੀ ਦਾ ਮਿਲਗੋਭਾ ਹੈ। ਲੋਕਾਂ ਦੀਆਂ ਸ਼ਕਲਾਂ-ਸੂਰਤਾਂ ਵਿਚ ਮੰਗੋਲੀਅਨ ਨਸਲ ਦਾ ਬੋਲਬਾਲਾ ਹੈ। ਜਿਹੜੀ ਚੀਜ਼ ਇਸ ਸਭ ਦੇ ਵਿਚ-ਵਿਚਾਲੇ ਮੇਰੀ ਉਤਸੁਕਤਾ ਦਾ ਕਾਰਨ ਰਹੀ ਉਹ ਸੀ ਬੰਗਾਲੀ ਭਾਸ਼ਾ ਦਾ ਜਾਦੂ ਜੋ ਇਸ ਇਲਾਕੇ ਦੇ ਹਰ ਥਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਬੰਗਾਲੀ ਕਿਰਦਾਰ ਦੇ ਨਾਲ ਉਸ ਦੀ ਬੋਲੀ ਵੀ ਹਰ ਟਿਕਾਣੇ ਤੇ ਸੀ। ਇਨ੍ਹਾਂ ਦੇ ਘਰਾਂ, ਦਫਤਰਾਂ, ਦੁਕਾਨਾਂ, ਅਦਾਰਿਆਂ ਦੇ ਨਾਂ ਬੰਗਾਲੀ ਵਿਚ ਹੀ ਮਿਲਦੇ ਹਨ। ਇਸ ਇਲਾਕੇ ਦੇ ਬੱਸ ਅੱਡਿਆਂ, ਸਟੇਸ਼ਨਾਂ, ਏਅਰਪੋਰਟਾਂ ਦੇ ਬੁੱਕ ਸਟਾਲਾਂ 'ਤੇ ਬੰਗਾਲੀ ਦੀਆਂ ਕਿਤਾਬਾਂ ਦੀ ਬਹੁਤਾਤ ਹੈ। ਹਾਕਰਾਂ ਦੇ ਕੋਲ ਬੰਗਾਲੀ ਦੀਆਂ ਅਖਬਾਰਾਂ ਦੇ ਥੱਬੇ ਹੋਰ ਭਾਸ਼ਾਵਾਂ ਦੀਆਂ ਅਖਬਾਰਾਂ ਤੋਂ ਵਧ ਹਨ।

ਮੇਰੇ ਇਕ ਮੋਟੇ ਜਿਹੇ ਕਿਆਫੇ ਮੁਤਾਬਕ ਉੜੀਸਾ, ਝਾਰਖੰਡ, ਬਿਹਾਰ, ਨੇਪਾਲ, ਭੂਟਾਨ, ਅਸਾਮ ਤੇ ਮੇਘਾਲਿਆ ਦਾ ਬੰਗਾਲ ਦੀ ਹੱਦ ਨਾਲ ਲੱਗਦਾ ਇਲਾਕਾ, ਸਾਰਾ ਬੰਗਾਲ ਦੇਸ ਤੇ ਤ੍ਰਿਪੁਰਾ ਰਾਜ ਬੰਗਾਲੀ ਬੋਲਦੇ ਹਨ। ਅੰਕੜਿਆਂ ਦੇ ਲਿਹਾਜ ਨਾਲ 23 ਕਰੋੜ ਲੋਕ ਬੰਗਾਲੀ ਬੋਲਦੇ ਹਨ। ਇੰਜ ਇਹ ਬੋਲੀ ਭਾਰਤ ਵਿਚ ਦੂਜੀ ਵੱਡੀ ਜ਼ੁਬਾਨ ਹੈ ਤੇ ਸੰਸਾਰ ਪੱਧਰ 'ਤੇ ਇਸ ਦਾ ਛੇਵਾਂ ਸਥਾਨ ਹੈ। ਮੇਰੇ ਮਨ ਮਸਤਕ ਵਿਚ ਇਕ ਖਿਆਲ ਲਗਾਤਾਰ ਲਰਜ਼ਦਾ ਰਿਹਾ ਕਿ ਕਿਹੜਾ ਜਜ਼ਬਾ ਬੰਗਾਲੀਆਂ ਨੂੰ ਆਪਣੀ ਬੋਲੀ ਦੇ ਐਨਾ ਕਰੀਬ ਕਰਦਾ ਹੈ ਕਿ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੀ ਬੋਲੀ ਨੂੰ ਤਰਜ਼ੀਹ ਦਿੰਦੇ ਹਨ। ਕੰਧਾਂ 'ਤੇ ਲੱਗੇ ਇਸ਼ਤਿਹਾਰ, ਫਿਲਮਾਂ ਦੇ ਪੋਸਟਰ, ਵਪਾਰਕ ਕੰਪਨੀਆਂ ਦੇ ਵੱਡੇ ਵੱਡੇ ਬੋਰਡ ਵੇਖ ਕੇ ਸੋਚ ਆਉਂਦੀ ਰਹੀ ਕਿ ਇਨ੍ਹਾਂ ਲੋਕਾਂ ਨੂੰ ਗੈਰ ਬੰਗਾਲੀ ਜ਼ੁਬਾਨ ਦੀ ਕਿਉਂ ਲੋੜ ਮਹਿਸੂਸ ਨਹੀਂ ਹੁੰਦੀ? ਪਰਸਪਰ ਸੰਚਾਰ ਲਈ ਇਹ ਬੰਦੇ ਕਿਸੇ ਹੋਰ ਬੋਲੀ ਦਾ ਨੂੰਮਣਾ ਕਿਉਂ ਨਹੀਂ ਭਾਲਦੇ?

ਜਦ ਤੋਂ ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਮਨਾਏ ਜਾਂਦੇ ਮਾਤ ਭਾਸ਼ਾ ਦਿਵਸ ਨੂੰ ਪੰਜਾਬੀ ਪ੍ਰਤੀ ਚੇਤਨਾ ਵਿਕਸਤ ਕਰਨ ਲਈ ਮਨਾਉਣਾ ਸ਼ੁਰੂ ਕੀਤਾ ਹੈ ਉਦੋਂ ਤੋਂ ਇਕ ਜਗਿਆਸਾ ਬਣੀ ਹੈ ਕਿ ਆਖਰ ਉਹ ਕਿਹੜੇ ਕਾਰਨ ਸਨ ਕਿ ਯੂਨੈਸਕੋ ਨੂੰ ਬੰਗਾਲੀ ਲੋਕਾਂ ਦੀ ਮੰਗ ਦੇ ਆਧਾਰ 'ਤੇ 21 ਫਰਵਰੀ ਨੂੰ ਮਾਂ ਬੋਲੀ ਦਿਹਾੜਾ ਐਲਾਨਣਾ ਪਿਆ। ਪਿਛੋਕੜ ਦੱਸਦਾ ਹੈ ਕਿ ਭਾਰਤ-ਪਾਕਿਸਤਾਨ ਦੋ ਮੁਲਕ ਬਣਨ ਪਿੱਛੋਂ ਇੱਕੀ ਮਾਰਚ ਅਠਤਾਲੀ ਨੂੰ ਪਾਕਿਸਤਾਨ ਦੀ ਹਕੂਮਤ ਨੇ ਇਕ ਕਾਨੂੰਨ ਪਾਸ ਕੀਤਾ ਜਿਸ ਦੇ ਤਹਿਤ ਉਰਦੂ ਨੂੰ ਸਾਰੇ ਰਾਸ਼ਟਰ ਦੀ ਭਾਸ਼ਾ ਐਲਾਨਿਆ ਗਿਆ। ਇਸ ਵਿਚ ਬੰਗਾਲ ਨੂੰ ਕੱਟ ਕੇ ਬਣਾਇਆ ਗਿਆ ਪੂਰਬੀ ਪਾਕਿਸਤਾਨ ਦਾ ਸੂਬਾ ਵੀ ਸ਼ਾਮਲ ਸੀ। ਪਾਕਿਸਤਾਨ ਦੇ ਵਡੇਰੇ ਹਿੱਸੇ, ਜਿੱਥੇ 70 ਫੀਸਦੀ ਤੋਂ ਵੱਧ ਆਬਾਦੀ ਪੰਜਾਬੀਆਂ ਦੀ ਸੀ, ਨੇ ਇਸ ਐਲਾਨਨਾਮੇ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਪਰ ਪੂਰਬੀ ਪਾਕਿਸਤਾਨ ਦੇ ਬੰਗਾਲੀ ਪੁੱਤਰਾਂ ਨੂੰ ਇਹ ਨਾਗਵਾਰ ਹੋ ਗੁਜ਼ਰਿਆ। ਉਨ੍ਹਾਂ ਓਸੇ ਵੇਲੇ ਥਾਂ-ਥਾਂ ਵਿਰੋਧ ਕਰਨੇ ਸ਼ੁਰੂ ਕਰ ਦਿੱਤੇ ਤੇ ਆਪਣੀ ਬੋਲੀ ਦੇ ਹੱਕ ਵਿਚ ਇਕ ਲੋਕ-ਮੁਹਿੰਮ ਛੇੜ ਲਈ। ਇਸ ਮੁਹਿੰਮ ਦੀ ਅਗਵਾਈ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀ ਕਰ ਰਹੇ ਸਨ। ਇਸ ਮੁਹਿੰਮ ਵਿਚ ਜਲਦੀ ਹੀ ਅਧਿਆਪਕ, ਵਕੀਲ, ਜੱਜ, ਕਾਰਖਾਨੇਦਾਰ, ਮਜ਼ਦੂਰ, ਦੁਕਾਨਦਾਰ ਤੇ ਇਥੋਂ ਤਕ ਘਰਾਂ ਦੀਆਂ ਸੁਆਣੀਆਂ ਨੇ ਵੀ ਸ਼ਮੂਲੀਅਤ ਕਰ ਲਈ। 11 ਮਾਰਚ 1948 ਨੂੰ ਢਾਕਾ ਯੂਨੀਵਰਸਿਟੀ ਤੇ ਇਲਾਕੇ ਦੇ ਕਾਲਜਾਂ ਨੇ ਹੜਤਾਲ ਕੀਤੀ ਤੇ ਬੰਗਾਲੀ ਨੂੰ ਸਰਕਾਰੀ ਵਰਤੋਂ ਵਿਚੋਂ ਹਟਾਉਣ ਦਾ ਤਕੜਾ ਵਿਰੋਧ ਕੀਤਾ। ਇਸ ਵਿਦਰੋਹੀ ਰੁਖ ਦੇ ਦੂਰਦਰਸੀ ਸਿੱਟਿਆਂ ਤੋਂ ਖ਼ਬਰਦਾਰ ਹੁੰਦਿਆਂ ਤਤਕਾਲੀਨ ਮੁੱਖ ਮੰਤਰੀ ਖਵਾਜਾ ਨਜ਼ੀਮੁਦੀਨ ਨੇ ਇਸ ਮੁਹਿੰਮ ਦੇ ਆਗੂਆਂ ਨਾਲ ਇਕ ਇਕਰਾਰਨਾਮੇ 'ਤੇ ਦਸਤਖ਼ਤ ਕੀਤੇ ਜਿਸ ਵਿਚ ਇਹ ਕਿਹਾ ਗਿਆ ਕਿ ਬੰਗਾਲੀ ਨੂੰ ਉਰਦੂ ਦੇ ਬਰਾਬਰ ਮੰਨਿਆ ਜਾਵੇਗਾ। ਪਰ ਉਸੇ ਮਹੀਨੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਨੇ ਢਾਕਾ ਯੂਨੀਵਰਸਿਟੀ ਦੇ ਹਾਲ ਵਿਚ ਬੋਲਦਿਆਂ ਇਹ ਐਲਾਨ ਕੀਤਾ ਕਿ ਸਿਰਫ ਤੇ ਸਿਰਫ ਉਰਦੂ ਹੀ ਪਾਕਿਸਤਾਨ ਦੀ ਕੌਮੀ ਜ਼ੁਬਾਨ ਹੈ। ਉਨ੍ਹਾਂ ਬੰਗਾਲੀ ਦੇ ਸਮਰਥਕਾਂ ਨੂੰ ਪਾਕਿਸਤਾਨ ਦੇ ਦੁਸ਼ਮਣ ਤੇ ਭਾਰਤ ਦੇ ਏਜੰਟ ਕਿਹਾ। ਵਿਦਿਆਰਥੀਆਂ ਨੇ ਵਾਰ ਵਾਰ ਟੋਕਾ-ਟਾਕੀ ਕੀਤੀ।

ਵਿਰੋਧਾਂ, ਹੜਤਾਲਾਂ, ਮੁਜ਼ਾਹਰਿਆਂ, ਪ੍ਰਦਰਸ਼ਨਾਂ ਤੇ ਰੈਲੀਆਂ ਦੇ ਚਾਰ ਸਾਲਾਂ ਨੇ ਬੰਗਾਲੀ ਦੇ ਸਮਰਥਕਾਂ ਦਾ ਘੇਰਾ ਵੀ ਵਧਾਇਆ ਤੇ ਪ੍ਰਭਾਵ ਵੀ। ਪਾਕਿਸਤਾਨ ਦੀ ਕੇਂਦਰੀ ਹਕੂਮਤ ਦੀ ਬੌਖਲਾਹਟ ਸੁਭਾਵਕ ਸੀ ਤੇ ਉਹਦਾ ਪੁਲੀਸ ਤੇ ਪ੍ਰਬੰਧਕੀ ਅਮਲੇ ਫੈਲੇ ਨੂੰ ਸਖਤ ਦਿਸ਼ਾ-ਨਿਰਦੇਸ਼ ਦੇਣੇ ਵੀ ਸੁਭਾਵਕ ਸਨ। 27 ਜਨਵਰੀ 1952 ਨੂੰ ਇਕ ਕਮੇਟੀ ਨੇ ਸਿਫਾਰਿਸ਼ ਕੀਤੀ ਕਿ ਬੰਗਾਲੀ ਨੂੰ ਜੇ ਅਰਬੀ-ਫਾਰਸੀ ਰਸਮੁਲਖਤ ਵਿਚ ਲਿਖਿਆ ਜਾਏ ਤਾਂ ਸਰਕਾਰ ਬੰਗਾਲੀ ਪ੍ਰਤੀ ਆਪਣਾ ਸਟੈਂਡ ਨਰਮ ਕਰ ਸਕਦੀ ਹੈ। ਇਸ ਫੈਸਲੇ ਖਿਲਾਫ ਇਕ ਵੱਡੇ ਐਕਸ਼ਨ ਦੀ ਜ਼ਮੀਨ ਤਿਆਰ ਹੋਈ। ਇਸ ਐਕਸ਼ਨ ਨੂੰ ਅਮਲੀ ਰੂਪ ਦੇਣ ਲਈ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 21 ਫਰਵਰੀ 1952 ਨੂੰ ਇਕ ਵਿਆਪਕ ਹੜਤਾਲ ਦਾ ਸੱਦਾ ਦਿੱਤਾ ਤੇ ਆਪਣੀ ਮਾਂ ਬੋਲੀ ਲਈ ਜੀਣ-ਮਰਨ ਦਾ ਪ੍ਰਣ ਲਿਆ।



ਬੌਖਲਾਇਆ ਸਰਕਾਰੀ ਪ੍ਰਬੰਧ 20 ਫਰਵਰੀ ਦੀ ਸ਼ਾਮ ਨੂੰ ਹੀ ਦਫਾ 144 ਲਾਉਣ ਲਈ ਮਜਬੂਰ ਹੋ ਗਿਆ। ਹੜਤਾਲੀਆਂ ਦੀ ਦ੍ਰਿੜ੍ਹਤਾ ਨੇ ਇਨ੍ਹਾਂ ਦਫਾਵਾਂ ਦੇ ਗੁਲਾਮ ਹੋਣੋਂ ਸਾਫ ਇਨਕਾਰ ਕਰ ਦਿੱਤਾ ਤੇ ਚੜ੍ਹਦੀ ਸਵੇਰੇ ਆਪਣੇ ਪਵਿੱਤਰ ਮੰਤਵ ਦੀ ਖ਼ਾਤਰ ਹਰ ਕੁਰਬਾਨੀ ਲਈ ਤਤਪਰ ਹੋ ਗਏ। ਵਿਦਿਆਰਥੀਆਂ ਦੇ ਤਕੜੇ ਹਜੂਮ ਨੇ ਢਾਕਾ ਯੂਨੀਵਰਸਿਟੀ ਦੇ ਬਾਹਰ ਦਫਾ 144 ਭੰਗ ਕਰ ਦਿੱਤੀ। ਪਾਕਿਸਤਾਨ ਦੀ ਹਕੂਮਤ ਵਲੋਂ ਤਾਇਨਾਤ ਪੁਲੀਸ ਤੇ ਫੌਜ ਦੇ ਕਾਰਿੰਦੇ ਹਰ ਹੀਲੇ ਇਹ ਮੁਜ਼ਾਹਰਾ ਰੋਕਣ ਲਈ ਬਜ਼ਿੱਦ ਸਨ। ਲੋਕ ਰੋਹ ਦਾ ਸਿਖ਼ਰ ਉਨ੍ਹਾਂ ਤੋਂ ਕਿਤੇ ਵਧ ਸੀ। ਸਾਰਾ ਆਲਾ-ਦੁਆਲਾ ਪੁਲਿਸ ਫੋਰਸ ਨਾਲ ਘਿਰਿਆ ਹੋਇਆ ਸੀ। ਜਿਉਂ-ਜਿਉਂ ਸੂਰਜ ਉਪਰ ਉਠ ਰਿਹਾ ਸੀ। ਓਸੇ ਹੀ ਅਨੁਪਾਤ ਵਿਚ ਸਰਕਾਰੀ ਤੰਤਰ ਦੀ ਬੌਖ਼ਲਾਹਟ ਵਿਚ ਇਜ਼ਾਫਾ ਹੋ ਰਿਹਾ ਸੀ। ਪੁਲਿਸ ਨੇ ਅਖੀਰ ਗੋਲੀ ਚਲਾ ਦਿੱਤੀ ਤੇ ਤਿੰਨ ਵਿਦਿਆਰਥੀ ਅਬੁਲ ਬਰਕਤ, ਅਬਦੁਲ ਜੱਬਾਰ ਤੇ ਰਫੀਕ-ਉ-ਦੀਨ ਮੌਕੇ 'ਤੇ ਸ਼ਹਾਦਤ ਦਾ ਜਾਮ ਪੀ ਗਏ ਤੇ ਸਫੀਰ ਰਹਿਮਾਨ ਜੋ ਕਿ ਢਾਕਾ ਹਾਈ ਕੋਰਟ ਵਿਚ ਮੁਲਾਜ਼ਮ ਸੀ ਹੋਰ ਤਿੰਨ ਜ਼ਖਮੀਆਂ ਸਣੇ ਅਗਲੇ ਦਿਨ ਸਵੇਰੇ ਸ਼ਹਾਦਤ ਨੂੰ ਜਾ ਮਿਲਿਆ। ਇਨ੍ਹਾਂ ਸ਼ਹੀਦਾਂ ਦਾ ਜਦੋਂ ਸਮੂਹਕ ਜਨਾਜ਼ਾ ਤੁਰਿਆ ਤਾਂ ਕਈ ਭੜਕੇ ਸਮਰਥਕ ਭੰਨ-ਤੋੜ 'ਤੇ ਉਤਾਰੂ ਹੋ ਗਏ। ਪੁਲੀਸ ਨੇ ਜਨਾਜ਼ੇ 'ਤੇ ਗੋਲੀ ਚਲਾਈ ਤੇ ਫਿਰ ਕਈ ਬੰਗਾਲੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਅਖੀਰ 29 ਫਰਵਰੀ 1956 ਨੂੰ ਪਾਕਿਸਤਾਨ ਆਪਣੇ ਸੰਵਿਧਾਨ ਵਿਚ ਇਹ ਤਰਮੀਮ ਕਰਨ ਲਈ ਮਜਬੂਰ ਹੋ ਗਿਆ ਕਿ ਬੰਗਾਲੀ ਤੇ ਉਰਦੂ ਦੋਵੇਂ ਹੀ ਪਾਕਿਸਤਾਨ ਦੀਆਂ ਕੌਮੀ ਜ਼ੁਬਾਨਾਂ ਹਨ। ਪਰ ਪਾਕਿਸਤਾਨ ਦੀ ਹਕੂਮਤ ਨੇ ਬੰਗਾਲੀ ਦਾ ਦਮਨ ਗਾਹੇ-ਬਗਾਹੇ ਜਾਰੀ ਰੱਖਿਆ ਜੋ ਅਖੀਰ ਬੰਗਲਾ ਦੇਸ਼ ਦੀ ਕਾਇਮੀ ਦੀ ਜੜ੍ਹ ਬਣਿਆ। 1972 ਵਿਚ ਬੰਗਲਾ ਦੇਸ਼ ਦੇ ਸੰਵਿਧਾਨ ਮੁਤਾਬਕ ਬੰਗਾਲੀ ਨੂੰ ਰਾਸ਼ਟਰ ਦੀ ਭਾਸ਼ਾ ਬਣਾਇਆ ਗਿਆ। ਆਪਣੀ ਕਾਇਮੀ ਤੋਂ ਫੌਰਨ ਬਾਅਦ ਬੰਗਲਾ ਦੇਸ਼ ਵਲੋਂ ਯੁਨੈਸਕੋ ਨੂੰ ਇਹ ਰਾਏ ਭੇਜੀ ਗਈ ਕਿ 21 ਫਰਵਰੀ ਨੂੰ ਮਾਂ ਬੋਲੀ ਦਿਹਾੜਾ ਐਲਾਨਿਆ ਜਾਏ। ਇਸ ਰਾਏ ਨੂੰ ਬਹੁਤ ਸਾਰੇ ਦੇਸ਼ਾਂ ਵਲੋਂ ਸਮਰਥਨ ਦਿੱਤਾ ਗਿਆ।

ਕੈਨੇਡਾ ਵਿਚ ਸਥਾਪਤ ਮਾਂ ਬੋਲੀ ਪਿਆਰਿਆਂ ਦੀ ਇਕ ਬਹੁ-ਕੌਮੀ ਸੰਸਥਾ ਨੇ ਵੀ 21 ਫਰਵਰੀ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ। ਅਖੀਰ ਕਈ ਮੀਟਿੰਗਾਂ/ਵਿਚਾਰਾਂ ਤੋਂ ਬਾਅਦ ਕਾਨਫਰੰਸ ਵਿਚ 21 ਫਰਵਰੀ ਦੇ ਦਿਨ ਨੂੰ ਮਾਂ ਬੋਲੀ ਦਿਨ ਦਾ ਦਰਜਾ ਮਿਲ ਗਿਆ। ਇਹ ਬੰਗਲਾਦੇਸ਼ ਦੀ ਜਿੱਤ ਤਾਂ ਹੈ ਹੀ ਸੀ ਪਰ ਉਸ ਤੋਂ ਬਾਅਦ ਦੁਨੀਆਂ ਭਰ ਵਿਚ ਵਸਦੇ ਬੰਗਾਲੀਆਂ ਦੀ ਕਿਤੇ ਵੱਡੀ ਪ੍ਰਾਪਤੀ ਸੀ। ਇਸ ਨਾਲ ਇਕੱਲੇ ਬੰਗਾਲੀਆਂ ਦੇ ਗੌਰਵ ਵਿਚ ਵਾਧਾ ਨਹੀਂ ਹੋਇਆ ਬਲਕਿ ਉਹ ਸਭ ਵਡਿਆਏ ਗਏ ਜਿਹੜੇ ਆਪਣੀਆਂ ਮਾਤ ਭਾਸ਼ਾਵਾਂ ਦੇ ਕਦਰਦਾਨ ਤੇ ਵਿਕਾਸ ਦੇ ਮੁੱਦਈ ਸਨ।

ਪਾਕਿਸਤਾਨ ਵਿਚਲਾ ਪੰਜਾਬ ਭੁਗੋਲਿਕ ਤੇ ਅਬਾਦੀ ਪੱਖੋਂ ਵੱਡਾ ਹੈ। ਇਥੇ ਕਹਿੰਦੇ-ਕਹਾਉਂਦੇ ਜ਼ਿਮੀਂਦਾਰ ਵੱਡੇ-ਵੱਡੇ ਅਫਸਰ ਤੇ ਰਾਜਨੀਤੀਵਾਨ ਹਨ। ਉਨ੍ਹਾਂ ਦਾ ਸਰਕਾਰ ਵਿਚ ਸਭ ਤੋਂ ਵੱਧ ਦਖ਼ਲ ਹੈ। ਇਹ ਪਾਕਿਸਤਾਨ ਦੇ ਉਕਤ ਐਲਾਨਨਾਮੇ 'ਤੇ ਫੁੱਲ ਚੜ੍ਹਾ ਕੇ ਉਦੋਂ ਦੇ ਉਰਦੂ ਦੀ ਝੋਲੀ ਵਿਚ ਡਿੱਗੇ ਪਏ ਹਨ ਤੇ ਪੰਜਾਬੀ ਵਿਰੋਧੀਆਂ ਦੀ ਉਹ ਲਾਬੀ ਜੋ ਇਸਨੂੰ ਗੰਵਾਰਾਂ-ਪੇਂਡੂਆਂ ਦੀ ਭਾਸ਼ਾ ਗਰਦਾਨਦੀ ਹੈ, ਦੇ ਹੱਥ ਠੋਕੇ ਬਣੇ ਪਏ ਹਨ। ਉਹ ਆਪਣੀ ਮਾਂ ਦੇ ਜਿਊਂਦੇ ਜੀ ਯਤੀਮ ਹਨ।

ਏਧਰ ਭਾਰਤੀ ਪੰਜਾਬ ਦੀ ਸਿੱਖ ਲੀਡਰਸ਼ਿਪ ਨੇ ਰਾਜਸੀ ਹਿੱਤਾਂ ਤੋਂ ਪ੍ਰੇਰਤ ਹੋ ਕੇ ਪੰਜਾਬੀ ਦੇ ਹੱਕ ਵਿਚ ਲਹਿਰ ਚਲਾਈ ਤਾਂ ਇਥੋਂ ਦੀਆਂ ਗੈਰ-ਸਿੱਖ ਧਿਰਾਂ ਇਸ ਦੇ ਵਿਰੋਧ ਵਿਚ ਆ ਗਈਆਂ ਤੇ ਲੋਕਾਂ ਨੂੰ ਪੰਜਾਬੀ ਬੋਲੀ ਤੋਂ ਮੁਨਕਰ ਕਰਨ ਲਈ ਸਿੱਧਾ ਪ੍ਰਚਾਰ ਕਰਨ ਲੱਗੀਆਂ। ਸਿਆਸੀ ਤੇ ਮਜ਼ਹਬੀ ਪੈਰੋਕਾਰਾਂ ਦਾ ਫੈਲਾਇਆ ਇਹ ਜ਼ਹਿਰ ਲੋਕਾਂ ਦੇ ਸਿਰੀਂ ਚੜ੍ਹ ਗਿਆ ਤੇ ਉਨ੍ਹਾਂ ਗੈਰ-ਸਿੱਖਾਂ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਆਖਣ ਤੋਂ ਕਿਨਾਰਾ ਕਰ ਲਿਆ। ਅੰਤ ਲੰਮੇ ਵਿਦਰੋਹ ਮਗਰੋਂ ਜੇ ਭਾਰਤੀ ਹਕੂਮਤ ਨੇ ਪੰਜਾਬੀ ਸੂਬੇ ਦੀ ਹਕੀਕਤ ਨੂੰ ਪ੍ਰਵਾਨ ਕੀਤਾ ਤਾਂ ਇਸ ਵਿਚੋਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਨਵਗਠਿਤ ਸੂਬਿਆਂ ਹਿਮਾਚਲ ਤੇ ਹਰਿਆਣੇ ਨੂੰ ਦੇ ਦਿੱਤੇ ਤੇ ਪੰਜਾਬੀ ਸੂਬੇ ਨੂੰ ਸਦਾ ਲਈ ਲੰਗੜਾ ਕਰ ਦਿੱਤਾ। ਬੇਸ਼ੱਕ ਲੰਗੜੇ ਪੰਜਾਬ ਦੀ ਹੀ ਸਹੀ ਪਰ ਪੰਜਾਬੀ ਪਹਿਲੀ ਵਾਰ ਰਾਜ ਭਾਸ਼ਾ ਬਣੀ, ਪੜ੍ਹਾਈ-ਲਿਖਾਈ ਲਈ ਵਰਤੀ ਜਾਣ ਲੱਗੀ ਤੇ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਵਾਂਗ ਸਿਰ ਉੱਚਾ ਕਰਕੇ ਤੁਰਨ ਦੇ ਕਾਬਲ ਹੋ ਗਈ। ਇਸਦੇ ਵਿਕਾਸ ਦੇ ਦਰ ਖੁੱਲ੍ਹੇ। ਭਾਸ਼ਾ ਵਿਭਾਗ ਯੂਨੀਵਰਸਿਟੀਆਂ, ਬੋਰਡ, ਅਕੈਡਮੀਆਂ, ਸੰਸਥਾਵਾਂ ਤੇ ਹੋਰ ਅਜਿਹੇ ਅਦਾਰਿਆਂ ਦੀ ਸਥਾਪਨਾ ਹੋਈ। ਇਕ ਵਾਰ ਤਾਂ ਫ਼ਿਜ਼ਾ ਬਦਲੀ-ਬਦਲੀ ਜਾਪੀ ਕਿ ਹੁਣ ਪੰਜਾਬੀ ਦੇ ਵਿਕਾਸ ਦੇ ਉਹ ਦਰ ਵੀ ਖੁੱਲ੍ਹ ਜਾਣਗੇ ਜੋ ਮੁੱਢ-ਕਦੀਮ ਤੋਂ ਬੰਦ ਪਏ ਸਨ ਪਰ ਇਸ ਨੂੰ ਪੰਜਾਬੀ ਦੀ ਬਦਕਿਸਮਤੀ ਹੀ ਕਹਿਣਾ ਚਾਹੀਦਾ ਹੈ ਕਿ ਸਰਕਾਰ ਦੀ ਪੰਜਾਬੀ ਵਲ ਤਵੱਜੋ ਦਿਨੋ-ਦਿਨ ਘਟਦੀ ਗਈ ਹੈ।

11 ਨਵੰਬਰ 1966 ਤੋਂ ਨਵੇਂ ਪੰਜਾਬ ਦੀ ਸਥਾਪਤੀ ਤੋਂ ਲੈ ਕੇ ਅੱਜ ਤਕ ਏਨਾ ਸਮਾਂ ਬੀਤਣ 'ਤੇ ਵੀ ਇਹ ਨਜ਼ਰ ਆਉਂਦਾ ਹੈ ਕਿ ਪੰਜਾਬੀਆਂ ਦੇ ਆਪਣੀ ਮਾਂ ਬੋਲੀ ਨਾਲ ਨੇੜਤਾ ਦੇ ਰੁਝਾਨ ਵਿਚ ਵਿਆਪਕ ਤਬਦੀਲੀ ਆਈ ਹੈ। ਪੰਜਾਬੀ ਦੇ ਏਜੰਡੇ ਨੂੰ ਪੰਜਾਬ ਦੀ ਸਰਕਾਰ ਨੇ ਵਿਸਾਰ ਈ ਦਿੱਤਾ ਹੈ। ਭਾਸ਼ਾ ਦਾ ਮੁੱਦਾ ਤਾਂ ਉਨ੍ਹਾਂ ਲਈ ਮਹਿਜ਼ ਇਕ ਪੌੜੀ ਸੀ ਜਿਸ ਆਸਰੇ ਉਨ੍ਹਾਂ ਹਕੂਮਤ ਦੀ ਵਾਗਡੋਰ ਸੰਭਾਲਣੀ ਸੀ। ਉਨ੍ਹਾਂ ਤਾਂ ਏਨਾ ਵੀ ਗਵਾਰਾ ਨਾ ਕੀਤਾ ਕਿ ਰਾਜ ਭਾਸ਼ਾ ਦੇ ਐਕਟ 1968 ਵਿਚ ਇਕ ਨਿੱਕੀ ਜਿੰਨੀ ਵਿਵਸਥਾ ਕਰ ਦੇਣ ਕਿ ਜਿਹੜਾ ਅਫਸਰ, ਕਰਮਚਾਰੀ ਆਪਣਾ ਲਿਖਤ-ਪੜ੍ਹਤ ਦਾ ਕੰਮ ਪੰਜਾਬੀ 'ਚ ਨਹੀਂ ਕਰਦਾ ਉਹਦੇ ਲਈ ਕੋਈ ਸਜ਼ਾ ਮੁਕੱਰਰ ਹੋਵੇ, ਭਾਵੇਂ ਉਹ ਤਨਖਾਹ ਦੇ ਵਾਧੇ ਦੇ ਰੁਕਣ, ਤਰੱਕੀ 'ਚ ਰੁਕਾਵਟ ਜਾਂ ਗੁਪਤ ਰਿਪੋਰਟ ਵਿਚ ਕਿਸੇ ਟਿੱਪਣੀ ਦੇ ਰੂਪ ਵਿਚ ਹੋਵੇ। ਥਾਣਿਆਂ, ਕਚਹਿਰੀਆਂ ਦਾ ਹੇਠਲਾ ਕਰਮਚਾਰੀ ਵਰਗ ਤਾਂ ਪੰਜਾਬੀ ਵਿਚ ਕੰਮਕਾਜ ਕਰਦਾ ਹੈ ਪਰ ਉਪਰਲੀ ਅਫਸਰਸ਼ਾਹੀ ਨੇ ਪੰਜਾਬੀ ਨਾਲ ਕਦੇ ਮੋਹ ਨਹੀਂ ਜਤਾਇਆ ਤੇ ਉਹ ਹੋਰ ਭਾਸ਼ਾਵਾਂ ਨਾਲ ਜੁੜੀ ਰਹੀ ਹੈ। ਪੰਜਾਬੀ ਵਿਰੋਧੀ ਲਾਬੀ ਇਸ ਭਾਸ਼ਾ ਨਾਲੋਂ ਆਪਣੀ ਚਿਰਕਾਲੀ ਖੁੰਦਕਬਾਜ਼ੀ ਨਹੀਂ ਤਿਆਗ ਸਕੀ। ਉਸ ਨੇ ਹਰ ਹਰਬਾ ਵਰਤਿਆ ਹੈ-ਧਰਮ ਦਾ, ਮੀਡੀਏ ਦਾ ਵਿਦਿਆ ਦਾ ਤੇ ਹੋਰ ਕਈ ਗੁਪਤ ਤੀਰ ਵੀ ਚਲਾਏ ਹਨ। ਇਹ ਪ੍ਰਚਾਰ ਕੀਤਾ ਕਿ ਪੰਜਾਬੀ ਸਿੱਖਾਂ ਦੀ ਜ਼ੁਬਾਨ ਹੈ ਤੇ ਗੁਰਮੁਖੀ ਲਿਪੀ ਗੁਰਬਾਣੀ ਦੇ ਪ੍ਰਚਾਰ ਦਾ ਇਕ ਮਾਧਿਅਮ ਹੈ। ਇਸ ਲਾਬੀ ਨੇ ਵਿਦਿਅਕ ਖੇਤਰਾਂ ਵਿਚੋਂ ਪੰਜਾਬੀ ਨੂੰ ਵਿਧੀਵਤ ਢੰਗ ਨਾਲ ਕੱਢਣਾ ਅਰੰਭਿਆ ਹੈ। ਉਨ੍ਹਾਂ ਪੰਜਾਬੀ ਦੇ ਅਮੀਰ ਵਿਰਸੇ ਤੇ ਸਭਿਆਚਾਰ ਨਾਲੋਂ ਸਿਰਫ ਨਾਤਾ ਹੀ ਨਹੀਂ ਤੋੜਿਆ ਬਲਕਿ ਇਸ ਦੀਆਂ ਜੜ੍ਹਾਂ ਨੂੰ ਖੋਖਲਾ ਵੀ ਕੀਤਾ ਹੈ। ਉਨ੍ਹਾਂ ਆਪਣੀਆਂ ਦੁਕਾਨਾਂ, ਘਰਾਂ, ਦਫਤਰਾਂ ਤੋਂ ਪੰਜਾਬੀ ਅੱਖਰਾਂ ਨੂੰ ਅਲਹਿਦਾ ਕਰ ਦਿੱਤਾ ਹੈ। ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣੋ ਵਰਜ ਦਿੱਤਾ ਹੈ।

ਸ਼ਹਿਰ ਵਿਚ ਪੈਦਲ ਘੁੰਮਦਿਆਂ, ਮੋਟਰਸਾਈਕਲ, ਕਾਰ ਚਲਾਉਂਦਿਆਂ, ਸੈਰ ਕਰਦਿਆਂ, ਲੋਕਾਂ ਨੂੰ ਮਿਲਦਿਆਂ, ਆਉਂਦਿਆਂ-ਜਾਂਦਿਆਂ ਮੇਰੀ ਨਜ਼ਰ ਹਮੇਸ਼ਾ ਇਸ ਟੋਹ ਵਿਚ ਹੁੰਦੀ ਹੈ ਕਿ ਕਿਹੜਾ ਨਵਾਂ ਬੋਰਡ ਕਿਨ੍ਹਾਂ ਅੱਖਰਾਂ ਵਿਚ ਲੱਗਾ ਹੈ, ਕਿਹੜੀ ਨਵੀਂ ਦੁਕਾਨ ਖੁੱਲ੍ਹੀ ਹੈ ਤੇ ਉਹਨੇ ਆਪਣਾ ਨਾਂ ਕਿਸ ਭਾਸ਼ਾ ਵਿਚ ਲਿਖਿਆ ਹੈ। ਕਿਸ ਅਖ਼ਬਾਰ ਦੀ ਵਿਕਣ ਗਿਣਤੀ ਦੂਜੀ ਦੇ ਮੁਕਾਬਲੇ ਵਧ ਹੈ, ਮੇਰੇ ਲਾਗੋਂ ਲੰਘਦੇ ਬੰਦੇ ਕਿਹੜੀ ਬੋਲੀ ਬੋਲਦੇ ਹਨ, ਬੁੱਕ ਸਟਾਲ 'ਤੇ ਕਿਹੜੀ ਭਾਸ਼ਾ ਦੇ ਕਿੰਨੇ ਰਸਾਲੇ ਪਏ ਹਨ?

ਸੁਰਜੀਤ ਪਾਤਰ ਦੀ ਨਜ਼ਮ ਮੇਰੇ ਦਿਮਾਗ ਦੇ ਗੇੜੇ ਕੱਢਣ ਲੱਗਦੀ ਹੈ:

ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ ਵਾਕ ਵਾਕ

ਫਿਰ ਯੁਨੈਸਕੋ ਦੀ ਇਕ ਰਿਪੋਰਟ ਜ਼ਿਹਨ ਵਿਚ ਖੌਰੂ ਪਾਉਣ ਲੱਗਦੀ ਹੈ;

'ਪੰਜਾਬੀ ਆਉਂਦੇ ਪੰਜਾਹ ਸਾਲਾਂ ਵਿਚ ਮਰ ਜਾਏਗੀ।''

ਮੈਨੂੰ ਆਪਣੇ ਇਕ ਬਹੁਤ ਕਰੀਬੀ ਪੰਜਾਬੀ ਸ਼ਾਇਰ ਮਿੱਤਰ ਦਾ ਖਿਆਲ ਆਉਂਦਾ ਹੈ ਜੋ ਇਕ ਪ੍ਰਾਈਵੇਟ ਸਕੂਲ ਚਲਾਉਂਦਾ ਹੈ, ਉਹ ਸਕੂਲ ਵਿਚ ਪੰਜਾਬੀ ਦੀ ਵਰਤੋਂ ਨਾਂਹ ਦੇ ਬਰਾਬਰ ਕਰਦਾ ਹੈ। ਉਹ ਬੱਚਿਆਂ ਨਾਲ, ਅਧਿਆਪਕਾਂ ਨਾਲ, ਮਾਪਿਆਂ ਨਾਲ ਪੰਜਾਬੀ ਨਹੀਂ ਬੋਲਦਾ। ਗੁਰੂ ਦੇ ਨਾਂ 'ਤੇ ਬਣੇ ਇਕ ਕਾਲਜ ਦਾ ਚੇਤਾ ਆਉਂਦਾ ਹੈ ਜਿੱਥੇ ਅਧਿਆਪਕਾਂ ਨੂੰ ਕਾਲਜਾਂ ਵਿਚ ਪੰਜਾਬੀ ਨਾ ਬੋਲਣ ਦੀ ਸਖਤ ਹਦਾਇਤ ਹੈ। ਆਪਣੇ ਆਂਢ-ਗੁਆਂਢ ਘਰਾਂ ਬਾਰੇ ਸੋਚ ਆਉਂਦੀ ਹੈ ਜਿੱਥੇ ਪੰਜਾਬੀ ਦੀ ਅਖ਼ਬਾਰ ਨਾਲ ਦੂਰ ਦਾ ਵੀ ਨਾਤਾ ਨਹੀਂ। ਮੇਰੀ ਵਾਕਫੀਅਤ ਵਿਚ ਅਨੇਕਾਂ ਉਹ ਲੋਕ ਹਨ ਜੋ ਮਾਪਿਆਂ ਨਾਲ ਬੱਧੀ-ਰੁੱਧੀ ਪੰਜਾਬੀ ਬੋਲਦੇ ਹਨ ਪਰ ਬੱਚਿਆਂ ਨਾਲ ਗੱਲ-ਕੱਥ ਪੰਜਾਬੀ ਵਿਚ ਨਹੀਂ ਕਰਦੇ। ਇਹ ਲੋਕ ਵਿਆਹਾਂ ਦੇ ਕਾਰਡ ਪੰਜਾਬੀ ਵਿਚ ਨਹੀਂ ਛਪਵਾਉਂਦੇ। ਘਰਾਂ ਦੇ ਬਾਹਰ ਨਾਂ-ਤਖ਼ਤੀਆਂ ਪੰਜਾਬੀਆਂ ਵਿਚ ਨਹੀਂ ਲਿਖਵਾਉਂਦੇ। ਜਨਤਕ ਥਾਵਾਂ 'ਤੇ ਪੰਜਾਬੀ ਵਿਚ ਬੋਲਣਾ ਤੌਹੀਨ ਸਮਝਦੇ ਹਨ। ਉਹ ਮਾਂ ਦੇ ਹੁੰਦਿਆਂ-ਸੁੰਦਿਆਂ ਅਨਾਥ ਹਨ। ਆਪਣੀ ਜ਼ੁਬਾਨ ਦੇ ਹੁੰਦਿਆਂ ਬੇ-ਜ਼ੁਬਾਨੇ ਹਨ।

ਬਹਾਦਰ ਅਖਵਾਉਣ ਵਾਲੀ ਪੰਜਾਬੀਆਂ ਦੀ ਕੌਮ, ਏਡੇ ਮਹਾਨ ਵਿਰਸੇ ਦੀ ਵਾਰਸ ਆਬਾਦੀ, ਅਗਾਂਹਵਧੂ ਤੇ ਤਰੱਕੀਪਸੰਦ ਹੋਣ ਦੇ ਦਮਗਜ਼ੇ ਮਾਰਨ ਵਾਲੀ ਲੋਕਾਈ ਅਸਲੋਂ ਹੀਣੀ, ਬੁਜ਼ਦਿਲ, ਗੁਲਾਮ ਤੇ ਪਿੱਛਲੱਗ ਹੈ। ਇਹ ਬੜੇ ਫਖ਼ਰ ਨਾਲ ਕਹਿਣਗੇ ਕਿ 'ਪੰਜਾਬੀ ਵੀ ਕੋਈ ਬੋਲੀ ਹੈ?' ਇਨ੍ਹਾਂ ਵਿਚ ਬੋਲੀ ਦੇ ਸਤਿਕਾਰ ਦਾ ਕੋਈ ਮਾਦਾ ਨਹੀਂ। ਇਨ੍ਹਾਂ ਸਾਹਮਣੇ ਬੋਲੀ ਮਰ ਰਹੀ ਹੈ। ਸ਼ਬਦ-ਸ਼ਬਦ, ਵਾਕ-ਵਾਕ। ਇਨ੍ਹਾਂ ਵਲੋਂ ਯੂਨੈਸਕੋ ਦੀ ਪੜਤਾਲ ਦੇ ਨਤੀਜੇ ਪੰਜਾਹਾਂ ਦੀ ਥਾਂ ਤੀਹਾਂ-ਚਾਲ੍ਹੀਆਂ ਵਿਚ ਆ ਜਾਣ, ਇਨ੍ਹਾਂ ਨੂੰ ਕਾਹਦੀ ਚਿੰਤਾ? ਪੂਰਬੀ ਭਾਰਤ ਦੇ ਪਿੰਡਾਂ, ਸ਼ਹਿਰਾਂ-ਪ੍ਰਾਂਤਾਂ ਵਿਚ ਘੁੰਮਦਿਆਂ, ਉਨ੍ਹਾਂ ਲੋਕਾਂ ਦੇ ਵਰਤੋਂ ਵਿਹਾਰ ਨੂੰ ਵੇਖਦਿਆਂ ਮੈਨੂੰ ਚੰਗਾ ਲਗਦਾ ਰਿਹਾ ਪਰ ਆਪਣੇ ਗਿਰਵਾਨ ਵਿਚ ਝਾਤੀ ਪਾਉਂਦਿਆਂ ਹੀ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਰਿਹਾ। ਕੀ ਅਜਿਹਾ ਕੋਈ ਚਮਤਕਾਰ ਵਾਪਰ ਸਕਦਾ ਹੈ ਕਿ ਪੰਜਾਬੀ ਉੱਤਰ ਭਾਰਤ ਦੀ ਸਿਰ ਕੱਢ ਬੋਲੀ ਹੋਣ ਦਾ ਮੁੜ ਰੁਤਬਾ ਪਾ ਜਾਏ? ਕੀ ਕੋਈ ਅਜਿਹੀ ਅਣਹੋਣੀ ਹੋ ਸਕਦੀ ਹੈ ਕਿ ਪੰਜਾਬੀ ਇਨ੍ਹਾਂ ਬੰਗਾਲੀਆਂ, ਮਦਰਾਸੀਆਂ, ਤਾਮਿਲਾਂ, ਤੈਲਗੂਆਂ, ਕੰਨੜਾਂ ਵਾਂਗ ਆਪਣੀ ਮਾਂ ਬੋਲੀ ਲਈ ਮਰਨ ਲਈ ਤਤਪਰ ਹੋ ਜਾਣ? ਕੀ ਅਜਿਹੀ ਕੋਈ ਹਵਾ ਵਗ ਸਕਦੀ ਹੈ ਪੰਜਾਬੀ ਪ੍ਰਤੀ ਸਾਰਾ ਅਣਸੁਖਾਵਾਂ ਬਦਲ ਜਾਏ? ਮਾਹੌਲ, ਵਿਚਾਰਾਂ ਤੇ ਮਨਾਂ ਵਿਚ ਆਪਣੇ ਮੰਜੇ 'ਤੇ ਅੱਡੀਆਂ ਰਗੜਦੀ ਮਾਂ ਬੋਲੀ ਪ੍ਰਤੀ ਕੋਈ ਹਮਦਰਦੀ ਦੀ ਭਾਵਨਾ ਆ ਜਾਏ?

> ***ਬਹਾਦਰ ਅਖਵਾਉਣ ਵਾਲੀ ਪੰਜਾਬੀਆਂ ਦੀ ਕੌਮ, ਏਡੇ ਮਹਾਨ ਵਿਰਸੇ ਦੀ ਵਾਰਸ ਆਬਾਦੀ, ਅਗਾਂਹਵਧੂ ਤੇ ਤਰੱਕੀਪਸੰਦ ਹੋਣ ਦੇ ਦਮਗਜ਼ੇ ਮਾਰਨ ਵਾਲੀ ਲੋਕਾਈ ਅਸਲੋਂ ਹੀਣੀ, ਬੁਜ਼ਦਿਲ, ਗੁਲਾਮ ਤੇ ਪਿੱਛਲੱਗ ਹੈ। ਇਹ ਬੜੇ ਫਖ਼ਰ ਨਾਲ ਕਹਿਣਗੇ ਕਿ 'ਪੰਜਾਬੀ ਵੀ ਕੋਈ ਬੋਲੀ ਹੈ?' ਇਨ੍ਹਾਂ ਵਿਚ ਬੋਲੀ ਦੇ ਸਤਿਕਾਰ ਦਾ ਕੋਈ ਮਾਦਾ ਨਹੀਂ। ਇਨ੍ਹਾਂ ਸਾਹਮਣੇ ਬੋਲੀ ਮਰ ਰਹੀ ਹੈ। ਸ਼ਬਦ-ਸ਼ਬਦ, ਵਾਕ-ਵਾਕ। ਇਨ੍ਹਾਂ ਵਲੋਂ ਯੂਨੈਸਕੋ ਦੀ ਪੜਤਾਲ ਦੇ ਨਤੀਜੇ ਪੰਜਾਹਾਂ ਦੀ ਥਾਂ ਤੀਹਾਂ-ਚਾਲ੍ਹੀਆਂ ਵਿਚ ਆ ਜਾਣ, ਇਨ੍ਹਾਂ ਨੂੰ ਕਾਹਦੀ ਚਿੰਤਾ? ਪੂਰਬੀ ਭਾਰਤ ਦੇ ਪਿੰਡਾਂ, ਸ਼ਹਿਰਾਂ-ਪ੍ਰਾਂਤਾਂ ਵਿਚ ਘੁੰਮਦਿਆਂ, ਉਨ੍ਹਾਂ ਲੋਕਾਂ ਦੇ ਵਰਤੋਂ ਵਿਹਾਰ ਨੂੰ ਵੇਖਦਿਆਂ ਮੈਨੂੰ ਚੰਗਾ ਲਗਦਾ ਰਿਹਾ ਪਰ ਆਪਣੇ ਗਿਰਵਾਨ ਵਿਚ ਝਾਤੀ ਪਾਉਂਦਿਆਂ ਹੀ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਰਿਹਾ। ਕੀ ਅਜਿਹਾ ਕੋਈ ਚਮਤਕਾਰ ਵਾਪਰ ਸਕਦਾ ਹੈ ਕਿ ਪੰਜਾਬੀ ਉੱਤਰ ਭਾਰਤ ਦੀ ਸਿਰ ਕੱਢ ਬੋਲੀ ਹੋਣ ਦਾ ਮੁੜ ਰੁਤਬਾ ਪਾ ਜਾਏ?***

# ਪੰਜਾਬੀ ਭਾਸ਼ਾ ਦੀ ਪ੍ਰਗਤੀ ਲਈ ਹਥਿਆਰ ਸੁੱਟ ਬੈਠੇ ਨੇ ਬੁੱਧੀਜੀਵੀ

**ਡਾ. ਜਸਪਾਲ ਸਿੰਘ**

ਪਿਛਲੇ ਕੁਝ ਕੁ ਸਾਲਾਂ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪੰਜਾਬ ਦੇ ਸੰਕਟ ਦੇ ਨਾਲ ਨਾਲ ਵਿਸ਼ਵ ਕਾਨਫਰੰਸਾਂ ਦੇ ਦੌਰ ਵਿਚ ਦੀ ਵੀ ਲੰਘਿਆ ਹੈ। ਅਜਿਹੀਆਂ ਕਾਨਫਰੰਸਾਂ ਇੰਗਲੈਂਡ, ਕੈਨੇਡਾ, ਥਾਈਲੈਂਡ ਅਤੇ ਭਾਰਤ ਵਿਚ ਹੋ ਚੁੱਕੀਆਂ ਹਨ। ਪੰਜਾਬੀ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਸਭਿਆਚਾਰਕ ਮਾਹਿਰਾਂ ਨੇ ਭਰਪੂਰ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਚੰਗਾ ਸੈਰ-ਸਪਾਟਾ ਵੀ ਕੀਤਾ ਹੈ। ਪਹਿਲੀ ਇੰਗਲੈਂਡ ਵਾਲੀ ਵਿਸ਼ਵ ਕਾਨਫਰੰਸ ਤੋਂ ਬਾਅਦ ਇੰਜ ਪ੍ਰਤੀਤ ਹੁੰਦਾ ਸੀ ਕਿ ਪੰਜਾਬੀ ਸਾਹਿਤ ਅਤੇ ਸਭਿਆਚਾਰ ਹੁਣ ਵਿਸ਼ਵ ਪੱਧਰ 'ਤੇ ਵਿਸਫੋਟਕ ਅਵਸਥਾ ਵਿਚ ਪਹੁੰਚ ਗਏ ਹਨ ਜਿਸ ਦਾ ਪ੍ਰਭਾਵ ਭਾਰਤ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਹੋਰ ਦੇਸ਼ਾਂ ਵਿਚ ਵੀ ਮਹਿਸੂਸ ਹੋਵੇਗਾ। ਪੰਜਾਬੀ ਭਾਸ਼ਾ ਅਤੇ ਚਿੰਤਨ ਵਿਸ਼ਵ ਪੱਧਰ 'ਤੇ ਭਿੜਨਗੇ ਅਤੇ ਆਪਣੀ ਪ੍ਰਤੱਖ ਛਾਪ ਛੱਡਣਗੇ। ਪੰਜਾਬੀ ਵਿਚ ਯੂਨੀਵਰਸਿਟੀ ਪੱਧਰ ਦਾ ਪਾਠ ਸਾਹਿਤ ਅਤੇ ਖੋਜ ਸਾਹਿਤ ਉਪਲਬਧ ਹੋ ਜਾਵੇਗਾ ਅਤੇ ਪੰਜਾਬੀ ਮਾਨਵੀ ਅਤੇ ਸਮਾਜ ਵਿਗਿਆਨਾਂ, ਭੌਤਿਕ ਵਿਗਿਆਨਾਂ, ਇੰਜੀਨੀਅਰਿੰਗ, ਡਾਕਟਰੀ ਵਿਦਿਆ, ਕਾਨੂੰਨ ਅਤੇ ਵਾਤਾਵਰਣ ਵਿਗਿਆਨਾਂ ਆਦਿ ਦੇ ਖੇਤਰਾਂ ਵਿਚ ਪੁਲਾਂਘਾਂ ਪੁੱਟਦੀ ਹੋਈ ਅੱਗੇ ਵਧੇਗੀ ਅਤੇ ਆਪਣੇ ਆਪ ਨੂੰ ਵਿਸ਼ਵ ਚਿੰਤਨ ਦੇ ਮੇਚ ਦੀ ਕਰ ਲਵੇਗੀ। ਪੰਜਾਬੀ ਭਾਸ਼ਾ ਦੀ ਪ੍ਰਗਤੀ ਲਈ ਚੇਤਨਾ ਜ਼ਰੂਰ ਪੈਦਾ ਹੋਈ ਅਤੇ ਕੁਝ ਕੁ ਏਧਰ ਓਧਰ ਟੁੱਟੇ-ਭੱਜੇ ਉਪਰਾਲੇ ਵੀ ਕੀਤੇ ਗਏ। ਕੁੱਲ ਮਿਲਾ ਕੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਮਾਨਵੀ ਅਤੇ ਸਮਾਜ ਵਿਗਿਆਨ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਨੇ ਮਾੜੀ ਮੋਟੀ ਗਤੀ ਫੜਨ ਦੀ ਕੋਸ਼ਿਸ਼ ਕੀਤੀ ਪਰ ਪੰਜਾਬੀ ਨਾਲ ਪ੍ਰਤੀਬੱਧ ਬੁੱਧੀਜੀਵੀਆਂ ਅਤੇ ਲੋੜੀਂਦੇ ਵਿੱਤੀ ਸਾਧਨਾਂ ਦੀ ਘਾਟ ਹੋਣ ਕਰ ਕੇ ਜੋ ਵੀ ਉਪਰਾਲੇ ਹੋਏ ਉਹ ਮੁਕਾਬਲਤਨ ਹਾਸੋਹੀਣੇ ਹੀ ਹਨ। ਪੰਜਾਬੀ ਵਿਚ ਮੁੱਢਲੀ ਸਮੱਗਰੀ ਪੈਦਾ ਕਰਨ ਲਈ ਵੀ ਜਿਹੜੇ ਸ਼ਬਦਕੋਸ਼ ਅਤੇ ਵਿਸ਼ਵਕੋਸ਼ ਹੁਣ ਤਕ ਰਚੇ ਗਏ ਉਹ ਵੀ ਇਕ ਬਹੁਤ ਹੀ ਮੁੱਢਲਾ ਉਦਮ ਹੈ ਜਿਸ ਵਿਚ ਬਹੁਤ ਸਾਰੀਆਂ ਘਾਟਾਂ-ਬੌਧਿਕ, ਵਿੱਤੀ ਜਾਂ ਸੰਸਥਾਨਕ ਕਾਰਨਾਂ ਕਰਕੇ ਰਹਿ ਗਈਆਂ ਹਨ।

ਅਸਲ ਵਿਚ ਮੁੱਢਲੀ ਸਮੱਗਰੀ ਪੈਦਾ ਕਰਨ ਦਾ ਕੰਮ ਇਕ ਸੰਸਥਾਨਕ ਕੰਮ ਹੈ ਜੋ ਨਿਰੰਤਰ ਗਤੀ ਵਿਚ ਰਹਿਣਾ ਚਾਹੀਦਾ ਹੈ ਅਤੇ ਇਸ ਉਤੇ ਸਿਰਫ ਇਕ ਨਹੀਂ ਸਗੋਂ ਕਈ ਅਦਾਰੇ ਇਕੋ ਸਮੇਂ ਕ੍ਰਿਆਸ਼ੀਲ ਹੋਣੇ ਚਾਹੀਦੇ ਹਨ। ਗਿਆਨ ਦੇ ਭਿੰਨ-ਭਿੰਨ ਪੱਖਾਂ ਤੋਂ ਅਧਿਐਨ ਸਮੱਗਰੀ ਇਕੱਤਰ ਕਰਨੀ, ਨਿਯਮਬੱਧ ਕਰਨੀ ਅਤੇ ਫਿਰ ਵਿਗਿਆਨਕ ਢੰਗ ਨਾਲ ਸਰਲ ਭਾਸ਼ਾ ਵਿਚ ਪੇਸ਼ ਕਰਨੀ ਕੋਈ ਮੌਜ-ਮੇਲਿਆਂ ਨਾਲ ਨੇਪਰੇ ਚੜ੍ਹਨ ਵਾਲਾ ਕੰਮ ਨਹੀਂ। ਪਿੱਛੇ ਜਿਹੇ ਵੱਡੀ ਆਕਸਫੋਰਡ ਡਿਕਸ਼ਨਰੀ ਦੇ ਨਿਕਲੇ ਐਡੀਸ਼ਨ ਉਤੇ ਦਰਜਨਾਂ ਹੀ ਵਿਦਵਾਨ ਸਾਲਾਂਬੱਧੀ ਲੱਗੇ ਰਹੇ ਅਤੇ ਇਸ ਇਕ ਐਡੀਸ਼ਨ ਉਤੇ ਸੈਂਕੜੇ ਕਰੋੜ ਰੁਪਏ ਖਰਚ ਆਏ। ਇਕ ਐਡੀਸ਼ਨ ਨਿਕਲਦਾ ਹੈ, ਦੂਜੇ ਲਈ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਵਿਦਵਾਨ ਅਤੇ ਮਾਹਿਰ ਕਮਰਕੱਸੇ ਕਰ ਕੇ ਫਿਰ ਜੂਝ ਪੈਂਦੇ ਹਨ। ਵਿਦਵਾਨਾਂ ਨੂੰ ਸਭ ਕਿਸਮ ਦੀਆਂ ਸਹੂਲਤਾਂ ਅਤੇ ਬੌਧਿਕ ਵਾਤਾਵਰਣ ਉਪਲਬੱਧ ਹੈ। ਕੰਮ ਉਹੀ ਬੰਦੇ ਕਰ ਸਕਦੇ ਹਨ ਜਿਨ੍ਹਾਂ ਦੀ ਕੰਮ ਵਿਚ ਦਿਲਚਸਪੀ ਹੋਵੇ ਅਤੇ ਅਜਿਹੇ ਕੰਮ ਨੂੰ ਸੰਪੰਨ ਕਰਨ ਦਾ ਸਿਰੜ ਵੀ ਹੋਵੇ। ਜੇ ਇਕ ਸ਼ਬਦਕੋਸ਼ ਉਤੇ ਐਨੇ ਵਿੱਤੀ, ਬੌਧਿਕ ਅਤੇ ਮਾਨਵੀ ਸੋਮੇ ਖਰਚ ਹੋਣੇ ਹਨ ਤਾਂ ਪੰਜਾਬੀ ਭਾਸ਼ਾ ਵਿਚ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਹੋਣੀ ਦਾ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ਼ਾਇਦ ਪੰਜਾਬ ਦੀਆਂ ਤਾਂ ਸਾਰੀਆਂ ਯੂਨੀਵਰਸਿਟੀਆਂ ਦਾ ਸਮੁੱਚਾ ਸਾਲਾਨਾ ਖਰਚਾ ਵੀ ਏਨਾ ਨਹੀਂ ਜਿੰਨਾ ਅੰਗਰੇਜ਼ੀ ਭਾਸ਼ਾ ਦੀ ਸਿਰਫ ਇਕ ਡਿਕਸ਼ਨਰੀ ਦੇ ਇਕ ਐਡੀਸ਼ਨ 'ਤੇ ਹੋਇਆ ਹੈ। ਇਸ ਤਰ੍ਹਾਂ ਦੇ ਹੋਰ ਅਦਾਰੇ ਵੀ ਹਨ ਜੋ ਆਪੋ-ਆਪਣੇ ਵਿਸ਼ਵਕੋਸ਼ ਅਤੇ ਸ਼ਬਦਕੋਸ਼ ਪੈਦਾ ਕਰ ਰਹੇ ਹਨ।

## ਸਿਰ ਖੜ੍ਹੀ ਚੁਣੌਤੀ

ਗੱਲ ਸਿਰਫ ਪੰਜਾਬੀ ਲਈ ਕੰਗਾਲ ਵਿੱਤੀ ਸਾਧਨਾਂ ਦੀ ਨਹੀਂ ਸਗੋਂ ਬੌਧਿਕ ਸੋਮਿਆਂ ਦੀ ਵੀ ਹੈ। ਅਜਿਹੇ ਕੰਮਾਂ ਲਈ ਬਹੁਭਾਸ਼ੀ ਵਿਦਵਾਨਾਂ ਦਾ ਹੋਣਾ ਜ਼ਰੂਰੀ ਹੈ ਜਿਨ੍ਹਾਂ ਦੀ ਮੁਹਾਰਤ ਆਪਣੀ ਭਾਸ਼ਾ ਦੇ ਨਾਲ-ਨਾਲ ਦੂਜੀਆਂ ਭਾਸ਼ਾਵਾਂ ਵਿਚ ਵੀ ਬਰਾਬਰ ਦੀ ਹੋਵੇ ਅਤੇ ਉਂਜ ਵੀ ਉਨ੍ਹਾਂ ਦੀ ਚੇਤਨਾ ਅੰਤਰਰਾਸ਼ਟਰੀ ਪੱਧਰ ਦੀ ਹੋਵੇ। ਕੀ ਪੰਜਾਬੀ ਭਾਸ਼ਾ ਨਾਲ ਪ੍ਰਤੀਬੱਧ ਕੋਈ ਵੀ ਅਦਾਰਾ ਅਜਿਹਾ ਸੰਗਠਨ ਸਥਾਪਤ ਕਰਨ ਦੇ ਯੋਗ ਹੈ?

ਵਿਸ਼ਵਕੋਸ਼ਾਂ ਅਤੇ ਸ਼ਬਦਕੋਸ਼ਾਂ ਦੀ ਗੱਲ ਨਾ ਵੀ ਕਰੀਏ, ਬਾਕੀ ਖੇਤਰਾਂ ਵਿਚ ਸਥਿਤੀ 'ਤੇ ਨਜ਼ਰ ਮਾਰੀਏ। ਮਾਨਵੀ ਅਤੇ ਸਮਾਜ ਵਿਗਿਆਨਾਂ ਦੇ ਖੇਤਰ ਵਿਚ ਕੀ ਹੋ ਰਿਹਾ ਹੈ? ਸਿਵਾਇ ਖੁਲਾਸਿਆਂ ਦੇ ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ, ਇਤਿਹਾਸ, ਸਮਾਜ ਵਿਗਿਆਨ, ਮਨੋਵਿਗਿਆਨ ਆਦਿ ਵਿਚ ਪੰਜਾਬੀ ਦੀਆਂ ਪੁਸਤਕਾਂ ਦੀ ਕੀ ਦਸ਼ਾ ਹੈ? ਬਹੁਤ ਘੱਟ ਪੰਜਾਬੀ ਲੇਖਕਾਂ ਦਾ ਧਿਆਨ ਇਸ ਲੋੜ ਵਲ ਗਿਆ ਹੈ। ਬਹੁਤ ਸਾਰੇ ਪੰਜਾਬੀ ਲੇਖਕ ਸਿਰਫ ਕਵਿਤਾ, ਕਹਾਣੀ, ਨਾਵਲ ਜਾਂ ਨਾਟਕ ਨੂੰ ਹੀ ਪੰਜਾਬੀ ਭਾਸ਼ਾ ਦੀ ਉਨਤੀ ਦਾ ਆਧਾਰ ਮੰਨਦੇ ਹਨ। ਉਨ੍ਹਾਂ ਲਈ ਭਾਸ਼ਾ ਦਾ ਇਹ ਦਿਲਪ੍ਰਚਾਵੇ ਵਾਲਾ ਪੱਖ ਹੀ ਅਸਲ ਭਾਸ਼ਾ ਦੀ ਉਨਤੀ ਹੈ। ਉਨ੍ਹਾਂ ਨੇ ਕਦੇ ਨਹੀਂ ਸੋਚਿਆ ਕਿ ਫਲਸਫੇ ਦੀ ਜਾਂ ਸਮਾਜ ਵਿਗਿਆਨ ਦੀ ਵਧੀਆ ਕਿਤਾਬ ਵੀ ਪੰਜਾਬੀ ਵਿਚ ਲਿਖੀ ਜਾ ਸਕਦੀ ਹੈ। ਵਿਲ ਡਿਊਰਾਂ ਦੀਆਂ ਅੰਗਰੇਜ਼ੀ ਭਾਸ਼ਾ ਵਿਚ ਫਲਸਫੇ ਅਤੇ ਸਭਿਅਤਾ ਦੇ ਵਿਕਾਸ ਬਾਰੇ ਲਿਖੀਆਂ ਕਿਤਾਬਾਂ ਪੰਜਾਬੀ ਵਿਚ ਵੀ ਰਚੀਆਂ ਜਾ ਸਕਦੀਆਂ ਹਨ। ਟੌਇਨਬੀ ਦੀਆਂ ਵਿਸ਼ਵ ਇਤਿਹਾਸ ਵਰਗੀਆਂ ਕਿਤਾਬਾਂ ਪੰਜਾਬੀ ਵਿਚ ਵੀ ਹੋ ਸਕਦੀਆਂ ਹਨ। ਭਾਵੇਂ ਇਨ੍ਹਾਂ ਲੇਖਕਾਂ ਦੀ ਖੋਜ ਬਾਰੇ ਖੇਤਰੀ ਪੱਧਰ 'ਤੇ ਸ਼ੰਕੇ ਹੋ ਸਕਦੇ ਹਨ ਪਰ ਉਨ੍ਹਾਂ ਦੀ ਭਾਸ਼ਾ ਪ੍ਰਸਾਰ ਨੂੰ ਦੇਣ ਬਾਰੇ ਕੋਈ ਸ਼ੰਕਾ ਨਹੀਂ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਦੇ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਸਮਾਜ ਅਤੇ ਮਾਨਵੀ ਵਿਗਿਆਨਾਂ ਦੇ ਖੇਤਰ ਵਿਚ ਆਪਣੀ ਆਪਣੀ ਭਾਸ਼ਾ ਨੂੰ ਚਾਰ ਚੰਨ ਲਾਏ।

ਭੌਤਿਕ ਵਿਗਿਆਨ ਦੇ ਖੇਤਰ 'ਚ ਪੰਜਾਬੀ ਭਾਸ਼ਾ ਦੀ ਦਸ਼ਾ ਹੋਰ ਵੀ ਬਦਤਰ ਹੈ। ਅਜੇ ਸਕੂਲ ਪੱਧਰ ਦੀਆਂ ਕਿਤਾਬਾਂ ਵੀ ਇਸ ਖੇਤਰ ਵਿਚ ਉਪਲਬਧ ਨਹੀਂ, ਜੇ ਕੋਈ ਹੈ ਤਾਂ ਚਾਲੂ ਕਿਸਮ ਦੇ ਅਨੁਵਾਦ ਹਨ, ਮੌਲਿਕ ਰਚਨਾਵਾਂ ਨਾਂਮਾਤਰ ਹਨ। ਕਿਸੇ ਲਾਇਬਰੇਰੀ ਵਿਚ ਜੇ ਚੱਕਰ ਲਾਇਆ ਜਾਵੇ ਤਾਂ ਪਤਾ ਚਲਦਾ ਹੈ ਕਿ ਪੰਜਾਬੀ ਦੀਆਂ ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਜੀਵ ਵਿਗਿਆਨ, ਜੈਨੇਟਿਕਸ ਆਦਿ ਵਿਸ਼ਿਆਂ ਦੀਆਂ ਕਿਤਾਬਾਂ ਨਾਂਮਾਤਰ ਵੀ ਨਹੀਂ ਅਤੇ ਨਾ ਹੀ ਨੇੜ ਭਵਿੱਖ ਵਿਚ ਇਸ ਦੀ ਆਸ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਪੰਜਾਬੀ ਬੁੱਧੀਜੀਵੀ ਅਤੇ ਪੰਜਾਬੀ ਭਾਸ਼ਾ ਦੇ ਮੁਦੱਈ ਪਹਿਲਾਂ ਹੀ ਹਥਿਆਰ ਸੁੱਟੀ ਬੈਠੇ ਹਨ। ਦੂਜੀ ਗੱਲ ਇਹ ਵੀ ਹੈ ਕਿ ਇਨ੍ਹਾਂ ਖੇਤਰਾਂ 'ਚ ਬਹੁਤੀਆਂ ਖੋਜਾਂ ਪੱਛਮੀ ਦੇਸ਼ਾਂ 'ਚ ਹੀ ਹੋ ਰਹੀਆਂ ਹਨ ਅਤੇ ਸਾਡੇ ਕੋਲ ਉਨ੍ਹਾਂ ਦਾ ਕੇਵਲ ਅੰਗਰੇਜ਼ੀ ਰੂਪ ਹੀ ਪਹੁੰਚਦਾ ਹੈ।

ਅੱਜ-ਕੱਲ੍ਹ ਮੱਧਸ਼੍ਰੇਣੀ ਦੇ ਬੱਚਿਆਂ ਨੂੰ ਬਹੁਤੇ ਅੰਗਰੇਜ਼ੀ ਸਕੂਲਾਂ ਵਿਚ ਸਾਇੰਸ ਦੀਆਂ ਕਿਤਾਬਾਂ ਪੜ੍ਹਨ ਅਤੇ ਸਮਝਣ ਵਿਚ ਕੋਈ ਔਖ ਨਹੀਂ ਆਉਂਦੀ। ਉਂਜ ਤਾਂ ਮੱਧ ਸ਼੍ਰੇਣੀ ਦੇ ਬੱਚੇ ਮਾਨਵੀ ਅਤੇ ਸਮਾਜ ਵਿਗਿਆਨ ਵੀ ਅੰਗਰੇਜ਼ੀ ਵਿਚ ਪੜ੍ਹ ਸਕਦੇ ਹਨ ਅਤੇ ਅੱਜ-ਕੱਲ੍ਹ ਉਹ ਪੜ੍ਹ ਵੀ ਰਹੇ ਹਨ ਪਰ ਫਿਰ ਵੀ ਇਨ੍ਹਾਂ ਖੇਤਰਾਂ ਵਿਚ ਸਭਿਆਚਾਰ ਦੀ ਜ਼ਬਰਦਸਤ ਘੁਸਪੈਠ ਹੋਣ ਕਾਰਨ ਇਹ ਕਾਰਜ ਖੇਤਰੀ ਭਾਸ਼ਾਵਾਂ 'ਚ ਵੀ ਵਧੀਆ ਵਿਗਿਆਨਕ ਢੰਗ ਨਾਲ ਹੋ ਸਕਦਾ ਹੈ। ਪਰ ਜਦੋਂ ਮੱਧ ਸ਼੍ਰੇਣੀ ਨੇ ਆਪ ਹੀ ਬੌਧਿਕ ਭਾਸ਼ਾ ਵਜੋਂ ਅੰਗਰੇਜ਼ੀ ਨੂੰ ਅਪਨਾ ਲਿਆ ਹੈ ਤਾਂ ਕੀ ਪੰਜਾਬੀ ਲਈ ਇਸ ਖੇਤਰ ਵਿਚ ਵਰਤੇ ਜਾਂਦੇ ਸੋਮੇ ਅਜਾਈਂ ਨਹੀਂ ਜਾਣਗੇ?

ਅੱਜ-ਕੱਲ੍ਹ ਦੇਸੀ ਸਕੂਲਾਂ ਵਿਚ ਸਿਰਫ ਨਿਮਨ ਵਰਗ ਦੇ ਬੱਚੇ ਹੀ ਰਹਿ ਗਏ ਹਨ। ਇਸਦਾ ਅਰਥ ਹੈ ਕਿ ਵਿਦਿਅਕ ਪੱਧਰ 'ਤੇ ਪੰਜਾਬੀ ਭਾਸ਼ਾ ਇਕ ਖਾਸ ਜਮਾਤ ਦੀ ਭਾਸ਼ਾ ਬਣ ਕੇ ਰਹਿ ਗਈ ਹੈ। ਪੰਜਾਬੀ ਦੇ ਬੁੱਧੀਜੀਵੀ ਅਤੇ ਪ੍ਰਸ਼ਾਸਕ ਦੁਬਿਧਾ ਵਿਚ ਹਨ ਕਿ ਉਹ ਪੰਜਾਬੀ ਦਾ ਸਾਥ ਦੇਣ ਜਾਂ ਅੰਗਰੇਜ਼ੀ ਦਾ। ਆਪਣੀਆਂ ਨੌਕਰੀਆਂ ਆਦਿ ਲਈ ਉਹ ਗੱਲ ਤਾਂ ਪੰਜਾਬੀ ਦੀ ਕਰਦੇ ਹਨ ਪਰ ਆਪਣੇ ਬੱਚਿਆਂ ਨੂੰ ਉਹ ਅੰਗਰੇਜ਼ੀ ਸਕੂਲਾਂ ਵਿਚ ਹੀ ਭੇਜਦੇ ਹਨ। ਜੇ ਇੰਜ ਨਾ ਕੀਤਾ ਜਾਵੇ ਤਾਂ ਬੱਚਿਆਂ ਨੂੰ ਸਿੱਖਿਆ ਮਿਆਰੀ ਢੰਗ ਦੀ ਨਹੀਂ ਮਿਲਦੀ ਕਿਉਂਕਿ ਦੇਸੀ ਸਕੂਲ ਤਾਂ ਸਾਰੇ ਦੇਸ਼ ਵਿਚ ਫੇਲ੍ਹ ਹੋ ਚੁੱਕਾ ਹੈ।

ਜਦੋਂ ਮੱਧ ਸ਼੍ਰੇਣੀ, ਜਿਸਨੇ ਸਮਾਜ ਦੀ ਬੌਧਿਕ ਅਗਵਾਈ ਕਰਨੀ ਹੈ, ਉਹ ਹੀ ਕੁੜਿੱਕੀ ਵਿਚ ਫਸੀ ਹੋਈ ਹੈ ਤਾਂ ਕੀ ਉਸ ਤੋਂ ਲੋਕਾਂ ਦੀ ਸਭਿਆਚਾਰਕ ਮੁਕਤੀ ਲਈ ਅਗਵਾਈ ਕਰਨ ਦੀ ਆਸ ਰੱਖੀ ਜਾ ਸਕਦੀ ਹੈ? ਪੰਜਾਬੀ ਵਿਚ ਕਾਫੀ ਅਰਸੇ ਤੋਂ ਸਾਹਿਤਕ ਪੁਸਤਕਾਂ ਦਾ ਅਨੁਵਾਦ ਹੋ ਰਿਹਾ ਹੈ। ਹੁਣ ਕੁਝ ਸਮਾਜ ਵਿਗਿਆਨ ਦੀਆਂ ਪੁਸਤਕਾਂ ਦਾ ਅਨੁਵਾਦ ਵੀ ਹੋਇਆ ਹੈ। ਇਹ ਅਨੁਵਾਦ ਕਿੰਨੇ ਕੁ ਪਾਏਦਾਰ ਹਨ ਅਤੇ ਕਿੰਨੀ ਨਿਪੁੰਨਤਾ, ਮਿਹਨਤ ਅਤੇ ਸਿਰੜ ਨਾਲ ਕੀਤੇ ਹੋਏ ਹਨ, ਇਸਦਾ ਸਮੁੱਚਾ ਨਿਰੀਖਣ ਹੋਣਾ ਚਾਹੀਦਾ ਹੈ। ਕਈ ਅਨੁਵਾਦ ਤਾਂ ਦੁਬਾਰਾ ਕਰਨੇ ਪੈਣਗੇ। ਉਂਜ ਵੀ ਇਕ ਕਿਰਤ ਦੇ ਕਈ-ਕਈ ਅਨੁਵਾਦ ਹੋ ਸਕਦੇ ਹਨ। ਪੱਛਮ ਦੀਆਂ ਮਹਾਨ ਕਿਰਤਾਂ ਦੇ ਕਈ-ਕਈ ਅਨੁਵਾਦ ਅੰਗਰੇਜ਼ੀ ਵਿਚ ਵੀ ਮਿਲਦੇ ਹਨ, ਜੋ ਸਭ ਤੋਂ ਵੱਧ ਵਫਾਦਾਰ ਹੋਵੇਗਾ ਉਹ ਟਿਕ ਜਾਵੇਗਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬੀ ਦੇ ਬੌਧਿਕ ਅਦਾਰਿਆਂ ਦੀ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਿੰਨੀ ਕੁ ਪ੍ਰਤੀਬੱਧਤਾ ਹੈ? ਉਹ ਕਿੰਨੇ ਕੁ ਬੌਧਿਕ, ਵਿੱਤੀ ਅਤੇ ਸੰਸਥਾਨਕ ਸੋਮੇ ਇਸ ਕੰਮ ਵਿਚ ਜੁਟਾਂਦੇ ਹਨ? ਉਹ ਪੰਜਾਬੀ ਵਿਰੋਧੀ ਢਾਂਚੇ ਨੂੰ ਢਾਹ ਕੇ ਨਵਾਂ ਪੰਜਾਬੀ-ਪੱਖੀ ਢਾਂਚਾ ਸਥਾਪਤ ਕਰਨ ਵਿਚ ਕਿੰਨਾ ਕੁ ਰੋਲ ਅਦਾ ਕਰਦੇ ਹਨ? ਇਹ ਜਾਨਣਾ ਕੋਈ ਬਹੁਤਾ ਮੁਸ਼ਕਲ ਨਹੀਂ। ਪੰਜਾਬੀ ਭਾਸ਼ਾ ਨਾਲ ਪ੍ਰਤੀਬੱਧ ਲੋਕਾਂ ਅਤੇ ਬੁੱਧੀਜੀਵੀਆਂ ਨੂੰ ਗੱਲ ਆਪਣੇ ਘਰ ਤੋਂ ਸ਼ੁਰੂ ਕਰਨੀ ਪਵੇਗੀ ਅਤੇ ਫਿਰ ਉਨ੍ਹਾਂ ਨੂੰ ਇਕ ਰਾਜਨੀਤਕ ਮੁਹਿੰਮ ਵਿੱਢਣੀ ਪਵੇਗੀ ਜੋ ਪੰਜਾਬੀ ਵਿਰੋਧੀ ਢਾਂਚੇ ਨੂੰ ਢਾਹ ਲਾਵੇ ਅਤੇ ਇਕ ਸਰਬਵਿਆਪੀ ਪੰਜਾਬੀ ਪੱਖੀ ਮਾਹੌਲ ਸਿਰਜੇ। ਇਸਦੇ ਨਾਲ-ਨਾਲ ਚਿੰਤਨ ਦੇ ਖੇਤਰ ਵਿਚ ਸੰਸਾਰ ਚਿੰਤਨ ਦਾ ਮੁਕਾਬਲਾ ਕਰਨਾ ਹੋਵੇਗਾ। ਇਸ ਲਈ ਅੰਗਰੇਜ਼ੀ ਵਰਗੀ ਵਿਦੇਸ਼ੀ ਭਾਸ਼ਾ ਵਿਚ ਵੀ ਮੁਹਾਰਤ ਹਾਸਲ ਕਰਨੀ ਪਵੇਗੀ।

ਹੁਣ ਜਦੋਂਕਿ ਸੰਸਾਰ ਵਿਚ ਆਰਥਿਕ ਤੌਰ 'ਤੇ ਸੰਸਾਰੀਕਰਣ ਦਾ ਬੋਲਬਾਲਾ ਹੈ ਅਤੇ ਬਹੁਕੌਮੀ ਪ੍ਰਸਾਰ ਸਾਧਨ ਬਿਜਲਈ ਅਤੇ ਲਿਖਤੀ ਜੀਵਨ ਦੇ ਹਰ ਪਹਿਲੂ 'ਤੇ ਭਾਰੂ ਹੋ ਰਹੇ ਹਨ ਤਾਂ ਪੰਜਾਬੀ ਭਾਸ਼ਾ ਦੇ ਮੁਦੱਈਆਂ ਨੂੰ ਇਨ੍ਹਾਂ ਬਹੁ-ਕੌਮੀ ਦੈਂਤਾਂ ਦਾ ਬੌਧਿਕ, ਭਾਸ਼ਕ ਅਤੇ ਤਕਨੀਕੀ ਪੱਧਰ 'ਤੇ ਮੁਕਾਬਲਾ ਕਰਨਾ ਪਵੇਗਾ। ਕੀ ਸਾਡੀ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਣਾਲੀ ਇਹ ਟਾਕਰਾ ਕਰਨ ਦੇ ਯੋਗ ਹੈ? ਕੀ ਅਸੀਂ ਉਸਦਾ ਮੁਕਾਬਲਾ ਟੁੱਟੀ ਤਲਵਾਰ ਨਾਲ ਕਰ ਸਕਦੇ ਹਾਂ? ਕੀ ਦੇਸ਼ ਦੀ ਰਾਜਨੀਤਕ ਲੀਡਰਸ਼ਿਪ ਖੇਤਰੀ ਭਾਸ਼ਾਵਾਂ ਅਤੇ ਸਭਿਆਚਾਰਾਂ ਦੀ ਗੌਰਵਮਈ ਪਛਾਣ ਸਥਾਪਤ ਕਰਨ ਲਈ ਵਚਨਬੱਧ ਹੈ?

ਜੇ ਸਿਰਫ ਪੰਜਾਬ ਰਾਜ ਦੇ ਇਕ ਸਾਲ ਦੇ ਸੁਰੱਖਿਆ ਬਜਟ ਜਿੰਨਾ ਵੀ ਸਰਮਾਇਆ ਇਸ ਕੰਮ ਵਿਚ ਲਗਾਇਆ ਜਾਵੇ ਤਾਂ ਸਮੁੱਚੀ ਭਾਸ਼ਾ ਵਿਉਂਤਬੰਦੀ ਦਾ ਇਕ ਬਹੁਤ ਹੀ ਠੋਸ ਆਧਾਰ ਬਣ ਜਾਵੇਗਾ ਅਤੇ ਪੰਜਾਬੀ ਭਾਸ਼ਾ ਵਿਸ਼ਵ ਪੱਧਰ 'ਤੇ ਆਪਣਾ ਬਣਦਾ ਸਥਾਨ ਅਖਤਿਆਰ ਕਰਨ ਵਲ ਵਧੇਗੀ। ਜੇ ਇਸ ਤਰ੍ਹਾਂ ਦੇ ਠੋਸ ਕਦਮ ਨਹੀਂ ਉਠਾਏ ਜਾਂਦੇ ਤਾਂ ਜੋ ਕੁਝ ਹੁਣ ਹੋ ਰਿਹਾ ਹੈ ਉਹ ਰਾਮ ਰੌਲੇ ਤੋਂ ਵਧ ਕੁਝ ਨਹੀਂ। ਅਜਿਹੇ ਪਵਿੱਤਰ ਕੰਮ ਵਿਚ ਕਿਸੇ ਵੀ ਧਿਰ ਨੂੰ ਰਾਜਨੀਤਕ ਲਾਹਾ ਲੈਣ ਦੇ ਲਾਲਚ ਤੋਂ ਗੁਰੇਜ਼ ਕਰਨਾ ਪਵੇਗਾ। ਕਈ ਵਾਰ ਸ਼ਿੱਦਤ ਨਾਲ ਕੰਮ ਕਰਨ ਵਾਲੇ ਬੰਦਿਆਂ ਉਤੇ ਭਾਸ਼ਕ ਅਤੇ ਸਭਿਆਚਾਰਕ ਕੌਮਪ੍ਰਸਤੀ ਦਾ ਦੂਸ਼ਣ ਵੀ ਲਗਦਾ ਹੈ। ਇਸ ਸਭ ਕਾਸੇ ਦਾ ਵੱਖ ਵੱਖ ਪ੍ਰਸਾਰ ਸਾਧਨਾਂ ਰਾਹੀਂ ਮੁਕਾਬਲਾ ਕਰਨ ਦੀ ਯੋਗਤਾ ਪੈਦਾ ਕਰਨੀ ਪਵੇਗੀ।

# ਲਗਾਤਾਰ ਸੁੰਗੜ ਰਿਹੈ ਪੰਜਾਬੀ ਦਾ ਦਾਇਰਾ

**ਡਾ. ਲਾਭ ਸਿੰਘ ਖੀਵਾ**

ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਦੀ ਲੰਮੀ ਪ੍ਰਕਿਰਿਆ ਦੌਰਾਨ ਬੇਸ਼ੱਕ ਹਿੰਦੁਸਤਾਨੀ ਭੂਗੋਲ ਵਿਚ ਪੰਜਾਬੀ ਕੌਮੀਅਤ ਨਿਵੇਕਲਾ ਸਥਾਨ ਬਣਾਉਂਦੀ ਹੈ, ਪਰ ਅਸੀਂ ਸਮੂਹ ਪੰਜਾਬੀ ਮਾਤ-ਭਾਸ਼ਾ ਦੇ ਮਾਮਲੇ ਵਿਚ 'ਗੈਰ-ਸੰਵੇਦਨਸ਼ੀਲ ਕੌਮ' ਦੇ ਲਕਬ ਨਾਲ ਪਛਾਣੇ ਜਾਂਦੇ ਹਾਂ। ਸਾਡੀਆਂ ਇਤਿਹਾਸਕ ਪ੍ਰਸਥਿਤੀਆਂ ਨੇ ਸਾਨੂੰ ਇਹ ਲਕਬ ਦਿੱਤਾ ਹੈ। ਇਨ੍ਹਾਂ ਪ੍ਰਸਥਿਤੀਆਂ ਦੇ ਵਿਰੋਧਾਭਾਸਾਂ ਵਿਚੋਂ ਹੀ ਪੰਜਾਬੀ ਬੋਲੀ ਤੇ ਇਸ ਦੀ ਲਿਪੀ ਨੇ ਰੂਪ ਧਾਰਨ ਕੀਤਾ, ਜਿਸ ਕਰਕੇ ਅੱਜ ਇਹ ਲਿਪੀ ਪੰਜਾਬੀ ਤੇ ਪੰਜਾਬੀਅਤ ਦੀ ਪ੍ਰਮਾਣਿਕ ਤੇ ਪ੍ਰਵਾਣਿਤ ਵਾਹਕ ਹੈ। ਪੰਜਾਬੀ ਭੂਗੋਲ ਵਿਚ ਰਹਿੰਦੇ ਲੋਕਾਂ ਦੇ ਧਾਰਮਿਕ ਅਕੀਦਿਆਂ ਲਈ ਪੰਜਾਬੀ ਬੋਲੀ ਮਾਧਿਅਮ ਬਣੀ ਤਾਂ ਜਿੱਥੇ ਇਸਨੂੰ ਸੁਰੱਖਿਆ ਮਿਲੀ, ਉੱਥੇ ਇਸਦਾ ਭਾਸ਼ਕ ਦਾਇਰਾ ਵੀ ਸੁੰਗੜਿਆ। ਪੰਜਾਬੀ ਕੌਮ ਦੇ ਸੰਕਲਪ ਦਾ ਆਧਾਰ ਭਾਸ਼ਾ ਤੇ ਸੱਭਿਆਚਾਰ ਬਣਨ ਦੀ ਥਾਂ ਧਰਮ ਬਣ ਗਿਆ। ਅਨੇਕਾਂ ਰਾਜਨੀਤਕ ਹਨੇਰਗਰਦੀਆਂ ਦੌਰਾਨ ਪੰਜਾਬੀਆਂ ਦੇ ਅਵਚੇਤਨ ਵਿਚ ਜਿਹੜੀ ਥਾਂ ਧਰਮ ਨੇ ਬਣਾਈ, ਉਹ ਥਾਂ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨਾ ਬਣਾ ਸਕਿਆ। ਇਹ ਘਾਟ ਅਜੇ ਤੱਕ ਵੀ ਪੰਜਾਬੀ ਸਮਾਜਿਕ ਕਾਰ-ਵਿਹਾਰ ਵਿਚ ਰੜਕਦੀ ਹੈ। ਇਹ ਹੀ ਕਾਰਨ ਹੈ ਕਿ 1947 ਵੇਲੇ ਪੰਜਾਬ ਤੇ ਬੰਗਾਲ ਦੀ ਵੰਡ ਤੋਂ ਬਾਅਦ ਪਾਕਿਸਤਾਨੀ-ਪੰਜਾਬ ਵੱਡਾ ਸੂਬਾ ਹੋਣ ਦੇ ਬਾਵਜੂਦ ਇਸ ਦੇ ਲੋਕਾਂ ਨੇ ਪੰਜਾਬੀ ਭਾਸ਼ਾ ਦੀ ਥਾਂ ਉਰਦੂ ਨੂੰ ਸਵੀਕਾਰ ਕਰ ਲਿਆ, ਪਰ ਬੰਗਾਲੀਆਂ ਨੇ ਉਰਦੂ ਠੋਸਣ ਦੀ ਨੀਤੀ ਨੂੰ ਇਸ ਪੱਧਰ 'ਤੇ ਨਕਾਰਿਆ ਕਿ ਸ਼ਾਹਮੁਖੀ ਵਿਚ ਬੰਗਾਲੀ ਲਿਖਣ ਦੇ ਵਿਰੋਧ ਵਿਚੋਂ 'ਬੰਗਲਾ ਦੇਸ਼' ਨਾਂ ਦਾ ਇੱਕ ਵੱਖਰਾ ਮੁਲਕ ਹੀ ਬਣਾ ਲਿਆ। ਇਹ ਹੈ ਧਾਰਮਿਕ ਸੰਕੀਰਣਤਾ ਤੋਂ ਉਪਰ ਉੱਠ ਕੇ ਆਪਣੀ ਭਾਸ਼ਾ ਤੇ ਸੱਭਿਆਚਾਰ ਪ੍ਰਤੀ ਮੋਹ ਤੇ ਸ਼ਰਧਾ। ਇਹ ਬੰਗਾਲੀਆਂ ਦੀ ਹੀ ਮਾਤ ਭਾਸ਼ਾ ਪ੍ਰਤੀ ਵਚਨਬੱਧਤਾ ਸੀ ਕਿ ਉਨ੍ਹਾਂ ਦੇ ਯਤਨਾਂ ਸਦਕਾ ਹੀ ਯੂ ਐਨ ਓ ਨੇ ਮਾਤ ਭਾਸ਼ਾ ਦਿਵਸ ਐਲਾਨਿਆ ਹੋਇਆ ਹੈ।

ਇਤਿਹਾਸਕ ਤੌਰ 'ਤੇ ਪੰਜਾਬੀ ਭਾਸ਼ਾ ਦੀ ਵਰਤੋਂ ਦਾ ਮਸਲਾ ਅਨੇਕਾਂ ਵਾਦਾਂ-ਵਿਵਾਦਾਂ, ਕਿੰਤੂ-ਪ੍ਰੰਤੂਆਂ, ਬਹਿਸ-ਮੁਬਾਹਸਿਆਂ ਆਦਿ ਦਾ ਵਿਸ਼ਾ ਬਣਦਾ ਰਿਹਾ ਹੈ। ਕਦੇ ਇਸ ਦੀ ਉਤਪਤੀ ਦੇ ਸਰੋਤਾਂ ਬਾਰੇ ਵਾਦ-ਵਿਵਾਦ ਉੱਠਦੇ, ਕਦੇ ਇਸ ਦੀ ਲਿਖਤੀ ਵਰਤੋਂ 'ਤੇ ਕਿੰਤੂ-ਪ੍ਰੰਤੂ ਹੋਏ ਅਤੇ ਕਦੇ ਇਸ ਦੀ ਦਫਤਰੀ ਜਾਂ ਸਰਕਾਰੀ ਭਾਸ਼ਾ ਵਜੋਂ ਮਾਨਤਾ ਉੱਤੇ ਬਹਿਸ-ਮੁਬਾਹਿਸੇ ਹੁੰਦੇ ਰਹੇ।

ਪੰਜਾਬੀ ਦਰਬਾਰੀ ਮਾਹੌਲ ਦੀ ਉਪਜ ਨਾ ਹੋਣ ਕਰਕੇ ਸਰਕਾਰੀ ਪੱਧਰ 'ਤੇ ਇਸ ਦੀ ਵਰਤੋਂ ਦੇ ਰਾਹ ਉੱਤੇ ਅਨੇਕਾਂ ਕੰਡੇ ਉੱਗਦੇ ਰਹੇ। ਖਾਲਸਈ ਸ਼ਾਸਨ ਦੌਰਾਨ ਮਹਾਰਾਜਾ ਰਣਜੀਤ ਸਿੰਘ ਵੀ ਇਹ ਕੰਡੇ ਨਾ ਚੁਗ ਸਕਿਆ।

ਧਾਰਮਿਕ ਤੌਰ 'ਤੇ ਜਦੋਂ ਉਰਦੂ, ਹਿੰਦੀ ਅਤੇ ਪੰਜਾਬੀ ਫਿਰਕਾ-ਵਿਸ਼ੇਸ਼ ਦੀਆਂ ਭਾਸ਼ਾਵਾਂ ਬਣਾ ਦਿੱਤੀਆਂ ਗਈਆਂ ਤਾਂ ਪੰਜਾਬੀ ਦੇ ਵਿਗਸਣ-ਫੈਲਣ ਦੀਆਂ ਸੰਭਾਵਨਾਵਾਂ ਹੋਰ ਵੀ ਸੀਮਤ ਹੋ ਗਈਆਂ। 1967 ਤੋਂ ਬਾਅਦ ਵੀ ਇਸ ਦੀ ਸਥਿਤੀ ਜਿਉਂ ਦੀ ਤਿਉਂ ਹੈ। ਸਥਿਤੀ ਏਨੀ ਸੰਗੀਨ ਬਣੀ ਹੋਈ ਹੈ ਕਿ ਗੁਰਮੁਖੀ ਲਿਪੀ ਦੇ ਭਵਿੱਖ ਉਤੇ ਵੀ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਕਿਸੇ ਬੋਲੀ ਤੇ ਲਿਪੀ ਦਾ ਨਹੁੰ-ਮਾਸ ਦਾ ਰਿਸ਼ਤਾ ਹੁੰਦਾ ਹੈ। ਇਸ ਰਿਸ਼ਤੇ ਨੂੰ ਹੀ ਨੇਸਤੋਨਾਬੂਦ ਕੀਤਾ ਜਾ ਰਿਹਾ ਹੈ।

ਰਾਜਨੀਤਕ/ਧਾਰਮਿਕ ਤੌਰ 'ਤੇ ਗੁਰਮੁਖੀ ਲਿਪੀ 'ਤੇ ਅਨੇਕਾਂ ਕਿੰਤੂ-ਪ੍ਰੰਤੂ ਹੁੰਦੇ ਰਹੇ ਹਨ। ਸ਼ਾਹਮੁਖੀ ਤੇ ਦੇਵਨਾਗਰੀ ਲਿਪੀਆਂ ਦੇ ਨਾਮਕਰਨ ਵਾਂਗ ਗੁਰਮੁਖੀ ਲਿਪੀ ਦਾ ਨਾਮਕਰਨ ਨਾ ਹੋਣ ਨਾਲ ਪੰਜਾਬੀ ਭਾਸ਼ਾ ਦੀ ਵਰਤੋਂ ਉਤੇ ਸੌ ਪ੍ਰਸ਼ਨ ਉੱਠਦੇ ਰਹੇ ਹਨ। ਮੁਗ਼ਲ-ਕਾਲ ਵਿਚ ਲੰਮਾ ਸਮਾਂ ਇਹ ਸ਼ਾਹਮੁਖੀ ਦੇ ਰਹਿਮੋ-ਕਰਮ 'ਤੇ ਪਲਦੀ ਰਹੀ ਹੈ। ਆਜ਼ਾਦੀ ਮਗਰੋਂ ਇਸ ਦੀ ਵਰਤੋਂ ਯਕੀਨੀ ਬਣਾਉਣ ਲਈ 1960 ਤੱਕ ਦੇਵਨਾਗਰੀ ਦਾ 'ਫੀਡਰ' ਇਸਦੇ ਮੂੰਹ ਨੂੰ ਲਾਉਣ ਦੀ ਰਾਜਨੀਤੀ ਚਲਦੀ ਰਹੀ। ਸਾਡੇ ਕੁਝ ਕੁਲੀਨ ਸਿੱਖ ਵਿਦਵਾਨਾਂ ਨੇ ਵੀ ਬ੍ਰਿਜ-ਭਾਸ਼ਾ ਵਲ ਰੁਝਾਨ ਇਸੇ ਸੋਚ ਵਿਚੋਂ ਕੀਤਾ ਸੀ। ਅੰਗਰੇਜ਼ੀ-ਪ੍ਰਸਤ ਵਿਦਵਾਨ ਫਿਰ ਰੋਮਨ ਲਿਪੀ ਦੇ ਫੀਡਰ ਦੀ ਵਕਾਲਤ ਕਰਦੇ ਰਹੇ, ਪਰ ਕੁਝ ਰੌਸ਼ਨ ਦਿਮਾਗ 'ਲੋਕ' ਇਨ੍ਹਾਂ ਸਾਰੇ ਵਿਕਲਪਾਂ ਦੇ ਵਿਰੋਧੀ ਰਹੇ ਅਤੇ ਗੁਰਮੁਖੀ ਲਿਪੀ ਨਾਲ ਹੀ ਪੰਜਾਬੀ ਜਿਉਂਦੀ ਰਹਿਣ ਤੇ ਜਵਾਨ ਹੋਣ ਦੇ ਵਿਸ਼ਵਾਸ ਉਤੇ ਅਡੋਲ ਰਹੇ।

1990 ਤੋਂ ਬਾਅਦ ਵਿਸ਼ਵੀਕਰਨ ਦੇ ਦੌਰ ਵਿਚ ਅੰਗਰੇਜ਼ੀ ਨੂੰ ਆਲਮੀ ਮੰਡੀ ਦੀ ਬੋਲੀ ਮੰਨ ਲਿਆ ਗਿਆ। ਇਸ ਦੌਰ ਦੀ ਵਿਕਸਿਤ ਹੋਈ ਸੰਚਾਰ-ਤਕਨਾਲੋਜੀ ਵਿਚ ਰੋਮਨ ਲਿਪੀ ਦੀ ਵਰਤੋਂ ਦੇ ਸੌਖੇ ਢੰਗ ਨੇ ਭਾਰਤੀ ਖਿੱਤਿਆਂ ਦੀਆਂ ਲਿਪੀਆਂ ਨੂੰ ਡਾਢੀ ਮਾਰ ਮਾਰੀ ਹੈ। ਹੁਣ ਸੰਚਾਰ-ਸਾਧਨਾਂ ਦੇ ਉਪਕਰਨ ਹੀ ਅੰਗਰੇਜ਼ੀ ਦੇ ਮਿਸ਼ਨਰੀ-ਪਾਦਰੀਆਂ ਦੀ ਭੂਮਿਕਾ ਨਿਭਾ ਰਹੇ ਹਨ। ਰੋਮਨ ਲਿਪੀ ਅੰਗਰੇਜ਼-ਹਕੂਮਤ ਸਮੇਂ ਪ੍ਰਿੰਟ ਮੀਡੀਆ ਤਕਨਾਲੋਜੀ ਰਾਹੀਂ ਇੰਨੀ ਪ੍ਰਚਲਤ ਪਾਪੂਲਰ ਨਹੀਂ ਹੋ ਸਕੀ, ਜਿੰਨੀ ਬਿਜਲਈ (ਇਲੈਕਟ੍ਰਾਨਿਕ) ਮੀਡੀਆ, ਤਕਨਾਲੋਜੀ ਨੇ ਇਸ ਦੀ ਵਰਤੋਂ ਘਰ-ਘਰ ਪਹੁੰਚਾ ਦਿੱਤੀ ਹੈ। ਕੰਪਿਊਟਰ, ਇੰਟਰਨੈਟ, ਟੀ.ਵੀ. ਚੈਨਲ, ਮੋਬਾਇਲ, ਈ-ਮੇਲ ਆਦਿ ਰਾਹੀਂ ਸੰਚਾਰਿਤ ਪਾਠ ਭਾਵੇਂ ਹਿੰਦੀ, ਪੰਜਾਬੀ ਵਿਚ ਕੀਤੇ ਜਾਂਦੇ ਹਨ, ਪਰ ਲਿਪੀ ਰੋਮਨ ਹੀ ਹੁੰਦੀ ਹੈ। ਸੋ ਗੁਰਮੁਖੀ ਅੱਜ ਲਿਪੀ ਦੇ ਪੱਧਰ 'ਤੇ ਦੇਵਨਾਗਰੀ ਤੋਂ ਨਹੀਂ, ਰੋਮਨ ਤੋਂ ਮਾਰ ਖਾ ਰਹੀ ਹੈ ਕਿਉਂਕਿ ਦੇਵਨਾਗਰੀ ਖੁਦ ਇਸ ਦੀ ਸ਼ਿਕਾਰ ਹੈ।


ਪਿਛਲੇ ਕੁਝ ਸਾਲਾਂ ਤੋਂ ਜਦੋਂ ਮੰਡੀ ਦੀ ਭਾਸ਼ਾ ਅੰਗਰੇਜ਼ੀ ਹੀ ਬਣ ਗਈ ਹੈ, ਤਾਂ ਪੰਜਾਬੀ ਘਰਾਂ ਵਿਚ ਇਸ ਦੀ ਨੰਗੀ-ਚਿੱਟੀ ਘੁਸਪੈਠ ਦਿਸ ਰਹੀ ਹੈ। ਪੰਜਾਬੀ ਕਿਰਦਾਰ ਧਾਰਮਿਕ ਮਜ਼ਬੀ ਤੌਰ 'ਤੇ ਭਾਵੇਂ ਲੱਖ ਪਰਪੱਕ ਹੋਵੇ ਪਰ ਭਾਸ਼ਾ ਤੇ ਸੱਭਿਆਚਾਰ ਪੱਖੋਂ ਬੜਾ ਥਿੜਕਵਾਂ ਤੇ ਤਿਲਕਵਾਂ ਹੈ। ਮੱਧਕਾਲ ਵਿਚ ਗੁਰੂ ਨਾਨਕ ਦੇਵ ਜੀ ਨੂੰ ਇਸੇ ਕਰਕੇ ਕਹਿਣਾ ਪਿਆ ਸੀ, ''ਘਰਿ-ਘਰਿ ਮੀਆਂ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ''। ਅੱਜ ਸਾਡੇ ਰੋਜ਼ਾਨਾ ਜੀਵਨ-ਵਿਹਾਰ ਵਿਚ ਅੰਗਰੇਜ਼ੀ ਦਾ ਬੋਲਬਾਲਾ ਹੈ। ਸਾਡੇ ਸ਼ਹਿਰਾਂ, ਕਸਬਿਆਂ ਦੇ ਬਾਜ਼ਾਰਾਂ ਦੀਆਂ ਦੁਕਾਨਾਂ ਦੇ ਫੱਟੇ ਸੜਕਾਂ ਦੇ ਮੀਲ ਪੱਥਰ ਤੇ ਸੰਕੇਤ ਚਿੰਨ੍ਹ, ਸਕੂਲਾਂ, ਕਾਲਜਾਂ ਤੇ ਹਸਪਤਾਲਾਂ ਦੇ ਨਾਂ ਵਾਲੀਆਂ ਤਖਤੀਆਂ ਸਭ ਰੋਮਨ-ਲਿਪੀ ਨਾਲ ਸ਼ਿੰਗਾਰੀਆਂ ਹੁੰਦੀਆਂ ਹਨ।

ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਪੈਂਤੀ ਅੱਖਰੀ ਤਰਤੀਬ ਵਿਚ ਨਾ ਲਿਖ ਸਕਦੇ ਹਨ ਤੇ ਨਾ ਬੋਲ ਸਕਦੇ ਹਨ। ਲਗਾਂ, ਮਾਤਰਾਂ ਪੱਖੋਂ ਇਹ ਪੀੜ੍ਹੀ ਕੋਰੀ ਹੈ। ਮੋਬਾਇਲ ਦੀ ਸਹੂਲਤ ਨੇ ਪੈਂਤੀ ਅੱਖਰੀ ਨੂੰ ਜਲਾਵਤਨ ਕਰ ਦਿੱਤਾ ਹੈ। ਮੋਬਾਇਲ ਅੰਦਰਲੀ ਭਾਸ਼ਾ ਚੋਣ ਵਿਚ ਪੰਜਾਬੀ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ।

ਇਤਿਹਾਸਕ ਤੌਰ 'ਤੇ ਸਿੱਖ ਲਹਿਰ ਅਤੇ ਗੁਰਮਤਿ ਵਿਚਾਰਧਾਰਾ ਨੇ ਵਿਸ਼ਾਲ ਆਵਾਮ ਵਿਚ ਗੁਰਮੁਖੀ ਅੱਖਰਾਂ 'ਤੇ ਪੰਜਾਬੀ ਭਾਸ਼ਾ ਦੇ ਪਾਸਾਰ ਤੇ ਪ੍ਰਚਾਰ ਲਈ ਵੱਡਾ ਯੋਗਦਾਨ ਪਾਇਆ ਸੀ, ਪਰ ਸਿੱਖ ਕੁਲੀਨ ਵਰਗ ਨੇ ਹੌਲੀ-ਹੌਲੀ ਆਪਣੇ ਆਰਥਿਕ ਪਾੜੇ ਵਾਂਗ ਭਾਸ਼ਾਈ ਪਾੜਾ ਵੀ ਸਿਰਜ ਲਿਆ। ਇਸ ਦੀ ਸ਼ੁਰੂਆਤ ਸ਼ਾਇਦ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖ ਰਾਜ ਕਾਲ ਦੌਰਾਨ ਹੀ ਵੇਖੀ ਜਾ ਸਕਦੀ ਹੈ। ਜਿਉਂ ਹੀ ਇਹ ਕੁਲੀਨ ਵਰਗ ਰਾਜ ਸੱਤਾ ਦਾ ਭਾਗੀ ਬਣਿਆ ਤਾਂ ਇਨ੍ਹਾਂ ਵਿਚ 18ਵੀਂ ਸਦੀ ਤੱਕ ਪਰਪੱਕ ਹੋਈ ਭਾਸ਼ਾਈ ਚੇਤਨਾ ਪੇਤਲੀ ਪੈ ਗਈ। ਨਾ ਮਹਾਰਾਜਾ ਰਣਜੀਤ ਸਿੰਘ ਨੇ ਗੁਰਮੁਖੀ, ਪੰਜਾਬੀ ਦੀ ਪ੍ਰਵਾਹ ਕੀਤੀ ਤੇ ਨਾ ਹੁਣ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਕ ਲੀਡਰਸ਼ਿਪ ਕਰ ਰਹੀ ਹੈ। ਇਹੀ ਕਾਰਨ ਹੈ ਕਿ ਕਈ ਸਿੱਖ ਸੰਸਥਾਵਾਂ ਵਿਚ 'ਮਹਾਰਾਜਾ ਰਣਜੀਤ ਸਿੰਘ ਭਵਨ' ਵੀ ਵਚ ਲਿਖਿਆ ਹੁੰਦਾ ਹੈ। ਸਾਡੇ ਕੁਲੀਨ ਸਿੱਖ ਪਰਿਵਾਰਾਂ ਦੀ ਸਿੱਖੀ ਦੇ ਚਿੰਨ੍ਹਾਂ ਤੋਂ ਬਗੈਰ ਸਾਰੀ ਜੀਵਨ-ਜਾਚ ਅੰਗਰੇਜ਼ਪ੍ਰਸਤ ਹੈ। ਹੋਰ ਤਾਂ ਹੋਰ ਪੰਜਾਬੀ ਮੱਧ-ਸ਼੍ਰੇਣੀ ਵੀ ਇਸ ਧੂੜ ਵਿਚ ਆਪਣਾ 'ਗੋਰਾ ਟੱਟੂ' ਹੀ ਭਜਾ ਰਹੀ ਹੈ। ਇਸ ਸ਼੍ਰੇਣੀ ਦਾ ਸਿੱਖ ਪਰਿਵਾਰ ਵਿਆਹ-ਸ਼ਾਦੀ ਅਤੇ ਜਨਮ-ਭੋਗ ਦੇ ਕਾਰਡ ਵੀ ਅੰਗਰੇਜ਼ੀ ਵਿਚ ਛਪਵਾਉਂਦਾ ਹੈ।

ਸਿਰਫ਼ ਉੱਤੇ ੴ ਦਾ ਗੁਰਮਤਿ-ਚਿੰਨ੍ਹ ਜਾਂ ਗੁਰਬਾਣੀ ਦੀ ਕੋਈ ਸੰਬੰਧਤ ਤੁਕ ਹੀ ਹੁੰਦੀ ਹੈ, ਬਾਕੀ ਦਾ ਕਾਰਡ ਅੰਗਰੇਜ਼ੀ ਵਿਚ ਹੀ ਹੁੰਦਾ ਹੈ। ਇਹ 'ਟੋਡੀ ਜਮਾਤ' ਪੰਜਾਬੀ ਸੱਭਿਆਚਾਰ ਦੇ ਟਕਸਾਲੀ ਨਾਤਾਦਾਰੀ ਸ਼ਬਦ ਵੀ ਰੋਮਨ ਵਿਚ ਲਿਖ ਕੇ ਆਪਣੀ ਜ਼ਿਹਨੀ ਗੁਲਾਮੀ ਦਾ ਚੰਗਾ ਮੁਜ਼ਾਹਰਾ ਕਰਦੀ ਹੈ। ਦਾਦਕੇ-ਨਾਨਕੇ ਰੋਮਨ ਵਿਚ ਲਿਖੇ ਹੁੰਦੇ ਹਨ ਅਤੇ ਬੱਚੇ ਦੀ ਤੋਤਲੀ ਜ਼ੁਬਾਨ ਵੀ ਰੋਮਨ ਅੱਖਰਾਂ ਵਿਚ ਅੰਕਿਤ ਹੁੰਦੀ ਹੈ। ਇਨ੍ਹਾਂ ਲੋਕਾਂ ਨੂੰ ਸੱਚੇ ਪਾਤਸ਼ਾਹ ਪਤਾ ਨਹੀਂ ਕਦੋਂ ਸੁਮੱਤ ਬਖਸ਼ੇਗਾ ਕਿ ਬਾਲਗ ਹੋ ਚੁੱਕੀ ਪੰਜਾਬੀ ਭਾਸ਼ਾ ਨੂੰ ਅਰਬੀ, ਬਨਾਰਸੀ 'ਫੀਡਰਾਂ' ਦੀ ਤਰ੍ਹਾਂ ਹੁਣ ਲੰਡਨ ਦੇ ਬਣੇ 'ਫੀਡਰਾਂ' ਦੀ ਲੋੜ ਨਹੀਂ ਹੈ। ਸਿੱਧੇ ਮਾਂ ਦੇ ਦੁੱਧ ਦੀ ਆਪਣੀ ਮਹੱਤਤਾ ਤੇ ਸ਼ਕਤੀ ਹੁੰਦੀ ਹੈ।

## ਸਿਮਰਤੀ ਦੇ ਦਾਇਰੇ 'ਚੋਂ




ਮਾਤਾ ਬਚਨ ਕੌਰ 1970 ਵਿਚ ਅਤੇ 2001 ਵਿਚ।



ਦਰਸ਼ਨ ਸਿੰਘ ਖਟਕੜ

ਮੈਂ ਜਿਸ ਰਾਤ ਆਪਣਾ ਘਰ ਛੱਡਿਆ ਸੀ, ਉਹ ਸ਼ੂਰੂ ਸਤੰਬਰ 1969 ਦੀ ਹੁੰਮਸ ਭਰੀ ਰਾਤ ਸੀ। ਬਾਹਰ ਪੱਤਾ ਨਹੀਂ ਸੀ ਹਿੱਲਦਾ ਪਰ ਚੰਦ ਦੀ ਚਾਨਣੀ ਹਾਜ਼ਰ ਸੀ। ਮੈਂ ਕੰਧ ਨਾਲ ਖੜੇ ਸਾਈਕਲ ਨੂੰ ਬਾਹਰ ਵਲ ਮੋੜਦੇ ਹੋਏ ਆਪਣੀ ਮਾਂ ਨੂੰ ਇੰਨਾ ਕੁ ਹੀ ਕਿਹਾ ਕਿ ਜੇ ਕੋਈ ਪੁੱਛਣ ਆਵੇ ਤਾਂ ਕਹਿ ਦਿਓ ਕਿ ਸਾਨੂੰ ਦੱਸ ਕੇ ਨਹੀਂ ਗਿਆ। ਉਸ ਵੇਲੇ ਮੇਰੇ ਨਾਲ ਮੇਰਾ ਵਿਦਿਆਰਥੀ ਸਾਥੀ ਵੀ ਸੀ। ਇੰਨਾ ਕਹਿ ਕੇ ਅਸੀਂ ਦਰੋਂ ਬਾਹਰ ਹੋ ਗਏ। ਮੇਰਾ ਰਾਤ-ਬਰਾਤੇ ਬਾਹਰ ਜਾਣਾ ਤਾਂ ਪਿਛਲੇ 6 ਕੁ ਮਹੀਨਿਆਂ ਤੋਂ ਸ਼ੁਰੂ ਸੀ, ਪਰ ਮੈਂ ਜਾਣ ਵੇਲੇ ਕਦੇ ਇਸ ਤਰ੍ਹਾਂ ਆਖ ਕੇ ਨਹੀਂ ਸੀ ਗਿਆ। ਪਹਿਲਾਂ ਜਾਂਦਾ ਸਾਂ ਤਾਂ ਆਪਣੇ ਸਵੇਰੇ, ਕੱਲ ਜਾਂ ਪਰਸੋਂ ਮੁੜਨ ਬਾਰੇ ਜ਼ਰੂਰ ਦੱਸ ਜਾਂਦਾ ਸਾਂ, ਪਰ ਅੱਜ ਅਪਣੇ ਮੁੜਨ ਬਾਰੇ ਮੈਂ ਕੁਝ ਨਹੀਂ ਸੀ ਕਿਹਾ। ਸੱਚ ਵੀ ਇਹ ਹੀ ਸੀ। ਮੁੜਨ ਦਾ ਯਕੀਨ ਹੀ ਕਿਸਨੂੰ ਸੀ? ਪਰ ਇਸਦੇ ਬਾਵਜੂਦ ਮੈਨੂੰ ਆਪਣੀ ਮਾਂ ਦੇ ਚਿਹਰੇ ਤੇ ਆਵਾਜ਼ ਵਿਚ ਕੋਈ ਖਾਸ ਭਾਵ ਨਹੀਂ ਮਹਿਸੂਸ ਹੋਏ। ਨਾ ਉਸਦਾ ਗਲੇਡੂ ਭਰਿਆ, ਨਾ ਉਸ ਦੁਪੱਟੇ ਨਾਲ ਅੱਖਾਂ ਪੂੰਝੀਆਂ, ਨਾ ਹੀ ਉਸ ਦੀ ਆਵਾਜ਼ ਕੰਬੀ ਅਤੇ ਨਾ ਹੀ ਉਸ ਨੇ ਅਸੀਸਾਂ ਦਿੱਤੀਆਂ।

ਪਿਛਲੇ 6 ਕੁ ਮਹੀਨਿਆਂ ਵਿਚ ਮੈਂ ਬੀਬੀ ਨਾਲ ਆਪਣੇ ਭਵਿੱਖ ਬਾਰੇ ਗੱਲ ਨਹੀਂ ਸੀ ਖੋਲ੍ਹੀ। ਉਂਜ ਉਸਨੂੰ ਮੇਰੀ ਉਸ ਪੀੜ, ਦੁੱਖ, ਨਿਰਾਸ਼ਾ, ਰੋਸ ਤੇ ਤਲਖੀ ਦਾ ਪਤਾ ਸੀ ਜਿਹੜੀ ਮੈਂ ਉਸ ਦਿਨ ਤੋਂ ਭੋਗ ਰਿਹਾ ਸਾਂ ਜਿਸ ਦਿਨ ਤੋਂ ਮੇਰੀ ਡਾਕਟਰ ਬਣਨ ਦੀ ਆਸ ਚੂਰ-ਚੂਰ ਹੋ ਗਈ ਸੀ, ਉਹ ਵੀ ਮੇਰੇ ਕਿਸੇ ਕਸੂਰ ਤੋਂ ਬਿਨਾਂ। ਘਰ ਦੀ ਗੁਰਬਤ, ਮਜਬੂਰੀ ਤੇ ਤੰਗੀ ਹੀ ਇਸਦੇ ਵੱਡਾ ਕਾਰਨ ਸਨ। ਜਿਨ੍ਹਾਂ ਨੇ ਮੇਰਾ ਹੱਕ ਖੋਹ ਲਿਆ ਸੀ, ਉਨ੍ਹਾਂ ਨੂੰ ਮੈਂ ਚੈਨ ਦੀ ਨੀਂਦੇ ਨਹੀਂ ਸੌਣ ਦੇਣਾ ਚਾਹੁੰਦਾ ਸੀ। ਫੇਰ ਵੀ ਸ਼ਾਇਦ ਬੀਬੀ ਨੂੰ ਉਸਦਾ ਕੋਈ ਕਿਆਸ ਨਹੀਂ ਸੀ ਹੋਣ ਵਾਲਾ। ਪਰ ਉਸ ਦੇ ਸਾਹਮਣੇ ਬੀਤੇ ਇਕ ਸਾਲ ਦਾ ਚਿੱਠਾ ਜ਼ਰੂਰ ਸੀ, ਜਿਸ ਦੌਰਾਨ ਕਾਲਜ ਵਿਚ ਹੜਤਾਲਾਂ ਅਤੇ ਪੁਲਿਸ ਨਾਲ ਟੱਕਰਾਂ ਹੋਈਆਂ ਸਨ, ਮੇਰੇ, ਇਕਬਾਲ ਸਿੰਘ ਖਟਕੜ (ਮੰਗੂਵਾਲ) ਤੇ ਇਕਬਾਲ ਖਾਨ (ਖਾਨਖਾਨਾ) ਦੇ ਵਰੰਟ ਨਿਕਲੇ। ਅਸੀਂ ਗੁਪਤਵਾਸ ਹੋ ਗਏ, ਘਰਾਂ 'ਤੇ ਪੁਲਿਸ ਦੇ ਛਾਪੇ ਪਏ, ਇਕ-ਇਕ ਕਰਕੇ ਸਾਡੀਆਂ ਗ੍ਰਿਫਤਾਰੀਆਂ ਹੋਈਆਂ, ਸਾਡੇ ਉਪਰ ਪੁਲਿਸ ਦੇ ਕੁਟਾਪੇ ਦੀਆਂ ਖਬਰਾਂ ਦੀ ਭਰਮਾਰ ਸੀ। ਪਰ ਫੇਰ ਵੀ ਪਤਾ ਨਹੀਂ ਬੀਬੀ ਨੂੰ ਕਿਉਂ ਇਹ ਯਕੀਨ ਸੀ ਕਿ ਕੁਝ ਹੋਰ ਨਹੀਂ ਹੋਣਾ! ਸ਼ਾਇਦ ਇਸੇ ਕਰਕੇ ਹੀ, ਉਸਨੂੰ ਪਹਿਲਾਂ ਨਾਲੋਂ ਵੱਧ ਕਰੜੇ ਹਾਲਾਤ ਦਾ ਕੋਈ ਅਨੁਮਾਨ ਨਹੀਂ ਸੀ। ਉਂਜ ਇਸਦਾ ਵੱਡਾ ਕਾਰਨ ਇਕ ਹੋਰ ਸੀ, ਜਿਸਦਾ ਜ਼ਿਕਰ ਮੈਂ ਅੱਗੇ ਜਾ ਕੇ ਕਰੂੰਗਾ।

ਦੂਸਰੀ ਗੱਲ ਇਹ ਕਿ ਮੈਂ ਕਾਫੀ ਕੁਝ ਹਾਲਾਤ 'ਤੇ ਵੀ ਛੱਡ ਦਿੱਤਾ ਸੀ। 'ਜੋ ਹੋਣਾ ਹੈ, ਉਸਦਾ ਪਤਾ ਲੱਗ ਹੀ ਜਾਣੈ, ਜੋ ਹੰਢਾਉਣੈ, ਉਹ ਵੀ ਹੰਢਾਉਣਾ ਪੈਣੈ ਇਹ ਕੀਮਤ ਹੈ, ਜਿਹੜੀ ਤਾਰਨੀ ਹੀ ਪੈਣੀ, ਐ।' ਇਹ ਸੋਚ ਕੇ ਹੀ ਮੈਂ ਘਰੋਂ ਬਾਹਰ ਨਿਕਲ ਤੁਰਿਆ ਸਾਂ।

ਉਸ ਰਾਤ ਤੋਂ ਬਾਅਦ ਮੈਂ ਚਾਰ ਕੁ ਸਾਲ ਤੋਂ ਵੱਧ ਸਮੇਂ ਮਗਰੋਂ ਘਰ ਮੁੜਿਆ ਸਾਂ। ਕਰੀਬ 15 ਮਹੀਨੇ ਮੈਂ ਗੁਪਤਵਾਸ ਰਿਹਾ ਅਤੇ ਕਰੀਬ 3 ਸਾਲ ਹਵਾਲਾਤੀ ਬਣਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ। ਦਸੰਬਰ 1973 ਵਿਚ ਮੇਰੀ ਜ਼ਮਾਨਤ ਹੋ ਗਈ ਸੀ। ਇਸ ਚਾਰ ਕੁ ਸਾਲ ਦੇ ਅਰਸੇ ਵਿਚ ਕਾਫੀ ਕੁਝ ਵਾਪਰਿਆ ਸੀ ਘਰਦਿਆਂ ਨਾਲ। ਉਨ੍ਹਾਂ ਸਾਰੀਆਂ ਘਟਨਾਵਾਂ ਦੇ ਵੇਰਵੇ ਵੱਖ-ਵੱਖ ਲੋਕਾਂ ਦੀਆਂ ਯਾਦਾਂ ਵਿਚ ਸਮੋਏ ਪਏ ਸਨ ਅਤੇ ਪਏ ਹਨ। ਪਰ ਮੈਨੂੰ ਜਾਪਦਾ ਕਿ ਉਨ੍ਹਾਂ ਘਟਨਾਵਾਂ 'ਚੋਂ ਅਨੇਕਾਂ ਹੀ ਘਟਨਾਵਾਂ ਦੇ ਸੰਤੁਲਤ ਵੇਰਵੇ ਮੇਰੀ ਬੀਬੀ ਦੀ ਯਾਦ ਵਿਚ ਸਾਂਭੇ ਪਏ ਹਨ। ਸੰਤੁਲਤ ਵਰਨਣ ਦਾ ਪਹਿਲੂ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਇਹ ਅਜਿਹੀ ਔਰਤ ਕੋਲੋਂ ਸੁਣਨ ਨੂੰ ਮਿਲਦਾ ਹੈ, ਜਿਹੜੀ ਸੁਭਾਵਕ ਹੀ ਨਾ ਕਿਸੇ ਗੱਲ ਦਾ ਵਧੇਤ ਕਰਦੀ ਹੈ ਅਤੇ ਨਾ ਕਿਸੇ ਗੱਲ ਨੂੰ ਛੁਟਿਆਉਂਦੀ ਹੈ। ਉਹ ਕਿਸੇ ਬਾਰੇ ਕੋਈ ਗਿਲਾ ਵੀ ਨਹੀਂ ਕਰਦੀ, ਸਗੋਂ ਸਭ ਦੇ ਸਹਿਯੋਗ ਦੀ ਕਦਰ ਪਾਉਂਦੀ ਜਾਂਦੀ ਹੈ। ਮੈਨੂੰ ਇਸ ਗੱਲ ਦੀ ਬਹੁਤ ਸੰਤੁਸ਼ਟੀ ਹੁੰਦੀ ਹੈ ਜਦੋਂ ਉਹ ਦੱਸਦੀ ਹੈ 'ਉਨ੍ਹਾਂ' (ਸ਼ਹੀਦ ਇਕਬਾਲ ਸਿੰਘ, ਸ਼ਹੀਦ ਰਾਮ ਕਿਸ਼ਨ, ਸ਼ਹੀਦ ਸੋਹਣ ਲਾਲ) ਦੇ ਘਰਦਿਆਂ ਨਾਲ ਪੁਲਿਸ ਨੇ ਵੀ, ਮਾਸਟਰ ਨੇ ਵੀ ਬਹੁਤ ਬੁਰੀ ਕੀਤੀ। ਪਰ ਸਾਡੇ ਘਰ 'ਤੇ ਉਦਾਂ ਨਹੀਂ ਚੜ੍ਹ ਕੇ ਆਏ।' ਸ਼ਹੀਦ ਸਾਥੀਆਂ ਦੇ ਪਰਿਵਾਰਾਂ ਨਾਲ ਹੋਈ-ਬੀਤੀ ਦਾ ਵੇਰਵਾ ਕਈ ਥਾਈਂ ਛਪ ਵੀ ਚੁੱਕਾ ਹੈ। ਮਿਸਾਲ ਵਜੋਂ, ਮਾਸਟਰ ਦੇਵ ਦੀ ਸ਼ਹਿ 'ਤੇ ਪਈ ਪੁਲਿਸ ਚੌਕੀ ਵਾਲੇ, ਸੋਹਣ ਦੇ ਵੱਡੇ ਭਰਾ ਬੀਰੂ ਰਾਮ ਤੇ ਭਰਜਾਈ ਗੁਰਮੀਤੋ ਨੂੰ, ਬਾਪ ਲਛਮਣ ਦਾਸ ਤੇ ਮਾਂ ਪੂਰੋ ਨੂੰ, ਰਾਮ ਕਿਸ਼ਨ ਦੇ ਬਾਪ ਧਰਮੇ ਨੂੰ ਤੇ ਇਕਬਾਲ ਦੇ ਬਾਪ ਤੇ ਚਾਚੇ ਨੂੰ ਚੌਕੀ ਲੈ ਜਾਇਆ ਕਰਦੇ ਸਨ, ਗਾਲ੍ਹਾਂ ਕੱਢਦੇ, ਦਾਹੜੀਆਂ ਪੁੱਟਦੇ ਤੇ ਕੁੱਟਮਾਰ ਕਰਿਆ ਕਰਦੇ ਸਨ। ਦੇਵ ਆਪ ਪੁਲਿਸ ਦੀ ਵਰਦੀ ਪਾ ਕੇ ਉਨ੍ਹਾਂ ਕਾਮਰੇਡਾਂ ਦੇ ਘਰਾਂ 'ਚ ਜਾ ਧਮਕਦਾ ਸੀ। ਬੀਬੀ ਦੱਸਦੀ ਹੈ ਕਿ ਤੇਰਾ ਭਾਈਆ ਦੱਸਦਾ ਸੀ ਕਿ ਉਹ ਰਾਤ ਨੂੰ ਕਈ ਵਾਰ ਝੰਮੇ ਮਿਸਤਰੀ ਦੇ ਘਰ ਦੀ ਕੰਧ ਕੋਲ ਜਾ ਖੜਦਾ ਸੀ। ਕਹਿੰਦਾ ਸੀ ਪਈ ਜੇ ਮਾਸਟਰ ਸਾਡੇ ਘਰ ਆਇਆ ਤਾਂ ਮੈਂ ਉਸਨੂੰ ਮਾਰ ਕੇ ਮਰ ਜਾਣੈ। ਹੁਣ ਤੋਂ ਕੁਝ ਮਹੀਨੇ ਪਹਿਲਾਂ ਹੀ ਮਾਤਾ ਨੇ ਬਾਪ ਦੀ ਇਸ ਦਲੇਰੀ ਬਾਰੇ ਮੈਨੂੰ ਦੱਸਿਆ ਹੈ।

ਇਨ੍ਹਾਂ ਘਟਨਾਵਾਂ ਦੀ ਤਰਤੀਬ ਲੱਭਣੀ ਤਾਂ ਔਖੀ ਹੈ ਪਰ ਕਿਤੇ-ਕਿਤੇ ਘਟਨਾਵਾਂ ਤੇ ਉਨ੍ਹਾਂ ਦਾ ਪਿਛੋਕੜ ਜੁੜ ਜਾਂਦਾ ਹੈ। ਜਿਸ ਰਾਤ ਮੈਂ ਘਰੋਂ ਚਲਾ ਗਿਆ ਸਾਂ, ਉਸੇ ਰਾਤ ਮੁਸਾਪੁਰੀਏ ਮੁਖਬਰ ਮਿਲਖੀ ਦਾ ਕਤਲ ਹੋ ਗਿਆ ਸੀ। ਕਈ ਦਿਨਾਂ ਤੱਕ ਇਹ ਕੇਸ 'ਅੰਨ੍ਹਾ ਕਤਲ' ਬਣਿਆ ਰਿਹਾ। ਪੁਲਿਸ ਤਰ੍ਹਾਂ-ਤਰ੍ਹਾਂ ਦੀਆਂ 'ਥਿਊਰੀਆਂ' 'ਤੇ ਕੰਮ ਕਰਦੀ ਰਹੀ, ਸ਼ੱਕ ਵਿਚ ਬੰਦੇ ਫੜਦੀ ਰਹੀ, ਕਮਾਈ ਕਰਕੇ ਛੱਡਦੀ ਰਹੀ। ਗੱਲ ਉਦੋਂ ਸਾਫ਼ ਹੋਈ ਜਦ ਪਾਰਟੀ ਦੀ ਜ਼ਿਲਾ ਕਮੇਟੀ ਨੇ ਇੱਕ ਹੱਥ-ਲਿਖਤ ਇਸ਼ਤਿਹਾਰ ਕੰਧਾਂ 'ਤੇ ਲਾ ਦਿੱਤਾ ਤੇ ਇਸ ਐਕਸ਼ਨ ਦੀ ਜ਼ਿੰਮੇਵਾਰੀ ਲੈ ਲਈ। ਇਸ ਮਗਰੋਂ ਛੇਤੀ ਹੀ ਸਾਡੇ ਘਰ ਛਾਪਾ ਪਿਆ ਸੀ। ਬੀਬੀ ਦੱਸਦੀ ਹੈ ਕਿ 'ਥਾਣੇਦਾਰ ਬੜਾ ਕੱਬਾ ਸੀ। ਪੁੱਛਣ ਲੱਗਾ ਕਿ ਮੁੰਡੇ ਦਾ ਪਿਉ ਕਿੱਥੇ ਆ।' ਮੈਂ ਕਿਹਾ 'ਜੀ ਉਹ ਤਾਂ ਕਰਨਾਣੇ (ਗੁਆਂਢੀ ਪਿੰਡ) ਕਿਸੇ ਦਾ ਬਿਮਾਰ ਊਠ (ਬੋਤਾ) ਦੇਖਣ ਗਿਆ ਹੋਇਆ।' ਥਾਣੇਦਾਰ ਭੜਕ ਕੇ ਬੋਲਿਆ, 'ਪਿਉ ਬਿਮਾਰ ਬੋਤਿਆਂ ਦਾ ਇਲਾਜ ਕਰਦਾ ਫਿਰਦਾ ਤੇ ਪੁੱਤ ਲੋਕਾਂ ਦੇ ਕਤਲ ਕਰਦਾ ਫਿਰਦਾ।' ਪੁਲਿਸ ਨੇ ਸਾਡੇ ਛੋਟੇ ਜਿਹੇ ਕੱਚੇ ਘਰ ਦਾ ਕੋਨਾ-ਕੋਨਾ ਛਾਣ ਮਾਰਿਆ। ਆਖਰ ਉਹ ਇਹ ਚੇਤਾਵਨੀ ਦੇ ਕੇ ਚਲੇ ਗਏ ਕਿ 'ਛੇਤੀ ਤੋਂ ਛੇਤੀ ਮੁੰਡੇ ਨੂੰ ਪੇਸ਼ ਕਰਾਉ, ਨਹੀਂ ਤਾਂ ਸਾਥੋਂ ਬੁਰਾ ਕੋਈ ਨਈਂ।'

ਮੇਰੀਆਂ ਭੈਣਾਂ ਦੇ ਵਿਆਹਾਂ (ਮਾਰਚ 1970) ਤੋਂ ਪਹਿਲਾਂ, ਸਾਡੇ ਘਰ ਵਿਚ ਬੀਬੀ, ਮੇਰੀਆਂ ਦੋਵੇਂ ਛੋਟੀਆਂ ਭੈਣਾਂ (ਜਗੀਰੋ ਤੇ ਦਾਲੋ), ਛੋਟਾ ਭਰਾ ਗੋਗੀ ਹੀ ਘਰ ਹੁੰਦੇ ਸਨ। ਤਾਇਆ ਜੀ ਬਖਸ਼ੀਸ਼ ਸਿੰਘ, ਤਾਇਆ ਜੀ ਦੇ ਦੋਵੇਂ ਬੇਟੇ ਜਸਵੰਤ ਖਟਕੜ ਉਰਫ ਘੋਲੀ, ਜਸਵਿੰਦਰ ਉਰਫ ਗਾਗਾ, ਮੇਰਾ ਛੋਟਾ ਭਰਾ ਜੋਗਾ, ਮੇਰਾ ਬਾਪ ਚੰਨਣ ਸਿੰਘ ਇਹ ਸਾਰੇ ਬਾਹਰ ਖੂਹ 'ਤੇ ਸੌਂਦੇ ਸਨ। ਇਸ ਕਰਕੇ ਜਿੰਨੀ ਵਾਰ ਪੁਲਿਸ ਦਾ ਛਾਪਾ ਪੈਂਦਾ ਉਹ ਅਕਸਰ ਘਰ ਹੀ ਪੈਂਦਾ ਤੇ ਬੀਬੀ ਨੂੰ ਹੀ ਉਸਦਾ ਸਾਹਮਣਾ ਕਰਨਾ ਪੈਂਦਾ। ਕੁੜੀਆਂ ਡਰਦੀਆਂ ਤੇ ਸਹਿਮੀਆਂ ਹੋਈਆਂ ਇੱਕ ਨੁੱਕਰੇ ਲੱਗ ਜਾਂਦੀਆਂ, ਗੋਗੀ ਵੀ ਸਹਿਮ ਜਾਂਦਾ। ਪੁਲਿਸ ਨਾਲ ਹੁੰਦੇ ਸਵਾਲਾਂ-ਜਵਾਬਾਂ ਤੋਂ ਸਾਡੇ ਸਾਹਮਣੇ ਗੁਆਂਢੀ ਘਰ ਦੀ ਨੂੰਹ ਬੀਬੀ ਦਰਸ਼ਨੋ ਤੇ ਉਸ ਦੀਆਂ ਦੋਵੇਂ ਛੋਟੀਆਂ ਨਣਾਨਾਂ ਤਾਂ ਹੱਕੀਆਂ-ਬੱਕੀਆਂ ਰਹਿ ਜਾਂਦੀਆਂ। ਅੰਦਰੋਂ ਕੁੰਡਾ ਮਾਰ ਕੇ ਚੁੱਪ ਹੋ ਜਾਂਦੀਆਂ। ਉਹ ਅਕਸਰ ਬੀਬੀ ਨੂੰ ਕਹਿੰਦੀਆਂ, 'ਏ ਚਾਚੀ, ਤੂੰ ਕਿੱਦਾਂ ਉਨ੍ਹਾਂ ਨਾਲ ਗੱਲਾਂ ਕਰ ਲੈਂਦੀ ਆਂ, ਸਾਡੀ ਤਾਂ ਜਾਨ ਨਿਕਲ ਜਾਂਦੀ ਆ।' ਉਨ੍ਹਾਂ ਕੁੜੀਆਂ ਦੀ ਮਾਂ ਮਰ ਚੁੱਕੀ ਸੀ ਤੇ ਉਹ ਚਾਚੀ ਲਗਦੀ ਸਾਡੀ ਬੀਬੀ ਨੂੰ ਮਾਂ ਵਾਂਗ ਸਮਝਦੀਆਂ ਸਨ। ਬੀਬੀ ਕਹਿੰਦੀ, 'ਪੁੱਤ ਡਰਨਾ ਕਾਹਤੋਂ ਆ। ਆਖਰ ਬੰਦਿਆਂ ਅਰਗੇ ਬੰਦੇ ਈ ਆ, ਉਹ ਵੀ। ਮੈਂ ਕਹਿ ਦਿੰਦੀ ਆਂ ਪਈ ਤੁਸੀਂ ਵੀ ਸਾਡੇ ਮੁੰਡਿਆਂ ਅਰਗੇ ਹੋ। ਤਲਾਸ਼ੀ ਲੈਣੀ ਤਾਂ ਲੈ ਲਉ, ਅਸੀਂ ਮੁੰਡਾ ਕਿਤੇ ਲੁਕੋਇਆ ਤਾਂ ਨਹੀਂ।'

ਪਿੰਡ ਵਿਚ ਮਾਸਟਰ ਦੇਵ ਦੇ ਘਰ ਪੁਲਿਸ ਚੌਕੀ ਪੈਣ ਦੇ ਮਗਰੋਂ ਇਕ ਹੋਰ ਅੜਬ ਤੇ ਕੱਬਾ ਥਾਣੇਦਾਰ ਚੌਕੀ ਦਾ ਇੰਚਾਰਜ ਆ ਲੱਗਾ। ਬਕੌਲ ਬੀਬੀ ਉਹ ਘਰ ਆ ਕੇ ਕਹਿੰਦਾ ਕਿ 'ਮੁੰਡੇ ਨੂੰ ਛੇਤੀ ਤੋਂ ਛੇਤੀ ਪੇਸ਼ ਕਰੋ ਨਹੀਂ ਤਾਂ ਸਭ ਮਾਲ-ਡੰਗਰ, ਕਾਂਜੀ ਹੋਲ ਵਾੜ ਦਿਆਂਗੇ। ਮੈਂ ਤੁਹਾਡਾ ਬਾਈਕਾਟ ਕਰੌਣਾ, ਕੋਈ ਬੁੜ੍ਹੀ ਸਾਰਖੀ ਵੀ ਤੁਹਾਡੇ ਘਰ ਨਹੀਂ ਔਣ ਦੇਣੀ।'

ਪੁਲਿਸ ਦੇ ਛਾਪਿਆਂ ਤੇ ਡਰਾਵਿਆਂ ਦੇ ਬਾਵਜੂਦ ਸਾਡੇ ਘਰ ਦਾ ਬਾਈਕਾਟ ਨਾ ਹੋਇਆ। ਉਧਰ ਇਸ ਗੱਲ ਦੀ ਭਿਣਕ ਮਾਈ ਧੰਨ ਕੌਰ ਨੂੰ ਪੈ ਗਈ। ਮਾਈ ਧੰਨ ਕੌਰ ਦਾ ਘਰ ਉਦੋਂ ਪਿੰਡ ਵਿਚ ਸੀ ਅਤੇ ਹਵੇਲੀ ਸਾਡੇ ਘਰ ਦੇ ਨੇੜੇ। ਘਰੋਂ ਹਵੇਲੀ ਨੂੰ ਆਉਣ ਵੇਲੇ ਉਹ ਪਿੰਡ ਦੇ ਵੱਡੇ ਦਰਵਾਜ਼ੇ ਵਿਚੋਂ ਲੰਘ ਕੇ ਆਉਂਦੀ ਸੀ। ਦਰਵਾਜ਼ੇ ਤੋਂ ਪੰਜਾਹ ਗਜ਼ ਦੇ ਫਾਸਲੇ 'ਤੇ ਚੜ੍ਹਦੇ ਪਾਸੇ ਜਾਂਦੀ ਇਕ ਭੀੜੀ ਗਲੀ ਦੇ ਸਿਰੇ 'ਤੇ ਜਾ ਕੇ ਦੇਵ ਦੇ ਘਰ ਵਿਚ ਪੁਲਿਸ ਦੀ ਚੌਕੀ ਸੀ। ਦਰਵਾਜ਼ੇ ਵਿਚ ਹੁਣ ਦਰਵਾਜ਼ਾ ਤਾਂ ਨਹੀਂ ਸੀ ਪਰ ਤਿੰਨ ਛੋਟੇ-ਵੱਡੇ ਪੱਕੇ ਚੌਂਤਰੇ ਬਣੇ ਹੋਏ ਸਨ ਜਿਨ੍ਹਾਂ 'ਚੋਂ ਚੜ੍ਹਦੇ ਵਾਲੇ ਚੌਂਤਰੇ 'ਤੇ ਵੱਡਾ ਪਿੱਪਲ ਸੀ ਜੋ ਹੁਣ ਵੀ ਮੌਜੂਦ ਹੈ। ਘਰੋਂ-ਬਾਹਰੋਂ ਆਉਂਦੇ-ਜਾਂਦੇ ਮਰਦ ਇੱਥੇ ਬਹਿ ਕੇ ਗੱਲਾਂ-ਬਾਤਾਂ ਕਰਦੇ, ਬੱਚੇ ਖੇਡਦੇ ਤੇ ਲੰਘਦੀਆਂ ਔਰਤਾਂ ਇਕ ਦੂਜੀ ਨਾਲ ਗੱਲੀਂ ਵੀ ਪੈ ਜਾਂਦੀਆਂ। ਮਾਈ ਧੰਨ ਕੌਰ ਨੂੰ ਚਾਚੀ ਕਿਸ਼ਨੀ ਇੱਥੇ ਮਿਲ ਪਈ। ਉਸਨੇ ਬੇਬੇ ਧੰਨ ਕੌਰ ਨੂੰ ਇਹ ਖਬਰ ਦੱਸੀ। ਮਾਈ ਗੱਜ ਕੇ ਕਹਿਣ ਲੱਗੀ, 'ਨਾ ਮੈਂ ਦੇਖਦੀ ਆਂ ਕੇੜ੍ਹਾ ਜਲ੍ਹ ਜਾਣਾ ਉਨ੍ਹਾਂ ਦੇ ਘਰ ਜਾਣੋਂ ਰੋਕਦਾ ਆ। ਮੈਂ ਜਾਂਦੀ ਆਂ ਸਭ ਤੋਂ ਪਹਿਲਾਂ, ਜਿਸ ਦਾਦਣੇ ਨੇ ਰੋਕਣਾ ਮੈਨੂੰ ਰੋਕੇ।' ਮਾਈ ਧੰਨ ਕੌਰ ਹਵੇਲੀ ਜਾਣ ਦੀ ਥਾਂ ਸਿੱਧੀ ਸਾਡੇ ਘਰ ਬੀਬੀ ਕੋਲ ਹੀ ਗਈ ਤੇ ਕਹਿਣ ਲੱਗੀ, 'ਕੁੜੇ ਬਚਨ ਕੁਰੇ, ਕਿਸੇ ਤੋਂ ਨਾ ਡਰੀਂ। ਉਹ ਸਿੱਖ (ਮਾਸਟਰ ਦੇਵ) ਨੂੰ ਤਾਂ ਮੈਂ ਟੱਕਰੂੰਗੀ ਕਿਤੇ। ਕਰ ਲਵੇ ਜੇੜ੍ਹੀ ਵਾੜ ਕਰਨੀ ਆ ਉਹਨੇ।' ਮਾਈ ਧੰਨ ਕੌਰ ਦੀ ਗੜ੍ਹਕ ਨੇ ਕੱਬੇ ਥਾਣੇਦਾਰ ਦੀ ਘੁਰਕੀ ਮਿੱਟੀ 'ਚ ਰੋਲ ਦਿੱਤੀ ਸੀ।

ਮਾਰਚ 1970 ਵਿਚ ਸਾਡੀਆਂ ਦੋਹਾਂ ਭੈਣਾਂ ਦਾ ਵਿਆਹ ਸੀ। ਬੀਬੀ ਕਹਿੰਦੀ ਹੈ ਕਿ ਜਿਹੜੇ ਬੰਦੇ ਬਾਹਰੋਂ ਆਏ ਉਨ੍ਹਾਂ ਨੇ ਕਿਸੇ ਚੀਜ਼ ਦੀ ਕਮੀ ਨਹੀਂ ਔਣ ਦਿੱਤੀ। ਸਾਰੇ ਲੋਕ ਹੈਰਾਨ ਰਹਿ ਗਏ ਕਿ ਐਨੇ ਬੰਦੇ ਕਿੱਦਾਂ ਆ ਗਏ! ਇਹ ਪੁਲਿਸ ਤੋਂ ਡਰੇ ਕਿਉਂ ਨਹੀਂ? ਬੀਬੀ ਦੀ ਉਮਰ 84 ਸਾਲ ਦੀ ਹੋ ਗਈ ਹੈ। ਉਸਨੂੰ ਹੁਣ ਤੱਕ ਯਾਦ ਹੈ ਕਿ ਕਿਸਨੇ ਕਿਹੜਾ-ਕਿਹੜਾ ਕੰਮ ਨਿਭਾਇਆ ਸੀ। ਸ੍ਰੀ ਮਹਿੰਦਰ ਸਿੰਘ ਦੁਸਾਂਝ ਜਗਤਪੁਰ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਮਹਿੰਦਰ ਕੌਰ, ਸੋਹਣ ਪੂੰਨੀ ਜੀਦੋਵਾਲ, ਗਿਆਨੀ ਸੁਰਾਇਣ ਸਿੰਘ ਬਹਿਰਾਮ ਵਾਲੇ, ਸ. ਦਵਿੰਦਰ ਨੌਰਾ, ਦਰਸ਼ਨ ਦੀਪਕ, ਪ੍ਰੋ. ਹੀਰਾ ਸਿੰਘ ਤਰਸਪਾਲ (ਹੁਣ ਸਵਰਗੀ), ਮੇਰਾ ਤੇ ਸੋਹਣ ਦਾ ਜਮਾਤੀ ਸ. ਬਲਵੀਰ ਸਿੰਘ, ਜਗਦੇਵ ਬੰਗਿਆਂ ਵਾਲਾ, ਸੋਹਣ ਸਿੰਘ ਰਾਣੂੰ, ਸ. ਗੁਰਮੇਲ ਸਿੰਘ ਕਨੇਡੀ ਥਾਂਦੀਆਂ ਵਾਲਾ, ਪਿਆਰਾ ਰਾਮ ਦੌਲਾ ਰਾਏਪੁਰ ਡੱਬਾ, ਝੱਲੋ ਭਲਵਾਨ ਰਾਏਪੁਰ ਡੱਬਾ, ਦਰਸ਼ਨ ਸਿੰਘ ਮਾਹਿਲ, ਸਵਰਗੀ ਸੁਰੇਸ਼ ਕੁਰਲ, ਲਿਖਾਰੀ ਸਭਾ ਜਗਤਪੁਰ ਦੇ ਕਈ ਹੋਰ ਮੈਂਬਰ, ਬਾਬਾ ਰਾਮ ਸਿੰਘ ਤਲਵੰਡੀ ਫੱਤੂ, ਮਾਸਟਰ ਹਰਬਲਾਸ ਚੱਕ ਰਾਮੂੰ, ਉਨ੍ਹਾਂ ਖਾਸ ਸਾਥੀਆਂ ਵਿਚੋਂ ਹਨ ਜਿਨ੍ਹਾਂ ਦੇ ਨਾਂ ਬੀਬੀ ਨੂੰ ਹਾਲਾਂ ਵੀ ਯਾਦ ਹਨ। ਸਾਡਾ ਗੁਆਂਢੀ ਕਿਰਪਾਲ ਸਿੰਘ ਪਾਲੀ ਜੋ ਚਾਚੀ ਰਤਨੀ ਦਾ ਧਰਮ ਦਾ ਭਤੀਜਾ ਹੈ ਅਤੇ ਹੁਣ ਰਾਜਸਥਾਨ ਵਸਦਾ ਹੈ, ਨਿਰੰਜਣ (ਭਗਤ), ਬਾਰੂ ਰਾਮ, ਮੋਹਣ ਸਿੰਘ ਖਜ਼ਾਨਚੀ, ਸਵਿੰਦਰ ਸਿੰਘ ਢਾਂਡੀਆਂ ਵੀ ਇਸ ਮੌਕੇ ਹਾਜ਼ਰ ਸਨ।

ਬੀਬੀ ਦੱਸਦੀ ਹੈ ਕਿ ਜਗਤਪੁਰ ਵਾਲੇ ਦੋਨਾਂ ਭੈਣਾਂ ਲਈ ਇੱਕ-ਇੱਕ ਅਟੈਚੀਕੇਸ ਅਤੇ ਸੂਟ ਲੈ ਕੇ ਆਏ। ਰਾਏਪੁਰ ਵਾਲੇ ਸਾਥੀ ਭੈਣਾਂ ਤੇ ਪ੍ਰਾਹੁਣਿਆਂ ਲਈ ਗੁੱਟ-ਘੜੀਆਂ ਲੈ ਕੇ ਆਏ, ਬਹਿਰਾਮ ਵਾਲੇ ਗਿਆਨੀ ਜੀ ਦੀ ਵਾਕਫੀ ਨਾਲ ਬੰਗਿਆਂ ਦੇ ਬਜਾਜ, ਮੱਲ੍ਹਪੋਤੇ ਵਾਲਿਆਂ ਤੋਂ, ਵਧੀਆ ਸੂਟ ਖਰੀਦੇ, ਜਿੰਨੇ ਵੀ ਮੁੰਡੇ ਆਏ ਸਾਰੇ ਸੂਟ ਲੈ ਕੇ ਆਏ। ਸੂਟ ਇੰਨੇ 'ਕੱਠੇ ਹੋ ਗਏ ਕਿ ਅਸੀਂ ਮਗਰੋਂ ਵੀ ਲੈਣ ਦੇਣ ਕਰਦੇ ਰਹੇ।' ਸੂਟਾਂ ਦੇ ਸਿਰ 'ਤੇ ਹੀ ਅਸੀਂ, ਅਗਲੇ ਦਿਨ ਕੁੜੀਆਂ ਦੇ ਸਹੁਰਿਆਂ ਨੂੰ ਮਿਲਣੀ ਲਈ ਸੱਦ ਲਿਆ। ਬੀਬੀ ਦੱਸਦੀ ਹੈ ਕਿ ਘੋਗੀ (ਸ਼ਹੀਦ ਸੋਹਣ ਲਾਲ ਜੋਸ਼ੀ) ਨੇ ਆਪਣੇ ਜਾਣਕਾਰ ਮੁੰਡਿਆਂ ਨਾਲ ਮਿਲ ਕੇ, ਫੇਰਿਆਂ ਵੇਲੇ ਕੁੜੀਆਂ ਦੇ ਪਾਉਣ ਲਈ ਵਧੀਆ ਤੋਂ ਵਧੀਆ ਸੂਟ ਖਰੀਦੇ। ਚੁੰਨੀਆਂ ਦੀ ਖਰੀਦ ਬਾਰੇ ਵੀ ਬੀਬੀ ਨੂੰ ਯਾਦ ਹੈ। ਮੌਲਵੀ ਰਹੀਮੇ ਦਾ ਮੁੰਡਾ ਕਹਿੰਦਾ ਕਿ ਚੁੰਨੀਆਂ ਜਲੰਧਰੋਂ ਸਸਤੀਆਂ ਪੈਣਗੀਆਂ। ਉਹ ਤੇ ਘੋਗੀ ਸਾਡੇ ਨਾਲ ਜਲੰਧਰ ਗਏ ਤੇ ਅਸੀਂ ਤਿੰਨ ਥਾਨ ਖਰੀਦੇ।

ਕੁੜੀਆਂ ਲਈ ਕਾਂਟੇ ਅਤੇ ਪ੍ਰਾਹੁਣਿਆਂ ਲਈ ਸੈਕਲ ਅਸੀਂ ਘਰੋਂ ਲਏ, ਪ੍ਰਾਹੁਣਿਆਂ ਲਈ ਦੋ ਮੁੰਦੀਆਂ ਅਤੇ 5-5 ਬਿਸਤਰੇ ਚਾਹਲਾਂ ਵਾਲੇ (ਨਾਨਕੇ) ਲੈ ਕੇ ਆਏ। ਕਈ ਮੁੰਡੇ ਗੀਠੀਆਂ (ਅੰਗੀਠੀਆਂ) 'ਤੇ ਰੱਖਣ ਵਾਲੀਆਂ ਚੀਜ਼ਾਂ ਵੀ ਲੈ ਕੇ ਆਏ। ਚੀਜ਼ਾਂ ਖਰੀਦਣ ਵੇਲੇ ਗਿਆਨੀ ਸੁਰਾਇਣ ਸਿੰਘ, ਸ. ਮਹਿੰਦਰ ਸਿੰਘ ਦੋਸਾਂਝ ਅਤੇ ਉਨ੍ਹਾਂ ਦੀ ਪਤਨੀ ਮਹਿੰਦਰ ਕੌਰ ਨਾਲ ਜਾਂਦੇ ਰਹੇ। ਭੈਣ ਜੀ ਮਹਿੰਦਰ ਕੌਰ ਵਿਆਹ ਮਗਰੋਂ ਵੀ ਸੁਖ-ਸਾਂਦ ਦਾ ਪਤਾ ਕਰਨ ਲਈ ਆਉਂਦੇ ਜਾਂਦੇ ਰਹੇ। ਅਸਲ ਵਿਚ ਲਿਖਾਰੀ ਸਭਾ ਜਗਤਪੁਰ ਵਾਲੇ ਸੈਕਟਰੀ ਗੁਰਦੇਵ ਸਿੰਘ ਅਤੇ ਕਈ ਹੋਰ ਸੱਜਣ ਤਾਂ ਪੰਚਾਇਤ ਬਣ ਕੇ ਆਏ ਸਨ ਕਿ ਜੇ ਪੁਲਿਸ ਗੜਬੜ ਕਰੇਗੀ ਅਤੇ ਉਹ ਪੰਚਾਇਤੀਆਂ ਵਜੋਂ ਪੇਸ਼ ਹੋਣ ਦਾ ਕਾਰਜ ਵੀ ਕਰਨਗੇ। ਬੀਬੀ ਦੱਸਦੀ ਹੈ ਕਿ ਉਨ੍ਹੀਂ ਦਿਨੀਂ ਜਨੇਤਾਂ ਲਈ ਕਰੌਕਰੀ ਲਿਆਉਣ ਅਤੇ ਕੁੜੀਆਂ ਨੂੰ ਕਰੌਕਰੀ ਦਾਜ 'ਚ ਦੇਣ ਦਾ ਰਿਵਾਜ਼ ਵੀ ਨਵਾਂ-ਨਵਾਂ ਚੱਲਿਆ ਸੀ। ਪਾਲੀ, ਸਾਡੀਆਂ ਭੈਣਾਂ ਨੂੰ ਆਪਣੀ ਧਰਮ-ਭੈਣ ਤੀਰਥੋ ਦੇ ਬਰਾਬਰ ਰੱਖਦਾ ਸੀ, ਕਹਿਣ ਲੱਗਾ ਕਿ ਚਾਚੀ ਜਨੇਤ ਲਈ ਸਾਰੀ ਕਰੌਕਰੀ ਦਾ ਖਰਚਾ ਮੈਂ ਕਰੂੰਗਾ। ਭੈਣਾਂ ਨੂੰ ਕਰੌਕਰੀ ਦੇ ਦੋ ਸੈਟ ਵੀ ਮੈਂ ਲਿਆ ਕੇ ਦੇਊਂਗਾ।

ਬੀਬੀ ਦੇ ਦੱਸਣ ਅਨੁਸਾਰ ਵਿਆਹ ਵਿਚ ਦੁੱਧ ਦਰਿਆ ਵਾਂਗ ਵਗਿਆ। ਰਾਏਪੁਰ ਡੱਬੇ ਵਾਲੇ ਬੜੇ ਭਲਵਾਨ, ਸ. ਹਰਬੰਸ ਸਿੰਘ ਜੋ ਕੁਸ਼ਤੀ ਦੇ ਸੰਸਾਰ-ਚੈਂਪੀਅਨ ਸਨ, ਡੇਅਰੀ ਦਾ ਕਾਰੋਬਾਰ ਦੇਖਦੇ ਸਨ। ਉਨ੍ਹਾਂ ਦਾ ਪਹਿਲਵਾਨ ਬੇਟਾ ਕਸ਼ਮੀਰ ਸਿੰਘ ਪ੍ਰਸਿੱਧ ਪਹਿਲਵਾਨ ਅਤੇ ਕਮਿਊਨਿਸਟ ਵਿਚਾਰਾਂ ਦਾ ਧਾਰਨੀ ਸੀ। ਵਿਦਿਆਰਥੀ ਲਹਿਰ ਵਿਚ ਸਰਗਰਮ ਪਹਿਲਵਾਨ ਪਿਆਰੇ ਰਾਮ ਸੌਂਧੀ ਉਰਫ ਦੌਲਾ ਭਲਵਾਨ, ਪਾਰਟੀ ਦਾ ਹਮਦਰਦ ਤੇ ਕਾਲਜ ਦੀ ਫੁੱਟਬਾਲ ਟੀਮ 'ਚ ਮੇਰਾ ਸਾਥੀ ਮੋਹਣ ਸਿੰਘ ਵੀ ਇਸੇ ਪਿੰਡ ਦੇ ਹਨ। ਵਿਦਿਆਰਥੀ-ਕਾਲ ਵਿਚ ਇਹ ਮੇਰੀਆਂ ਗੁਪਤ ਠਾਹਰਾਂ ਸਨ। ਬੀਬੀ ਗੁਰਬਖਸ਼ ਕੌਰ ਸੰਘਾ ਦੇ ਵੱਡੇ ਵੀਰ ਸ. ਗੁਰਮੁਖ ਸਿੰਘ ਤੇ ਜਸਪਾਲ ਸਿੰਘ ਸਾਡੇ ਨਾਲ ਫੁੱਟਬਾਲ ਦੇ ਖਿਡਾਰੀ ਤੇ ਅਗਾਂਹਵਧੂ ਰੁਚੀਆਂ ਦੇ ਧਾਰਨੀ ਸਨ। ਰਾਏਪੁਰ ਭਲਵਾਨਾਂ ਦਾ ਪਿੰਡ ਹੈ, ਇਸ ਕਰਕੇ ਦੁੱਧ-ਘਿਉ ਦੀ ਖੁੱਲ੍ਹ-ਡੁੱਲ੍ਹ ਰਹਿੰਦੀ ਹੈ। ਇਸ ਤੋਂ ਬਿਨਾਂ ਇਹ ਪਿੰਡ ਪ੍ਰਸਿੱਧ ਗਦਰੀ ਬਾਬੇ ਭਾਈ ਰਤਨ ਸਿੰਘ, ਜਿਹੜੇ ਤੀਸਰੀ ਕਮਿਊਨਿਸਟ ਇੰਟਰਨੈਸ਼ਨਲ ਵਿਚ ਭਾਰਤ ਦੀ ਪ੍ਰਤੀਨਿਧਤਾ ਕਰਦੇ ਸਨ ਅਤੇ ਮਹਾਨ ਕਮਿਊਨਿਸਟ ਇਨਕਲਾਬੀ ਲੈਨਿਨ ਨੂੰ ਵੀ ਮਿਲੇ ਸਨ, ਦੀ ਜਨਮ-ਭੂਮੀ ਹੈ। ਝੱਲੋ ਭਲਵਾਨ ਅਤੇ ਉਨ੍ਹਾਂ ਦੇ ਹੋਰ ਸਾਥੀ ਵੀ ਦੁੱਧ ਦਾ ਕਾਰੋਬਾਰ ਕਰਦੇ ਸਨ। ਬੀਬੀ ਕਹਿੰਦੀ ਹੈ ਕਿ ਚਾਰ ਦਿਨ ਤੱਕ ਦੁੱਧ ਦੇ ਡਰੰਮਾਂ ਦੇ ਡਰੰਮ ਰਾਏਪੁਰ ਤੋਂ ਆਉਂਦੇ ਰਹੇ। ਇਸ ਤੋਂ ਬਿਨਾਂ ਮਾਹਿਲ ਗਹਿਲਾਂ, ਨੌਰਾ, ਥਾਂਦੀਆਂ, ਜਗਤਪੁਰ, ਤਲਵੰਡੀ ਫੱਤੂ, ਜੀਂਦੋਵਾਲ ਆਦਿ ਸਾਥੀਆਂ ਨੇ ਵੀ ਦੁੱਧ ਦੀ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਦੁੱਧ, ਚਾਹ ਅਤੇ ਖੋਆ ਲੋੜ ਤੋਂ ਵਧ ਗਿਆ। ਦਹੀਂ ਬਣਾ ਲਿਆ। ਉਧਰ ਮਲੂਕੇ-ਸੀਸੋ (ਮਹਿਰਾ ਬਰਾਦਰੀ) ਦੀ ਕੁੜੀ ਦੀ ਜਨੇਤ ਰਾਜਸਥਾਨ ਤੋਂ ਆਈ ਸੀ। ਪਿੰਡ ਵਿਚੋਂ ਨਾ ਦੁੱਧ ਲੱਭੇ, ਨਾ ਲੱਸੀ। ਬੀਬੀ ਦੱਸਦੀ ਆ ਕਿ ਅਸੀਂ ਬੇਬੇ ਧੰਤੀ, ਧੰਨ ਕੌਰ ਤੇ ਮਹਿੰਦਰ ਕੌਰ ਨਾਲ ਸਲਾਹ ਕਰਕੇ, ਆਪਣੇ ਘਰ ਲੱਸੀ ਬਣਾ ਕੇ, ਚਾਟੀਆਂ ਭਰ ਕੇ, ਲੱਸੀ ਮਲੂਕੇ ਦੇ ਘਰ ਭਿਜਵਾ ਦਿੱਤੀ।

ਹਲਵਾਈ ਸਾਡੇ ਪਿੰਡ ਤੋਂ ਨੇੜੇ ਮੇਰੀਆਂ ਮਾਸੀਆਂ ਦੇ ਪਿੰਡ ਭੂਤਾਂ ਤੋਂ ਸੀ ਜਿਸਦਾ ਨਾਂ ਰਾਮ ਹੈ, ਬੀਬੀ ਨੂੰ ਕਹਿੰਦਾ ਕਿ ਐਨਾ ਦੁੱਧ ਤਾਂ ਮੈਂ ਕਹਿੰਦੇ-ਕਹੌਂਦੇ ਘਰਾਂ 'ਚ ਆਉਂਦਾ 'ਨੀ ਦੇਖਿਆ। ਬਰਾਤ ਲਈ ਚਾਨਣੀਆਂ ਅਤੇ ਕਨਾਤਾਂ ਦਾ ਪ੍ਰਬੰਧ ਵੀ ਇਨਕਲਾਬੀ ਲਹਿਰ ਦੇ ਹਮਦਰਦਾਂ ਨੇ ਹੀ ਕੀਤਾ।

ਬੀਬੀ ਦੱਸਦੀ ਹੈ ਕਿ ਪੁਲਿਸ ਆਈ ਸੀ ਪਰ ਸਾਨੂੰ ਕਿਹਾ ਕੁਝ ਨਹੀਂ। ਮੈਂ ਬਹਿਰਾਮ ਵਾਲੇ ਗਿਆਨੀ ਜੀ ਕੋਲ ਦਰਾਂ ਕੋਲ ਖੜੀ ਸੀ ਜਦ ਪੁਲਿਸ ਆਈ। ਥਾਣੇਦਾਰ ਨੇ ਪੁੱਛਿਆ, ''ਸਾਡਾ ਸਰਦਾਰ ਨੀ ਆਇਆ?'' ਅਸੀਂ ਕਿਹਾ ਕਿ ਨਹੀਂ ਜੀ, ਇਹ ਸੁਣ ਕੇ ਉਹ ਚਲੇ ਗਏ ਸਨ।' ਉਂਜ ਵਿਆਹ ਵੇਲੇ ਮੇਰੇ ਆਉਣ ਬਾਰੇ ਅਫਵਾਹਾਂ ਬਹੁਤ ਸਨ ਜਿਨ੍ਹਾਂ ਵਿਚੋਂ ਇਕ ਨਾਨਕਾ-ਮੇਲ ਵਿਚ ਔਰਤ-ਲਿਬਾਸ ਪਹਿਨ ਕੇ ਆਉਣ ਦੀ ਅਫਵਾਹ ਵੀ ਸ਼ਾਮਲ ਸੀ। ਸੋਹਣ ਪੂੰਨੀ ਨੇ ਆਪਣੇ ਇਕ ਲੇਖ ਵਿਚ ਸੱਚ ਹੀ ਕਿਹਾ ਹੈ ਕਿ ਮੈਂ ਕੋਈ ਮਿਰਜਾ ਜੱਟ ਨਹੀਂ ਸੀ ਬਣਨਾ ਚਾਹੁੰਦਾ।

ਬੀਬੀ ਸੋਹਣ ਲਾਲ ਨੂੰ ਯਾਦ ਕਰਕੇ ਉਸਦੇ ਕੀਤੇ ਕੰਮ ਦੀ ਵੀ ਬਹੁਤ ਸਿਫਤ ਕਰਦੀ ਹੈ। ਕਹਿੰਦੀ ਹੈ ਕਿ ਉਸਨੇ ਮੌਲਵੀ ਦੇ ਮੁੰਡੇ ਗਫੂਰ ਨਾਲ ਰਲ ਕੇ ਸਾਰੇ ਘਰ ਨੂੰ ਕਲੀ ਕੀਤਾ, ਸਾਫ ਸਫਾਈ ਕਰਵਾਈ ਅਤੇ ਪਿੰਡ-ਪਿੰਡ ਜਾ ਕੇ ਨਿਸ਼ਾਨੀ ਵੰਡਣ ਦਾ ਕੰਮ ਕੀਤਾ ਸੀ।

ਚਾਨਣੀਆਂ-ਕਨਾਤਾਂ ਲਾਉਣ, ਬਰਾਤ ਨੂੰ ਚਾਹ-ਪਾਣੀ ਤੇ ਰੋਟੀ ਛਕਾਉਣ, ਬਰਤਨ ਸਾਫ ਕਰਨ ਦਾ ਸਾਰਾ ਕੰਮ-ਕਾਰ ਪੜ੍ਹੇ-ਲਿਖੇ ਮੁੰਡਿਆਂ ਨੇ ਆਪਣੇ ਹੱਥੀਂ ਪੂਰੀ ਫੁਰਤੀ ਤੇ ਸੁਚੱਜਤਾ ਨਾਲ ਨਿਭਾਇਆ ਸੀ। ਇਨ੍ਹਾਂ 'ਪੜ੍ਹਿਆਂ-ਲਿਖਿਆਂ' ਵਿਚ ਉਹ ਸਾਰੇ ਲੇਖਕ ਵਿਦਿਆਰਥੀ ਅਤੇ ਨੌਜੁਆਨ ਸ਼ਾਮਲ ਸਨ, ਜਿਨ੍ਹਾਂ ਦਾ ਜ਼ਿਕਰ ਮੈਂ ਪਿੱਛੇ ਕਰ ਆਇਆ ਹਾਂ। ਪਿੰਡ-ਵਾਸੀਆਂ ਤੇ ਨਾਨਕਿਆਂ ਨਾਲ ਆਏ ਮੁੰਡਿਆਂ ਦੀ ਤਾਂ ਵਾਰੀ ਹੀ ਨਹੀਂ ਆਉਣ ਦਿੱਤੀ ਸੀ। ਉਹ ਆਪਣੇ-ਆਪ ਨੂੰ ਵਿਹਲੇ ਹੀ ਸਮਝਦੇ ਸਨ। ਇਨ੍ਹਾਂ ਪੜ੍ਹਿਆਂ-ਲਿਖਿਆਂ ਦੇ ਰੋਲ ਦਾ ਅਸਰ ਇਹ ਪਿਆ ਕਿ ਨਾਨਕਾ-ਮੇਲ ਦੇ ਕਈ ਪ੍ਰਾਹੁਣੇ ਸਾਝਰੇ, ਤੜਕਾਲਾਂ ਤੋਂ ਪਹਿਲਾਂ ਹੀ, ਸਾਡੇ ਨਾਨਕਾ-ਪਿੰਡ ਚਾਹਲ ਖੁਰਦ ਨੂੰ ਮੁੜ ਗਏ। ਉਨ੍ਹਾਂ ਦੀ ਛੇਤੀ ਵਾਪਸੀ ਦੇਖ ਕੇ ਮੇਰੇ ਛੋਟੇ ਨਾਨਾ ਜੀ ਭੁੱਲਾ ਰਾਮ ਹਕੀਮ ਅਤੇ ਮੇਰਾ ਵੱਡਾ ਮਾਮਾ ਜਗਤ ਸਿੰਘ ਸੰਸੇ 'ਚ ਪੈ ਗਏ। ਸੋਚਣ ਲੱਗੇ, 'ਰੱਬ ਖੈਰ ਕਰੇ, ਕੋਈ ਔਹਲੀ ਨਾ ਹੋ ਗਈ ਹੋਵੇ। ਪੁਲਿਸ ਨੇ ਵਿਘਨ ਨਾ ਪਾ ਦਿੱਤਾ ਹੋਵੇ। ਕਿਤੇ ਇਹ ਡਰਦੇ ਮਾਰੇ ਹੀ ਨਾ ਆ ਗਏ ਹੋਣ।' ਦਿਲ-ਕਰੜਾ ਕਰਕੇ ਆਪਣੀ ਸ਼ੰਕਾ ਨਵਿਰਤ ਕਰਨ ਲਈ, ਉਨ੍ਹਾਂ ਆਪਣੇ ਗੁਆਂਢੀ ਤੇ ਸ਼ਰੀਕੇ 'ਚੋਂ ਗਏ ਮੁੰਡੇ ਨੈਬ ਨੂੰ ਪੁੱਛ ਹੀ ਲਿਆ ਕਿ 'ਕਾਕਾ ਛੇਤੀ ਕਿਉਂ ਆ ਗਏ।' ਨੈਬ ਦਾ ਜਵਾਬ ਸੀ, 'ਤਾਇਆ, ਉਥੇ ਪੜ੍ਹੇ ਲਿਖੇ ਮੁੰਡੇ ਥੋੜ੍ਹੇ ਆ ਕਿਤੇ, ਉਹ ਤਾਂ ਕਿਸੇ ਕੰਮ ਨੂੰ ਹੱਥ ਲੌਣ ਈ ਨੀ ਦਿੰਦੇ। ਆਪੇ ਕੁਰਸੀਆਂ ਮੇਜ ਸਾਫ ਕਰੀ ਜਾਂਦੇ ਆ, ਆਪੇ ਭਾਂਡੇ ਧੋਈ ਜਾਂਦੇ ਆ, ਦੋਵੇਂ ਜਨੇਤਾਂ ਈ ਉਨ੍ਹਾਂ ਨੇ ਆਰਾਮ ਨਾਲ ਭੁਗਤਾ ਦਿੱਤੀਆਂ। ਫੇਰ ਆਪਾਂ ਉਥੇ ਵਿਹਲੇ ਬਹਿ ਕੇ ਕਿਆ ਕਰਨਾ ਸੀ।' ਇਸ ਜਵਾਬ ਨੇ ਉਨ੍ਹਾਂ ਦੇ ਧੁਖਦੇ ਮਨਾਂ 'ਤੇ ਪਾਣੀ ਦੇ ਛੈਹੇ ਦਾ ਕੰਮ ਕੀਤਾ ਸੀ।

ਬੀਬੀ ਸਾਡੇ ਨਾਨਕਿਆਂ ਦੀ ਸਿਫਤ ਕਰਨੋਂ ਵੀ ਨਹੀਂ ਉਕਦੀ। ਦੁਪਹਿਰ ਦੀ ਧਾਮ ਨਾਨਕਿਆਂ ਨੇ ਦਿੱਤੀ ਸੀ। ਬੀਬੀ ਅਨੁਸਾਰ ਦੋ ਬੋਰੀਆਂ ਖੰਡ ਲੱਗ ਗਈ ਸੀ। ਉਹ ਦੱਸਦੀ ਹੈ ਕਿ 'ਤੇਰੇ ਛੋਟੇ ਮਾਮੇ ਭਗਤ ਸਿੰਘ ਨੇ ਦਾਰੇ ਨਾਲ ਹਿਸਾਬ-ਕਿਤਾਬ ਕਰਕੇ (ਸਾਡੇ ਤਾਇਆ ਜੀ ਦਾ ਲੜਕਾ) ਖਰਚਾ ਵੀ ਦਿੱਤਾ ਸੀ। ਜਿਹੜਾ ਬਾਲਣ ਵਰਤਿਆ ਸੀ, ਉਸਦੇ ਪੈਸੇ ਵੀ ਦਾਰੇ ਰਾਹੀਂ ਉਸਨੇ ਦਿੱਤੇ ਸੀ।'

ਬੀਬੀ ਸੰਤੁਸ਼ਟ ਹੈ ਕਿ ਉਸਨੇ ਰਿਸ਼ਤੇਦਾਰਾਂ ਸਮੇਤ 16 ਪਿੰਡਾਂ ਵਿਚ ਲੱਡੂਆਂ ਦੀ ਨਿਸ਼ਾਨੀ ਭੇਜੀ ਸੀ। ਇਨ੍ਹਾਂ ਵਿਚੋਂ ਰਿਸ਼ਤੇਦਾਰੀ ਵਾਲੇ ਪਿੰਡ ਤਾਂ 2 ਜਾਂ 4 ਹੀ ਸਨ। ਬਾਕੀ ਸਾਰੇ ਉਹ ਪਿਆਰੇ ਮਿੱਤਰ ਤੇ ਹਮਦਰਦ ਸਨ ਜਿਹੜੇ ਵੱਖ-ਵੱਖ ਪਿੰਡਾਂ ਤੋਂ ਆਏ ਸਨ ਅਤੇ ਇਹ ਨਿਸ਼ਾਨੀ ਉਸਨੇ ਸੋਹਣ ਲਾਲ ਦੇ ਹੱਥੀਂ ਭੇਜੀ ਸੀ। ਜਿੱਦਾਂ-ਜਿੱਦਾਂ ਉਹ ਦੱਸਦਾ ਰਿਹਾ, ਉਨ੍ਹਾਂ ਉਨ੍ਹਾਂ ਥਾਵਾਂ ਲਈ ਬੀਬੀ ਨਿਸ਼ਾਨੀ ਪਾਈ ਗਈ।

ਦੋਨਾਂ ਭੈਣਾਂ ਨੇ ਆਪਣੇ ਲਈ ਦਰੀਆਂ ਨਿੰਠ ਕੇ ਬੁਣੀਆਂ ਸਨ। ਤਰ੍ਹਾਂ-ਤਰ੍ਹਾਂ ਦੇ ਰੰਗ ਅਤੇ ਤਰ੍ਹਾਂ-ਤਰ੍ਹਾਂ ਦੇ ਦਿਲਖਿੱਚਵੇ ਨਮੂਨੇ ਪਾਏ ਸਨ ਇਨ੍ਹਾਂ ਉਪਰ। ਇਸ ਤਰ੍ਹਾਂ ਉਨ੍ਹਾਂ ਨੇ ਚਾਦਰਾਂ ਉਪਰ ਕਢਾਈ ਵੀ ਰੀਝਾਂ ਨਾਲ ਕੀਤੀ ਸੀ। ਵੱਖ-ਵੱਖ ਰੰਗਾਂ ਦੇ ਨਾਂ ਅਤੇ ਉਨ੍ਹਾਂ ਦੀਆਂ ਵੰਨਗੀਆਂ ਤੇ ਉਪ ਵੰਨਗੀਆਂ ਵੀ ਮੈਂ ਉਨ੍ਹਾਂ ਕੋਲੋਂ ਸੁਣੀਆਂ ਸਨ। ਇਹ ਜਾਣਕਾਰੀ ਪੰਜਾਬੀ ਬੋਲੀ ਦੀ ਅਮੀਰੀ ਤੇ ਸੁਖਮਤਾ ਦਾ ਪ੍ਰਮਾਣ ਬਣ ਕੇ ਹਾਲਾਂ ਤੱਕ ਵੀ ਮੈਨੂੰ ਹੁਲਾਰਾ ਦਿੰਦੀ ਰਹਿੰਦੀ ਹੈ। ਤਰ੍ਹਾਂ-ਤਰ੍ਹਾਂ ਦੇ ਫੁੱਲ-ਬੂਟੇ ਅਤੇ ਹੋਰ ਨਮੂਨੇ ਪਾਏ ਸਨ ਇਨ੍ਹਾਂ ਉਪਰ ਉਨ੍ਹਾਂ ਨੇ, ਆਪਣੇ ਰੰਗਲੇ ਸੁਫਨਿਆਂ ਤੇ ਅਰਮਾਨਾਂ ਵਰਗੇ।

ਜਦੋਂ ਇਹ ਖੱਟ ਦਿਖਾਈ ਤਾਂ ਬੇਬੇ ਧੰਤੀ, ਬੇਬੇ ਧੰਨ ਕੌਰ, ਤਾਈ ਸੰਤੀ, ਇਸ ਮਿਹਨਤ ਦੀ ਦਾਦ ਦਿੰਦੀਆਂ ਨਹੀਂ ਸੀ ਥੱਕੀਆਂ। ਬਕੌਲ ਬੀਬੀ ਬੇਬੇ ਧੰਤੀ ਕਹਿਣ ਲੱਗੀ ਕਿ 'ਮੈਂ ਤਾਂ ਭਾਈ ਜੀਤ ਕੌਰ (ਬੇਬੇ ਦੀ ਨੂੰਹ ਤੇ ਸਾਡੀ ਚਾਚੀ) ਨੂੰ ਭੇਜਦੀ ਆਂ ਪਈ ਆਪ ਆ ਕੇ ਦੇਖ ਜਾਵੇ। ਦੇਖਣਹਾਰ ਦਰੀਆਂ ਚਾਦਰਾਂ ਆ। ਕੱਲ੍ਹ ਨੂੰ ਅਸੀਂ ਵੀ ਤਾਂ ਆਪਣੀ ਰਾਣੋ ਲਈ ਇਹ ਕੁਸ਼ ਬਣੌਣਾ ਆ।'

ਬੀਬੀ ਵਿਆਹ ਦੇ ਸਾਰੇ ਪ੍ਰਬੰਧਾਂ ਤੋਂ ਰੱਜ ਕੇ ਖੁਸ਼ ਹੈ। ਉਸਨੇ ਕਦੇ ਵੀ ਕਿਸੇ ਥੁੜ ਦੀ ਸ਼ਿਕਾਇਤ ਨਹੀਂ ਕੀਤੀ। ਕਹਿੰਦੀ ਹੈ ਕਿ ਇਕ ਤੂੰ ਈ ਨ੍ਹੀ ਸੀ, ਬਾਕੀ ਕੋਈ ਕਸਰ ਨਹੀਂ ਸੀ। ਬੀਬੀ ਤੇ ਭਾਈਏ ਨੂੰ ਇਹ ਸੰਤੁਸ਼ਟੀ ਸੀ ਕਿ ਉਨ੍ਹਾਂ ਨੇ ਧੀਆਂ ਤੋਰਨ ਦਾ ਕਾਰਜ ਧਰਮੋ-ਧਰਮੀ ਨਿਭਾ ਦਿੱਤਾ ਸੀ ਭਾਵੇਂ ਉਨ੍ਹਾਂ ਨੂੰ ਕਨਾਲ ਦੋ ਕਨਾਲ ਜ਼ਮੀਨ ਵੇਚ ਕੇ 7000 ਰੁਪਏ ਲੈਣੇ ਪਏ ਸਨ। ਪਰ ਇਹ ਵੀ ਨਹੀਂ ਸੀ ਕਿ ਉਨ੍ਹਾਂ ਦੋਹਾਂ, ਤਾਇਆ ਜੀ ਬਖਸ਼ੀਸ਼ ਸਿੰਘ ਅਤੇ ਹੋਰ ਰਿਸ਼ਤੇਦਾਰਾਂ ਨੂੰ ਮੇਰੀ ਤੇ ਜਸਵੰਤ ਦੀ ਚਿੰਤਾ ਨਹੀਂ ਸੀ ਖਾਂਦੀ। ਉਹ ਉਨ੍ਹਾਂ ਬੋਲਾਂ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੈ ਜਿਹੜੇ ਘਰ ਆਏ ਰਿਸ਼ਤੇਦਾਰਾਂ ਅਤੇ ਔਰਤਾਂ ਨੇ ਉਸ ਨਾਲ ਸਾਂਝੇ ਕੀਤੇ। ਬੀਬੀ ਕਹਿੰਦੀ ਹੈ ਕਿ ਸਾਰੇ ਕਹਿੰਦੇ ਸੀ ਪਈ 'ਇੱਦਾਂ ਦਾ ਵਿਆਹ ਕਿਸੇ ਦਾ ਨਹੀਂ ਹੋਇਆ। ਇੰਨੀ ਰੌਣਕ ਕਿਸੇ ਦੇ ਨਹੀਂ ਹੋਈ।' ਮੈਨੂੰ ਇਸ ਗੱਲ ਦੀ ਪੂਰੀ ਤਸੱਲੀ ਰਹਿੰਦੀ ਹੈ ਕਿ ਸਾਡੀ ਲਹਿਰ ਅਤੇ ਮੇਰੇ ਦਰਦੀਆਂ ਨੇ ਮੈਨੂੰ, ਮੇਰੇ ਮਾਂ-ਪਿਉ ਅਤੇ ਭੈਣ-ਭਰਾਵਾਂ ਨੂੰ ਕੱਲੇਕਾਰੇ ਹੋਣ ਦਾ ਜਾਂ ਨਿਖੜੇ ਹੋਣ ਦਾ ਅਹਿਸਾਸ ਨਹੀਂ ਸੀ ਹੋਣ ਦਿੱਤਾ।

ਲੜਕੀਆਂ ਦੇ ਵਿਆਹ (ਮਾਰਚ 1970) ਤੋਂ ਪਹਿਲਾਂ ਵੀ ਸਰਕਾਰੀ ਤੇ ਪੁਲਿਸ ਦਮਨ ਘੱਟ ਨਹੀਂ ਸੀ। ਇੱਥੋਂ ਤੱਕ ਕਿ ਵਾਰ-ਵਾਰ ਛਾਪੇ ਪੈਣ ਕਾਰਨ, ਵਿਆਹ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਦੋਹਾਂ ਭੈਣਾਂ ਨੂੰ ਨਾਨਕੇ ਪਿੰਡ ਛੱਡਣਾ ਪਿਆ।

ਭੈਣਾਂ ਦੇ ਵਿਆਹਾਂ ਮਗਰੋਂ ਮਈ 1970 ਵਿਚ ਮਾਸਟਰ ਦੇਵ ਦੇ ਘਰ 'ਤੇ ਪਾਰਟੀ ਨੇ ਹਮਲਾ ਕਰ ਦਿੱਤਾ ਸੀ ਜਿਸ ਵਿਚ ਉਸਦਾ ਸਾਂਢੂ ਮਾਰਿਆ ਗਿਆ ਤੇ ਦੇਵ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਦੋ ਕੁ ਮਹੀਨੇ ਦੇ ਇਲਾਜ ਮਗਰੋਂ ਮਾਸਟਰ ਨੇ ਪਹਿਲਾਂ ਨਾਲੋਂ ਵੱਧ ਅੱਤ ਚੁਕ ਲਈ। ਇਸ ਘਟਨਾ ਮਗਰੋਂ ਜਸਵੰਤ ਖਟਕੜ ਤੇ ਸਾਥੀ ਰਾਮ ਕਿਸ਼ਨ ਵੀ ਕੁਲਵਕਤੀ ਬਣਕੇ ਘਰ ਛੱਡ ਗਏ ਸਨ ਅਤੇ ਹੁਣ ਪੁਲਿਸ ਉਨ੍ਹਾਂ ਨੂੰ ਵੀ ਲੱਭਦੀ ਫਿਰਦੀ ਸੀ। ਜੁਲਾਈ-ਅਗਸਤ ਤੋਂ ਦਸੰਬਰ 1970 ਦੇ 5-6 ਮਹੀਨੇ ਦੇਵ ਨੇ ਕਾਮਰੇਡਾਂ ਦੇ ਪਰਿਵਾਰਾਂ ਨੂੰ ਖੱਜਲ-ਖੁਆਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪਰ ਫੇਰ ਵੀ ਸਾਡੇ ਘਰ ਉਪਰ ਚੜ੍ਹਾਈ ਕਰਨ ਸਮੇਂ ਮਾਸਟਰ ਦੇਵ ਆਪ ਨਾਲ ਨਹੀਂ ਸੀ ਆਇਆ।

ਬੀਬੀ ਦੱਸਦੀ ਹੈ ਕਿ ਇਕ ਵਾਰ ਪੁਲਿਸ ਨੇ ਛਾਪਾ ਮਾਰਿਆ। ਬੂਹਾ ਖੜਕਾਇਆ ਤਾਂ ਮੈਂ ਕਿਹਾ, 'ਮੈਂ ਕੁੰਡਾ ਨੀਂ ਖੋਲ੍ਹਣਾ, ਪਹਿਲਾਂ ਪਿੰਡ ਦੇ ਸਰਪੰਚ



ਦਰਸ਼ਨ ਖਟਕੜ ਗੁਪਤਵਾਸ ਕਾਲ ਦੌਰਾਨ ਦਵਿੰਦਰ ਨੌਰਾ ਨਾਲ।

ਨੂੰ ਲੈ ਕੇ ਆਉ।' ਪੁਲਸੀਏ ਕਹਿੰਦੇ, 'ਬੀਬੀ ਪਿੰਡ ਦੇ ਬੰਦੇ ਸਾਡੇ ਨਾਲ ਆ, ਅਸੀਂ ਖਾਲੀ ਥੋੜ੍ਹਾ ਆਏ ਆਂ।' ਪਰ ਬੀਬੀ ਬੂਹਾ ਨਾ ਖੋਹਲਣ 'ਤੇ ਡਟ ਗਈ।


ਗਰਮੀਆਂ ਦੇ ਦਿਨ ਸਨ। ਜਦ ਬੀਬੀ ਨੇ ਵਿਹੜੇ 'ਚੋਂ ਉਪਰ ਛੱਤ ਵਲ ਦੇਖਿਆ ਤਾਂ ਕੋਠੇ 'ਤੇ ਵੀ ਸਿਪਾਹੀ ਖੜੇ ਸਨ। ਜਦ ਤਾਇਆ ਜੀ ਦੇ ਘਰ ਨਾਲ ਲਗਦੇ ਵਿਹੜੇ ਵਲ ਧਿਆਨ ਗਿਆ ਤਾਂ ਉਧਰ ਵੀ ਘੁਸਰ-ਮੁਸਰ ਹੁੰਦੀ ਸੀ। ਸਪੱਸ਼ਟ ਸੀ ਕਿ ਪੁਲਿਸ ਸਾਡੇ ਘਰ ਦੇ ਪਿਛਵਾੜਿਉਂ ਭਾਟੜਿਆਂ ਦੇ ਘਰਾਂ ਵਲੋਂ ਵੀ ਆਈ ਸੀ। ਪੁਲਿਸ ਨੇ ਉਸ ਰਾਤ ਜੋਗੇ ਤੇ ਤੀਰਥੋ ਹੋਰਾਂ ਦੇ ਚੁਬਾਰੇ ਦੀ ਤਲਾਸ਼ੀ ਵੀ ਲਈ, ਇਹ ਚੁਬਾਰਾ ਸਾਡੇ ਘਰ ਦੇ ਸੱਜੇ ਪਾਸੇ ਦੋ ਘਰ ਛੱਡ ਕੇ ਪੈਂਦਾ ਸੀ। ਮੇਰੀ ਭੈਣ ਜਗੀਰੋ ਅਤੇ ਚਾਚਾ ਨਸੀਬ ਸਿੰਘ ਨਰਵਾਲ ਦੀ ਬੇਟੀ ਤੀਰਥੋ ਪੱਕੀਆਂ ਸਹੇਲੀਆਂ ਸਨ ਅਤੇ ਕੱਠੀਆਂ ਹੀ ਰਹਿੰਦੀਆਂ ਸਨ, ਇਕ ਦੂਸਰੀ ਦਾ ਪਰਛਾਵਾਂ ਬਣਕੇ। ਅਸੀਂ ਛੱਤਾਂ ਉਪਰੋਂ ਹੁੰਦੇ ਹੋਏ ਇਕ ਦੂਸਰੇ ਦੇ ਘਰ ਆਉਂਦੇ ਜਾਂਦੇ ਸਾਂ। ਬੀਬੀ ਦਾ ਮੰਨਣਾ ਹੈ ਕਿ ਇਹ ਸੂਹ ਸੇਮ ਨਰਵਾਲ ਨੇ ਦਿੱਤੀ ਸੀ ਕਿਉਂਕਿ ਇਹ ਚੁਬਾਰਾ ਸੇਮ ਦੇ ਚਾਚੇ ਦਾ ਸੀ ਤੇ ਸੇਮ ਨੂੰ ਪਤਾ ਸੀ ਕਿ ਮੇਰੀ ਭੈਣ ਜਗੀਰੋ ਤੇ ਸੇਮ ਦੀ ਚਚੇਰੀ ਭੈਣ ਤੀਰਥੋ ਸਹੇਲੀਆਂ ਹਨ ਅਤੇ ਮੈਂ ਕਦੇ-ਕਦੇ ਇਨ੍ਹਾਂ ਨੂੰ ਉਥੇ ਬੁੱਧੀਮਾਨੀ ਦੀ ਪੜ੍ਹਾਈ ਲਈ ਤਿਆਰੀ ਕਰਾਉਣ ਜਾ ਆਉਂਦਾ ਸਾਂ। ਬੀਬੀ ਦੀ ਰਾਏ ਅਨੁਸਾਰ ਉਸ ਰਾਤ ਪੁਲਸੀਆਂ ਦੇ ਨਾਲ ਦੂਸਰਾ ਬੰਦਾ ਬਲਰਾਜ ਸੀ ਜਿਸਦੇ ਪਰਿਵਾਰ ਦੀ ਸਾਡੇ ਪਰਿਵਾਰ ਨਾਲ ਕਦੇ ਬਹੁਤ ਡੂੰਘੀ ਸਾਂਝ ਸੀ ਪਰ ਮਗਰੋਂ ਉਹ ਮਾਸਟਰ ਦੇਵ ਦੇ ਢਹੇ ਚੜ੍ਹਿਆ ਫਿਰਦਾ ਸੀ।

ਇਸ ਹਿਲਜੁਲ ਤੇ ਪੁਲਿਸ ਦੇ ਦਬਕਿਆਂ ਦੀ ਆਵਾਜ਼ ਲੇਲ੍ਹਾਂ ਦੇ ਟੁੰਡੇ (ਸ੍ਰੀ ਬਿਸ਼ਨ ਦਾਸ, ਜਿਸਦੀ ਇਕ ਬਾਂਹ ਅੰਗਰੇਜ਼-ਵਿਰੋਧੀ ਗੁਪਤਵਾਸੀ ਜਥੇਬੰਦੀ ਲਈ ਬੰਬ ਬਣਾਉਂਦੇ ਸਮੇਂ ਬੰਬ ਫਟਣ ਨਾਲ ਜ਼ਖਮੀ ਹੋ ਗਈ ਤੇ ਮਗਰੋਂ ਡਾਕਟਰਾਂ ਨੇ ਵੀਣੀ ਤੋਂ ਵੱਢ ਦਿੱਤੀ ਸੀ) ਨੇ ਸੁਣ ਲਈ। ਸ਼ਾਇਦ ਉਸਦੇ ਅੰਦਰਲਾ ਦੇਸ਼ਭਗਤ ਜਾਗ ਪਿਆ ਸੀ। ਉਹ ਅੱਧੀ ਰਾਤੇ ਉਠ ਕੇ ਆਪਣੇ ਮਿੱਤਰ ਅਤੇ ਸਾਡੀ ਨੌਜੁਆਨ ਸਭਾ ਦੇ ਖਜ਼ਾਨਚੀ ਮਿਸਤਰੀ ਮੋਹਣ ਸਿੰਘ ਦੇ ਵੱਡੇ ਭਰਾ, ਜੋ ਕਬੀਰਪੰਥੀ ਭਾਈਚਾਰੇ ਨਾਲ ਸੰਬੰਧਿਤ ਸੀ, ਅਮਰੀਕ ਸਿੰਘ ਨੂੰ ਨਾਲ ਲੈ ਕੇ ਸਰਪੰਚ ਦਰਸ਼ਨ ਸਿੰਘ ਚੀਡਸਾ (ਸਵਰਗੀ) ਦੇ ਘਰ ਜਾ ਧਮਕਿਆ, 'ਉਇ, ਮੁਜੀਆ, ਤੂੰ ਹੈਥੇ ਆਰਾਮ ਨਾਲ ਸੁੱਤਾ ਪਿਆਂ, ਉਧਰ ਪੁਲਿਸ ਉਨ੍ਹਾਂ ਦੀਆਂ ਬੁੜੀਆਂ ਨੂੰ ਦਬਕੇ ਮਾਰਦੀ ਆ।'

ਉਹ ਦੇਸ਼ ਭਗਤ ਤੇ ਅਣਖੀਲਾ ਬਿਸ਼ਨਦਾਸ ਤੇ ਟੀ.ਬੀ. ਦਾ ਮਰੀਜ਼ ਅਮਰੀਕ ਸਿੰਘ ਸਰਪੰਚ ਨੂੰ ਨਾਲ ਲੈ ਕੇ ਵਾਹੋਦਾਹੀ ਸਾਡੇ ਘਰ ਪਹੁੰਚ ਗਏ। ਸਰਪੰਚ ਦਾ ਬੋਲ ਪਛਾਣ ਕੇ ਬੀਬੀ ਨੇ ਕੁੰਡਾ ਖੋਲ੍ਹ ਦਿੱਤਾ। ਪੁਲਿਸ ਵਾਲਿਆਂ ਨੇ ਤਲਾਸ਼ੀ ਲਈ। ਘਰੋਂ ਕੀ ਮਿਲਣਾ ਸੀ? ਥਾਣੇਦਾਰ ਬੀਬੀ ਨੂੰ ਕਹਿੰਦਾ, ਤੁਹਾਡਾ ਬੁੱਢਾ ਕਿੱਥੇ ਆ?' ਬੀਬੀ ਨੇ ਕਿਹਾ ਕਿ 'ਉਹ ਤਾਂ ਬਾਹਰ ਖੂਹ 'ਤੇ ਸੁੱਤਾ ਪਿਐ।' ਥਾਣੇਦਾਰ ਗੱਜਿਆ, "ਚਲੋ ਜਾ ਕੇ ਉਹਦੀ ਦਾੜੀ ਪੁੱਟਦੇ ਆਂ।" ਸਰਪੰਚ ਨੇ ਤੁਰੰਤ ਜਵਾਬ ਦਿੱਤਾ, "ਮੈਂ ਬੰਦਿਆਂ ਨੂੰ ਹੱਥ ਨੀ ਲੌਣ ਦੇਣਾ। ਪੁੱਛ-ਗਿੱਛ ਕਰਨੀ ਆ ਤਾਂ ਬੇਸ਼ੱਕ ਕਰੋ। ਜੇ ਤੁਸੀਂ ਧੱਕਾ ਕਰਨਾ ਤਾਂ ਮੈਂ ਕਿਸੇ ਗੱਲ ਲਈ ਜ਼ਿੰਮੇਦਾਰ ਨਹੀਂ।' ਪੁਲਸੀਏ ਇਸ ਜਵਾਬ ਨਾਲ ਕੁਝ ਠੰਡੇ ਪੈ ਗਏ। ਉਹ ਪੁਲਿਸੀਏ ਖੂਹ 'ਤੇ ਗਏ ਜ਼ਰੂਰ, ਤਲਾਸ਼ੀ ਵੀ ਲਈ, ਪਰ ਮਾਰਕੁੱਟ ਤੇ ਗਾਲੀ ਗਲੋਚ ਕਰਨੋਂ ਝਿਜਕ ਗਏ। ਬੀਬੀ ਕਹਿੰਦੀ ਹੈ ਕਿ ਪਿੰਡ ਦੇ ਦੋਵੇਂ ਬੰਦੇ ਪਰ੍ਹੇ ਦੂਰ ਖੜ੍ਹੇ ਸਨ ਅਤੇ ਇਹ ਉਹੀ ਸਨ ਜਿਹੜੇ ਪੁਲਿਸ ਦੇ ਰਾਹ-ਦਰਸਾਵੇ ਬਣਕੇ ਆਏ ਸਨ।

ਬੀਬੀ ਦੱਸਦੀ ਹੈ ਕਿ ਪੁਲਿਸ ਵਾਲੇ ਮੇਰੇ ਬਾਪ ਮਗਰ ਬਹੁਤਾ ਨਹੀਂ ਸਨ ਪੈਂਦੇ। ਉਹ ਪਿੰਡ ਦੇ ਇਨ੍ਹਾਂ ਦੋ ਤਿੰਨ ਸੂਹੀਆਂ ਦੀਆਂ ਖਬਰਾਂ ਕਰਕੇ ਜਸਵੰਤ ਖਟਕੜ ਦੇ ਬਾਪ ਤੇ ਮੇਰੇ ਤਾਇਆ ਜੀ ਬਖਸ਼ੀਸ਼ ਸਿੰਘ ਤੇ ਮੇਰੇ ਛੋਟੇ ਭਰਾ ਜੋਗਾ ਸਿੰਘ ਦੇ ਮਗਰ ਵੱਧ ਪੈਂਦੇ ਸਨ। ਕਾਰਨ ਇਹ ਸੀ ਕਿ ਤਾਇਆ ਜੀ ਤੇ ਜੋਗੇ ਨਾਲ ਮੇਰਾ ਜ਼ਿਆਦਾ ਹੀ ਮੋਹ ਪਿਆਰ ਸੀ।

ਪੁਲਿਸ ਦਾ ਜਬਰ ਲਗਾਤਾਰ ਵਧਦਾ ਹੋਇਆ ਤਰ੍ਹਾਂ-ਤਰ੍ਹਾਂ ਦਾ ਰੂਪ ਧਾਰਨ ਕਰੀ ਜਾ ਰਿਹਾ ਸੀ। ਨਾ ਇਕਬਾਲ ਸਿੰਘ ਦੇ ਅਤੇ ਨਾ ਸਾਡੇ ਘਰਦਿਆਂ ਨੂੰ ਕਣਕ ਗਾਹੁਣ ਦਿੱਤੀ ਗਈ। ਭਰੀਆਂ 'ਤੇ ਮੀਂਹ ਪੈ ਗਿਆ ਤੇ ਦਾਣੇ ਕਾਲੇ ਪੈ ਗਏ। ਮਗਰੋਂ ਸਾਫ ਕਣਕ ਵਿਚ ਕਾਲੀ ਕਣਕ ਰਲ੍ਹਾ ਕੇ ਸਾਰਾ ਸਾਲ ਖਾਂਦੇ ਰਹੇ। ਪੁਲਿਸ ਚੌਕੀ ਪੈਣ ਨਾਲ ਜ਼ਬਰ ਹੋਰ ਵੀ ਤਿੱਖਾ ਹੋ ਗਿਆ। ਬੀਬੀ ਦੱਸਦੀ ਹੈ ਕਿ ਦੇਵ, ਪੁਲਸੀਆਂ ਦੇ ਨਾਲ ਕਿਸ਼ੂ ਹੁਣਾ ਦੇ (ਬਾਹਰਲੀ ਹਰੀਜਨ ਬਸਤੀ) ਗਿਆ ਅਤੇ ਕੋਠੇ 'ਤੇ ਸੁੱਤੀਆਂ ਪਈਆਂ ਔਰਤਾਂ ਦੇ ਮੂੰਹ ਤੋਂ ਕੱਪੜੇ ਲਾਹ ਲਾਹ



ਪਿਤਾ ਚੰਨਣ ਸਿੰਘ ਤੇ ਤਾਇਆ ਬਖਸ਼ੀਸ਼ ਸਿੰਘ

ਕੇ ਦੇਖਣ ਲੱਗਾ ਕਿ ਕਿਤੇ ਕਿਸ਼ੂ (ਸ਼ਹੀਦ ਰਾਮ ਕਿਸ਼ਨ) ਜਨਾਨਾ ਭੇਸ ਬਦਲ ਕੇ ਤਾਂ ਨਹੀਂ ਸੁੱਤਾ ਪਿਆ। ਇਹ ਘਟਨਾ ਮਾਰਚ 1970 ਦੇ ਮਗਰੋਂ ਤੇ ਦੇਵ ਦੇ ਘਰ ਉਪਰ ਹਮਲੇ ਤੋਂ ਪਹਿਲਾਂ ਦੀ ਹੈ। ਦਲਿਤਾਂ ਦੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ, ਅਣਖ ਟੁੰਬੀ ਗਈ, ਉਹ ਗੰਡਾਸੀਆਂ ਲੈ ਕੇ ਰਾਤ ਨੂੰ ਜਾਗਦੇ ਰਹਿਣ ਲੱਗ ਪਏ।

ਇਹ ਕਨਸੋਆਂ ਸੁਣ ਕੇ ਦੇਵ ਅਤੇ ਪੁਲਸੀਏ ਠਠੰਬਰ ਗਏ। ਮੁੜ ਕੇ ਦੇਵ ਨੇ ਅਜਿਹੀ ਹਰਕਤ ਨਹੀਂ ਕੀਤੀ। ਜਦ ਮੈਨੂੰ ਪਤਾ ਲੱਗਾ ਤਾਂ ਬਹੁਤ ਸੰਤੁਸ਼ਟੀ ਹੋਈ। ਫਰਵਰੀ 1970 ਵਿਚ ਮੈਂ ਅਤੇ ਪਰਮਜੀਤ ਚਾਹਲ ਨੇ ਮੰਗੂਵਾਲ ਦੇ ਦਲਿਤਾਂ ਦੀ ਗੁਪਤ ਮੀਟਿੰਗ ਕਰਵਾਈ ਸੀ, ਬਾਹਰਲੀ ਬਸਤੀ (ਚਮਾਰਤੀ) ਚੌਧਰੀ ਫਕੀਰ ਦੇ ਢਾਰੇ ਵਿਚ, ਲਾਲਟੈਨ ਦੀ ਲੋਅ ਵਿਚ ਜਿਸ ਵਿਚ ਚੌਧਰੀ ਦੇ ਮੁੰਡੇ, ਚੌਧਰੀ ਰਤਨ, ਬੀਰੂ, ਮੇਰਾ ਜਮਾਤੀ ਹਰੀ ਦੇਵ, ਦੇਵ, ਕਰਤਾਰਾ ਰਾਮ, ਬਾਰੂ ਰਾਮ ਸਮੇਤ ਕੋਈ 20 ਬੰਦਿਆਂ ਨੇ ਹਿੱਸਾ ਲਿਆ ਸੀ ਤੇ ਅਸੀਂ ਦਲਿਤਾਂ 'ਤੇ ਹੁੰਦੇ ਜਾਤ-ਪਾਤ ਦੇ ਦਮਨ ਤੇ ਵਿਤਕਰੇ ਨੂੰ ਵੀ ਵਿਸਥਾਰ ਸਹਿਤ ਬਿਆਨ ਕੀਤਾ ਸੀ। ਜਦ ਦਲਿਤਾਂ ਨੇ ਗੰਡਾਸੀਆਂ ਸੰਭਾਲ ਲਈਆਂ ਤਾਂ ਮੈਨੂੰ ਜਾਪਿਆ ਕਿ ਉਨ੍ਹਾਂ ਨੇ ਮੀਟਿੰਗ ਦੀ ਕਦਰ ਪਾ ਦਿੱਤੀ ਸੀ।

ਬਕੌਲ ਬੀਬੀ, ਪੁਲਿਸ ਛੋਟੇ ਭਰਾ ਗੋਗੀ, ਉਦੋਂ ਉਮਰ 8-9 ਸਾਲ, ਤੋਂ ਬਹੁਤ ਦੁਖੀ ਸੀ। ਉਸਨੂੰ ਬਹੁਤ ਦਬਕਦੀ ਅਤੇ ਇਕ ਵਾਰ ਚੌਕੀ ਵੀ ਲੈ ਗਈ। ਪੁਲਿਸ ਦਾ ਕਹਿਣਾ ਸੀ ਕਿ ਜਿੱਧਰ ਜਾਓ ਇਹ ਉਧਰ ਮੋਹਰੇ ਹੁੰਦਾ ਹੈ। ਕਿਹਾ ਕਰਨ, 'ਮਾਈ ਤੁਹਾਡਾ ਮੁੰਡਾ ਤਾਂ ਛਲੇਡਾ ਆ।' ਪਰ ਮਗਰੋਂ ਚੌਕੀ ਵਾਲਿਆਂ ਨੇ ਛੱਡ ਦਿੱਤਾ ਸੀ। ਉਸਤੋਂ ਵੱਡੇ ਤੇ ਮੈਥੋਂ ਛੋਟੇ ਜੋਗਾ ਸਿੰਘ ਨੂੰ ਤਾਂ ਪੁਲਿਸ ਨੇ ਪੁੱਠਾ ਲਟਕਾ-ਲਟਕਾ ਕੇ ਭੇਦ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਉਸਦੀ ਉਮਰ ਵੀ 13-14 ਸਾਲ ਦੀ ਹੀ ਸੀ। ਜਸਵੰਤ ਖਟਕੜ ਤੋਂ ਛੋਟੇ ਜਸਵਿੰਦਰ ਨੂੰ ਵੀ ਅਨੇਕਾਂ ਵਾਰ ਪੁਲਿਸ ਨੇ ਫੜਿਆ ਤੇ ਕੁੱਟਮਾਰ ਕੀਤੀ ਸੀ। ਉਹ ਵੀ ਉਦੋਂ 11-12 ਸਾਲਾਂ ਦਾ ਹੀ ਸੀ। ਰੋਜ਼ ਦੀ ਖੱਜਲ-ਖੁਆਰੀ ਦੇ ਭੰਨੇ ਹੋਏ, ਤਾਇਆ ਜੀ ਆਪਣੇ ਧਰਮ-ਭਰਾ ਭਾਈ ਬਾਵਾ ਸਿੰਘ ਭਾਤਪੁਰ ਨੇੜੇ ਸੈਲਾ, ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ ਜਾ ਕੇ ਰਹਿਣ ਲੱਗ ਪਏ। ਇਹ ਹੀ ਉਹ ਥਾਂ ਹੈ ਜਿੱਥੇ 5 ਜਨਵਰੀ, 1970 ਨੂੰ ਮੈਂ ਅਤੇ ਕਾਮਰੇਡ ਹਾਕਮ ਸਿੰਘ ਸਮਾਉਂ (ਸਵਰਗੀ) ਗ੍ਰਿਫਤਾਰ ਕੀਤੇ ਗਏ ਸਾਂ।

ਬੀਬੀ ਦੱਸਦੀ ਹੈ ਕਿ 'ਦੇਵ ਨੇ ਪੁਲਿਸ ਨਾਲ ਰਲ੍ਹ ਕੇ ਪਿੰਡ ਵਿਚ ਮੋਰ ਮਾਰ ਕੇ ਖਾਧਾ ਸੀ। ਮੋਰ ਮਾਰਨ ਦੀ ਘਟਨਾ 'ਤੇ ਸਾਰੇ ਪਿੰਡ ਆਲ੍ਹੇ ਚੌਕੀ ਫੂਕਣ ਲਈ ਚੜ੍ਹ ਪਏ, ਕੀ ਬੱਚਾ ਕੀ ਬੁੱਢਾ, ਕੋਈ ਪਿੱਛੇ ਨਾ ਰਿਹਾ। ਪੁਲਸੀਏ ਕੰਧਾਂ ਟੱਪ ਕੇ ਚੌਕੀ ਛੱਡ ਕੇ ਭੱਜ ਗਏ। ਜਿਹੜੇ ਚੌਕੀ ਆਲ੍ਹੇ ਮਗਰੋਂ ਆਏ, ਉਨ੍ਹਾਂ ਦਾ ਵਰਤੋਂ ਵਿਹਾਰ ਬਦਲਿਆ ਹੋਇਆ ਸੀ। ਉਹ ਕਈ ਵਾਰ ਲੁਕ-ਛਿਪ ਕੇ ਘਰ ਵੀ ਆ ਕੇ ਦਲਾਸਾ ਦੇ ਜਾਂਦੇ। ਕਹਿੰਦੇ ਮਾਤਾ ਸਾਨੂੰ ਸਾਰੀ ਗੱਲ ਦਾ ਪਤਾ ਲੱਗ ਗਿਐ। ਮੁੰਡਿਆਂ ਦਾ ਕੋਈ ਕਸੂਰ ਨੀ, ਇਹ ਸਾਲਾ ਮਾਸਟਰ ਈ ਪੁਆੜੇ ਦੀ ਜੜ੍ਹ ਆ। ਉਪਰੋਂ ਕੋਈ ਆਉਣ ਤਾਂ ਆਉਣ, ਸਾਡੇ ਕੋਲੋਂ ਡਰਨ ਦੀ ਲੋੜ ਨੀਂ।'

ਬੀਬੀ ਨੇ ਦੱਸਿਆ ਕਿ ਮੇਰੀ ਤੇ ਸਾਥੀ ਹਾਕਮ ਸਿੰਘ ਸਮਾਉਂ ਦੀ ਗ੍ਰਿਫਤਾਰੀ ਦੀ ਖਬਰ ਮਗਰੋਂ ਵੀ, ਚੌਕੀ ਵਿਚੋਂ ਇਕ ਸਿਪਾਹੀ, ਲੁਕਦਾ-ਛਿਪਦਾ, ਸੋਘਾ ਹੁੰਦਾ ਹੋਇਆ ਸਾਡੇ ਘਰ ਆਇਆ ਸੀ। ਚਾਣਚੱਕ ਅੰਦਰ ਵੜ ਕੇ, ਉਸ ਬਾਹਰਲਾ ਦਰਵਾਜ਼ਾ ਢੋਅ ਲਿਆ ਤੇ ਉਥੇ ਹੀ ਖੜਾ ਕਹਿੰਦਾ ਗਿਆ, 'ਏ ਬੀਬੀ, ਜੇ ਤੁਹਾਡੀ ਕੋਈ ਸਫਾਰਸ਼ ਹੈਗੀ ਤਾਂ ਮੁੰਡੇ ਨੂੰ ਬਚਾ ਲਉ। ਅਜੇ ਵੀ ਸਹੁਰਿਆਂ ਦਾ ਪਤਾ ਨ੍ਹੀਂ, ਕੀ ਕਰ ਦੇਣ।'

'ਸਾਡੀ ਤਾਂ ਭਾਈ ਰੱਬ ਕੋਲ ਈ ਸਫਾਰਸ਼ ਆ।' ਬੀਬੀ ਦੀ ਬੇਵਸੀ ਨੂੰ ਜਾਣਦਾ ਸਿਪਾਹੀ ਆਪਣਾ ਫਰਜ਼ ਪੂਰਾ ਕਰਕੇ ਚਲਾ ਗਿਆ ਸੀ।

ਬੀਬੀ ਦੇ ਇਸ ਬਿਰਤਾਂਤ ਦੀ ਪੁਸ਼ਟੀ ਉਦੋਂ ਹੋ ਗਈ ਸੀ ਜਦੋਂ ਜਨਵਰੀ 1970 ਦੀ ਲੋਹੜੀ ਤੋਂ ਕੁਝ ਦਿਨ ਪਹਿਲਾਂ ਮੇਰਾ ਰਿਮਾਂਡ ਲੈ ਕੇ ਮੈਨੂੰ ਬੰਗੇ ਥਾਣੇ ਦੀ ਪੱਛਮੀ ਪਾਸੇ ਦੀ ਹਵਾਲਾਤ 'ਚ ਰੱਖਿਆ ਗਿਆ ਸੀ। ਲੋਹੜੀ ਵਾਲੀ ਰਾਤ ਨੂੰ ਜਿਹੜਾ ਸਿਪਾਹੀ ਗਾਰਡ-ਡਿਊਟੀ 'ਤੇ ਸੀ, ਉਹ ਸਾਡੇ ਪਿੰਡ ਦੀ ਚੌਕੀ ਵਿਚ ਰਹਿ ਕੇ ਆਇਆ ਸੀ। ਉਹ ਵਾਰ-ਵਾਰ ਆਖੇ ਕਿ 'ਤੂੰ ਜੋ ਕਹੇਂ ਮੈਂ ਲਿਆਉਣ ਨੂੰ ਤਿਆਰ ਆਂ।' ਮੈਂ ਲਗਾਤਾਰ ਨਾਂਹ ਕਰਦਾ ਗਿਆ। ਆਖਰ ਮੂੰਗਫਲੀ ਤੇ ਰਿਉੜੀਆਂ 'ਤੇ ਆ ਕੇ ਗੱਲ ਮੁੱਕੀ।

ਇੰਨੇ ਸਾਲ ਬੀਤ ਗਏ ਹਨ। ਮਗਰੋਂ ਵੀ ਬੜੀਆਂ ਸੱਟਾਂ ਵੱਜੀਆਂ। ਸਾਥੀ ਬਲਦੇਵ ਮਾਨ, ਸਾਥੀ ਜੈਮਲ ਪੱਡਾ ਨੂੰ ਬੀਬੀ ਜਾਣਦੀ ਸੀ। ਗਿਆਨ ਸਿੰਘ ਸੰਘਾ ਤਾਂ ਘਰ ਦਾ ਅੰਗ ਸੀ। ਇਹ ਸਾਰੇ ਇੱਕ-ਇੱਕ ਕਰਕੇ ਰਣਭੂਮੀ 'ਚ ਸ਼ਹੀਦ ਹੋ ਗਏ। ਪੰਜਾਬ ਦੇ ਸੰਤਾਪੇ ਦਿਨਾਂ ਵਿਚ ਬੀਬੀ ਕਦੇ-ਕਦੇ ਖਬਰਦਾਰ ਜ਼ਰੂਰ ਕਰਦੀ, ਕਦੇ ਆਪਣੇ ਵਲੋਂ ਅਤੇ ਕਦੇ ਮੇਰੇ ਮਾਮਿਆਂ ਦਾ ਹਵਾਲਾ ਦੇ ਕੇ। ਪਰ ਸ਼ਹੀਦਾਂ ਦੇ ਖੂਨ ਦੀ ਤਪਸ਼, ਕਦ ਟਿਕਣ ਦਿੰਦੀ ਹੈ।

ਬੀਬੀ ਨੇ ਮੇਰੇ ਕਾਰਨ ਪਈਆਂ ਮੁਸੀਬਤਾਂ, ਹੋਏ ਨੁਕਸਾਨ, ਨਿਰੰਤਰ ਤੰਗੀ ਦਾ ਕਦੇ ਉਲਾਂਭਾ ਨਹੀਂ ਦਿੱਤਾ ਅਤੇ ਨਾ ਝੋਰਾ ਕੀਤਾ ਹੈ। ਉਹ ਨਿਤਨੇਮ ਕਰਨ ਵਾਲੀ ਔਰਤ ਵੀ ਨਹੀਂ। ਪਰ ਤਦ ਵੀ ਉਸਨੇ ਹਾਲਾਤ ਦੇ ਭਾਣੇ ਨੂੰ ਮੰਨਣਾ ਸਿੱਖਿਆ ਹੈ। ਇਕ ਵਾਰ ਸਾਡਾ ਪੈਸਿਆਂ ਦਾ ਨੁਕਸਾਨ ਵੀ ਹੋ ਗਿਆ। ਮੈਂ ਘਰ ਨਹੀਂ ਦੱਸਿਆ ਕਿ ਮਾਤਾ ਨੂੰ ਠੇਸ ਲੱਗੇਗੀ। ਜਦ ਚਿਰ ਬਾਅਦ ਉਸਨੂੰ ਮੇਰੀ ਭਤੀਜੀ ਰੰਮੀ ਤੋਂ ਪਤਾ ਲੱਗਾ ਤਾਂ ਬੀਬੀ ਮੈਨੂੰ ਦਿਲਾਸੇ ਦਿੰਦੀ ਰਹੀ। ਸ਼ਾਇਦ ਉਸਨੂੰ ਇਹ ਵਿਸ਼ਵਾਸ ਹੈ ਕਿ ਮੈਂ ਜੋ ਕਰਾਂਗਾ ਗਲਤ ਨਹੀਂ ਕਰਾਂਗਾ। ਇਹ ਵਿਸ਼ਵਾਸ ਉਸਨੂੰ ਮੇਰੀ ਅੱਲੜ ਵਰੇਸ ਤੋਂ ਹੀ ਹੈ। ਅੱਠਵੀਂ ਜਮਾਤ ਦਾ ਦਾਖਲਾ ਦੇਣ ਵੇਲੇ ਘਰ ਪੈਸੇ ਨਹੀਂ ਸਨ। ਬੀਬੀ ਨੇ ਆਪਣੀਆਂ ਮੁਰਕੀਆਂ ਦੇ ਕੇ ਮੈਨੂੰ ਹੀ ਰਾਧਾ ਕ੍ਰਿਸ਼ਨ ਸੁਨਿਆਰੇ ਕੋਲ ਭੇਜਿਆ ਅਤੇ ਉਹ ਗਿਰਵੀ ਰੱਖ ਕੇ ਮੇਰੀ ਫੀਸ ਭਰੀ ਸੀ। ਜਿਹੜੀ ਟੋਕ-ਟੁਕਾਈ ਕਰਨੀ ਸੀ ਉਹ ਉਸਨੇ ਦੂਸਰੀ-ਤੀਸਰੀ ਜਮਾਤ ਤੱਕ ਹੀ ਕਰ ਲਈ। ਮਗਰੋਂ ਨਾ ਮੈਂ ਮੌਕਾ ਦਿੱਤਾ ਅਤੇ ਨਾ ਉਸ ਮੌਕਾ ਲਿਆ। ਮੇਰੀ ਮਾਂ ਦੇ ਇਸ ਸੁਭਾਅ ਨੇ, ਇਨਕਲਾਬੀ ਲਹਿਰ ਵਿਚ ਮੇਰੀ ਬਹੁਤ ਇਖਲਾਕੀ ਮਦਦ ਕੀਤੀ ਹੈ। ਕਦੇ ਆਪਣੇ ਜਾਂ ਘਰ ਲਈ ਕੋਈ ਮੰਗ ਨਹੀਂ ਪਾਈ, ਕਦੇ ਕਿਸੇ ਨਾਜਾਇਜ਼ ਕੰਮ ਲਈ ਨਹੀਂ ਕਿਹਾ, ਕਦੇ ਘਰ ਦੇ ਬੰਧਨ 'ਚ ਬੰਨਣ ਲਈ ਜ਼ੋਰ ਨਹੀਂ ਪਾਇਆ। ਜਦੋਂ ਮੇਰੇ ਬਿਨਾਂ ਬਾਕੀ ਪਰਿਵਾਰ ਸਹਾਰਨਪੁਰ ਕੋਲ ਜ਼ਮੀਨ ਖਰੀਦ ਕੇ ਉਥੇ ਜਾ ਵਸਿਆ ਤਾਂ ਵੀ ਬੀਬੀ ਨੇ ਨਾਲ ਜਾਣ ਲਈ ਨਹੀਂ ਕਿਹਾ। ਸਗੋਂ ਮੇਰੇ ਪਿੰਡ ਰਹਿਣ ਦੀ ਲੋੜ ਨੂੰ ਬਿਨਾਂ ਕਿੰਤੂ ਤੋਂ ਸਵੀਕਾਰ ਹੀ ਕਰ ਲਿਆ ਸੀ। ਸਗੋਂ ਜਦੋਂ ਉਥੋਂ ਪਿੰਡ ਮਿਲਣ ਆਉਂਦੀ ਤਾਂ ਮੇਰੇ ਲਈ ਕੁੜਤੇ-ਪਜਾਮੇ ਜਾਂ ਪੈਂਟ-ਬੁਸ਼ਰਟ ਦਾ ਕੱਪੜਾ ਨਾਲ ਲੈ ਕੇ ਆਉਂਦੀ ਰਹੀ। ਮੈਨੂੰ ਆਪਣੇ ਬਾਪ ਦੀ ਮੌਤ ਦੀ ਖਬਰ ਵੀ ਕਈ ਦਿਨ ਬਾਦ, ਉਥੇ ਜਾਣ 'ਤੇ ਹੀ ਲੱਗੀ ਸੀ, ਜਦ ਮੈਂ ਐਜੀਟੇਸ਼ਨ ਦੇ ਕੰਮ ਤੋਂ ਵਿਹਲ ਕੱਢ ਕੇ, ਆਪਣੇ ਬਾਪ ਨੂੰ ਪੀ.ਜੀ.ਆਈ. ਚੰਡੀਗੜ੍ਹ 'ਚ ਦੁਬਾਰਾ ਚੈਕ ਕਰਾਉਣ ਖਾਤਰ ਲੈਣ ਗਿਆ ਸੀ।

ਮੇਰਾ ਬਿਮਾਰ ਬਾਪ ਮੈਨੂੰ ਆਵਾਜ਼ਾਂ ਮਾਰ ਮਾਰ ਕੇ ਬੁਲਾਉਂਦਾ ਰਿਹਾ ਸੀ, 'ਉਇ ਦਰਸ਼ਣਾ, ਕਿਤੇ ਕਾਂ ਬਣ ਕੇ ਬਹੁੜ ਪੈ!' ਯੂ.ਪੀ. ਵਾਲੇ ਆਪਣੇ ਘਰ ਜਾ ਕੇ ਹੀ ਪਤਾ ਲੱਗਾ ਕਿ ਪੰਛੀ ਤਾਂ ਉਡੀਕ ਉਡੀਕ ਕੇ ਉਡ ਗਿਆ ਸੀ।

ਬੀਬੀ ਨੇ ਇਸ ਦੇਰੀ ਲਈ ਵੀ ਮੇਰੇ 'ਤੇ ਗਿਲਾ ਨਹੀਂ ਕੀਤਾ, ਕੋਈ ਨਿਹੋਰਾ ਨਹੀਂ ਦਿੱਤਾ। ਇਸਦਾ ਇੱਕ ਕਾਰਨ ਉਹ ਖਬਰਸਾਰ ਵੀ ਸੀ ਜੋ ਮੇਰੇ ਬਾਪ ਨੇ ਬੀਬੀ ਨੂੰ ਪੰਜਾਬੋਂ ਜਾ ਕੇ ਦੱਸੀ ਸੀ। ਉਸ ਦੱਸਿਆ ਸੀ ਕਿ 'ਮੁੰਡੇ ਨੇ ਮੇਰੀ ਬਹੁਤ ਸੰਭਾਲ ਕੀਤੀ। ਮੇਰਾ ਗੰਦ ਧੋਇਆ, ਮੈਨੂੰ ਨੁਲਾਇਆ, ਕੱਪੜੇ ਧੋਤੇ। ਦਰਸ਼ਣ ਤੇ ਮਾਲ੍ਹ (ਮੇਰਾ ਸਾਥੀ ਸਰਦਾਰਾ ਸਿੰਘ ਮਾਹਿਲ) ਮੈਨੂੰ ਬਹੁਤ ਸੰਭਾਲ ਕੇ ਚੰਡੀਗੜ੍ਹ ਲੈ ਕੇ ਗਏ ਸੀ।' ਬੀਬੀ ਇਸ ਫਰਜ਼-ਪੂਰਤੀ ਕਾਰਨ ਸੰਤੁਸ਼ਟ ਸੀ।

ਹੁਣ ਉਸਦੀ ਉਮਰ 84-85 ਦੇ ਨੇੜੇ ਹੈ। ਨਜ਼ਰ ਦੀ ਕਮਜ਼ੋਰੀ ਉਸਨੂੰ ਪਰੇਸ਼ਾਨ ਕਰਦੀ ਹੈ, ਉਂਜ ਉਸਨੂੰ ਕੋਈ ਖਾਸ ਤਕਲੀਫ ਨਹੀਂ। ਸੁਰਤੀ ਪੂਰੀ ਤਰ੍ਹਾਂ ਕਾਇਮ ਹੈ। ਪੁਰਾਣੀਆਂ ਅਤੇ ਨਵੀਆਂ ਗੱਲਾਂ ਦੇ ਪੂਰੇ ਵੇਰਵੇ ਉਸਨੂੰ ਯਾਦ ਹਨ। ਮੇਰੇ ਖਾਸ ਖਾਸ ਸਾਥੀਆਂ ਦੇ ਨਾਂ ਉਸਨੂੰ ਭਲੀ-ਭਾਂਤ ਯਾਦ ਹਨ। ਕਈ ਵਾਰ ਪੁੱਛਦੀ ਹੈ, 'ਮਾਲ੍ਹ (ਸਰਦਾਰਾ ਸਿੰਘ ਮਾਹਿਲ) ਦਾ ਕੀ ਹਾਲ ਆ। ਉਹਦੀ ਬੀਬੀ ਕਿੱਦਾਂ ਆ? ਅਜਮੇਰ ਠੀਕ ਠਾਕ ਆ? ਬੱਜੋਂ ਆਲਾ ਸਰਪੰਚ (ਬਾਬਾ ਚੂਹੜ ਸਿੰਘ ਬੱਜੋਂ) ਜਲੰਧਰੇ ਈ ਰਹਿੰਦੈ। ਉਹਦੇ ਮੁੰਡੇ ਕਿੱਥੇ-ਕਿੱਥੇ ਆ।' ਨਵੇਂ ਸਾਥੀਆਂ ਵਿਚੋਂ ਉਹ ਥੋਹੜਿਆਂ ਨੂੰ ਹੀ ਜਾਣਦੀ ਹੈ।

ਬੀਬੀ ਤੇ ਭਾਈਏ ਦੇ ਸੁਭਾਅ ਦਾ ਅਸਰ ਸਾਰੇ ਪਰਿਵਾਰ ਉਪਰ ਹੀ ਹੈ। ਮੇਰੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਪਰਿਵਾਰ ਵੀ ਸਦਾ ਸਾਡੀ ਲਹਿਰ ਦੇ ਸਹਿਯੋਗੀ ਰਹੇ ਹਨ, ਕਦੇ ਕਿਸੇ ਨੇ ਮੱਥੇ ਵੱਟ ਨਹੀਂ ਪਾਇਆ। ਇਨਕਲਾਬੀ ਰਾਹ 'ਤੇ ਮੈਨੂੰ ਅਡੋਲ ਤੁਰਦੇ ਰੱਖਣ ਵਿਚ ਇਨ੍ਹਾਂ ਸਾਰਿਆਂ ਦਾ ਨਿੱਘਾ ਸਹਿਯੋਗ ਚੱਲਿਆ ਆ ਰਿਹਾ ਹੈ।

ਮੈਂ ਕਈ ਵਾਰ ਸੋਚਦਾਂ ਕਿ ਜੇ ਉਸਦਾ ਸੁਭਾਅ ਇਕ ਆਮ ਔਰਤ ਵਰਗਾ ਹੁੰਦਾ ਤਾਂ ਮੇਰੇ ਨਾਲ ਕੀ ਬੀਤਦੀ? ਮੈਂ ਆਪਣੀ ਮਾਂ ਦੇ ਇਸ ਸਹਿਯੋਗ, ਸਾਥ, ਕੁਰਬਾਨੀ ਤੇ ਅਸੀਸਾਂ ਲਈ ਉਸਦਾ ਸਦਾ ਹੀ ਰਿਣੀ ਰਹਿੰਦਾ ਹਾਂ ਕਿਉਂਕਿ ਇਨਕਲਾਬੀ ਰਾਹ ਉਪਰ ਉਸਨੇ ਮੇਰੇ ਪੈਰਾਂ 'ਚ ਘਰੇਲੂ ਚਿੰਤਾ-ਫਿਕਰ ਦੇ ਕੰਡੇ ਨਹੀਂ ਖਿੰਡਣ ਦਿੱਤੇ।

# ਪੁਰਾਣੀਆਂ ਪੰਜਾਬੀ ਫਿਲਮਾਂ ਨੂੰ ਯਾਦ ਕਰਦਿਆਂ

ਫਿਲਮੀ ਦੁਨੀਆਂ


**ਭੁਪਿੰਦਰ ਪੰਧੇਰ, ਫਰਿਜ਼ਨੋ**

ਪੰਜਾਬੀਆਂ ਨੇ ਹਰ ਖੇਤਰ ਵਿਚ ਆਪਣੀ ਧਾਕ ਜਮਾਈ ਹੈ। ਪੰਜਾਬੀ ਲੋਕ, ਪੰਜਾਬੀ ਬੋਲੀ ਅਤੇ ਪੰਜਾਬੀ ਪਹਿਰਾਵਾ ਦੁਨੀਆਂ ਦੇ ਹਰ ਕੋਨੇ ਵਿਚ ਮੌਜੂਦ ਹਨ। ਜੇ ਪੁਰਾਣੇ ਦੌਰ ਦੀਆਂ ਪੰਜਾਬੀ ਫਿਲਮਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਆਪਣੀ ਪਹਿਚਾਨ ਸੀ ਬੇਸ਼ੱਕ ਉਸ ਜ਼ਮਾਨੇ ਵਿਚ ਪੰਜਾਬੀ ਫਿਲਮਾਂ ਦਾ ਬਜਟ ਬਹੁਤ ਹੀ ਸੀਮਤ ਹੋਣ ਕਾਰਨ ਜ਼ਿਆਦਾਤਰ ਸਟੂਡੀਓ ਵਿਚ ਹੀ ਫਿਲਮਾਈਆਂ ਜਾਂਦੀਆਂ ਸਨ। ਹਲਕੀ-ਫੁਲਕੀ ਕਹਾਣੀ ਦੇ ਬਾਵਜੂਦ ਸੰਗੀਤ ਪੱਖੋਂ ਸੰਪੂਰਨ ਹੁੰਦੀਆਂ ਸਨ। ਪੁਰਾਣੀਆਂ ਫਿਲਮਾਂ ਦਾ ਸੰਗੀਤ ਅੱਜ ਵੀ ਸੁਣਨ ਨੂੰ ਉਨਾਂ ਹੀ ਪਿਆਰਾ ਲੱਗਦਾ ਹੈ।

ਲਤਾ ਮੰਗੇਸ਼ਕਰ ਦਾ 'ਵਣਜਾਰਾ' ਫਿਲਮ ਲਈ ਗਾਇਆ ਗੀਤ, 'ਮੋਹ ਲਈ ਬੁਲਬੁਲ ਵਰਗੀ ਜੱਟੀ' ਉਸ ਸਮੇਂ ਬਹੁਤ ਮਕਬੂਲ ਹੋਇਆ ਸੀ। ਇਸੇ ਤਰ੍ਹਾਂ ਹੋਰ ਫਿਲਮਾਂ ਦੇ ਗੀਤ ਆਪਣੇ-ਆਪਣੇ ਸਮੇਂ ਮਕਬੂਲ ਹੋਏ ਜਿਵੇਂ ਭੰਗੜੇ ਦੇ ਗੀਤ ਸ਼ਮਸ਼ਾਦ ਬੇਗਮ ਤੇ ਮੁਹੰਮਦ ਰਫੀ ਦੀ ਆਵਾਜ਼ 'ਚ 'ਰੱਬ ਨਾ ਕਰੇ ਜੇ ਚਲਾ ਜਾਵੇ ਤੂੰ ਵਿਛੜ ਕੇ', 'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ', 'ਜੱਟ ਕੁੜੀਆਂ ਤੋਂ ਡਰਦਾ ਮਾਰਾ', ਹਾਏ ਨੀ ਮੇਰਾ ਬਾਲਮ', ਫਿਲਮ 'ਲੱਛੀ' ਦੇ ਗੀਤ- 'ਮੇਰੀ ਲੱਗਦੀ ਕਿਸੇ ਨਾ ਦੇਖੀ', 'ਜੱਗ ਵਾਲਾ ਮੇਲਾ ਯਾਰੋ ਥੋੜੀ ਦੇਰ ਦਾ', 'ਸਤਲੁਜ ਦੇ ਕੰਢੇ' ਦਾ ਗੀਤ, ਜੋ ਲਤਾ ਮੰਗੇਸ਼ਕਰ ਅਤੇ ਮੁਹੰਮਦ ਰਫੀ ਨੇ ਗਾਇਆ ਸੀ, 'ਸੁਨ ਮੇਰੇ ਮਾਹੀ ਸਿਖ ਚਿਤ ਪ੍ਰਚਾਉਣਾ, ਐਡਾ ਵੱਡਾ ਹੋ ਕੇ ਵੀ ਇਆਣੇ ਦਾ ਇਆਣਾ', ਫਿਲਮ 'ਗੁੱਡੀ' ਦਾ ਸ਼ਮਸ਼ਾਦ ਬੇਗਮ ਦਾ ਗਾਇਆ, 'ਰੇਲ ਗੱਡੀਏ', ਫਿਲਮ 'ਮਾਮਾ ਜੀ' ਦਾ 'ਤੇਰੀ ਦੋ ਟਕਿਆ ਦੀ ਨੌਕਰੀ ਵੇ ਮੇਰਾ ਲੱਖਾਂ ਦਾ ਸਾਵਣ ਜਾਂਦਾ' ਅਤੇ ਫਿਲਮ 'ਕਣਕਾਂ ਦੇ ਉਹਲੇ' ਦਾ ਗੀਤ 'ਨੀ ਚੰਬੇ ਦੀਏ ਡਾਲੀਏ' ਵਰਗੇ ਸਦਾ ਬਹਾਰ ਗੀਤ ਪੁਰਾਣੇ ਸੰਗੀਤ ਪ੍ਰੇਮੀਆਂ ਦੇ ਅੱਜ ਵੀ ਦਿਲ-ਦਿਮਾਗ 'ਤੇ ਛਾਏ ਹੋਏ ਹਨ। ਫਿਲਮ 'ਦੋ ਲੱਛੀਆਂ' ਦਾ ਮਸ਼ਹੂਰ 'ਤੇਰੀ ਕਣਕ ਦੀ ਰਾਖੀ ਮੁੰਡਿਆ ਵੇ ਹੁਣ ਮੈਂ ਨਾ ਬਹਿੰਦੀ' ਗੀਤ ਦਾ ਤਾਂ ਗਿਧਾ-ਭੰਗੜਾ ਕਲਚਰਲ ਗਰੁਪਾਂ ਵਾਲੇ ਡੀ.ਜੇ. 'ਤੇ ਖੂਬ ਰੀਮਿਕਸ ਵਜਾਉਂਦੇ ਹਨ।


ਹਿੰਦੀ ਫਿਲਮ ਇੰਡਸਟਰੀ 'ਚ ਪੰਜਾਬੀ ਮੂਲ ਦੇ ਨਿਰਦੇਸ਼ਕਾਂ ਦੀ ਬਹੁਤ ਭਰਮਾਰ ਰਹੀ ਹੈ। ਬੀ.ਆਰ. ਚੋਪੜਾ, ਯਸ਼ ਚੋਪੜਾ, ਵਿਜੇ ਅਨੰਦ, ਚੇਤਨ ਅਨੰਦ, ਭਾਖੜੀ ਬ੍ਰਦਰਜ਼, ਮਨੋਜ ਕੁਮਾਰ, ਮਹਿੰਦਰ ਸੰਧੂ, ਰਜਿੰਦਰ ਸਿੰਘ ਬੇਦੀ, ਆਈ ਐਸ ਜੌਹਰ, ਸੁਭਾਸ਼ ਘਈ, ਸੁਖਵੰਤ ਚੱਢਾ, ਮਨਮੋਹਨ ਸਿੰਘ, ਅਨਿਲ ਸ਼ਰਮਾ ਅਤੇ ਗੁਲਜ਼ਾਰ ਜਿਹੇ ਵੱਡੇ ਨਾਂ ਹਿੰਦੀ ਫਿਲਮਾਂ 'ਚ ਛਾਏ ਰਹੇ ਹਨ ਜਿਨ੍ਹਾਂ ਦੇ ਬਿਹਤਰੀਨ ਨਿਰਦੇਸ਼ਨ ਸਦਕਾ ਪੰਜਾਬੀਅਤ ਦਾ ਝੰਡਾ ਬੁਲੰਦ ਰਿਹਾ ਹੈ ਪਰ ਜ਼ਿਆਦਾਤਰ ਨੇ ਪੰਜਾਬੀ ਫਿਲਮਾਂ ਨੂੰ ਘਾਟੇ ਦਾ ਸੌਦਾ ਸਮਝ ਕੇ ਪਾਸਾ ਹੀ ਵੱਟੀ ਰੱਖਿਆ। ਸੁਭਾਸ਼ ਘਈ ਵਰਗੇ ਸ਼ੋਅਮੈਨ ਵੀ ਕਦੇ ਪੰਜਾਬੀ ਫਿਲਮ 'ਸ਼ੇਰਨੀ' 'ਚ ਹੀਰੋ ਆਏ ਸਨ। ਓਮ ਪ੍ਰਕਾਸ਼ ਨੇ ਰਾਜ ਬੱਬਰ, ਨਵੀਨ ਨਿਸ਼ਚਲ, ਠਾਕੁਰ ਕਿਰਨ ਸਿੰਘ (ਕਿਰਨ ਖੇਰ) ਅਤੇ ਪ੍ਰੀਤੀ ਸਪਰੂ ਜਿਹੇ ਸਥਾਪਤ ਕਲਾਕਾਰਾਂ ਨੂੰ ਲੈ ਕੇ ਪੰਜਾਬੀਆਂ ਲਈ ਇਕ 'ਆਸਰਾ ਪਿਆਰ ਦਾ' ਬਣਾਉਣ ਦਾ ਵਾਅਦਾ ਪੂਰਾ ਕੀਤਾ ਸੀ ਪਰ ਇਕ ਫਿਲਮ ਬਣਾਉਣ ਤੋਂ ਬਾਅਦ ਉਹ ਵੀ ਪਿੱਛੇ ਹੱਟ ਗਏ।

ਪ੍ਰਿਥਵੀ ਰਾਜ ਕਪੂਰ ਵਰਗੇ ਮਹਾਨ ਕਲਾਕਾਰ, ਜਿਸਨੇ 1931 ਵਿਚ ਭਾਰਤ ਦੀ ਪਹਿਲੀ ਬੋਲਦੀ ਫਿਲਮ 'ਆਲਮ ਆਰਾ' ਵਿਚ ਕੰਮ ਕੀਤਾ ਅਤੇ 'ਮੁਗਲ-ਏ-ਆਜ਼ਮ' ਵਿਚ ਅਕਬਰ ਦੀ ਨਾ-ਭੁਲਣਯੋਗ ਨਿਭਾਈ ਭੂਮਿਕਾ, ਨੇ ਵੀ ਪੰਜਾਬੀ ਫਿਲਮ 'ਮੇਲੇ ਮਿਤਰਾਂ ਦੇ' ਅਤੇ ਗੋਲਡਨ ਜੁਬਲੀ ਸਦਾਬਹਾਰ ਫਿਲਮ 'ਨਾਨਕ ਨਾਮ ਜਹਾਜ਼ ਹੈ' 'ਚ ਮੁਖ ਭੂਮਿਕਾ ਨਿਭਾਈ ਸੀ। ਸ਼ੁਰੂ ਸ਼ੁਰੂ ਵਿਚ ਪ੍ਰੇਮ ਚੋਪੜੇ ਨੇ ਵੀ ਪੰਜਾਬੀ ਫਿਲਮਾਂ 'ਪ੍ਰਦੇਸਣ', 'ਇਹ ਧਰਤੀ ਪੰਜਾਬ ਦੀ' ਅਤੇ ਰਾਸ਼ਟਰੀ ਐਵਾਰਡ ਜੇਤੂ 'ਚੌਧਰੀ ਕਰਨੈਲ ਸਿੰਘ' 'ਚ ਮਦਨਪੁਰੀ ਨਾਲ ਕੰਮ ਕੀਤਾ। ਮਦਨਪੁਰੀ ਨੇ ਹੋਰ ਵੀ ਕਈ ਫਿਲਮਾਂ 'ਕਿੱਕਲੀ', 'ਗੁੱਡੀ',




'ਦਾਜ', 'ਜੱਟ ਪੰਜਾਬੀ', ਅਤੇ 'ਮੌਜਾਂ ਦੁਬਈ ਦੀਆਂ' 'ਚ ਰੋਲ ਕੀਤੇ। ਰਵਿੰਦਰ ਕਪੂਰ ਵੀ 'ਦੁੱਪਟਾ', 'ਕਣਕਾਂ ਦੇ ਓਹਲੇ' ਅਤੇ 'ਮੁਖੜਾ ਚੰਨ ਵਰਗਾ' 'ਚ ਚੰਗੀ ਅਦਾਕਾਰੀ ਕਰਕੇ ਜਾਣਿਆ ਜਾਂਦਾ ਰਿਹਾ। ਸੁਨੀਲ ਦੱਤ ਦੀ ਵੀ ਪੰਜਾਬੀ ਫਿਲਮਾਂ ਨੂੰ ਚੰਗੀ ਦੇਣ ਹੈ। ਉਸਨੇ ਧਾਰਮਿਕ ਫਿਲਮ 'ਮਨ ਜੀਤੈ ਜਗਜੀਤ' ਅਤੇ 'ਸਤਿ ਸ੍ਰੀ ਅਕਾਲ' ਵਿਚ ਬਹੁਤ ਹੀ ਵਧੀਆ ਅਦਾਕਾਰੀ ਕੀਤੀ। ਨਵੀਨ ਨਿਸ਼ਚਲ ਨੇ 'ਤੇਰੇ ਰੰਗ ਨਿਆਰੇ', 'ਸਵਾ ਲਾਖ ਸੇ ਏਕ ਲੜਾਊਂ', 'ਸੱਜਣ ਠੱਗ' ਅਤੇ 'ਆਸਰਾ ਪਿਆਰ ਦਾ' ਵਿਚ ਚੰਗੀ ਅਦਾਕਾਰੀ ਕੀਤੀ। ਬਲਰਾਜ ਸਾਹਨੀ ਨੇ ਵੀ 'ਸਤਲੁਜ ਦੇ ਕੰਢੇ' ਅਤੇ 'ਨਾਨਕ ਦੁਖੀਆ ਸਭੁ ਸੰਸਾਰ' 'ਚ ਅਦਾਕਾਰੀ ਕੀਤੀ। ਸੁਜੀਤ ਕੁਮਾਰ ਨੇ 'ਜਿੰਦੜੀ ਯਾਰ ਦੀ' ਅਤੇ 'ਗਿੱਧਾ' ਫਿਲਮਾਂ 'ਚ ਰੋਲ ਕੀਤੇ। ਕੁਲਭੂਸ਼ਨ ਖਰਬੰਦਾ ਨੇ ਤਾਂ ਰਾਸ਼ਟਰੀ ਐਵਾਰਡ ਜੇਤੂ ਫਿਲਮ 'ਚੰਨ ਪ੍ਰਦੇਸੀ' 'ਉਚਾ ਦਰ ਬਾਬੇ ਨਾਨਕ ਦਾ' 'ਚ ਬਹੁਤ ਹੀ ਪ੍ਰਭਾਵਸ਼ਾਲੀ ਰੋਲ ਕੀਤੇ। ਜੈ ਮੁਖਰਜੀ ਨੇ 'ਦੁਪਟਾ' ਅਤੇ ਵਿਸ਼ਵਾਜੀਤ ਨੇ ਗੋਰੀ ਦੀਆਂ ਝਾਂਜਰਾਂ 'ਚ ਰੋਲ ਕੀਤੇ। ਅਨਿਲ ਧਵਨ ਨੇ ਵੀ 'ਦੋ ਪੋਸਤੀ' ਅਤੇ 'ਰੇਸ਼ਮਾ' 'ਚ ਰੋਲ ਕੀਤੇ। ਰਾਜ ਬੱਬਰ ਨੇ 'ਚੰਨ ਪ੍ਰਦੇਸੀ', 'ਮੜ੍ਹੀ ਦਾ ਦੀਵਾ' ਅਤੇ 'ਨਸੀਬੋ' ਵਗੈਰਾ 'ਚ ਯਾਦਗਾਰੀ ਰੋਲ ਕੀਤੇ। ਰਾਜ ਬੱਬਰ ਤਾਂ ਅੱਜ ਦੀਆਂ ਫਿਲਮਾਂ 'ਚ ਵੀ ਕਰੈਕਟਰ ਰੋਲ ਨਿਭਾ ਰਿਹਾ ਹੈ। ਆਈ ਐਸ ਜੌਹਰ ਦੀ ਪੰਜਾਬੀ ਫਿਲਮ ਜਗਤ ਨੂੰ ਬਹੁਤ ਦੇਣ ਹੈ ਜਿਸਨੇ 'ਨਾਨਕ ਨਾਮ ਜਹਾਜ ਹੈ' ਤੋਂ ਇਲਾਵਾ 'ਯਮਲਾ ਜੱਟ' ਜਿਹੀਆਂ ਫਿਲਮਾਂ 'ਚ ਕਮਾਲ ਦੀ ਅਦਾਕਾਰੀ ਕੀਤੀ। ਆਪਣੇ ਸਮੇਂ ਦਾ ਮਸ਼ਹੂਰ ਖਲਨਾਇਕ ਪ੍ਰੇਮ ਨਾਥ ਨੇ 'ਮੈਂ ਜੱਟੀ ਪੰਜਾਬ ਦੀ' ਅਤੇ 'ਸਤਿ ਸ੍ਰੀ ਅਕਾਲ' 'ਚ ਯਾਦਗਾਰੀ ਰੋਲ ਕੀਤੇ। ਵਿਨੋਦ ਮਹਿਰਾ ਨੇ 'ਵੰਗਾਰ', 'ਸ਼ਹੀਦ ਉਧਮ ਸਿੰਘ' ਅਤੇ 'ਮੌਜਾਂ ਦੁਬਈ ਦੀਆਂ' 'ਚ ਵਧੀਆ ਅਦਾਕਾਰੀ ਕੀਤੀ। ਧੀਰਜ ਕੁਮਾਰ 'ਦਾਜ' ਤੋਂ ਇਲਾਵਾ 'ਸੁਖੀ ਪਰਿਵਾਰ', 'ਰਾਂਝਾ ਇਕ ਤੇ ਹੀਰਾਂ ਦੋ' ਅਤੇ 'ਚੰਨ ਮਾਹੀ' ਵਿਚ ਬਤੌਰ ਹੀਰੋ ਆਇਆ। ਮਨੋਹਰ ਦੀਪਕ ਵੀ 'ਖੇਡਣ ਦੇ ਦਿਨ ਚਾਰ', 'ਗੀਤ ਬਹਾਰਾਂ ਦੇ' ਅਤੇ 'ਧਰਤੀ ਵੀਰਾਂ ਦੀ' 'ਫਿਲਮਾਂ 'ਚ ਨਜ਼ਰ ਆਇਆ। ਉਂਜ ਇਨ੍ਹਾਂ ਤੋਂ ਇਲਾਵਾ ਪਹਿਲੀਆਂ ਪੁਰਾਣੀਆਂ ਪੰਜਾਬੀ ਫਿਲਮਾਂ ਲਈ ਨਿਸ਼ੀ, ਇੰਦਰਾ ਬਿੱਲੀ, ਸੁੰਦਰ, ਗੋਪਾਲ ਸਹਿਗਲ, ਰਵਿੰਦਰ ਕਪੂਰ, ਰਜਿੰਦਰ ਨਾਥ, ਮਨਮੋਹਨ ਕ੍ਰਿਸ਼ਨ, ਰਾਧਾ ਸਲੂਜਾ, ਮੁਮਤਾਜ ਬੇਗਮ ਅਤੇ ਖਰਾਇਤੀ ਵਰਗੇ ਕਲਾਕਾਰਾਂ ਦੀ ਪੰਜਾਬੀ ਫਿਲਮ ਜਗਤ ਨੂੰ ਬਹੁਤ ਦੇਣ ਹੈ।

ਪੁਰਾਣੇ ਸਮਿਆਂ 'ਚ ਸੀਮਤ ਬਜਟ ਕਾਰਨ ਨਿਰਮਾਤਾਵਾਂ ਨੂੰ ਮਾਰਕਿਟ 'ਚ ਫਿਲਮ ਚਲਾਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਣੇ ਪੈਂਦੇ ਸਨ। ਇਕ ਰਿਵਾਜ ਜਾਂ ਸਮਝੋ ਮਜਬੂਰੀ ਬਣ ਗਈ ਸੀ ਕਿ ਦਰਸ਼ਕਾਂ ਨੂੰ ਪੰਜਾਬੀ ਸਿਨੇਮੇ ਵਲ ਵਧ ਤੋਂ ਵਧ ਪ੍ਰਭਾਵਿਤ ਕਰਨ ਲਈ ਹਿੰਦੀ ਫਿਲਮਾਂ ਦੇ ਮਸ਼ਹੂਰ ਨਾਮੀ ਕਲਾਕਾਰਾਂ ਨੂੰ ਪੰਜਾਬੀ ਫਿਲਮਾਂ 'ਚ ਗੈਸਟ ਰੋਲ 'ਚ ਲੈ ਕੇ ਫਿਲਮ ਦੀ ਕਾਸਟਿੰਗ ਵਿਚ ਉਨ੍ਹਾਂ ਦਾ ਨਾਂ ਸਭ ਤੋਂ ਉਪਰ ਲਿਖਿਆ ਜਾਂਦਾ ਸੀ। ਦਰਸ਼ਕਾਂ ਨੂੰ ਪੰਜਾਬੀ ਸਿਨੇਮੇ ਵਲ ਖਿਚਣ ਲਈ ਸਭ ਤੋਂ ਵੱਡਾ ਨਾਂ ਧਰਮਿੰਦਰ ਦਾ ਆਉਂਦਾ ਹੈ ਜਿਸ ਨੇ ਅਣਗਿਣਤ ਫਿਲਮਾਂ 'ਤੇਰੀ ਮੇਰੀ ਇਕ ਜਿੰਦੜੀ', 'ਦੁੱਖ ਭੰਜਨ ਤੇਰਾ ਨਾਮ', 'ਦੋ ਸ਼ੇਰ', 'ਗਿੱਧਾ', 'ਮੈਂ ਪਾਪੀ ਤੂੰ ਬਖਸ਼ਣਹਾਰ', 'ਸੰਤੋ-ਬੰਤੋ', 'ਪੁੱਤ ਜੱਟਾਂ ਦੇ', 'ਅੰਬਰੀ', 'ਰਾਂਝਣ ਮੇਰਾ ਯਾਰ', 'ਕੁਰਬਾਨੀ ਜੱਟ ਦੀ' ਤੋਂ ਇਲਾਵਾ ਅਨੇਕਾਂ ਫਿਲਮਾਂ 'ਚ ਗੈਸਟ




ਰੋਲ ਕੀਤੇ। 'ਕਣਕਾਂ ਦੇ ਓਹਲੇ' ਵਿਚ ਤਾਂ ਅਭਿਨੇਤਰੀ ਆਸ਼ਾ ਪਾਰਿਖ ਨਾਲ ਇਕ ਗਾਣਾ ਵੀ ਫਿਲਮਾਇਆ ਗਿਆ ਸੀ। ਫਿਲਮ 'ਭਗਤ ਧੰਨਾ ਜੱਟ' 'ਚ ਫਿਰੋਜ਼ ਖਾਨ ਅਤੇ ਯੋਗਿਤਾ ਬਾਲੀ ਤੇ ਗੀਤ ਫਿਲਮਾਇਆ ਗਿਆ ਸੀ। ਇਸੇ ਹੀ ਤਰਜ 'ਤੇ ਦਾਰਾ ਸਿੰਘ ਦੀ ਦੂਸਰੀ ਫਿਲਮ 'ਧਿਆਨੂੰ ਭਗਤ' 'ਚ ਰਣਧੀਰ ਕਪੂਰ ਤੇ ਯੋਗਿਤਾ ਬਾਲੀ 'ਤੇ ਵੀ ਗੀਤ ਫਿਲਮਾਇਆ ਗਿਆ ਸੀ। ਇਸ ਤੋਂ ਇਲਾਵਾ ਅਮਿਤਾਭ ਬਚਨ ਨਾਲ ਰੀਨਾ ਰਾਏ ਨੂੰ ਲੈ ਕੇ 'ਵਲਾਇਤੀ ਬਾਬੂ' 'ਚ ਗੀਤ ਅਤੇ ਫਿਲਮ 'ਸਵਾ ਲਾਖ ਸੇ ਏਕ ਲੜਾਊਂ' 'ਚ ਰਾਜੇਸ਼ ਖੰਨਾ ਅਤੇ ਨੀਤੂ ਸਿੰਘ 'ਤੇ ਕਵਾਲੀ ਫਿਲਮਾਈ ਗਈ ਸੀ। ਰਜਿੰਦਰ ਕੁਮਾਰ ਨੇ 'ਤੇਰੀ ਮੇਰੀ ਇਕ ਜਿੰਦੜੀ', 'ਦੋ ਸ਼ੇਰ' ਅਤੇ ਦੁੱਖ ਭੰਜਨ ਤੇਰਾ ਨਾਮ' 'ਚ ਗੈਸਟ ਰੋਲ ਕੀਤੇ। ਸ਼ਤਰੂਘਨ ਸਿਨਹਾ ਨੇ ਵੀ 'ਸੰਤੋ ਬੰਤੋ', 'ਸਤਿ ਸ੍ਰੀ ਅਕਾਲ', 'ਮੇਰਾ ਪੰਜਾਬ' ਅਤੇ 'ਪੁੱਤ ਜੱਟਾਂ ਦੇ' ਤੋਂ ਇਲਾਵਾ ਹੋਰ ਕਈ ਫਿਲਮਾਂ 'ਚ ਰੋਲ ਕੀਤੇ। ਖਲਨਾਇਕ ਰਣਜੀਤ ਨੇ ਧਾਰਮਿਕ ਫਿਲਮ 'ਮਨ ਜੀਤੇ ਜਗ ਜੀਤ' ਤੇ 'ਰਾਜਨੀਤੀ' 'ਚ ਰੋਲ ਕੀਤੇ। ਮਿਥੁਨ ਚੱਕਰਵਰਤੀ ਨੇ 'ਮੌਜਾਂ ਦੁਬਈ ਦੀਆਂ' 'ਚ ਰੋਲ ਕੀਤਾ।

ਪਹਿਲਵਾਨ ਦਾਰਾ ਸਿੰਘ ਦੀ ਪੰਜਾਬੀ ਫਿਲਮ ਜਗਤ ਨੂੰ ਬਹੁਤ ਦੇਣ ਹੈ। ਦਾਰਾ ਸਿੰਘ ਨੇ 1964 ਵਿਚ 'ਜੱਗਾ' ਅਤੇ 1972 'ਚ 'ਮੇਲੇ ਮਿਤਰਾਂ ਦੇ' ਤੋਂ ਲੈ ਕੇ 'ਭਗਤ ਧੰਨਾ ਜੱਟ', 'ਨਾਨਕ ਦੁਖੀਆ ਸਭੁ ਸੰਸਾਰ', 'ਸਵਾ ਲਾਖ ਸੇ ਏਕ ਲੜਾਊਂ' ਅਤੇ 'ਧਿਆਨੂੰ ਭਗਤ' ਜਿਹੀਆਂ ਅਣਗਿਣਤ ਸਫਲ ਫਿਲਮਾਂ 'ਚ ਯਾਦਗਾਰੀ ਰੋਲ ਦੇ ਨਾਲ ਨਾਲ ਬਹੁਤ ਸਾਰੀਆਂ ਫਿਲਮਾਂ ਦਾ ਨਿਰਮਾਣ ਵੀ ਕੀਤਾ।

ਇਸੇ ਤਰ੍ਹਾਂ ਨਿਰਮਾਣ ਦੇ ਖੇਤਰ 'ਚ ਇੰਦਰਜੀਤ ਹਸਨਪੁਰੀ ਨੇ 'ਤੇਰੀ ਮੇਰੀ ਇਕ ਜਿੰਦੜੀ', 'ਦਾਜ' ਅਤੇ 'ਸੁਖੀ ਪਰਿਵਾਰ' ਵਰਗੀਆਂ ਸਫਲ ਫਿਲਮਾਂ ਬਣਾਉਣ ਦੇ ਨਾਲ ਨਾਲ ਅਣਗਿਣਤ ਪੰਜਾਬੀ ਫਿਲਮਾਂ ਦੇ ਗੀਤ ਵੀ ਲਿਖੇ। ਬੂਟਾ ਸਿੰਘ ਸ਼ਾਦ ਨੇ 'ਚੰਬੇ ਦੀ ਕਲੀ', 'ਟਾਕਰਾ', 'ਧਰਤੀ ਸਾਡੀ ਮਾਂ' ਅਤੇ 'ਸੱਚ ਮੇਰਾ ਰੂਪ' ਵਰਗੀਆਂ ਫਿਲਮਾਂ ਦੇ ਨਿਰਮਾਣ ਦੇ ਨਾਲ ਨਾਲ ਖੁਦ ਰੋਲ ਵੀ ਕੀਤੇ। ਭਾਖੜੀ ਭਰਾਵਾਂ ਦੀ ਪੰਜਾਬੀ ਫਿਲਮ ਜਗਤ ਨੂੰ ਦੇਣ ਵੀ ਨਹੀਂ ਭੁਲਾਈ ਜਾ ਸਕਦੀ। ਬਲਵੀਰ ਸਿਕੰਦ ਵਰਗੇ ਸੁਲਝੇ ਹੋਏ ਇਨਸਾਨ ਨੇ ਧਰਮਿੰਦਰ, ਰਮਾ ਵਿਜ, ਭਰਤ ਕਪੂਰ ਅਤੇ ਮਧੂ ਮਾਲਨੀ ਨੂੰ ਲੈ ਕੇ ਇਕ ਦੁਖਿਆਰੀ ਔਰਤ ਦੀ ਜ਼ਿੰਦਗੀ 'ਤੇ ਆਧਾਰਤ ਵੱਡੇ ਬਜਟ ਦੀ ਫਿਲਮ 'ਅੰਬਰੀ' ਬਣਾਈ ਸੀ ਜਿਸ 'ਚ ਲਤਾ-ਊਸ਼ਾ ਮੰਗੇਸ਼ਕਰ, ਆਸ਼ਾ ਭੌਂਸਲੇ ਅਤੇ ਦਿਲਰਾਜ ਕੌਰ ਵਰਗੀਆਂ ਉਚ ਕੋਟੀ ਦੀਆਂ ਗਾਇਕਾਵਾਂ ਦੇ ਬਹੁਤ ਭਾਵਪੂਰਣ ਗੀਤ ਸਨ ਪਰ ਆਮ ਦਰਸ਼ਕਾਂ ਦੀ ਸੂਝ ਤੋਂ ਉਪਰ ਦੀ ਹੋਣ ਕਾਰਨ ਇਹ ਫਿਲਮ ਬਹੁਤੀ ਨਹੀਂ ਚੱਲੀ।

ਪੁਰਾਣੀ ਪੰਜਾਬੀ ਫਿਲਮਾਂ ਦੇ ਗਾਇਕੀ ਦੇ ਖੇਤਰ 'ਚ ਸਭ ਤੋਂ ਉਪਰ ਨਾਂ ਮੁਹੰਮਦ ਰਫੀ, ਮਹਿੰਦਰ ਕਪੂਰ, ਸ਼ਮਸ਼ਾਦ ਬੇਗਮ, ਨੂਰਜਹਾਂ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ ਅਤੇ ਇਨ੍ਹਾਂ ਤੋਂ ਬਾਅਦ ਦਿਲਰਾਜ ਕੌਰ, ਮੀਨੂੰ ਪ੍ਰੋਸ਼ਤਮ ਅਤੇ ਸਵਿਤਾ ਸਾਥੀ ਦਾ ਆਉਂਦਾ ਹੈ। ਗੁਰਦਾਸ ਮਾਨ ਅਤੇ ਹਰਭਜਨ ਮਾਨ ਤੋਂ ਇਲਾਵਾ ਬਹੁਤ ਸਾਰੇ ਕਲਾਕਾਰ ਹੁਣ ਪੰਜਾਬੀ ਫਿਲਮ ਖੇਤਰ ਵਿਚ ਆ ਗਏ ਹਨ। ਤਕਨੀਕ ਪੱਖੋਂ ਵਧੀਆ ਤੇ ਵੱਡੇ ਬਜਟ ਦੀਆਂ ਹੋਣ ਕਾਰਨ ਅਜੋਕੀਆਂ ਪੰਜਾਬੀ ਫਿਲਮਾਂ ਹਿੰਦੀ ਫਿਲਮਾਂ ਦਾ ਮੁਕਾਬਲਾ ਕਰ ਰਹੀਆਂ ਹਨ।

ਜਿਥੋਂ ਤੱਕ ਪੁਰਾਣੀਆਂ ਫਿਲਮਾਂ ਦੀ ਕਾਮੇਡੀ ਦੀ ਗੱਲ ਹੈ ਸੁੰਦਰ ਖਰਾਇਤੀ, ਗੋਪਾਲ ਸਹਿਗਲ, ਰਜਿੰਦਰ ਨਾਥ ਅਤੇ ਟੁਨਟੁਨ ਤੋਂ ਬਾਅਦ ਦਾ ਸਮਾਂ ਮਿਹਰ ਮਿੱਤਲ ਦੇ ਹੱਥ ਰਿਹਾ। ਇਕ ਸਮਾਂ ਆਇਆ ਕਿ ਮਿਹਰ ਮਿੱਤਲ ਦੀ ਹਾਜ਼ਰੀ ਤੋਂ ਬਿਨਾਂ ਫਿਲਮ ਮਾਰਕਿਟ ਵਿਚ ਵਿਕਦੀ ਹੀ ਨਹੀਂ ਸੀ। ਮਿਹਰ ਮਿਤਲ ਤੋਂ ਬਗੈਰ ਬਣੀਆਂ ਫਿਲਮਾਂ ਨੂੰ ਡਿਸਟ੍ਰੀਬਿਊਟਰ ਖਰੀਦਣ ਲਈ ਤਿਆਰ ਨਹੀਂ ਹੁੰਦੇ ਸਨ। ਮਿੱਤਲ ਨਾਲ ਕੰਚਨ ਮੱਟੂ ਦੀ ਜੋੜੀ ਦਰਸ਼ਕਾਂ ਵਲੋਂ ਬਹੁਤ ਪਸੰਦ ਕੀਤੀ ਜਾਂਦੀ ਸੀ। ਬੇਸ਼ੱਕ ਮਿੱਤਲ ਦੀ ਕਾਮੇਡੀ 'ਚ ਦੂਹਰੇ ਅਰਥਾਂ ਵਾਲੇ ਡਾਇਲਾਗਾਂ ਦੀ ਭਰਮਾਰ ਹੁੰਦੀ ਸੀ ਫਿਰ ਵੀ ਪੰਜਾਬੀ ਫਿਲਮਾਂ ਦੇ ਦਰਸ਼ਕਾਂ ਦੇ ਮਨਾਂ ਵਿਚ ਉਸ ਲਈ ਖਾਸ ਥਾਂ ਰਹੀ ਹੈ। ਸ਼ਾਇਦ ਇਸੇ ਕਾਰਨ ਮਿਹਰ ਮਿੱਤਲ 'ਮਾਂ ਦਾ ਲਾਡਲਾ', 'ਦੋ ਮਦਾਰੀ', ਅਤੇ 'ਜੱਟੀ' ਫਿਲਮ 'ਚ ਬਤੌਰ ਹੀਰੋ ਵੀ ਆਇਆ।

# ਭਾਰਤੀ ਸਿਨੇਮਾ ਦੇ ਪਰਦੇ 'ਤੇ ਇਹ ਬਿਮਾਰੀਆਂ ਹਨ ਜਾਂ ਮਜ਼ਾਕ !

ਛਮਛਮ ਅੱਖਾਂ ਬਰਸਦੀਆਂ ਰਹੀਆਂ, ਮਨ ਤੋਂ ਜਿਵੇਂ ਉਨ੍ਹਾਂ ਦੀ ਬੱਸ ਹੀ ਨਾ ਹੋਵੇ। ਟਿਸ਼ੂ ਪੇਪਰ ਦਾ ਮੇਰਾ ਛੋਟਾ ਜਿਹਾ ਪੁਲੰਦਾ ਗਿੱਲੇ ਕਾਗਜ਼ਾਂ ਦੀ ਲੁਗਦੀ ਬਣ ਗਿਆ। ਮੇਰੇ ਦੋਵੇਂ ਪਾਸੇ ਬੈਠੇ ਹੋਏ ਦੋਸਤ ਵੀ ਉਨਾ ਹੀ ਖੁਸ਼ ਹੋਏ ਅਤੇ ਤਕਲੀਫ ਵੀ ਮਹਿਸੂਸ ਕੀਤੀ।...ਅਤੇ ਹੁਣ ਤਕ ਮੈਂ, 'ਮਾਈ ਨੇਮ ਇਜ਼ ਖਾਨ, ਅੰਧੀ ਵੀ ਨਹੀਂ ਦੇਖੀ ਹੈ।' ਮੈਂ ਉਨਾ ਦੁਖੀ ਵਿਚਾਰਿਆਂ ਰੋਂਦੜਾਂ ਵਿਚੋਂ ਹਾਂ, ਜੋ ਟੀ.ਵੀ. ਦੇ ਵਚਿੱਤਰ ਸੀਰੀਅਲ ਦੇਖ ਕੇ ਵੀ ਰੋਂਦੇ ਹਨ। ਹੁਣ ਬਾਹਰ ਆ ਕੇ ਦਿਨ ਦੀ ਸਮੁੱਚੀ ਰੋਸ਼ਨੀ ਵਿਚ ਉਹ ਸਾਰੇ ਅੱਥਰੂ ਅਤੇ ਭਾਵਨਾਵਾਂ ਅਚਾਨਕ ਫਿਰ ਚੋਟ ਕਰ ਰਹੀਆਂ ਹਨ। ਕੀ ਅਸੀਂ ਹੁਣੇ ਹੁਣੇ ਤਿੰਨ ਘੰਟੇ ਤਕ ਆਪਣੇ ਸਾਹਮਣੇ ਇਕ ਝੂਠ ਖੁੱਲ੍ਹਦਾ ਹੋਇਆ ਦੇਖਿਆ ਹੈ? ਸ਼ਾਹਰੁਖ ਦੀ ਇਤਿਹਾਸ ਦੀ ਸੀਮਿਤ ਜਿਹੀ ਸਮਝ ਹੋਰ ਪ੍ਰਤਿਕ੍ਰਿਆਵਾਂ ਨਾਲ ਭਰੀ ਹੈ, ਉਨ੍ਹਾਂ ਦੇ ਅਭਿਨੈ ਦੇ ਕੁਝ ਅਨੂਠੇ ਪਲ ਹਨ, ਪਰ ਜਾਣੇ ਜਾਂਦੇ ਸਿਤਾਰਿਆਂ ਨੂੰ ਇਸਦੇ ਲਈ ਦੋਸ਼ ਨਹੀਂ ਦਿੱਤਾ ਜਾ ਸਕਦਾ। ਮੁਸ਼ਕਿਲ ਸਕ੍ਰਿਪਟ ਅਤੇ ਨਿਰਦੇਸ਼ਕ ਦੀ ਹੈ।

ਮੇਰੀ ਮੁਸ਼ਕਿਲ ਹੈ ਕਿ ਜਿਸ ਤਰ੍ਹਾਂ ਨਾਲ ਐਸਪਰਗਰ ਸਿੰਡ੍ਰੋਮ ਨਾਲ ਪੀੜਿਤ ਮੁੱਖ ਚਰਿੱਤਰ ਨੂੰ ਦਿਖਾਇਆ ਗਿਆ ਹੈ। ਐਸਪਰਗਰ ਸਿੰਡ੍ਰੋਮ ਆਟਿਜ਼ਮ ਦਾ ਸਭ ਤੋਂ ਹਲਕਾ ਸਵਰੂਪ ਹੈ। ਇਸਦੇ ਬਾਵਜੂਦ ਖਾਨ ਬਹੁਤ ਸਾਰੀਆਂ ਬੀਮਾਰੀਆਂ ਦੀ ਖਾਣ ਨਜ਼ਰ ਆਉਂਦਾ ਹੈ। ਉਸ ਵਿਚ ਆਬਸੈਸਿਵ ਕੰਪਲਸਿਵ ਡਿਸਆਰਡਰ ਦੇ ਲਛਣ ਵੀ ਦਿਸਦੇ ਹਨ। ਪਰਦੇ 'ਤੇ ਖਾਨ ਬਹੁਤ ਵਚਿੱਤਰ ਤਰੀਕੇ ਨਾਲ ਚਲਦਾ ਹੈ ਜੋ ਇਕ ਕਿਸਮ ਦੇ ਨਿਉਰਾਲੋਜੀਕਲ ਡਿਸਆਰਡਰ ਦਾ ਵੀ ਲਛਣ ਨਜ਼ਰ ਆਉਂਦਾ ਹੈ। ਉਸਦਾ ਸਿਰ ਲਗਾਤਾਰ ਇਕ ਪਾਸੇ ਨੂੰ ਝੁਕਿਆ ਰਹਿੰਦਾ ਹੈ। ਉਸ ਦੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਹੁੰਦਾ ਅਤੇ ਉਹ ਕਿਸੇ ਦੀਆਂ ਵੀ ਅੱਖਾਂ ਵਿਚ ਦੇਖ ਕੇ ਗੱਲ ਨਹੀਂ ਕਰਦਾ। ਆਟਿਜ਼ਮ ਦੇ ਜ਼ਿਆਦਾ ਗੰਭੀਰ ਮਾਮਲਿਆਂ ਵਿਚ ਇਹੋ ਜਿਹੇ ਲਛਣ ਹੁੰਦੇ ਹਨ। ਹੈਰਾਨੀ ਨਹੀਂ ਕਿ ਆਟਿਜ਼ਮ ਨਾਲ ਪੀੜਿਤ ਬੱਚਿਆਂ ਵਾਲੇ ਕੁਝ ਪਰਿਵਾਰਾਂ ਨੇ ਇਸ ਫਿਲਮ 'ਤੇ ਇਤਰਾਜ਼ ਕੀਤਾ ਹੋਵੇਗਾ।

ਅਚਾਨਕ ਅਲਗ-ਅਲਗ ਰੂਪਾਂ ਵਿਚ ਅਪੰਗਤਾ ਪਾਪੂਲਰ ਸਿਨੇਮੇ ਦਾ ਸਭ ਤੋਂ ਚਰਚਿਤ ਵਿਸ਼ਾ ਬਣ ਗਿਆ ਹੈ। ਹਾਲ ਦੇ ਸਾਲਾਂ ਵਿਚ ਇਹੋ ਜਿਹੀਆਂ ਫਿਲਮਾਂ ਦਾ ਹੜ੍ਹ ਜਿਹਾ ਆ ਗਿਆ ਹੈ, ਜਿਸਦਾ ਮੁੱਖ ਚਰਿੱਤਰ ਅਲਗ-ਅਲਗ ਤਰ੍ਹਾਂ ਦੀ ਅਪੰਗਤਾ ਨਾਲ ਪੀੜਿਤ ਹੈ, ਜਿਵੇਂ ਪਾ, ਤਾਰੇ ਜ਼ਮੀ ਪਰ, ਬਲੈਕ, ਖਾਮੋਸ਼ੀ, ਕੋਈ ਮਿਲ ਗਯਾ ਆਦਿ। ਅਗਾਮੀ ਫਿਲਮ ਗੁਜ਼ਾਰਿਸ਼ ਵਿਚ ਰਿਤਿਕ ਰੋਸ਼ਨ ਵ੍ਹੀਲ ਚੇਅਰ 'ਤੇ ਹੀ ਰਹਿੰਦਾ ਹੈ। ਅਨੁਰਾਗ ਬਾਸੂ ਦੀ ਨਵੀਂ ਫਿਲਮ ਵਿਚ ਰਣਬੀਰ ਕਪੂਰ ਨੇ ਇਕ ਗੂੰਗੇ




ਦਾ ਕਿਰਦਾਰ ਨਿਭਾਇਆ ਹੈ ਅਤੇ ਮੇਰਾ ਯਕੀਨ ਹੈ ਕਿ ਅਪੰਗਤਾ ਤੇ ਹੀ ਹੋਰ ਵੀ ਬਹੁਤ ਸਾਰੀਆਂ ਫਿਲਮਾਂ ਹਾਲੇ ਬਣਨ ਦੀ ਪ੍ਰਕ੍ਰਿਆ ਵਿਚ ਹਨ। ਬੇਸ਼ੱਕ ਇਸਦੇ ਪਿੱਛੇ ਹਾਲੀਵੁੱਡ ਹਮੇਸ਼ਾ ਲਈ ਇਕ ਪ੍ਰੇਰਣਾ ਸ੍ਰੋਤ ਰਿਹਾ ਹੈ ਅਤੇ ਹੁਣ ਵੀ ਹੈ। ਅਮਰੀਕਾ ਅਤੇ ਯੂਰਪ ਦੇ ਅਭਿਨੇਤਾ ਇਹੋ ਜਿਹੇ ਕਿਰਦਾਰਾਂ ਵਲ ਆਕ੍ਰਸ਼ਿਤ ਹੁੰਦੇ ਰਹਿੰਦੇ ਹਨ ਕਿਉਂਕਿ ਉਹ ਚੁਣੌਤੀਪੂਰਣ ਭੂਮਿਕਾਵਾਂ ਹੁੰਦੀਆਂ ਹਨ ਅਤੇ ਉਸ ਵਿਚ ਉਹ ਆਪਣੀ ਅਦਾਕਾਰੀ ਸਮਰੱਥਾ ਨੂੰ ਉਸਦੇ ਸਿਖਰ ਤਕ ਪਹੁੰਚਾ ਸਕਦੇ ਹਨ।

ਸੇਂਟ ਆਫ ਏ ਵੂਮਨ ਬਾਰੇ ਸੋਚੋ। ਉਸਦੇ ਮੂਲ ਇਤਾਲਵੀ ਵਰਜ਼ਨ ਵਿਚ ਵਿਤੋਰਿਓ ਗੈਸਮੈਨ ਦੀ ਭੂਮਿਕਾ ਉਸਤੋਂ ਵੀ ਬਿਹਤਰ ਸੀ। ਹੈਰਾਨੀ ਨਹੀਂ ਕਿ ਰਿਤਿਕ ਰੋਸ਼ਨ, ਅਮਿਤਾਭ ਬਚਨ ਅਤੇ ਸ਼ਾਹਰੁਖ ਹੁਣ ਇਸ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਉਣਾ ਚਾਹੁੰਦੇ ਹਨ। ਪੱਕੇ ਤੌਰ 'ਤੇ ਕਹਿਣ ਲਈ ਅਤੀਤ ਵਿਚ ਸਪਰਸ਼ ਅਤੇ ਖਾਮੋਸ਼ ਜਿਹੀਆਂ ਕੁਝ ਫਿਲਮਾਂ ਬਣੀਆਂ ਹਨ। ਪਰ ਫਿਰ ਵੀ ਇਹੋ ਜਿਹੀਆਂ ਫਿਲਮਾਂ ਦੀ ਗਿਣਤੀ ਬਹੁਤ ਘੱਟ ਹੈ। ਮੇਰੀ ਇਕਮਾਤਰ ਚਿੰਤਾ ਇਹ ਹੈ ਕਿ ਇੰਨੀ ਜਲਦਬਾਜ਼ੀ ਵਿਚ ਇਸ ਵਿਸ਼ੇ 'ਤੇ ਇੰਨੀਆਂ ਢੇਰ ਸਾਰੀਆਂ ਫਿਲਮਾਂ ਅਪਾਹਜਪੁਣੇ ਦੀ ਗਲਤ ਵਿਆਖਿਆ ਕਰ ਸਕਦੀ ਹੈ, ਉਸਨੂੰ ਭਟਕਾ ਸਕਦੀ ਹੈ। ਜਿਵੇਂ ਕਿ ਬਲੈਕ ਵਿਚ ਉਸ ਛੋਟੀ ਬੱਚੀ ਦਾ ਕੰਟਰੋਲ ਵਿਚ ਨਾ ਹੋਣਾ ਅਤੇ ਜੰਗਲੀ ਦਿਖਾਇਆ ਗਿਆ ਸੀ।


ਅਮਿਤਾਭ ਬੱਚਨ ਦਾ ਚਰਿਤਰ ਨਿਭਾਉਣ ਵਾਲੇ ਨੂੰ ਅਲਮਾਈਜ਼ਰ ਨਾਲ ਪੀੜਿਤ ਦਿਖਾਉਣਾ ਸੀ, ਜਦਕਿ ਇਦਾਂ ਲਗਦਾ ਸੀ ਕਿ ਉਹ ਪਾਰਕਿਸਨ ਦੀ ਬਿਮਾਰੀ ਤੋਂ ਵੀ ਪੀੜਤ ਹੈ। ਇਸ ਨਾਲ ਵੀ ਅੱਗੇ ਵਧਕੇ ਵੱਡੇ ਹੋਣ ਦੇ ਬਾਅਦ ਰਾਣੀ ਮੁਖਰਜੀ ਨੂੰ ਚਾਰਲੀ ਚੈਪਲਿਨ ਦੀ ਤਰ੍ਹਾਂ ਇਕ ਛੜੀ ਲੈ ਕੇ ਚਲਦੇ ਦਿਖਾਇਆ ਗਿਆ ਹੈ। ਰਾਣੀ ਮੁਖਰਜੀ ਦੇ ਕਿਰਦਾਰ ਵਿਚ ਰਾਜਕਪੂਰ ਦੀ ਵੀ ਛਾਇਆ ਸੀ।

ਸੁਝਾਅ ਇਹੋ ਹੈ ਕਿ ਇਹੋ ਜਿਹੀਆਂ ਭੂਮਿਕਾਵਾਂ ਵਿਚ ਕੋਈ ਮੈਡੀਕਲ ਐਕਸਪਰਟ ਸੇਟ 'ਤੇ ਮੌਜੂਦ ਹੋਣਾ ਚਾਹੀਦਾ। -ਮਧੂ ਜੈਨ

# ਪੰਥਕ ਸਲੇਟ ਦੇ ਉਮੀਦਵਾਰ
# ਆਪਜੀ ਦੀਆਂ ਵੋਟਾਂ ਦੇ ਹੱਕਦਾਰ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਚਰਨ ਸਿੰਘ ਮਾਨ


ਭਾਈ ਗੁਰਮੇਲ ਸਿੰਘ ਖਾਲਸਾ


ਭਾਈ ਤਾਰਾ ਸਿੰਘ ਗਿੱਲ


ਭਾਈ ਤਰਸੇਮ ਸਿੰਘ

ਗੁਰੂ ਪਿਆਰੀ ਸਾਧ ਸੰਗਤ ,

ਆਪਜੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕਮਿਊਨਟੀ ਦੇ ਸੱਚੇ ਸੁੱਚੇ ਬੇਦਾਗ ਅਤੇ ਕਮਿਊਨਟੀ ਵੋਟ ਦਾ ਹੱਕ ਦਿਵਾਉਣ ਵਾਲੇ **ਪੰਥਕ ਸਲੇਟ** ਦੇ ਉਮੀਦਵਾਰ **ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ਖਾਲਸਾ ਬੱਸਾ ਵਾਲੇ, ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ** ਆਉਣ ਵਾਲੀ **14 ਮਾਰਚ,2010** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਹੋਣ ਜਾ ਰਹੀ ਚੋਣ ਲਈ ਆਪਜੀ ਦੇ ਆਪਣੇ ਸਿੱਖੀ ਸਿਧਾਤਾ ਵਾਲੇ ਉਮੀਦਵਾਰ ਹਨ। ਆਪ ਸਮੁੱਚੀ ਸੰਗਤ ਬੇਨਤੀ ਹੈ ਕਿ **14 ਮਾਰਚ** ਦਿਨ ਐਤਵਾਰ ਵੱਧ ਵੱਧ ਤੋ ਗੁਰਦੁਆਰਾ ਸਾਹਿਬ ਪਹੁੰਚ ਕੇ ਇਹਨਾਂ ਪੰਜ ਉਮੀਦਵਾਰਾ ਕਾਮਯਾਬ ਕਰੋ ਜੀ। ਤਾਂ ਕਿ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਬਹਾਲ ਕੀਤਾ ਜਾ ਸਕੇ ਆਪਜੀ ਮਿਲਿਆ ਵੋਟਾ ਦਾ ਹੱਕ ਬੱਚਿਆ ਰਹਿ ਸਕੇ। ਬੱਚਿਆ ਦੇ ਖਾਲਸਾ ਸਕੂਲ ਮੁੜ ਤੋਂ ਸੁਰਜੀਤ ਕੀਤਾ ਜਾ ਸਕੇ ਤੇ ਕਮਿਊਨਟੀ ਆ ਰਹੀ ਪਾਰਕਿੰਗ ਦੀ ਸਮੱਸਿਆ ਦਾ ਆਰਜੀ ਅਤੇ ਪੱਕਾ ਪ੍ਰਬੰਧ ਕੀਤਾ ਜਾ ਸਕੇ।

ਗੁਰੂ ਪੰਥ ਦੇ ਦਾਸ

## ਇੰਡੋ ਅਮੈਰੀਕਨ ਕਲਚਰਲ ਆਰਗੈਨਾਈਜ਼ੇਸ਼ਨ ਬੇ ਏਰੀਆ

**ਮਹਿੰਗਾ ਸਿੰਘ ਸਰਪੰਚ ,ਅਤਵਾਰ ਸਿੰਘ ਤਾਰੀ(*ਕਮਿਸ਼ਨਰ ਹੇਵਰਡ*), ਸੁਖਵੰਤ ਸਿੰਘ ਢਿਲੋਂ,ਕਮਲਜੀਤ ਸਿੰਘ ਅਟਵਾਲ, ਡਾ ਹਰਭਜਨ ਸਿੰਘ ਫੁੱਲ**



# ਪੰਥਕ ਸਲੇਟ ਦੇ ਉਮੀਦਵਾਰ
# ਆਪਜੀ ਦੀਆਂ ਵੋਟਾਂ ਦੇ ਹੱਕਦਾਰ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਚਰਨ ਸਿੰਘ ਮਾਨ


ਭਾਈ ਗੁਰਮੇਲ ਸਿੰਘ ਖਾਲਸਾ


ਭਾਈ ਤਾਰਾ ਸਿੰਘ ਗਿੱਲ


ਭਾਈ ਤਰਸੇਮ ਸਿੰਘ

ਗੁਰੂ ਪਿਆਰੀ ਸਾਧ ਸੰਗਤ ,

ਆਪਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕਮਿਊਨਟੀ ਦੇ ਸੱਚੇ ਸੁੱਚੇ ਬੇਦਾਗ ਅਤੇ ਕਮਿਊਨਟੀ ਵੋਟ ਦਾ ਹੱਕ ਦਿਵਾਉਣ ਵਾਲੇ ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਮੀਤ ਸਿੰਘ ਖਾਲਸਾ,ਭਾਈ ਗੁਰਚਰਨ ਸਿੰਘ ਮਾਨ, ਭਾਈ ਤਰਸੇਮ ਸਿੰਘ ਖਾਲਸਾ ਬੱਸਾ ਵਾਲੇ, ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ ਆਉਣ ਵਾਲੀ 14 ਮਾਰਚ,2010 ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਹੋਣ ਜਾ ਰਹੀ ਚੋਣ ਲਈ ਆਪਜੀ ਦੇ ਆਪਣੇ ਸਿੱਖੀ ਸਿਧਾਤਾ ਵਾਲੇ ਉਮੀਦਵਾਰ ਹਨ। ਆਪ ਸਮੁੱਚੀ ਸੰਗਤ ਬੇਨਤੀ ਹੈ ਕਿ 14 ਮਾਰਚ ਦਿਨ ਐਤਵਾਰ ਵੱਧ ਵੱਧ ਤੋ ਗੁਰਦੁਆਰਾ ਸਾਹਿਬ ਪਹੁੰਚ ਕੇ ਇਹਨਾਂ ਪੰਜ ਉਮੀਦਵਾਰਾਂ ਕਾਮਯਾਬ ਕਰੋ ਜੀ। ਤਾਂ ਕਿ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਬਹਾਲ ਕੀਤਾ ਜਾ ਸਕੇ ਆਪਜੀ ਨੂੰ ਮਿਲਿਆ ਵੋਟਾ ਦਾ ਹੱਕ ਬੱਚਿਆ ਰਹਿ ਸਕੇ। ਬੱਚਿਆ ਦੇ ਖਾਲਸਾ ਸਕੂਲ ਮੁੜ ਤੋਂ ਸੁਰਜੀਤ ਕੀਤਾ ਜਾ ਸਕੇ ਤੇ ਕਮਿਊਨਟੀ ਨੂੰ ਆ ਰਹੀ ਪਾਰਕਿੰਗ ਦੀ ਸਮੱਸਿਆ ਦਾ ਆਰਜੀ ਅਤੇ ਪੱਕਾ ਪ੍ਰਬੰਧ ਕੀਤਾ ਜਾ ਸਕੇ।

ਗੁਰੂ ਪੰਥ ਦੇ ਦਾਸ


## ਬੇ ਏਰੀਆ ਕਲਚਰਲ ਐਂਡ ਸਪਰੋਟਸ ਸੋਸਾਇਟੀ


*ਜਸਵਿੰਦਰ ਸਿੰਘ ਸੋਹਲ, ਗੁਰਸ਼ਰਨ ਸਿੰਘ ਸੇਖੋ, ਸਤਵਿੰਦਰ ਸਿੰਘ ਸਰਾਂ , ਸੁਰਜੀਤ ਸਿੰਘ ਸੋਹਲ*

# ਸ਼੍ਰੋਮਣੀ ਅਕਾਲੀ ਦਲ (ਬਾਦਲ), ਅਮਰੀਕਾ ਇਕਾਈ

## ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵੋਟਰਾਂ ਨੂੰ ਜ਼ੋਰਦਾਰ ਅਪੀਲ

## ਤੁਹਾਡੇ ਵੋਟ ਦੀ ਹੱਕਦਾਰ ਕੇਵਲ ਪੰਥਕ ਸਲੇਟ


ਭਾਈ ਗੁਰਮੀਤ ਸਿੰਘ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

**14 ਮਾਰਚ ਨੂੰ ਸੁਪਰੀਮ ਕੌਂਸਲ ਦੀ ਹੋਣ ਵਾਲੀ ਚੋਣ ਵਿਚ ਫਰੀਮਾਂਟ ਗੁਰੂ ਘਰ 'ਤੇ ਪੱਕਾ ਕਬਜ਼ਾ ਜਮਾਉਣ ਦੇ ਚਾਹਵਾਨ ਮੌਜੂਦਾ ਪ੍ਰਬੰਧਕਾਂ ਨੂੰ ਗੁਰੂ ਘਰ ਤੋਂ ਲਾਂਭੇ ਕਰੋ ਅਤੇ ਪੰਥਕ ਸਲੇਟ ਨੂੰ ਕਾਮਯਾਬ ਕਰੋ।**





**ਵਲੋਂ**

ਗੁਰਨਾਮ ਸਿੰਘ ਪੰਮਾ
ਸੁਖਵਿੰਦਰ ਸਿੰਘ ਅਬਲੋਵਾਲ
ਦਵਿੰਦਰ ਸਿੰਘ ਰਣੀਆ
ਸੁਰਿੰਦਰ ਸਿੰਘ ਨਿੱਝਰ
ਸਤਨਾਮ ਸਿੰਘ ਸਟਾਕਟਨ
ਰੁਪਿੰਦਰ ਸਿੰਘ
ਮਲਕੀਤ ਸਿੰਘ
ਰੌਣਕ ਸਿੰਘ
ਜਸਵੰਤ ਸਿੰਘ ਸਰਾਂ

ਰਘਬੀਰ ਸਿੰਘ ਘੋਲੀਆ
ਅੰਮ੍ਰਿਤਪਾਲ ਸਿੰਘ ਨਿੱਝਰ
ਕੁਲਦੀਪ ਸਿੰਘ ਬਾਜਵਾ
ਸਤਿੰਦਰਪਾਲ ਸਿੰਘ
ਬਲਦੇਵ ਸਿੰਘ ਸੱਲਾਂ
ਪ੍ਰੀਤਮ ਸਿੰਘ ਗਰੇਵਾਲ
ਬਿਕਰਮਜੀਤ ਸਿੰਘ
ਸੰਤੋਖ ਸਿੰਘ ਤੱਖਰ
ਗੁਰਦਿਆਲ ਸਿੰਘ ਢਿੱਲੋਂ

ਜਸਪਾਲ ਸਿੰਘ ਸੈਲੋਪਾਲ
ਸਿਮਰਤਪਾਲ ਸਿੰਘ
ਲਾਭ ਸਿੰਘ
ਜੋਗਿੰਦਰ ਸਿੰਘ ਗਿੱਲ
ਮਾਲਵਿੰਦਰ ਸਿੰਘ ਚਾਹਲ
ਪਰਮਜੀਤ ਸਿੰਘ ਸੈਲੋਪਾਲ
ਜਸਵਿੰਦਰ ਸਿੰਘ ਕੈਲੇ
ਬੰਤ ਸਿੰਘ ਕੈਲੇ
ਰਤਿੰਦਰ ਸਿੰਘ ਗਿੱਲ

ਜੋਗਿੰਦਰ ਸਿੰਘ ਸਰਾਂ
ਬਲਜਿੰਦਰ ਸਿੰਘ ਗਿੱਲ
ਸ਼ਮਸ਼ੇਰ ਸਿੰਘ
ਜ਼ੋਰਾਵਰ ਸਿੰਘ
ਹਰਜੀਤ ਸਿੰਘ ਕੈਲੇ
ਕੁਲਜੀਤ ਸਿੰਘ ਕੈਲੇ
ਰਜਿੰਦਰ ਸਿੰਘ
ਜਸਵਿੰਦਰ ਸਿੰਘ ਚੀਮਾ
ਹਰਜੀਤ ਸਿੰਘ

ਬੱਬੀ ਗਿੱਲ
ਬਿੱਕਰ ਸਿੰਘ ਬਰਾੜ
ਪ੍ਰਿਤਪਾਲ ਸਿੰਘ
ਅਵਤਾਰ ਸਿੰਘ ਕੈਲੇ
ਨਿਰਮਲ ਸਿੰਘ ਕੈਲੇ
ਅਮਰਜੀਤ ਸਿੰਘ ਜੰਮੂ
ਕੁਲਵੰਤ ਸਿੰਘ ਸਰਾਂ
ਗੁਰਜੀਤ ਸਿੰਘ ਮਰੋਕ

Forever Fit

ਪੇਸ਼ ਕਰਦੇ ਹਾਂ "ਫੌਰੈਵਰ ਫਿੱਟ" ਨੌਰਥ ਅਮਰੀਕਾ ਵਿਚ ਸਾਰੇ ਸਰੀਰ ਦੀ ਮਸਾਜ ਕਰਨ ਵਾਲੇ ਸਭ ਤੋਂ ਵੱਧ ਪਾਵਰਫੁਲ ਮਸ਼ੀਨ ਦੀ ਰੇਂਜ।

"ਕਨੇਡਾ ਅਤੇ ਅਮਰੀਕਾ ਵਿਚ ਹੋਲ ਬੋਡੀ ਮਸਾਜਰ ਦੀ ਸਭ ਤੋਂ ਵੱਧ ਰੇਂਜ"

Back By Popular Demand

ਤੰਦਰੁਸਤ ਬਣੋ
300 ਕੈਲਿਰੀਜ਼ ਘਟਾਓ
ਸਿਰਫ 10 ਮਿੰਟਾਂ ਵਿਚ

* ਹਰੇਕ ਉਮਰ ਲਈ ਲਾਹੇਵੰਦ
* ਜਿਮ ਜਾਣ ਦੀ ਕੋਈ ਜ਼ਰੂਰਤ ਨਹੀਂ-ਘਰ ਜਾਂ ਦਫਤਰ ਵਿਚ ਹੀ ਕਸਰਤ ਕਰੋ
* ਜ਼ਿਆਦਾ ਜਗਾ ਨਹੀਂ ਲੈਂਦਾ ਅਤੇ ਵਰਤਨ ਵਿਚ ਆਸਾਨ
* ਮੁਫਤ ਟ੍ਰੇਨਿੰਗ ਅਤੇ ਫਿਟਿੰਗ ਦਾ ਤਰੀਕਾ ਦੱਸਿਆ ਜਾਂਦਾ ਹੈ
* ਪੰਜ ਸਾਲ ਦੀ ਵਾਰੰਟੀ ($100 ਦਾ ਵਖਰਾ ਖਰਚ)

* ਜਲਦ ਭਾਰ ਘਟਾਓ
* ਤਨਾਓ ਦੂਰ ਕਰੋ
* ਸੰਪੂਰਨ ਸਿਹਤ ਵਿਚ ਵਿਕਾਸ
* 1 ਦਸ ਮਿੰਟਾਂ ਦਾ ਸੈਸ਼ਨ ਜਿਮ ਵਿਚ 2 ਘੰਟਿਆਂ ਦੀ ਕਸਰਤ ਦੇ ਬਰਾਬਰ
* ਲਚਕ ਅਤੇ ਤਾਕਤ ਵਿਚ ਵਾਧਾ
* ਨਵੀ ਹੈਲਥ ਤਕਨੀਕ



2.5 HP



2.0 HP



2.0 HP



2.5 HP



2.5 HP (2 motors)



1 HP

ਪ੍ਰਦਰਸ਼ਨੀ ਅਤੇ ਸੇਲ Mar 13 ਅਤੇ 14 2010 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ
Hotel Hilton Newark / Fremont ਵਿਖੇ
39900 Balentine Drive, Newark CA 94560 USA
( Intersection of Freeway 880 ਅਤੇ Stevenson Blvd. ਦੇ ਲਾਗੇ)

$500 ਡਿਸਕਾਊਂਟ ਹਰ ਮਸ਼ੀਨ 'ਤੇ


Tel: 925 339 4495
Toll Free: 1-866-979-2348
www.myforeverfit.com
*Dealer enquiries welcome

ਆਓ ਅਤੇ ਆਪ ਪਰਖ ਕੇ ਵੇਖੋ


ਦੇਗ ਤੇਗ ਫਤਹਿ ੧ੴ ਵਾਹਿਗੁਰੂ ਜੀ ਕੀ ਫ਼ਤਹਿ ਪੰਥ ਕੀ ਜੀਤ

# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ

# ਪੰਥਕ ਸਲੇਟ



ਭਾਈ ਗੁਰਮੀਤ ਸਿੰਘ ਖਾਲਸਾ



ਭਾਈ ਗੁਰਮੇਲ ਸਿੰਘ ਬਾਠ



ਭਾਈ ਗੁਰਚਰਨ ਸਿੰਘ ਮਾਨ



ਭਾਈ ਤਰਸੇਮ ਸਿੰਘ



ਭਾਈ ਤਾਰਾ ਸਿੰਘ ਗਿੱਲ

**ਭਾਈ ਗੁਰਮੀਤ ਸਿੰਘ ਖਾਲਸਾ:**ਭਾਈ ਗੁਰਮੀਤ ਸਿੰਘ ਖਾਲਸਾ ਪੀ. ਏ. ਯੂ. ਲੁਧਿਆਣਾ ਤੋਂ ਗਰੈਜੂਏਟ ਹਨ। ਆਪ ਪਿਛਲੇ 25 ਸਾਲਾਂ ਤੋਂ ਬੇ-ਏਰੀਆ ਵਿਚ ਰਹਿੰਦੇ ਹਨ ਅਤੇ ਪਰਪੱਕ ਖਾਲਸਾਈ ਜ਼ਿੰਦਗੀ ਜਿਉਂਦੇ ਹਨ। ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨਾਲ ਇਕ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਸੰਨ 2005 ਅਤੇ 2006 ਦੀਆਂ ਚੋਣਾਂ ਵਿਚ ਜਿੱਤ ਕੇ ਉਹ ਦੋ ਵਾਰ ਗੁਰੂਘਰ ਦੇ ਪ੍ਰਧਾਨ ਬਣੇ। ਸਿੱਖੀ ਪ੍ਰਤੀ ਪਿਆਰ ਆਪ ਜੀ ਦੇ ਦਿਲ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਵਿਦੇਸ਼ਾਂ ਵਿਚ ਵਸੇ ਸਿੱਖਾਂ ਦੀਆਂ ਸਮੱਸਿਆਵਾਂ ਪ੍ਰਤੀ ਆਪ ਪੂਰੀ ਤਰ੍ਹਾਂ ਜਾਗਰੂਕ ਹਨ। ਇਸੇ ਕਰਕੇ ਆਪ ਜੀ ਵਲੋਂ ਵਿਸ਼ੇਸ਼ ਕਰਕੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਮਰ ਕੈਂਪਾਂ ਦਾ ਆਯੋਜਨ ਕੀਤਾ ਗਿਆ। ਪ੍ਰੀ ਸਕੂਲ ਸ਼ੁਰੂ ਕਰਵਾਇਆ ਗਿਆ। ਸਮੇਂ ਸਮੇਂ ਮੈਡੀਕਲ ਕੈਂਪਾਂ ਦਾ ਆਯੋਜਨ ਕਰਵਾਇਆ ਜਾਂਦਾ ਰਿਹਾ। ਫਿਊਨਰਲ ਹੋਮ ਦੀ ਸਮੱਸਿਆ ਨਾਲ ਨਜਿੱਠਣ ਲਈ ਨਿਰਮਲ ਸਿੰਘ ਚੀਮਾ ਦੀਆਂ ਸੇਵਾਵਾਂ ਲਈਆਂ। ਆਪ ਜੀ ਇਨਸਾਫਪਸੰਦ ਵਿਅਕਤੀ ਹਨ। ਕਿਸੇ ਵੀ ਧੱਕੇਸ਼ਾਹੀ ਦੇ ਖਿਲਾਫ ਡਟਣਾ ਜਾਣਦੇ ਹਨ। ਫਰੀਮਾਂਟ ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਗਤ ਨੂੰ ਵੋਟਾਂ ਦਾ ਅਧਿਕਾਰ ਦਿਵਾਉਣਾ ਖਾਲਸਾ ਜੀ ਦੀ ਮਹੱਤਵਪੂਰਨ ਦੇਣ ਹੈ। ਗੁਰੂਘਰ ਵਿਚ ਚਲ ਰਹੇ ਮੌਜੂਦਾ ਪ੍ਰੋਜੈਕਟਾਂ ਦੀ ਮੁਢਲੀ ਰੂਪ ਰੇਖਾ ਵੀ ਖਾਲਸਾ ਵਲੋਂ ਹੀ ਉਲੀਕੀ ਗਈ ਸੀ।

**ਭਾਈ ਗੁਰਮੇਲ ਸਿੰਘ ਬਾਠ:** ਭਾਈ ਗੁਰਮੇਲ ਸਿੰਘ ਜੀ ਪਹਿਲੀ ਵਾਰ 1984 ਵਿਚ ਫਰੀਮਾਂਟ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਹ ਦੋ ਸਾਲ ਪ੍ਰਬੰਧਕ ਕਮੇਟੀ ਦੇ ਸਕੱਤਰ ਵੀ ਰਹੇ। ਉਨ੍ਹਾਂ ਨੇ 1990 ਤੋ 1993 ਤੀਕ ਸੁਪਰੀਮ ਕੌਂਸਲ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਹ ਕਾਫੀ ਲੰਮੇ ਸਮੇਂ ਤੋਂ ਗੁਰਬਾਣੀ ਸੰਥਿਆ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਆਪ ਜੀ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਆਪ ਜੀ ਪੰਥਕ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਆਪ ਜੀ ਸੈਨਹੋਜ਼ੇ ਵਿਚ ਰਹਿੰਦੇ ਹਨ।

**ਭਾਈ ਗੁਰਚਰਨ ਸਿੰਘ ਮਾਨ:**ਭਾਈ ਗੁਰਚਰਨ ਸਿੰਘ ਮਾਨ ਪਿਛਲੇ 28 ਸਾਲਾਂ ਤੋ ਫਰੀਮਾਂਟ ਇਲਾਕੇ ਵਿਚ ਰਹਿ ਰਹੇ ਹਨ। ਉਹ 2006 ਤੋ 2008 ਤੱਕ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਮੈਬਰ ਦੀ ਸੇਵਾ ਨਿਭਾ ਚੁੱਕੇ ਹਨ। ਉਹ ਇਸ ਗੁਰਦੁਵਾਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਿਚ ਸਹਾਇਕ ਸੈਕਟਰੀ ਵੀ ਰਹੇ ਹਨ। ਭਾਈ ਗੁਰਚਰਨ ਸਿੰਘ ਮਾਨ ਇਕ ਇੰਸੋਰੈਂਸ ਕੰਪਨੀ ਦੇ ਮਾਲਕ ਹਨ ਜੋ ਉਹਨਾਂ ਨੇ 1999 ਵਿਚ ਸੁਰੂ ਕੀਤੀ ਸੀ। ਉਹ ਇਸ ਵੇਲੇ ਫਰੀਮਾਂਟ ਸਹਿਰ ਦੇ ਪੁਨਰ ਨਿਰਮਾਣ ਅਤੇ ਪੁਨਰ ਸਥਾਪਨ ਮਹਿਕਮੇ ਵਿਚ ਕਮਿਸ਼ਨਰ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਨੇ ਅਮਰੀਕਨ ਪੋਸਟ ਆਫਿਸ ਵਿਚ ਵੀ 14 ਸਾਲ ਸੇਵਾ ਕੀਤੀ ਹੈ। ਉਹ ਸਭ ਤੋ ਵਡੀਆਂ 500 ਕੰਪਨੀਆਂ ਵਿਚ ਕੰਮ ਕਰ ਚੁੱਕੇ ਹਨ। ਭਾਈ ਗੁਰਚਰਨ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਜਿਵੇਂ ਕਿ ਛਤਰ (ਕੈਨੋਪੀ) ਦਾ ਪਰਮਿਟ, ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵਧਾਉਣਾ, ਖਾਲਸਾ ਸਕੂ.ਲ, ਟੈਕਨੌਲੋਜੀ ਨੂੰ ਲਾਗੂ ਕਰਨਾ, ਲੋਕਾਂ ਤਕ ਪਹੁੰਚ, ਬੱਜਟ, ਮੈਡੀਕਲ ਕੈਂਪ ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਯੋਜਨਾਵਾਂ ਦੀ ਨਿਗਰਾਨੀ ਕੀਤੀ ਹੈ। ਭਾਈ ਮਾਨ ਨੇ ਅਰਥ ਸ਼ਾਸਤਰ ਦੀ ਦੀ ਬੀ. ਏ. ਕੀਤੀ ਹੈ। ਉਨ੍ਹਾਂ ਨੇ ਸਿਸਟਮ ਇੰਜੀਨੀਅਰਿੰਗ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ ਅਤੇ ਉਹ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਨੂੰ ਸਮਰਪਿਤ ਹਨ।

**ਭਾਈ ਤਰਸੇਮ ਸਿੰਘ:**ਭਾਈ ਤਰਸੇਮ ਸਿੰਘ 18 ਸਾਲਾਂ ਤੋਂ ਬੇ-ਏਰੀਏ ਵਿਚ ਰਹਿ ਰਹੇ ਹਨ। ਸਫਲ ਬਿਜਨੈਸ ਮੇਨ ਹਨ ਅਤੇ ਚਾਰਟਰ ਬੱਸ ਸਰਵਿਸ ਨਾਮੀ ਕੰਪਨੀ ਚਲਾਉਦੇ ਹਨ। ਸਾਂਤ ਸੁਭਾਅ ਅਤੇ ਨਿਸ਼ਕਾਮ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਹਨ। ਜਦ ਕਦੇ ਵੀ ਕਮਿਊਨਟੀ ਨੂੰ ਬੱਸਾਂ ਦੀ ਜਰੂਰਤ ਪੈਂਦੀ ਹੈ ਤਾਂ ਮੁਫਤ ਸੇਵਾ ਕਰਦੇ ਹਨ। ਸਿੱਖ ਮਸਲਿਆਂ ਪ੍ਰਤੀ ਬਹੁਤ ਸੰਜ਼ੀਦਾ ਹਨ।

**ਭਾਈ ਤਾਰਾ ਸਿੰਘ ਗਿੱਲ:**ਭਾਈ ਤਾਰਾ ਸਿੰਘ ਗਿੱਲ ਪਿਛਲੇ 29 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਫਰੀਮਾਂਟ ਗੁਰੂਘਰ ਸੁਪਰੀਮ ਕੌਂਸਲ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ 17 ਸਾਲ ਭਾਰਤੀ ਫੌਜ ਦੀ ਨੌਕਰੀ ਕੀਤੀ। ਗੁਰੂ ਘਰ ਵਿਚ ਅਨਿਨ ਸ਼ਰਧਾ ਅਤੇ ਵਿਸ਼ਵਾਸ਼ ਦੇ ਧਾਰਨੀ ਹਨ। ਉਹ ਲੰਗਰ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਸੀਨੀਅਰਾਂ ਦੇ ਮਸਲਿਆਂ ਵਿਚ ਮੱਦਦ ਕਰਦੇ ਹਨ। ਆਪ ਜੀ ਸਿੱਖ ਭਾਈਚਾਰੇ ਨਾਲ ਸਬੰਧਿਤ ਮਸਲਿਆਂ ਦੇ ਹਲ ਲਈ ਵਧ ਚੜ ਕੇ ਮੁਢ ਤੋਂ ਹੀ ਹਿੱਸਾ ਲੈਂਦੇ ਆਏ ਹਨ ਅਤੇ ਆਪ ਜੀ ਬੜੇ ਨਿਘੇ ਸੁਭਾਅ ਵਾਲੇ ਮਿਠ ਬੋਲੜੇ ਗੁਰਸਿੱਖ ਹਨ।

## ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ 14 ਮਾਰਚ, 2010 ਨੂੰ ਹੋ ਰਹੀ ਚੋਣ ਲਈ ਪੰਥਕ ਸਲੇਟ ਦੇ ਉਕਤ ਉਮੀਦਵਾਰਾਂ ਨੂੰ ਕੀਮਤੀ ਵੋਟ ਦਿਓ।

**ਹੋਰ ਜਾਣਕਾਰੀ ਲਈ ਕਾਲ ਕਰੋ:510-342-5484 ਜਾਂ 408-667-3116, www.PanthicSlate.org**